# ਮੁਨਸ਼ਾ ਸਿੰਘ ਦੁਖੀ

## ਜੀਵਨ ਤੇ ਰਚਨਾ

ਸਵਰਨ ਸਿੰਘ ਸਨੇਹੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਮੁਨਸ਼ਾ ਸਿੰਘ 'ਦੁਖੀ'

[*Frontispiece*

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਲੇਖਕ ਲੜੀ ਨੰ. 54

# ਮੁਨਸ਼ਾ ਸਿੰਘ 'ਦੁਖੀ'

## ਜੀਵਨ ਤੇ ਰਚਨਾ


ਸਵਰਨ ਸਿੰਘ ਸਨੇਹੀ

ਐਮ. ਏ. (ਅੰਗਰੇਜ਼ੀ ਤੇ ਇਤਿਹਾਸ)



ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ



Sri Satguru Jagjit Singh Ji Elibrary NamdhariElibrary@gmail.com

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

MUNSHA SINGH DUKHI : JIWAN TE RACHNA (*Punjabi*)

*by*

**SWARAN SINGH SANEHI**
**Vill. & P. O. Shahpur, Distt, Jallandhar**

1990

ਪਹਿਲੀ ਵਾਰ : 1100

ਮੁੱਲ : 30-00

ਸਰਦਾਰ ਤੀਰਥ ਸਿੰਘ ਐਲ-ਐਲ. ਐਮ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ
ਪ੍ਰਕਾਸ਼ਿਤ ਅਤੇ ਜੀ. ਐਸ. ਪ੍ਰਿੰਟਰਜ਼ ਲੁਧਿਆਣਾ ਵਿਖੇ ਛਪੀ।

Sri Satguru Jagjit Singh Ji Elibrary NamdhariElibrary@gmail.com

# ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁੱਲਾਂਕਣ ਕਰਨ ਦੇ ਉੱਦੇਸ਼ ਤੋਂ ਹੀ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ । ਹੋਰਨਾਂ ਯੋਜਨਾਵਾਂ ਤੋਂ ਇਲਾਵਾ, 'ਇੰਗਲਿਸ਼ ਮੈੱਨ ਆਫ਼ ਲੈਟਰਜ਼ ਸੀਰੀਜ਼' ਦੇ ਸਮਾਨਾਂਤਰ 'ਪੰਜਾਬੀ ਲੇਖਕ ਲੜੀ' ਆਰੰਭ ਕੀਤੀ ਗਈ ਸੀ । ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲਾ ਧਨੀ ਰਾਮ 'ਚਾਤ੍ਰਿਕ', ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਭਗਵਾਨ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਗੁਰਦਾਸ, ਲਾਲਾ ਕ੍ਰਿਪਾ ਸਾਗਰ, ਪ੍ਰਿੰ. ਤੇਜਾ ਸਿੰਘ, ਭਾਈ ਮੋਹਨ ਸਿੰਘ ਵੈਦ, ਪ੍ਰੋ. ਪੂਰਨ ਸਿੰਘ, ਸੁਲਤਾਨ ਬਾਹੂ, ਗੁਰੂ ਅਮਰਦਾਸ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਸਾਹਿਬ ਸਿੰਘ, ਗਿਆਨੀ ਹੀਰਾ ਸਿੰਘ 'ਦਰਦ', ਨਾਨਕ ਸਿੰਘ, ਵਾਰਸ ਸ਼ਾਹ, ਪ੍ਰੋ. ਮੋਹਨ ਸਿੰਘ, ਭਾਈ ਮਨੀ ਸਿੰਘ, ਫ਼ਜ਼ਲ ਸ਼ਾਹ, ਬਾਵਾ ਬਲਵੰਤ, ਡਾ. ਤਾਰਨ ਸਿੰਘ, ਅਲੀ ਹੈਦਰ, ਡਾ. ਬਲਬੀਰ ਸਿੰਘ, ਬਾਬਾ ਮਾਤੂ ਦਾਸ, ਲਾਲ ਸਿੰਘ 'ਕਮਲਾ ਅਕਾਲੀ' ਆਦਿ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੋਨੋਗ੍ਰਾਫ਼ ਪ੍ਰਕਾਸ਼ਿਤ ਹੋ ਚੁੱਕੇ ਹਨ ।

ਇਹ ਪੁਸਤਕ ਮੁਨਸ਼ਾ ਸਿੰਘ 'ਦੁਖੀ' ਸੰਬੰਧੀ ਲਿਖਵਾਏ ਗਏ ਮੋਨੋਗ੍ਰਾਫ਼ ਦਾ ਪ੍ਰਕਾਸ਼ਿਤ ਰੂਪ ਹੈ । ਮੁਨਸ਼ਾ ਸਿੰਘ 'ਦੁਖੀ' ਦਾ ਜਨਮ 1890 ਵਿਚ ਜ਼ਿਲ੍ਹਾ ਜਲੰਧਰ ਦੇ ਜੰਡਿਆਲਾ ਮੰਝਕੀ ਪਿੰਡ ਵਿਚ ਹੋਇਆ । ਬਚਪਨ ਤੋਂ ਹੀ ਉਹ ਬਹੁਤ ਨਿਡਰ, ਬੇਪ੍ਰਵਾਹ ਅਤੇ ਹਠੀਲਾ ਸੀ, ਪਰ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ । ਉਸ ਨੇ ਆਪਣੀ ਤਾਲੀਮ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ ਜਾਂ ਫਿਰ ਵਿਅਕਤੀਗਤ ਤੌਰ ਤੇ ਉਹ ਉਸਤਾਦਾਂ ਪਾਸੋਂ ਪੜ੍ਹਿਆ । 1908 ਵਿਚ ਉਹ ਵਿਦੇਸ਼ ਗਿਆ ਅਤੇ 1914 ਤਕ ਉਥੇ ਹੀ ਰਿਹਾ । ਇਸ ਦੌਰਾਨ ਉਸ ਨੇ ਉਥੇ ਵਸਦੇ ਭਾਰਤੀਆਂ ਦੇ ਮਨ ਵਿਚ ਦੇਸ਼ ਅਤੇ ਕੌਮ ਦੇ ਪਿਆਰ ਦਾ ਜਜ਼ਬਾ ਭਰਿਆ ਅਤੇ ਕਾਮਾਗਾਟਾ ਮਾਰੂ ਦੀ ਘਟਨਾ ਦੌਰਾਨ ਕੈਨੇਡਾ ਤੋਂ ਭਾਰਤ ਪਰਤਿਆ । ਆਜ਼ਾਦੀ ਮਿਲਣ ਤੋਂ ਬਾਅਦ ਉਹ ਫਿਰ 1951 ਵਿਚ ਵਿਦੇਸ਼ ਗਿਆ ਅਤੇ ਆਪਣੇ ਪੁਰਾਣੇ ਸੰਗੀਆਂ ਸਾਥੀਆਂ ਨੂੰ ਮਿਲਦਾ ਮਿਲਾਂਦਾ 1958 ਵਿਚ ਪਰਤਿਆ । 1913 ਵਿਚ ਕੈਨੇਡਾ ਵਿਚ ਗਦਰ ਪਾਰਟੀ ਦੀ ਨੀਂਹ ਰਖਣ ਵਿਚ ਉਸ ਦਾ ਵਿਸ਼ੇਸ਼ ਰੋਲ ਰਿਹਾ ਅਤੇ 'ਗਦਰ' ਨਾਂ ਦੇ ਹਫ਼ਤਾਵਰ-ਪਰਚੇ ਵਿਚ ਉਸ ਦੇ ਲੇਖ ਅਤੇ ਕਵਿਤਾਵਾਂ ਛਪਦੀਆਂ ਰਹੀਆਂ । 1915 ਤੋਂ ਲੈ ਕੇ 1920 ਤਕ ਉਹ ਜੇਲ੍ਹ ਵਿਚ ਕੈਦ ਵੀ ਰਿਹਾ ਅਤੇ ਬੜੀ ਸੰਕਟਮਈ ਸਥਿਤੀ ਵਿਚੋਂ ਗੁਜ਼ਰਿਆ । ਉਸ ਨੇ ਕਈ ਪੱਤਰ/ਪੱਤ੍ਰਿਕਾਵਾਂ ਦਾ ਸੰਪਾਦਨ ਕੀਤਾ ਅਤੇ ਵੱਖ ਵੱਖ ਪੱਤਰ/ਪੱਤ੍ਰਿਕਾਵਾਂ ਨੂੰ ਆਪਣੇ ਲੇਖ ਅਤੇ ਕਵਿਤਾਵਾਂ

Sri Satguru Jagjit Singh Ji Elibrary NamdhariElibrary@gmail.com

ਭੇਜੀਆਂ। 1969 ਵਿਚ ਉਹ ਤੀਜੀ ਵਾਰ ਵਿਦੇਸ਼ (ਇੰਗਲੈਂਡ) ਗਿਆ ਪਰ ਬੀਮਾਰ ਹੋ ਕੇ ਪਰਤਿਆ। 1971 ਵਿਚ ਅਧਰੰਗ ਦੀ ਬਿਮਾਰੀ ਕਰਕੇ ਉਸ ਦਾ ਦੇਹਾਂਤ ਹੋਇਆ।

ਆਪਣੇ ਜੀਵਨ ਕਾਲ ਵਿਚ ਮੁਨਸ਼ਾ ਸਿੰਘ 'ਦੁਖੀ' ਨੇ ਅਨੇਕ ਪ੍ਰਕਾਰ ਦੀਆਂ ਔਕੜਾਂ ਸਹੀਆਂ। ਆਰਥਿਕ ਤੰਗੀ ਸਹਿਣੀ ਪਈ ਪਰ ਹਮੇਸ਼ਾਂ ਦ੍ਰਿੜ੍ਹਤਾ ਨਾਲ ਆਪਣੇ ਨਿਸ਼ਾਨੇ ਵਲ ਵਧਦਾ ਰਿਹਾ। ਉਹ ਇਕ ਚੰਗਾ ਵਕਤਾ ਸੀ, ਕਈ ਕਈ ਘੰਟੇ ਨਿਰੰਤਰ ਭਾਸ਼ਣ ਦੇਣ ਦੀ ਉਸ ਵਿਚ ਨਾ ਕੇਵਲ ਸਮਰੱਥਾ ਸੀ ਸਗੋਂ ਸਰੋਤਿਆਂ ਨੂੰ ਕੀਲ ਕੇ ਆਪਣੇ ਵਿਚਾਰ ਅਨੁਸਾਰ ਕਰ ਲੈਣ ਦੀ ਯੋਗਤਾ ਵੀ ਸੀ। ਸਾਹਿੱਤ ਵਿਚ ਰੁੱਚੀ ਉਸ ਦੀ ਸ਼ੁਰੂ ਤੋਂ ਹੀ ਸੀ। ਕਵੀ ਵਜੋਂ ਉਹ ਵਿਸ਼ੇਸ਼ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਉਸ ਦੇ ਛੋਟੇ ਵੱਡੇ 17 ਕਾਵਿ ਸੰਗ੍ਰਹਿ ਉਪਲਬਧ ਹਨ। ਇਸ ਤੋਂ ਇਲਾਵਾ ਉਸ ਦੀਆਂ ਦਰਜਨ ਤੋਂ ਵੱਧ ਵਾਰਤਕ ਰਚਨਾਵਾਂ ਵੀ ਉਪਲਬਧ ਹਨ, ਜਿਨ੍ਹਾਂ ਵਿਚ ਜੀਵਨੀਆਂ, ਕਹਾਣੀ ਸੰਗ੍ਰਹਿ, ਨਾਵਲ, ਧਾਰਮਿਕ ਲੇਖ ਅਤੇ ਪ੍ਰਚਾਰਾਤਮਕ ਲੇਖ ਸ਼ਾਮਲ ਹਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਪੱਤਰ/ਪੱਤ੍ਰਿਕਾਵਾਂ ਵਿਚ ਛਪਣ ਕਰਕੇ ਹੁਣ ਉਪਲਬਧ ਨਹੀਂ ਹਨ। ਜੇ ਉਨ੍ਹਾਂ ਸਾਰੀਆਂ ਨੂੰ ਇਕੱਠਾ ਕੀਤਾ ਜਾਏ, ਤਾਂ ਹੋਰ ਵੀ ਕਈ ਸੰਗ੍ਰਹਿ ਤਿਆਰ ਹੋ ਸਕਦੇ ਹਨ। ਉਸ ਨੇ ਆਪਣੀਆਂ ਸਾਹਿੱਤਕ ਰਚਨਾਵਾਂ ਵਿਚ ਦੇਸ਼, ਕੌਮ, ਧਰਮ ਦੇ ਬਾਰੇ ਬੜੇ ਵਿਸਤਾਰ ਨਾਲ ਵਿਚਾਰ ਪ੍ਰਗਟ ਕੀਤੇ ਹਨ। ਦੇਸ਼ ਭਗਤੀ ਉਨ੍ਹਾਂ ਦੀਆਂ ਰਚਨਾਵਾਂ ਦੀ ਪ੍ਰਮੁੱਖ ਸੁਰ ਹੈ। ਉਹ ਮੂਲ ਰੂਪ ਵਿਚ ਇਕ ਸੁਧਾਰਕ ਲੇਖਕ ਸਨ ਜੋ ਸਾਹਿੱਤ ਨੂੰ ਉੱਦੇਸ਼ ਸਹਿਤ ਮੰਨਦਾ ਹੋਇਆ ਧਰਮ ਅਤੇ ਦੇਸ਼ ਦੀ ਸੇਵਾ ਕਰਨ ਵਿਚ ਯਕੀਨ ਰਖਦਾ ਸੀ। ਉਸ ਨੇ ਆਪਣੀ ਸਾਰੀ ਉਮਰ ਦੇਸ਼, ਕੌਮ ਤੇ ਧਰਮ ਦੇ ਲੇਖੇ ਲਾ ਦਿੱਤੀ। ਉਸ ਨੂੰ ਅਨੇਕ ਸਭਾ, ਸੁਸਾਇਟੀਆਂ ਵਲੋਂ ਸਨਮਾਨਿਤ ਵੀ ਕੀਤਾ ਗਿਆ, ਪਰ ਅਜਿਹੇ ਪੰਜਾਬੀ ਉਸਰਈਏ ਨੂੰ ਕਦੀ ਸੁਖ ਦਾ ਸਾਹ ਲੈਣਾ ਨਸੀਬ ਨਾ ਹੋਇਆ। ਔਕੜਾਂ ਵਿਚ ਵੀ ਪੰਜਾਬੀ ਸਾਹਿੱਤ ਸੇਵਾ ਕਰਨ ਵਿਚ ਲੀਨ ਰਹਿਣ ਵਾਲੇ ਅਜਿਹੇ ਸਾਧਕ ਬਹੁਤ ਘੱਟ ਮਿਲਦੇ ਹਨ। ਡਾ. ਸਾਧੂ ਸਿੰਘ 'ਹਮਦਰਦ' ਉਨ੍ਹਾਂ ਨੂੰ ਆਪਣਾ ਕਾਵਿ ਉਸਤਾਦ ਮੰਨਦਾ ਹੈ। ਭਾਸ਼ਾ ਨੂੰ ਉਹ ਆਪਣੇ ਵਿਚਾਰਾਂ ਦੇ ਵਾਹਨ ਵਜੋਂ ਵਰਤਦਾ ਸੀ, ਅਤੇ ਉਕਤੀ ਵਿਲਾਸ ਵਿਚ ਰੁੱਚੀ ਨਹੀਂ ਰਖਦਾ ਸੀ, ਫਿਰ ਵੀ ਉਸ ਦੀ ਰਚਨਾ ਹਰ ਪ੍ਰਕਾਰ ਦੇ ਸਾਹਿੱਤ ਗੁਣਾਂ ਨਾਲ ਸੰਪੰਨ ਹੈ। ਉਸ ਦੀਆਂ ਰਚਨਾਵਾਂ ਦੀ ਭਾਸ਼ਾ ਸਰਲ, ਸੁਬੋਧ ਅਤੇ ਵਿਸ਼ੇ ਦਾ ਵਿਸ਼ਲੇਸ਼ਣ ਕਰਨ ਵਿਚ ਸਫਲ ਅਤੇ ਉਪਯੁਕਤ ਹੈ।

ਮੁਨਸ਼ਾ ਸਿੰਘ 'ਦੁਖੀ' ਦੀ ਪੰਜਾਬੀ ਸਾਹਿੱਤ ਨੂੰ ਦਿੱਤੀ ਇਸ ਮਹੱਤਵਪੂਰਣ ਦੇਣ ਨੂੰ ਸਾਹਮਣੇ ਰਖਦਿਆਂ ਇਹ ਮੋਨੋਗ੍ਰਾਫ ਲਿਖਵਾਉਣ ਦੀ ਯੋਜਨਾ ਬਣਾਈ ਗਈ ਸੀ। ਇਸ ਦੇ ਲਿਖਣ ਦਾ ਕੰਮ ਸ. ਸਵਰਨ ਸਿੰਘ ਸਨੇਹੀ ਨੂੰ ਸੌਂਪਿਆ ਗਿਆ ਜੋ ਮੁਨਸ਼ਾ ਸਿੰਘ 'ਦੁਖੀ' ਦੇ ਕਾਫ਼ੀ ਸੰਪਰਕ ਵਿਚ ਰਹੇ ਹਨ। ਉਨ੍ਹਾਂ ਨੇ ਬੜੀ ਮਿਹਨਤ ਨਾਲ ਇਹ ਕੰਮ ਸਿਰੇ ਚੜ੍ਹਾਇਆ ਹੈ। ਇਸ ਮੋਨੋਗ੍ਰਾਫ ਨੂੰ ਯੂਨੀਵਰਸਿਟੀ ਪੱਧਰ ਤੇ ਪ੍ਰਕਾਸ਼ਿਤ ਕਰਨ ਦੀ

Sri Satguru Jagjit Singh Ji Elibrary NamdhariElibrary@gmail.com

ਵਿਸ਼ੇਸ਼ੱਗ ਰਾਇ ਪ੍ਰਿੰ. ਸ. ਸ. ਅਮੋਲ ਤੋਂ ਲਈ ਗਈ ਹੈ। ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਦਿਲੋਂ ਰਿਣੀ ਹਾਂ।

ਅੰਤ ਵਿਚ ਮੈਂ ਆਸ ਕਰਦਾ ਹਾਂ ਕਿ ਆਧੁਨਿਕ ਪੰਜਾਬੀ ਸਾਹਿੱਤ ਦੇ ਮੁੱਢਲੇ ਦੌਰ ਅਤੇ ਰਾਸ਼ਟਰੀ ਭਾਵਨਾ ਵਾਲੇ ਸਾਹਿੱਤ ਵਿਚ ਰੁੱਚੀ ਰਖਣ ਵਾਲੇ ਪਾਠਕ ਸਾਡੇ ਇਸ ਪ੍ਰਕਾਸ਼ਨ ਤੋਂ ਲਾਭ ਉਠਾਉਣਗੇ।

ਰਤਨ ਸਿੰਘ ਜੱਗੀ
ਪ੍ਰੋਫੈਸਰ ਅਤੇ ਮੁੱਖੀ

24-6-86
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji Elibrary NamdhariElibrary@gmail.com

# ਵਿਸ਼ੇ-ਸੂਚੀ


| | | |
|---|---|---|
| | ਭੂਮਿਕਾ | iii |
| 1. | ਜੀਵਨ ਤੇ ਵਿਅਕਤਿਤਵ | 1 |
| 2. | ਸਾਹਿਤਕ ਰਚਨਾਵਾਂ ਦਾ ਸਰਵੇਖਣ | 33 |
| 3. | ਕਵੀ ਮੁਨਸ਼ਾ ਸਿੰਘ 'ਦੁਖੀ' | 43 |
| | ਵਿਸ਼ਾ-ਵਸਤੂ | 50 |
| | ਦੇਸ਼ ਭਗਤਕ ਕਵਿਤਾਵਾਂ | 55 |
| | ਧਾਰਮਕ ਪੱਖ | 61 |
| | ਸਮਾਜ ਸੁਧਾਰਕ ਪੱਖ | 64 |
| | ਨਿਜੀ ਜੀਵਨ ਨਾਲ ਸੰਬੰਧਤ ਕਵਿਤਾਵਾਂ | 67 |
| | ਫੁਟਕਲ ਕਵਿਤਾਵਾਂ | 71 |
| | ਕਲਾਤਮਕਤਾ | 77 |
| 4. | ਵਾਰਤਾਕਾਰ ਮੁਨਸ਼ਾ ਸਿੰਘ 'ਦੁਖੀ' | 84 |
| | ਵਿਸ਼ਾ-ਵਸਤੂ | 85 |
| | ਧਰਮ | 86 |
| | ਸਮਾਜ ਸੁਧਾਰ | 88 |
| | ਸਾਹਿਤਕ | 91 |
| | ਜੀਵਨੀ ਸਾਹਿਤ | 94 |
| | ਇਤਿਹਾਸ ਪ੍ਰਧਾਨ ਰਚਨਾਵਾਂ | 97 |
| | ਆਲੋਚਨਾ | 98 |
| | ਪੁਸਤਕ ਆਲੋਚਨਾ | 106 |
| | ਅਨੁਵਾਦ | 112 |
| | ਆਮ ਵਾਕਫ਼ੀ | 114 |
| | ਗਲਪ ਰਚਨਾ, ਵਿਸ਼ਾ-ਵਸਤੂ | 117 |
| | ਉਪਨਿਆਸ | 120 |
| | ਰੂਪਕ ਪੱਖ | 121 |
| 5. | ਪੱਤਰਕਾਰੀ | 124 |
| 6. | ਪੰਜਾਬੀ ਸਾਹਿਤ ਨੂੰ ਸਮੁੱਚੀ ਦੇਣ | 134 |
| 7. | ਚੋਣਵੀਂ ਪੰਜਾਬੀ ਰਚਨਾ | 139 |
| | ਪੁਸਤਕ ਸੂਚੀ | 150 |


Sri Satguru Jagjit Singh Ji Elibrary NamdhariElibrary@gmail com

Sri Satguru Jagjit Singh Ji Elibrary NamdhariElibrary@gmail com

# ਮੁਨਸ਼ਾ ਸਿੰਘ 'ਦੁਖੀ'

## ਜੀਵਨ ਤੇ ਵਿਅਕਤਿਤਵ

ਦੁਆਬੇ ਦੀ ਧਰਤੀ ਕੇਵਲ ਜ਼ਰਾਇਤੀ ਪੱਖੋਂ ਹੀ ਉਪਜਾਊ ਨਹੀਂ, ਸਗੋਂ ਸਮੇਂ ਦੀ ਲੋੜ ਅਤੇ ਆਪਣੀ ਸਮਰੱਥਾ ਅਨੁਸਾਰ, ਉਹਦੇ ਸਪੂਤਾਂ ਨੇ ਭਾਰਤ ਮਾਤਾ ਦੇ ਮਾਣ-ਇੱਜ਼ਤ ਅਤੇ ਸਵੈਮਾਣ ਨੂੰ ਕਾਇਮ ਰਖਣ ਹਿਤ ਆਪਣੀਆਂ ਜਾਨਾਂ ਨੂੰ ਤਲੀ ਤੇ ਰਖ ਕੇ ਮੌਤ ਨੂੰ ਮਖੌਲਾਂ ਕਰਨ ਵਾਲੇ ਸੂਰਮਿਆਂ ਦੀ ਕਤਾਰ ਵਿਚ ਖੜ੍ਹੇ ਹੋਣ ਦਾ ਮਾਣ ਵੀ ਪ੍ਰਾਪਤ ਕੀਤਾ ਹੈ। ਬਹੁਤੀ ਦੂਰ ਦੀ ਗੱਲ ਛੱਡੋ, 1857 ਈ. ਦੇ ਗਦਰ ਸਮੇਂ ਹਿੰਦ ਵਿਚੋਂ ਅੰਗਰੇਜ਼ ਸ਼ਾਸਕਾਂ ਦੇ ਪੈਰ ਉਖਾੜਨ ਵਿਚ ਤੇ ਉਸ ਪਿਛੋਂ ਪ੍ਰਸਿੱਧੀ ਪ੍ਰਾਪਤ ਕਰਨ ਵਾਲੀਆਂ ਸੁਤੰਤਰਤਾ ਲਹਿਰਾਂ—ਨਾਮਧਾਰੀ ਲਹਿਰ, ਗਦਰ ਲਹਿਰ ਤੇ ਬਬਰ ਅਕਾਲੀ ਲਹਿਰ ਆਦਿ ਵਿਚ ਵੀ ਦੁਆਬੇ ਦੀ ਧਰਤੀ ਬਾਕੀ ਦੇਸ਼ ਨਾਲੋਂ ਪਿਛੇ ਨਹੀਂ ਰਹੀ। ਪੰਜਾਬ ਦੀ ਧਰਤੀ ਦੀ ਇਸ ਬਹੁ-ਪੱਖੀ ਉਪਜਾਊ ਟੁਕੜੀ ਨੇ ਪਿਛਲੀ ਸਦੀ ਦੇ ਅੰਤ ਉਤੇ ਜਿਹੜੇ ਅਣਖੀਲੇ ਮਰਦ ਤੇ ਸੂਰਮੇ ਪੈਦਾ ਕੀਤੇ; ਮਹਾਨ ਦੇਸ਼ ਭਗਤ, ਗਦਰੀ ਤੇ ਉਸਤਾਦ ਕਵੀ, ਸਵਰਗਵਾਸੀ ਮੁਨਸ਼ਾ ਸਿੰਘ 'ਦੁਖੀ' ਉਨ੍ਹਾਂ ਵਿਚੋਂ ਇਕ ਸਨ।

'ਦੁਖੀ' ਜੀ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਅਜਿਹੀ ਭੂਮਿਕਾ ਨਿਭਾਈ ਜਿਸ ਤੇ ਦੇਸ਼ ਵਾਸੀ, ਵਿਸ਼ੇਸ਼ ਕਰਕੇ ਪੰਜਾਬੀ ਲੋਕ ਮਾਣ ਮਹਿਸੂਸ ਕਰ ਕੇ ਆਪਣਾ ਸਿਰ ਵੀ ਉੱਚਾ ਕਰ ਸਕਦੇ ਹਨ ਤੇ ਜਿਸ ਤੋਂ ਆਪਣੇ ਜੀਵਨ ਆਦਰਸ਼ ਲਈ ਪ੍ਰੇਰਣਾ ਵੀ ਲੈ ਸਕਦੇ ਹਨ। ਕੌਮ ਦੀ ਬਦਕਿਸਮਤੀ ਨੂੰ ਬਦੇਸ਼ੀ ਸ਼ਾਸਕਾਂ ਦੇ ਢੰਗ ਵਸੀਲਿਆਂ ਅਤੇ ਕੋਝੇ ਹਥਿਆਰਾਂ ਦੇ ਡਰ ਦੀ ਮਾਰੀ, ਉਸੇ ਪੰਜਾਬ ਦੀ ਬਹੁਤੀ ਜਨਤਾ ਅੰਗਰੇਜ਼ਾਂ ਦੀ ਝੋਲੀ ਪੈ ਜਾਣ ਕਾਰਣ ਆਪਣੇ ਵਤਨੀ ਭਰਾਵਾਂ ਦੀਆਂ ਅਦੁਤੀ ਕੁਰਬਾਨੀਆਂ ਪ੍ਰਤੀ ਵੀ ਅਵੇਸਲੀ ਰਹੀ। ਇਸ ਤਰ੍ਹਾਂ ਜਿਥੇ ਇਕ ਪਾਸੇ ਸਿਰਲੱਥ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਾਹਰ ਦੀ ਹਵਾ ਨਾ ਲੱਗ ਸਕੀ ਉਥੇ ਦੂਜੇ ਪਾਸੇ ਸਾਡੇ ਲੋਕਾਂ ਦੀ ਸੋਚਣੀ ਵਿਚੋਂ ਅੰਗਰੇਜ਼ ਭਗਤੀ ਦਾ ਸਫਾਇਆ ਵੀ ਨਾ ਕੀਤਾ ਜਾ ਸਕਿਆ। ਸਿਟਾ ਇਹ ਨਿਕਲਿਆ ਕਿ ਬਹੁਤੇ ਪੰਜਾਬੀ ਤੇ ਹਿੰਦੀ ਲੋਕ ਆਪਣੇ ਹੀ ਦੇਸ਼ ਭਗਤ ਭਰਾਵਾਂ ਨੂੰ ਸਗੋਂ ਕੋਸਣ ਲੱਗ ਪਏ। ਇਸੇ ਕਰਕੇ ਹੀ ਰਾਜਨੀਤਿਕ, ਸਮਾਜਿਕ ਤੇ ਸਾਹਿਤਿਕ ਖੇਤਰਾਂ ਦੇ ਯੋਧੇ ਸ੍ਰੀ ਮੁਨਸ਼ਾ ਸਿੰਘ 'ਦੁਖੀ' ਜੀ ਵਰਗੀ ਹਰਫਨ ਮੌਲਾ-ਸ਼ਖਸੀਅਤ ਦੇ ਹਰ ਕਰਮ ਨੂੰ ਜਿਥੇ ਬਦੇਸ਼ੀ ਸਰਕਾਰ ਨੇ ਗੌਲਣ ਵਿਚ ਕਦੇ ਕਸਰ ਬਾਕੀ ਨਹੀਂ ਸੀ ਰਖੀ ਉਥੇ ਉਹ ਆਪਣੇ ਵਤਨੀ ਭਰਾਵਾਂ ਵੱਲੋਂ ਹੀ ਆਪਣੇ ਜੀਵਨ ਦੇ ਅੰਤ ਤਕ ਅਣਗੌਲੀ ਹੀ ਰਹੀ ਹੈ।

'ਦੁਖੀ' ਜੀ ਦਾ ਜਨਮ ਰਾਮਗੜ੍ਹੀਆ ਪਰਿਵਾਰ ਵਿਚ ਸਰਦਾਰ ਨਿਹਾਲ ਸਿੰਘ ਦੇ

Sri Satguru Jagjit Singh Ji Elibrary NamdhariElibrary@gmail com

ਘਰ ਮਾਤਾ ਮਹਿਤਾਬ ਕੌਰ ਦੀ ਕੁਖੋਂ 1 ਜੁਲਾਈ, 1890 ਨੂੰ ਦੁਆਬੇ ਦੇ ਪ੍ਰਸਿੱਧ ਕਸਬੇ ਜੰਡਿਆਲਾ ਮੰਝਕੀ ਜ਼ਿਲ੍ਹਾ ਜਲੰਧਰ ਵਿਚ ਹੋਇਆ। ਕਿਸੇ ਕਾਰਣ, ਨਕੋਦਰ ਦੇ ਨਾਲ ਲਗਦਾ ਆਪਣਾ ਜੱਦੀ ਪਿੰਡ, ਪੰਡੋਰੀ, ਛੱਡ ਕੇ, ਆਪ ਦੇ ਮਾਪੇ ਜੰਡਿਆਲੇ ਆ ਕੇ ਟਿਕੇ ਸਨ ਜਿਥੇ 'ਦੁਖੀ' ਜੀ ਦੇ ਪੜਨਾਨਕੇ (ਪਿਤਾ ਦੇ ਨਾਨਕੇ) ਸਨ। ਆਪ ਦੇ ਪਿਤਾ ਜੀ ਫੌਜ ਵਿਚ ਸੂਬੇਦਾਰ ਸਨ। ਉਨ੍ਹਾਂ ਦਾ ਕੱਦ ਬਹੁਤਾ ਮਧਰਾ ਤਾਂ ਨਹੀਂ, ਪਰ ਸੁਹਣਾ ਭਰਵਾਂ ਸਰੀਰ ਸੀ। 'ਘੁਲਣ ਤੇ ਕਸਰਤ ਕਰਨ ਕਰ ਕੇ ਅਤੇ ਸੁਹਣੀ ਖ਼ੁਰਾਕ ਦਾ ਆਦੀ ਹੋਣ ਕਰ ਕੇ ਸਰੀਰ ਜ਼ਾਹਾ ਗੁੰਦਵਾਂ ਬਣ ਗਿਆ' ਸੀ। ਸੁਭਾਅ ਕਰ ਕੇ 'ਆਪ ਹਠੀਲੇ, ਅਣਖੀਲੇ, ਗੁਸੈਲੇ ਅਤੇ ਨਿਡਰ ਬੇਪਰਵਾਹ ਹੋਣ ਕਰ ਕੇ ਹੀ' ਕਈ ਵਾਰੀਜ ਮਾਂਦਾਰੀ ਤੇ ਸਰਦਾਰੀ ਦੀ ਪਦਵੀ ਤੋਂ ਟੁਟ ਟੁਟ ਕੇ ਹੌਲਦਾਰੀ ਤੇ ਹੀ ਖੜ੍ਹੇ ਰਹੇ। ਲੋਹੇ-ਲਕੜੀ ਦੇ ਕਾਰਖ਼ਾਨੇ ਦਾ ਕਾਰਜ ਭਾਰ ਆਪ ਦੇ ਸਿਰ ਹੁੰਦਾ ਸੀ। ਆਪ ਬੰਦੂਕਸਾਜ਼ੀ ਦੇ ਮਾਹਿਰ ਸਨ। ਅਸਲਾਖ਼ਾਨਾ ਦੀ ਜ਼ਿੰਮੇਵਾਰੀ ਵੀ ਆਪ ਦੇ ਮੋਢਿਆਂ ਤੇ ਹੀ ਹੁੰਦੀ ਸੀ। ਇਕ ਚੰਗੇ ਇੰਜੀਨੀਅਰ ਹੋਣਾ ਇਕ ਹੋਰ ਵਿਸ਼ੇਸ਼ਤਾ ਸੀ ਜਿਸ ਸਦਕਾ ਆਪ ਫੌਜ ਵਿਚ ਟਿਕੇ ਹੋਏ ਸਨ।[1] ਦੂਜੇ ਬੰਨੇ, ਆਪ ਦੀ ਮਾਤਾ ਦਾ ਸੁਭਾਉ ਬੜਾ ਉਦਾਰ ਤੇ ਸੰਜੀਦਾ ਸੀ। ਪਿਤਾ ਜੀ ਦੇ ਫੌਜੀ ਹੋਣ ਕਾਰਣ 'ਦੁਖੀ' ਜੀ ਨੇ ਬਹੁਤਾ ਸਮਾਂ ਮਾਤਾ ਨਾਲ ਹੀ ਕਟਿਆ। ਆਪ ਸਾਰੇ ਪੰਜ ਭਰਾ ਸਨ; ਜਿਨ੍ਹਾਂ ਵਿਚ 'ਦੁਖੀ' ਜੀ ਵਿਚਕਾਰਲੇ ਸਨ—ਅਰਥਾਤ ਦੋ ਭਰਾ ਇਨ੍ਹਾਂ ਤੋਂ ਵੱਡੇ ਅਤੇ ਦੋਂਹ ਭਰਾਵਾਂ ਤੋਂ ਇਹ ਆਪ ਵੱਡੇ ਸਨ।

ਬਚਪਨ ਵਿਚ 'ਦੁਖੀ' ਜੀ ਦਾ ਸੁਭਾਉ ਬੜਾ ਚੰਚਲ ਤੇ ਸ਼ਰਾਰਤੀ ਹੁੰਦਾ ਸੀ। ਬਚਪਨ ਦੀਆਂ ਘਟਨਾਵਾਂ ਯਾਦ ਕਰ ਕੇ ਉਹ ਕਈ ਵਾਰੀ ਮਹਿਸੂਸ ਕਰਦੇ ਕਿ ਪੰਜਾਂ ਭਰਾਵਾਂ ਵਿਚੋਂ ਕੇਵਲ ਉਹ ਹੀ ਅਜਿਹੇ ਸਨ ਜਿਨ੍ਹਾਂ ਨੇ ਆਪਣੀ ਮਾਤਾ ਨੂੰ ਵੱਧ ਤੋਂ ਵੱਧ ਤੰਗ ਕੀਤਾ ਹੋਵੇਗਾ। ਇਸ ਗੱਲ ਨੂੰ ਉਹ ਹਰ ਮਿਲਣ ਗਿਲਣ ਵਾਲੇ ਨਾਲ ਸਾਂਝਾ ਕਰ ਲੈਂਦੇ ਸਨ,[2] "ਮੈਂ ਡਾਢਾ ਹੁਸ਼ਿਆਰ ਸਾਂ, ਹਰ ਖੇਡ ਤੇ ਹਰ ਲੜਾਈ ਵਿਚ, ਹਰ ਨੇਕੀ ਤੇ ਹਰ ਬੁਰਾਈ ਵਿਚ। ਹਰ ਖ਼ਤਰੇ ਤੇ ਹਰ ਬਹਾਦਰੀ ਵਿਚ ਮੈਂ ਆਪਣੇ ਹਾਣੀਆਂ ਦਾ ਆਗੂ ਹੁੰਦਾ ਸਾਂ।"[3]

ਉਨ੍ਹਾਂ ਦਿਨਾਂ ਵਿਚ ਬੱਚਿਆਂ ਵਿਚ ਖੇਡਣ ਦਾ ਰਿਵਾਜ ਬਹੁਤ ਹੁੰਦਾ ਸੀ। ਕੌਡੀਆਂ ਨਾਲ ਖੇਡਣਾ, ਪਤੰਗ ਉਡਾਉਣੇ, ਬਟੇਰੇ ਲੜਾਉਣੇ ਅਤੇ ਬੁਲਬੁਲਾਂ ਫੜ ਕੇ ਲੜਾਉਣੀਆਂ ਆਦਿ ਸ਼ੁਗਲ ਆਪ ਲਈ ਵੀ ਬੜੀਆਂ ਸਾਧਾਰਣ ਗੱਲਾਂ ਹੁੰਦੀਆਂ ਸਨ। ਕੋਠਿਆਂ ਦੇ ਉਪਰੋ-ਉਪਰੀ ਹੀ ਸਾਰੇ ਪਿੰਡ ਵਿਚ ਫਿਰ ਨਿਕਲਣਾ ਅਤੇ ਨਿੱਤ ਨਵੇਂ ਉਲਾਂਭੇ ਲਿਆਉਣੇ ਇਨ੍ਹਾਂ ਲਈ ਕੋਈ ਨਵੀਂ ਜਾਂ ਵਿਸ਼ੇਸ਼ ਗੱਲ ਨਹੀਂ ਸੀ ਹੁੰਦੀ। ਉਲਾਂਭਿਆਂ ਦੇ ਦੁਖੋਂ ਦੁੱਖੀ

1. ਮੁਨਸ਼ਾ ਸਿੰਘ 'ਦੁਖੀ', ਜੀਵਨ ਸੰਧਰਾਂ, 1960, ਪੰਨਾ 45.

2. ਇਸ ਸਾਰੀ ਪੁਸਤਕ ਵਿਚ, 'ਦੁਖੀ' ਜੀ ਸਮੇਤ ਜਿੰਨੇ ਲੇਖਕਾਂ, ਕਵੀਆਂ ਆਦਿ ਦੀਆਂ ਰਚਨਾਵਾਂ ਵਿਚੋਂ ਹਵਾਲੇ ਦਿਤੇ ਗਏ ਹਨ, ਉਨ੍ਹਾਂ ਦੇ ਸ਼ਬਦ-ਜੋੜ ਅਤੇ ਵਾਕ ਬਣਤਰ ਨੂੰ ਮੂਲ ਲਿਖਤ ਅਨੁਸਾਰ ਹੀ ਰਖਿਆ ਗਿਆ ਹੈ।

3. ਕਰਤਾ ਦੇ ਨਿੱਜੀ ਨੋਟ।

Sri Satguru Jagjit Singh Ji Elibrary NamdhariElibrary@gmail.com

ਹੋ ਕੇ ਮਾਤਾ ਨੇ ਵੀ ਕਈ ਵਾਰੀ ਕੋਸਣਾ, "ਮੈਂ ਤਾਂ ਅਕ ਗਈ ਹਾਂ । ਕੀ ਕਰਾਂ ? ਮਾਰਾਂ ਤਦ ਵੀ ਦੁੱਖ, ਜੇ ਨਾ ਮਾਰਾਂ ਤਦ ਵੀ । ਵੱਡਾ ਹੋ ਕੇ ਪਤਾ ਨਹੀਂ ਕੀ ਚੰਦ ਚਾੜ੍ਹੇਗਾ ? ਭਾਈ ਕਹਿੰਦਾ ਸੀ ਇਹ ਪਊਆਂ ਜਾਂ ਘੋੜੇ ਦੀ ਅਸਵਾਰੀ ਕਰੇਗਾ ।[1]

## ਵਿਦਿਆ

'ਦੁਖੀ' ਜੀ ਦੇ ਭਾਗਾਂ ਵਿਚ ਪਾਠਸ਼ਾਲਾ ਦੀ ਵਿਦਿਆ ਬਹੁਤ ਘੱਟ ਹੋ ਸਕੀ । 'ਮਦਰੱਸਾ' ਤਾਂ ਪਿੰਡ ਵਿਚ ਹੀ ਸੀ । ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ[2] ਉਹ ਪੜ੍ਹਨ ਲਿਖਣ ਵਿਚ ਵੀ ਓਵੇਂ ਹੀ ਹੁਸ਼ਿਆਰ ਹੁੰਦੇ ਸਨ ਜਿਵੇਂ ਸ਼ਰਾਰਤਾਂ ਕਰਨ ਵਿਚ । ਇਸੇ ਕਰ ਕੇ ਆਪ ਨੇ ਪਹਿਲੀਆਂ ਦੋਵੇਂ ਜਮਾਤਾਂ ਇਕੋ ਸਾਲ ਵਿਚ ਹੀ ਪਾਸ ਕਰ ਲਈਆਂ । ਹਿਸਾਬ ਦੇ ਪ੍ਰਸ਼ਨ ਜ਼ਬਾਨੀ ਹੱਲ ਕਰ ਲੈਣ ਦੀ ਸਮਰੱਥਾ ਉਨ੍ਹਾਂ ਵਿਚ ਦੂਜਿਆਂ ਨਾਲੋਂ ਵਧੇਰੇ ਸੀ । ਆਪਣੀ ਜਮਾਤ ਦੇ ਉਹ ਮਨੀਟਰ ਹੁੰਦੇ ਸਨ । ਪੰਜਵੀਂ ਜਮਾਤ ਤਕ ਹੀ ਇਹ ਮਦਰੱਸਾ ਸੀ ਤੇ ਪੰਜ ਜਮਾਤਾਂ ਹੀ ਆਪ ਨੇ ਪਾਸ ਕੀਤੀਆਂ । ਉਰਦੂ ਤੇ ਫ਼ਾਰਸੀ ਦੀ ਪੜ੍ਹਾਈ ਮਦਰੱਸੇ ਵਿਚ ਹੀ ਮੌਲਵੀ ਅਹਿਮਦ ਦੀਨ ਕੋਲੋਂ ਕੀਤੀ । ਫ਼ਾਰਸੀ ਦੀ ਪੜ੍ਹਾਈ ਉਨ੍ਹਾਂ ਸਮਿਆਂ ਵਿਚ ਦੂਜੀ ਜਮਾਤ ਤੋਂ ਹੀ ਸ਼ੁਰੂ ਹੋ ਜਾਂਦੀ ਸੀ । ਸ਼ੇਖ ਸਾਅਦੀ ਦੀ ਰਚਨਾ 'ਗੁਲਸਿਤਾਂ' ਪੰਜਵੀਂ ਜਮਾਤ ਨੂੰ ਪੜ੍ਹਾ ਦਿੱਤੀ ਜਾਂਦੀ ਸੀ । ਵਿਦਿਆਰਥੀ ਜੀਵਨ ਵਿਚ ਪੜ੍ਹੀ ਹੋਈ ਇਸ ਪੁਸਤਕ ਦਾ ਕਾਫ਼ੀ ਹਿੱਸਾ ਆਪ ਨੂੰ ਬੁਢੇਪੇ ਵਿਚ ਵੀ ਜਿਉਂ ਦਾ ਤਿਉਂ ਯਾਦ ਸੀ ।

ਪਿੰਡ ਦੇ ਕਾਫ਼ੀ ਸਾਰੇ ਲੋਕ ਪਰਦੇਸਾਂ ਵਿਚ, ਵਿਸ਼ੇਸ਼ ਕਰ ਕੇ ਆਸਟਰੇਲੀਆ ਵਿਚ, ਗਏ ਹੋਏ ਸਨ ਜਿਨ੍ਹਾਂ ਦੀ ਬਹੁ-ਸੰਖਿਆ ਜਾਂ ਤਾਂ ਅਨਪੜ੍ਹ ਸੀ ਤੇ ਜਾਂ ਮੁਸ਼ਕਲ ਨਾਲ ਪੰਜਾਬੀ 'ਪੈਂਤੀ' ਜਾਣਨ ਵਾਲੀ । ਪਿੰਡ ਦਾ ਡਾਕਘਰ ਵੀ ਮਦਰਸੇ ਵਿਚ ਹੀ ਹੁੰਦਾ ਸੀ । ਇਨ੍ਹਾਂ ਪਰਵਾਸੀ ਲੋਕਾਂ ਦੀਆਂ ਅਨਪੜ੍ਹਾਂ ਵਾਲੀ ਗੁਰਮੁਖੀ ਵਿਚ ਲਿਖੀਆਂ ਚਿਠੀਆਂ ਪਿੰਡ ਦੇ ਇਸ ਡਾਕਘਰ ਵਿਚ ਆਉਂਦੀਆਂ ਹੀ ਰਹਿੰਦੀਆਂ ਸਨ । ਡਾਕ ਵੰਡਣ ਦਾ ਕੰਮ ਮਦਰੱਸੇ ਵਿਚਲੇ ਇਕ ਸਥਾਨਕ ਬ੍ਰਾਹਮਣ ਅਧਿਆਪਕ ਦੇ ਜ਼ਿੰਮੇ ਹੁੰਦਾ ਸੀ ਅਤੇ ਚਿੱਠੀਆਂ ਪੜ੍ਹਨ ਦਾ ਕੰਮ ਉਹ ਆਪਣੇ ਮੁਖੀ ਵਿਦਿਆਰਥੀਆਂ ਕੋਲੋਂ ਵਗਾਰ ਦੇ ਰੂਪ ਵਿਚ ਕਰਵਾਉਂਦਾ ਹੁੰਦਾ ਸੀ । ਮੁਨਸ਼ਾ ਸਿੰਘ ਹੋਰੀਂ ਇਥੇ ਵੀ ਅਗੇ ਹੁੰਦੇ । ਇਨ੍ਹਾਂ ਪੱਤਰਾਂ ਦੀ ਪੜ੍ਹਾਈ ਸਦਕਾ ਆਪ ਦਾ ਪੰਜਾਬੀ ਦਾ ਗਿਆਨ ਤੇ ਅਭਿਆਸ ਕਾਫ਼ੀ ਹੋ ਚੁੱਕਾ ਸੀ । ਅਧਿਆਪਕ ਨਾਲ ਫਿਰ ਕੇ ਸਾਰੇ ਪਿੰਡ ਦੀਆਂ ਚਿੱਠੀਆਂ ਜੁ ਉਨ੍ਹਾਂ ਨੂੰ ਹੀ ਪੜ੍ਹਨੀਆਂ ਪੈਂਦੀਆਂ ਸਨ ।

ਵਿਦਿਅਕ ਤੌਰ ਤੇ ਪੰਜਾਬੀ ਦਾ ਗਿਆਨ ਆਪ ਨੇ ਭਾਈ ਸੋਭਾ ਸਿੰਘ ਤੋਂ ਪ੍ਰਾਪਤ ਕੀਤਾ ਸੀ ।[3] ਇਹ ਭਾਈ ਸਾਹਿਬ ਉਨ੍ਹੀਂ ਦਿਨੀਂ ਪਿੰਡ ਵਿਚ ਲੱਗਣਾਂ ਦੀ ਧਰਮਸਾਲਾ

1. ਇਸ ਤੋਂ ਉਸ ਦਾ ਭਾਵ ਸੀ ਕਿ ਇਨਾਂ ਨੇ ਜਾਂ ਤਾਂ ਸਾਧ ਬਣਨਾ ਸੀ ਤੇ ਜਾਂ ਫਿਰ ਅਮੀਰ ਤੇ ਨਾਮਵਰ ।
2. 'ਦੁਖੀ' ਜੀ ਦੀ ਉਮਰ ਦੇ ਅੰਤਮ ਦਸ ਗਿਆਰਾਂ ਵਰ੍ਹੇ ਉਨ੍ਹਾਂ ਦੀ ਸੰਗਤ ਕਰਨ ਦਾ ਤੇ ਆਪ ਤੋਂ ਗਿਆਨ ਪ੍ਰਾਪਤ ਕਰਨ ਦਾ ਇਸ ਪੁਸਤਕ ਦੇ ਲੇਖਕ ਨੂੰ ਮਾਣ ਪ੍ਰਾਪਤ ਹੈ । ਇਸ ਪੁਸਤਕ ਵਿਚ ਜਿਥੇ ਕਿਤੇ ਵੀ ਕੋਈ ਗੱਲ ਉਨ੍ਹਾਂ ਵਲੋਂ ਦੱਸੇ ਜਾਣ ਦਾ ਜ਼ਿਕਰ ਹੈ ਉਸ ਦਾ ਭਾਵ ਆਪ ਦੀ ਸੰਗਤ ਕਰਨ ਦੇ ਸਮੇਂ ਵਿਚ ਲੇਖਕ ਨੂੰ ਆਪ ਤੋਂ ਪ੍ਰਾਪਤ ਹੋਈ ਜਾਣਕਾਰੀ ਹੈ, ਸਮਝਿਆ ਜਾਣਾ ਚਾਹੀਦਾ ਹੈ ।
3. ਮੁਨਸ਼ਾ ਸਿੰਘ 'ਦੁਖੀ', 'ਦੁਖੀ ਜੀਵਨ', ਮਾਸਕ ਸਾਹਿਤ ਤੇ ਕਲਾ, ਦਿੱਲੀ, ਅਕਤੂਬਰ 1968, ਪੰਨਾ 7.

Sri Satguru Jagjit Singh Ji Elibrary NamdhariElibrary@gmail.com

ਵਿਚ ਟਿਕੇ ਹੋਏ ਸਨ। ਇਨ੍ਹਾਂ ਬਾਰੇ ਬੜੀ ਕਿਰਤੱਗਤਾ ਪ੍ਰਗਟਾਉਂਦੇ ਹੋਏ 'ਦੁਖੀ' ਜੀ ਅਕਸਰ ਦੱਸਿਆ ਕਰਦੇ ਸਨ ਕਿ ਇਹ ਮਹਾਂ ਪੁਰਸ਼ ਅੰਗਰੇਜ਼-ਸਿੱਖ ਯੁਧ ਸਮੇਂ, ਸਭਰਾਵਾਂ ਦੇ ਮੈਦਾਨ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਅੰਗ ਰੱਖਿਅਕ ਵਜੋਂ ਲੜੇ ਸਨ। ਯੁਧ ਵਿਚ ਸਿੱਖ ਫੌਜਾਂ ਦੀ ਹਾਰ ਹੋ ਜਾਣ ਕਾਰਣ ਤੇ ਅਟਾਰੀ ਜੀ ਦੇ ਸ਼ਹੀਦ ਹੋ ਜਾਣ ਕਾਰਣ ਅੰਗਰੇਜ਼ਾਂ ਦੇ ਕਰੋਪ ਤੋਂ ਬਚਣ ਲਈ ਇਹ ਸਾਧੂ ਭੇਸ ਵਿਚ ਵਿਚਰ ਰਹੇ ਸਨ। ਆਪ ਨਿਰੇ ਯੋਧੇ ਹੀ ਨਹੀਂ; ਸਗੋਂ ਪੂਜ ਕੇ ਵਿਦਵਾਨ ਵੀ ਸਨ ਜਿਨ੍ਹਾਂ ਕੋਲੋਂ 'ਦੁਖੀ' ਜੀ ਨੇ ਸਾਰੁਕਤਾਵਲੀ, ਹਨੂਮਾਨ ਨਾਟਕ ਤੇ ਭਾਵਰਸਾਂਮ੍ਰਿਤ ਆਦਿ ਬ੍ਰਿਜਭਾਸ਼ੀ ਗ੍ਰੰਥ ਪੜ੍ਹੇ ਸਨ।

ਜਦੋਂ ਸੂਬੇਦਾਰ ਨਿਹਾਲ ਸਿੰਘ ਵਾਲੀ 32 ਨੰਬਰ ਪਾਇਨੀਅਰ ਪਲਟਨ ਨੇ ਅੰਬਾਲੇ ਡੇਰੇ ਲਾਏ ਤਦ ਆਪ ਦੇ ਵਿਦਿਅਕ ਵਿਕਾਸ ਵਿਚ ਹੋਰ ਵੀ ਸਹਾਇਤਾ ਮਿਲ ਗਈ। ਉਥੇ ਹੀ ਰੁੜਕਾ ਕਲਾਂ ਦੇ ਮਾਸਟਰ ਗੁਰਬਚਨ ਸਿੰਘ ਹੋਰੀਂ ਰਹਿੰਦੇ ਸਨ। ਪੰਜਾਬੀ ਦੀ ਪੜ੍ਹਾਈ ਆਪ ਨੇ ਇਨ੍ਹਾਂ ਕੋਲੋਂ ਵੀ ਕੀਤੀ। ਫਿਰ ਮਾਸਟਰ ਬਿਸ਼ਨ ਸਿੰਘ ਤੋਂ ਥੋੜ੍ਹਾ ਬਹੁਤਾ ਅੰਗਰੇਜ਼ੀ ਭਾਸ਼ਾ ਦਾ ਗਿਆਨ ਵੀ ਆਪ ਨੇ ਉਥੇ ਰਹਿ ਕੇ ਹੀ ਪ੍ਰਾਪਤ ਕੀਤਾ ਸੀ।[1] ਪਿਛੋਂ ਜਾ ਕੇ ਜਵਾਨੀ ਵਿਚ, ਵੱਡੇ ਭਰਾਵਾਂ ਕੋਲ ਬੰਗਾਲ ਵਿਚ ਕਾਫ਼ੀ ਸਮਾਂ ਬਿਤਾਉਣ ਕਾਰਣ ਆਪ ਨੇ ਬੰਗਾਲੀ ਵੀ ਚੰਗੀ ਸਿਖ ਲਈ ਸੀ। ਬਦੇਸ਼ਾਂ ਵਿਚ ਵਿਚਰਨ ਕਰਕੇ "ਮੈਂ ਅੰਗਰੇਜ਼ੀ ਦੇ ਨਾਲ ਨਾਲ ਚੀਨੀ ਜਾਪਾਨੀ ਭੀ ਗੁਜ਼ਾਰੇ ਜੋਗੀ ਕਰ ਲੈਂਦਾ ਸਾਂ ਪਰ ਹਵਾਈਅਨ ਬਹੁਤ ਸੁਹਣੀ ਜਾਣਦਾ ਸਾਂ।"[2] ਬ੍ਰਿਜ ਭਾਸ਼ਾ ਦੇ ਕਾਫ਼ੀ ਗ੍ਰੰਥਾਂ ਦਾ ਪਾਠ ਕੀਤਾ ਹੋਣ ਕਾਰਣ ਉਹ ਤਾਂ ਆਪ ਅਗੇ ਪਾਣੀ ਵਾਂਗ ਤੁਰੀ ਫਿਰਦੀ ਭਾਸਦੀ ਸੀ। ਇਸ ਭਾਸ਼ਾ ਨੂੰ ਉਹ ਕਾਵਿ ਦੇ ਪੱਖੋਂ ਪੰਜਾਬੀ ਨਾਲੋਂ ਵੀ ਵੱਧ ਪਿਆਰਦੇ ਤੇ ਵਡਿਆਉਂਦੇ ਸਨ; ਕਿਉਂ ਜੁ ਉਨ੍ਹਾਂ ਦੀ ਸੋਚ ਅਨੁਸਾਰ ਇਸ ਭਾਸ਼ਾ ਰਾਹੀਂ, ਕਲਾਤਮਕ ਢੰਗ ਨਾਲ, ਥੋੜ੍ਹੇ ਸ਼ਬਦਾਂ ਵਿਚ ਹੀ ਬਹੁਤ ਕੁਝ ਬਿਆਨ ਕੀਤਾ ਜਾ ਸਕਦਾ ਹੈ। ਤੁਲਸੀ ਰਾਮਾਇਣ, ਹਨੂਮਾਨ ਨਾਟਕ, ਸਾਰੁਕਤਾਵਲੀ, ਵੈਰਾਗ ਸ਼ੱਤਕ ਤੇ ਭਾਵਰਸਾਂਮ੍ਰਿਤ ਜਿਹੇ ਬ੍ਰਿਜਭਾਸ਼ੀ ਗ੍ਰੰਥਾਂ ਵਿਚੋਂ ਅਨੇਕ ਛੰਦ ਬ੍ਰਿਧਾਵਸਥਾ ਵਿਚ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਜ਼ਬਾਨੀ ਯਾਦ ਸਨ ਜਿਵੇਂ ਅਜੇ ਹੁਣੇ ਹੀ ਪੜ੍ਹੇ ਹੋਣ।

### ਬਦੇਸ਼ ਯਾਤਰਾ

ਅੰਗਰੇਜ਼ ਉਨ੍ਹੀਂ ਦਿਨੀਂ ਬਦੇਸੀ ਧਰਤੀਆਂ ਉਪਰ ਕਾਬਜ਼ ਹੋ ਜਾਣ ਪਿਛੋਂ ਉਥੇ ਠੇਕੇ ਲਿਆ ਕਰਦੇ ਸਨ। ਗ਼ੁਲਾਮਾਂ ਵਜੋਂ ਕੰਮ ਕਰਨ ਲਈ ਹਿੰਦੀ ਲੋਕਾਂ ਨੂੰ ਭੇਡਾਂ ਵਾਂਗ ਇਕੱਠੇ ਕਰ ਕੇ ਉਥੇ ਲੈ ਜਾਂਦੇ। ਉਹ ਆਪਣੀ ਮਰਜ਼ੀ ਦੀ ਤਨਖ਼ਾਹ ਦੇ ਕੇ ਇਨ੍ਹਾਂ ਕੋਲੋਂ ਮਨਮਰਜ਼ੀ ਦਾ ਹੀ ਕੰਮ ਲੈਂਦੇ ਸਨ। 'ਦੁਖੀ' ਜੀ ਅਨੁਸਾਰ, ਸਾਡੇ ਲੋਕਾਂ ਦੀ

1. ਮੁਨਸ਼ਾ ਸਿੰਘ 'ਦੁਖੀ', ਦੁਖੀ ਜੀਵਨ', ਮਾਸਕ ਸਾਹਿਤ ਤੇ ਕਲਾ, ਦਿੱਲੀ, ਅਕਤੂਬਰ 1968, ਪੰਨਾ 7.
2. ਮੁਨਸ਼ਾ ਸਿੰਘ 'ਦੁਖੀ', 'ਜੀਵਨ ਸੰਧਿਆ', ਪ੍ਰਕਾਸ਼ਕ ਲੇਖਕ, 1960, ਪੰਨਾ 97.

Sri Satguru Jagjit Singh Ji Elibrary NamdhariElibrary@gmail.com

ਭਰਤੀ ਦਾ ਇਕ ਮਨੋਰਥ ਇਹ ਵੀ ਸੀ ਕਿ 1857 ਵਿਚ ਬਰਤਾਨੀਆਂ ਵਿਰੁਧ ਗ਼ਦਰ ਕਰਨ ਬਦਲੇ ਹਿੰਦ ਵਾਸੀਆਂ ਨੂੰ ਇਸ ਤਰ੍ਹਾਂ ਵੀ ਸਜ਼ਾ ਦਿੱਤੀ ਜਾਵੇ। ਬ੍ਰਿਟਿਸ਼ ਗਿਆਨਾ, ਹੌਂਡੋਰਾਸ, ਫਿਜ਼ੀ ਤੇ ਅਫਰੀਕਾ ਆਦਿ ਦੇਸ਼ਾਂ ਵਿਚ ਗੋਰਿਆਂ ਨੇ ਹਿੰਦੀ ਲੋਕਾਂ ਦੀ ਭਰਤੀ ਕੀਤੀ। ਉਨ੍ਹੀਵੀਂ ਸਦੀ ਦੇ ਅੰਤ ਤਕ ਹਿੰਦੀ ਲੋਕ ਆਸਟਰੇਲੀਆ ਤਕ ਵੀ ਜਾ ਪੁਜੇ ਸਨ ਪਰ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਆਸਟਰੇਲੀਆ ਦੇ ਹਾਲਾਤ ਕੁਝ ਵਧੇਰੇ ਚੰਗੇਰੇ ਤੇ ਲੋਕ ਕੁਝ ਵਧੇਰੇ ਸੁਤੰਤਰ ਸਨ। ਫਿਰ ਹਿੰਦੀ ਲੋਕਾਂ ਨੇ ਬਰਮਾ, ਚੀਨ ਤੇ ਮਲਾਇਆ ਵੱਲ ਵੀ ਵਹੀਰਾਂ ਪਾ ਦਿੱਤੀਆਂ। ਪੰਜਾਬ ਦੇ ਕਿਰਤੀ ਲੋਕ ਵੀ, ਆਪਣੀ ਕਿਸਮਤ ਅਜ਼ਮਾਉਣ ਤੇ ਗ਼ਰੀਬੀ ਦਾ ਦਾਰੂ ਲੱਭਣ ਲਈ ਬਰਮਾ ਅਤੇ ਚੀਨ ਵੱਲ ਵੀ ਜਾ ਨਿਕਲੇ। 'ਹੱਥ ਠੂਠਾ ਤੇ ਦੇਸ਼ ਮੋਕਲਾ' ਦੀ ਕਹਾਵਤ ਅਨੁਸਾਰ ਫਿਰ ਇਨ੍ਹਾਂ ਲੋਕਾਂ ਨੇ ਹਾਂਗਕਾਂਗ ਤੇ ਉਥੋਂ ਵੀ ਅਗਾਂਹ ਅਮਰੀਕਾ-ਕੈਨੇਡਾ ਵੱਲ ਨੂੰ ਮੂੰਹ ਕਰ ਲਿਆ।

ਕਹਿੰਦੇ ਹਨ ਖਰਬੂਜ਼ੇ ਵੱਲ ਦੇਖ ਕੇ ਖਰਬੂਜ਼ਾ ਛੇਤੀ ਰੰਗ ਫੜਦਾ ਹੈ। ਹੋਰਨਾਂ ਲੋਕਾਂ ਵੱਲ ਦੇਖ ਕੇ 'ਦੁਖੀ' ਜੀ ਦੇ ਦੋਵੇਂ ਵੱਡੇ ਭਰਾ ਬਾਵਾ ਸਿੰਘ ਤੇ ਪਾਲਾ ਸਿੰਘ ਹੋਰੀਂ ਵੀ ਬਦੇਸ਼ੀ ਸਫ਼ਰ ਤੇ ਨਿਕਲ ਪਏ। ਇਨ੍ਹਾਂ ਨੇ ਹਾਂਗਕਾਂਗ ਦੇ ਨੇੜੇ ਅਠ ਦਸ ਕੁ ਮਹੀਨੇ ਕੱਟੇ। ਨਾਲ ਦੇ ਸਾਥੀ ਉਥੋਂ ਕੈਨੇਡਾ ਵੱਲ ਨੂੰ ਤਿਆਰ ਹੋ ਪਏ। ਪਾਲਾ ਸਿੰਘ ਹੋਰੀਂ ਤਾਂ ਉਨ੍ਹਾਂ ਦੇ ਨਾਲ ਹੀ 1907 ਈ. ਦੇ ਸ਼ੁਰੂ ਵਿਚ ਕੈਨੇਡਾ ਜਾ ਪੁਜੇ ਤੇ ਬਾਵਾ ਸਿੰਘ ਹੋਰੀਂ ਘਰ ਪਰਤ ਆਏ।

ਵੱਡੇ ਭਰਾ ਤੋਂ ਪਰਦੇਸ ਦੀਆਂ ਗੱਲਾਂ ਸੁਣ ਸੁਣ ਕੇ ਮੁਨਸ਼ਾ ਸਿੰਘ ਦਾ ਮਨ ਵੀ ਪਰਦੇਸ-ਯਾਤਰਾ ਨੂੰ ਉਗਮ ਪਿਆ। ਆਪਣੇ ਭਰਾ ਨੂੰ ਨਾਲ ਲੈ ਕੇ 1908 ਈ. ਵਿਚ ਉਹ ਕਲਕਤੇ ਪੁਜੇ ਤੇ ਉਥੋਂ ਸਨਫਰਾਂਸਿਸਕੋ (ਅਮਰੀਕਾ) ਦਾ ਟਿਕਟ ਲੈ ਕੇ, ਇਕ ਭਾਰ-ਬਰਦਾਰ ਸਮੁੰਦਰੀ ਜਹਾਜ਼ 'ਲਾਈਸੰਗ' ਰਾਹੀਂ 5 ਮਈ, 1908 ਨੂੰ ਦਿਨ ਦੇ ਦੋ ਵਜੇ ਕਲਕੱਤੇ ਤੋਂ ਅਗਲੇ ਸਫ਼ਰ ਲਈ ਰਵਾਨਾ ਹੋ ਗਏ।

ਜਹਾਜ਼ ਪਹਿਲਾਂ ਪੀਨਾਂਗ ਜਾ ਕੇ ਰੁਕਿਆ। ਦੋਹਾਂ ਨੇ ਫਿਰ ਕੇ ਸ਼ਹਿਰ ਦੀ ਸੈਰ ਕੀਤੀ। ਫਿਰ ਸਿੰਘਾਪੁਰ ਤੇ ਹਾਂਗਕਾਂਗ ਵੀ ਫਿਰ-ਤੁਰ ਕੇ ਵੇਖਿਆ। ਉਥੇ ਸਥਿਤ ਜਹਾਜ਼ੀ ਕੰਪਨੀਆਂ ਦੇ ਦਫ਼ਤਰਾਂ ਵਿਚੋਂ ਪੁਛ-ਗਿਛ ਕਰਨ ਤੇ ਪਤਾ ਲੱਗਾ ਕਿ ਸਨਫਰਾਂਸਿਸਕੋ ਜਾ ਕੇ ਉਤਰਨ ਵਾਲੇ ਵਿਅਕਤੀਆਂ ਦਾ ਸਖ਼ਤ ਡਾਕਟਰੀ ਮੁਆਇਨਾ ਕੀਤਾ ਜਾਂਦਾ ਹੈ ਜਿਸ ਵਿਚੋਂ ਕੋਈ ਵਿਰਲਾ ਵਾਂਝਾ ਹੀ ਪਾਸ ਹੋ ਸਕਦਾ ਹੈ। ਦੂਜੇ ਯਾਤਰੀਆਂ ਨੂੰ ਵਾਪਸ ਆਉਣਾ ਪੈਂਦਾ ਹੈ। ਉਨ੍ਹਾਂ ਦੇ ਦਸਣ ਅਨੁਸਾਰ ਹੋਨੋਲੂਲੂ ਵਿਚ ਅਜਿਹੀ ਕੋਈ ਸਮਸਿਆ ਪੇਸ਼ ਨਹੀਂ ਸੀ ਆਉਂਦੀ। ਇਸ ਲਈ ਉਥੋਂ ਹੀ ਸਨਫਰਾਂਸਿਸਕੋ ਦਾ ਟਿਕਟ ਬਦਲਵਾ ਕੇ ਉਸ ਨੂੰ ਹੋਨੋਲੂਲੂ ਦਾ ਕਰਵਾ ਲਿਆ। ਇਥੋਂ 'ਮਨਚੂਰੀਆ' ਜਹਾਜ਼ ਵਿਚ ਸਵਾਰ ਹੋ ਕੇ ਸ਼ੰਘਾਈ ਤੇ ਯੋਕੋਹਾਮਾ ਹੁੰਦੇ ਹੋਏ ਹੋਨੋਲੂਲੂ ਪੁਜ ਗਏ। ਹੋਨੋਲੂਲੂ ਉਤਰਨ ਵਾਲੇ ਇਹ ਪਹਿਲੇ ਹਿੰਦੁਸਤਾਨੀ ਵਿਅਕਤੀ ਸਨ।[1]

---

1. ਮੁਨਸ਼ਾ ਸਿੰਘ 'ਦੁਖੀ', 'ਦੁਖੀ ਜੀਵਨ', ਮਸਕ ਕਵਿਤਾ, ਅੰਮ੍ਰਿਤਸਰ, ਜੁਲਾਈ 1966, ਪੰਨਾ 43-44.

Sri Satguru Jagjit Singh Ji Elibrary NamdhariElibrary@gmail.com

ਹੋਨੋਲੂਲੂ ਸ਼ਹਿਰ ਤੋਂ ਬਾਹਰ 'ਏਈਆ' ਤੇ 'ਆਇਓਵਾ' ਨਾਂ ਦੇ ਦੋ ਗੰਨਾ ਫ਼ਾਰਮ ਸਨ। ਪਹਿਲਾ ਫਾਰਮ ਸ਼ਹਿਰ ਤੋਂ ਨੇੜੇ ਹੋਣ ਕਾਰਣ 'ਮੁਨਸ਼ਾ ਸਿੰਘ' ਹੋਰਾਂ ਨੇ ਇਥੇ ਕੰਮ ਦਾ ਪ੍ਰਬੰਧ ਕਰ ਲਿਆ। ਬਾਰਾਂ ਘੰਟੇ ਕੰਮ ਕਰਨ ਦੀ ਤਨਖ਼ਾਹ ਕੇਵਲ ਚੌਦਾਂ ਡਾਲਰ ਪ੍ਰਤੀ ਮਹੀਨਾ ਸੀ ਤੇ ਡਾਲਰ ਦਾ ਭਾਅ ਸੀ ਕੇਵਲ ਤਿੰਨ ਰੁਪਏ ਤੇ ਡੇਢ੍ਹ ਆਨਾ।

ਗੰਨਾ ਫਾਰਮ ਤੋਂ ਕੰਮ ਛੱਡ ਕੇ, ਇਕ ਹਿੰਦੀ ਬਜ਼ੁਰਗ, ਅਬਦੁਲਾ, ਦੀ ਮਦਦ ਨਾਲ 'ਦੁਖੀ' ਜੀ ਹੋਨੋਲੂਲੂ ਸ਼ਹਿਰ ਵਿਚ ਕੰਮ ਤੇ ਜਾ ਲੱਗੇ। ਇਥੇ ਤਨਖ਼ਾਹ ਤਾਂ ਚੰਗੀ ਸੀ ਪਰ ਕੰਮ ਵੀ ਇੰਨਾ ਸਖ਼ਤ ਸੀ ਕਿ ਆਪ ਕਿਹਾ ਕਰਦੇ ਸਨ ਕਿ ਉਸ ਪਹਿਲੇ ਦਿਨ ਦੀ ਯਾਦ ਨਾ ਹੀ ਭੁਲਦੀ ਹੈ ਨਾ ਹੀ ਭੁਲਾਈ ਜਾ ਸਕੇਗੀ। "ਮੈਂ ਕਹਿੰਦਾ ਕਹਾਉਂਦਾ ਸਤਾਰਾਂ ਸਾਲਾਂ ਦਾ ਮੁਛ ਫੁਟ, ਪੰਜਾਬ ਦੇ ਦੁੱਧ ਮਖਣਾਂ ਦਾ ਪਲਿਆ ਹੋਇਆ ਅਲੱਥ ਤੇ ਮੇਵਿਆਂ ਉਪਰੋਂ ਦੀ ਥੁਕਣ ਵਾਲਾ ਗਭਰੂ ਤਾਂ ਜ਼ਰੂਰ ਸਾਂ ਪਰ ਪਹਿਲੇ ਢਾਈ ਘੰਟੇ ਹੀ ਕੰਮ ਕਰਨ ਪਿਛੋਂ ਪਤਾ ਲੱਗ ਗਿਆ ਕਿ ਕੰਮ ਕਰਨਾ ਕਿਸ ਨੂੰ ਆਖਦੇ ਹਨ।" ਇੰਨਾ ਕਠਿਨ ਕੰਮ ਕਰਨ ਪਿਛੇ ਜੇ ਕੋਈ ਰਾਹਤ ਸੀ ਤਾਂ ਕੇਵਲ ਇਹੋ ਕਿ ਇਕੋ ਦਿਨ ਕੰਮ ਕਰਨ ਬਦਲੇ ਦੋ ਡਾਲਰ ਤੇ ਇਕ ਰਾਤ ਦੇ ਚਾਰ ਡਾਲਰ ਮਿਲ ਜਾਂਦੇ ਸਨ ਜੋ ਗੰਨਾ ਫਾਰਮ ਦੀ ਮਹੀਨੇ ਭਰ ਦੀ ਕਮਾਈ ਦਾ ਲਗਪਗ ਅੱਧ ਬਣ ਜਾਂਦਾ ਸੀ।

ਇਥੇ ਆਪ ਨੇ ਕਈ ਪਾਪੜ ਵੇਲੇ। ਜਹਾਜ਼ਾਂ ਦੇ ਘਾਟ ਤੇ ਕੰਮ ਕਰਨ ਕਰ ਕੇ ਆਉਣ ਜਾਣ ਵਾਲੇ ਹਰ ਮੁਸਾਫ਼ਿਰ ਨਾਲ 'ਦੁਖੀ' ਜੀ ਦੀ ਮੇਲ-ਮੁਲਾਕਾਤ ਹੁੰਦੀ ਰਹਿੰਦੀ ਸੀ ਤੇ ਇਹ ਮੁਸਾਫ਼ਿਰ ਅਕਸਰ ਅਮਰੀਕਾ, ਕੈਨੇਡਾ ਤੋਂ ਆਉਣ ਵਾਲੇ ਹੀ ਹੁੰਦੇ ਸਨ। ਇਥੇ ਆਪ ਨੇ ਦੁਭਾਸ਼ੀਏ ਵਜੋਂ ਵੀ ਕੰਮ ਕੀਤਾ। ਬੰਦੂਕ ਦੀ ਗੋਲੀ ਦਾ ਨਿਸ਼ਾਨਾ ਲਾਉਣ ਦੀ ਜਾਚ ਸਿਖਣ ਵਿਚ ਵੀ ਕਾਫ਼ੀ ਪੈਸੇ ਖ਼ਰਾਬ ਕੀਤੇ। ਅਮਰੀਕਾ ਵਿਚਲੇ ਦੇਸ਼ ਭਰਾਵਾਂ ਨਾਲ ਆਪ ਦਾ ਚਿੱਠੀ ਪੱਤਰ ਵੀ ਚਲਦਾ ਰਹਿੰਦਾ ਸੀ। ਇਨ੍ਹਾਂ ਕਾਰਣਾਂ ਅਧੀਨ ਆਪ ਨੇ ਉਥੋਂ ਅਮਰੀਕਾ ਲਈ ਕਮਰ-ਕੱਸੇ ਕਰ ਲਏ ਤੇ ਜਨਵਰੀ, 1910 ਈ. ਵਿਚ ਸਨਫਰਾਂਸਿਸਕੋ ਜਾ ਪੁੱਜੇ।

ਇਸ ਸ਼ਹਿਰ ਵਿਚ ਆਪ ਦੇ ਠਹਿਰਨ ਪਿਛੇ ਦੋ ਨਿੱਗਰ ਕਾਰਣ ਸਨ। ਇਕ ਤਾਂ ਚੀਨ ਤੇ ਜਾਪਾਨ ਤੋਂ ਆਏ ਯਾਤਰੀ ਪਹਿਲਾਂ ਇਥੇ ਹੀ ਉਤਰਦੇ ਸਨ ਤੇ ਇਸੇ ਰਿਆਸਤ ਵਿਚ ਹੀ ਕੰਮ ਕਰਦੇ ਸਨ। ਦੂਜੇ, ਕੇਵਲ ਹਿੰਦੀਆਂ ਦਾ ਹੀ ਨਹੀਂ, ਸਗੋਂ ਸੰਸਾਰ ਭਰ ਦੇ ਪ੍ਰਸਿੱਧ ਗਦਰੀਆਂ ਜਾਂ ਇਨਕਲਾਬੀਆਂ ਦਾ ਅੱਡਾ ਵੀ ਇਥੇ ਹੀ ਸੀ। ਇਹ ਦੋਵੇਂ ਗੱਲਾਂ 'ਦੁਖੀ' ਜੀ ਨੂੰ ਪ੍ਰਭਾਵਤ ਕਰਨ ਵਾਲੀਆਂ ਸਨ। ਉਹ ਸਨਫਰਾਂਸਿਸਕੋ, ਸੈਕਰਾਮੈਂਟੋ, ਫਰੇਜ਼ਰਮਿਲ, ਔਰੇਂਜਵਿਲ ਤੇ ਵਸ਼ਿੰਗਟਨ ਆਦਿ ਥਾਵਾਂ ਦਾ ਸੈਰ-ਸਪਾਟਾ ਕਰਦੇ ਕਰਦੇ ਅੰਤ ਜਨਵਰੀ, 1912 ਈ. ਵਿਚ ਵੈਨਕੂਵਰ (ਕੈਨੇਡਾ) ਵਿਚ ਆਪਣੇ ਭਰਾ ਪਾਲਾ ਸਿੰਘ ਕੋਲ ਪੁਜ ਗਏ। ਉਥੇ 5 ਅਗਸਤ, 1914 ਈ. ਤਕ ਡਟ ਕੇ ਕੰਮ ਕੀਤਾ ਤੇ ਫਿਰ ਵਤਨ ਨੂੰ ਮੁਹਾਰਾਂ ਮੋੜੀਆਂ। ਉਸ ਤੋਂ ਪਿਛੋਂ, ਚੜ੍ਹਦੇ 1951 ਈ. ਵਿਚ ਕੀਨੀਆ, ਤਨਜ਼ਾਨੀਆਂ ਤੇ ਇੰਗਲੈਂਡ ਆਦਿ ਦੇਸ਼ਾਂ ਵਿਚ ਘੁੰਮਦੇ ਹੋਏ ਆਪ ਅਮਰੀਕਾ ਤੇ ਕੈਨੇਡਾ ਵਿਚ ਪੁਰਾਣੇ ਸਾਥੀਆਂ ਤੇ ਸਨੇਹੀਆਂ ਕੋਲ ਪਹੁੰਚੇ, ਜਿਨ੍ਹਾਂ ਨੂੰ ਮਿਲ ਕੇ ਪੁਰਾਣੀਆਂ

Sri Satguru Jagjit Singh Ji Elibrary NamdhariElibrary@gmail com

ਯਾਦਾਂ ਤਾਜ਼ਾ ਕੀਤੀਆਂ ਅਤੇ ਕੁਛ ਨਵੇਂ ਸਾਥੀ ਵੀ ਬਣਾਏ। ਉਥੇ ਕੁਝ ਚਿਰ ਕੰਮ ਕਰਨ ਪਿਛੋਂ, ਆਪ ਨੇ ਗਦਰ ਆਸ਼ਰਮ ਤੋਂ ਹੋ ਕੇ 9 ਜੁਲਾਈ, 1958 ਈ. ਨੂੰ ਪੰਜਾਬ ਵਾਪਸੀ ਲਈ ਕਮਰ-ਕੱਸੇ ਕੀਤੇ। ਇਸ ਤੋਂ ਬਿਨਾਂ ਸਿਆਮ, ਫਿਲਪੀਨ, ਕੋਰੀਆ, ਬਰਮਾ ਤੇ ਚੀਨ ਆਦਿ ਦੇ ਚੱਕਰ ਕੱਢਣ ਦਾ ਜ਼ਿਕਰ ਵੀ ਆਪ ਨੇ ਕੀਤਾ ਹੈ।[1] ਇਉਂ 'ਦੁਖੀ' ਜੀ ਦੇ ਜਨਮ ਸਮੇਂ ਜਮਸ਼ੇਰ (ਜਲੰਧਰ) ਵਾਲੇ ਘਮੰਡਾ ਸਿੰਘ ਦੀ ਕੀਤੀ ਭਵਿੱਖਬਾਣੀ ਕਾਫ਼ੀ ਹੱਦ ਤਕ ਸੱਚੀ ਸਿੱਧ ਹੋ ਗਈ।

## ਦੇਸ਼-ਭਗਤੀ

ਆਪ ਨੂੰ ਬਚਪਨ ਵਿਚ ਦੇਸ਼ ਭਗਤ ਭਾਈ ਸੋਭਾ ਸਿੰਘ ਦੀ ਮਿਲੀ ਸੰਗਤ ਰੂਪੀ ਗੁੜ੍ਹਤੀ ਨੇ ਇਨ੍ਹਾਂ ਤੇ ਦੇਸ਼ ਪ੍ਰੇਮ ਦਾ ਬਹੁਤ ਗੂੜ੍ਹਾ ਰੰਗ ਚਾੜ੍ਹਿਆ। ਇਹ ਗੱਲ ਸਵੀਕਾਰ ਕਰਨ ਸਮੇਂ ਉਹ ਆਪ ਮਾਣ ਮਹਿਸੂਸ ਕਰਿਆ ਕਰਦੇ ਸਨ, 'ਮੇਰੇ ਮਾਤਾ ਪਿਤਾ ਤੋਂ ਉਤਰ ਕੇ ਮੇਰੇ ਜੀਵਨ ਉੱਤੇ ਉਨ੍ਹਾਂ ਮਹਾਂਪੁਰਖਾਂ ਦੀ ਸਿੱਖਿਆ ਤੇ ਸੰਗਤ ਦਾ ਬਹੁਤ ਅਸਰ ਹੈ। ਇਨ੍ਹਾਂ ਨੇ ਮੇਰੇ ਜੀਵਨ ਨੂੰ ਅਕੰਟਕ ਬਣਾਇਆ, ਅਤੇ ਭਵਿੱਖ ਦਰਸਾ, ਉਤਸ਼ਾਹਤ ਕਰ ਕੇ ਨਿਡਰਤਾ ਅਤੇ ਨਿਧੜਕਤਾ ਦਾ ਜਾਮ ਪਿਲਾਇਆ।'[2] ਪਿਛੋਂ ਜਾ ਕੇ ਭਾਵੇਂ ਹੋਰਨਾਂ ਕਈ ਤਰ੍ਹਾਂ ਦੇ ਵਿਦਵਾਨਾਂ ਦੀ ਸੰਗਤ ਦਾ ਅਸਰ ਵੀ ਆਪ ਨੇ ਕਬੂਲਿਆ ਪਰ ਦੇਸ਼ ਭਗਤੀ ਦੀ ਰੰਗਣ ਇਥੋਂ ਹੀ ਖੂਬ ਚੜ੍ਹੀ ਮੰਨੀ ਜਾਣੀ ਚਾਹੀਦੀ ਹੈ; ਕਿਉਂਕਿ ਭਾਈ ਸੋਭਾ ਸਿੰਘ ਆਪ ਅੰਗਰੇਜ਼ ਤੋਂ ਬਾਗ਼ੀ ਸਨ। 'ਦੁਖੀ' ਜੀ ਦੇ ਆਪਣੇ ਵਿਚਾਰ ਵੀ 1905 ਈ. ਤੋਂ ਹੀ ਬਾਗ਼ੀਆਨਾ ਹੋਣੇ ਸ਼ੁਰੂ ਹੋ ਗਏ ਸਨ। ਘਰ ਘਾਟ ਤੇ ਸਾਕ ਸੰਬੰਧੀ ਛੱਡ ਕੇ ਉਨ੍ਹਾਂ ਦੇ ਪਰਦੇਸ ਜਾਣ ਪਿਛੇ ਇਕ ਕਾਰਣ—ਦੇਸ਼ ਭਗਤਕ ਕਾਰਵਾਈਆਂ ਬਦਲੇ ਹਿੰਦ ਦੀ ਗੋਰੀ ਸਰਕਾਰ ਵਲੋਂ ਛੇਤੀ ਫੜੇ ਜਾਣ ਦਾ ਭੇਖਲਾ ਵੀ ਸੀ।

ਦੇਸ਼ ਪ੍ਰੇਮ ਵਿਚ ਰੰਗੇ ਜਾਣ ਪਿਛੋਂ ਆਪ ਆਪਣੇ ਵੱਡੇ ਭਰਾਵਾਂ ਕੋਲ ਬੰਗਾਲ ਵਿਚ ਚਲੇ ਗਏ। ਬੰਗਾਲ ਅਗੇ ਹੀ ਇਨਕਲਾਬੀਆਂ ਦਾ ਗੜ੍ਹ ਸੀ ਜਿਸ ਕਰ ਕੇ ਉਥੇ ਜਾਣ ਪਿਛੋਂ ਇਹ ਰੰਗ ਹੋਰ ਵੀ ਗੂੜ੍ਹਾ ਹੋਣਾ ਸੁਭਾਵਕ ਸੀ। ਆਪਣੇ ਬੰਗਾਲ ਕਿਆਮ ਸਮੇਂ 'ਦੁਖੀ' ਜੀ ਅਰਵਿੰਦ ਘੋਸ਼ ਵਲੋਂ ਸੰਸਥਾਪਤ ਦੇਸ਼ ਭਗਤਾਂ ਦੀ ਸਭਾ ਵਿਚ ਸ਼ਾਮਲ ਹੋ ਗਏ।[3] ਇਥੇ ਹੀ ਆਪ ਨੇ ਉਨ੍ਹਾਂ ਅਕਹਿ ਤੇ ਅਸਹਿ ਕਸ਼ਟਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਜੋ ਉਨ੍ਹਾਂ ਦਿਨਾਂ ਵਿਚ ਵਤਨ ਦੇ ਆਸ਼ਕ ਕਿਸੇ ਹਿੰਦੀ ਨੂੰ ਬਾਗ਼ੀਆਨਾ ਰਸਤੇ ਤੇ ਤੁਰਣ ਸਦਕਾ ਬਦੇਸ਼ੀ ਸਰਕਾਰ ਵਲੋਂ ਦਿੱਤੇ ਜਾ ਸਕਦੇ ਸਨ। ਉਨ੍ਹਾਂ ਨੂੰ ਦੱਸਿਆ ਗਿਆ

1. ਬਰਮਾ ਮਲਾਯਾ ਚੀਨ ਦੇ ਭੀ ਰੰਗ ਢੰਗ ਦੇਖੇ, ਨੇੜੇ ਹੋਕੇ ਕੋੜੇ ਕਵੇ, ਸਿਆਮ ਤੇ ਜਾਪਾਨ ਵਿਚ। ਫਿਲਪੀਨ, ਕੋਰੀਆ, ਹਵਾਈ ਤੇ ਪਨਾਮਾ ਲੰਘ, ਧੂਜਾ ਮੈਂ ਪਾਤਾਲ ਤੋੜਗੀ, ਏਸੇ ਖਰਕਾਨ ਵਿਚ।
   (ਮੁਨਸ਼ਾ ਸਿੰਘ 'ਦੁਖੀ' 'ਮੇਰਾ ਦੇਸ਼', ਮਾਸਕ ਜਾਗ੍ਰਤੀ—ਚੰਡੀਗੜ੍ਹ, ਦਸੰਬਰ 1967)
2. ਮੁਨਸ਼ਾ ਸਿੰਘ 'ਦੁਖੀ', 'ਦੁਖੀ ਜੀਵਨ', ਮਾਸਕ ਸਾਹਿਤ ਤੇ ਕਲਾ, ਦਿੱਲੀ, ਅਕਤੂਬਰ, 1967.
3. ਸੂਬਾ ਸਿੰਘ, 'ਇਨਕਲਾਬੀ ਮੁਨਸ਼ਾ ਸਿੰਘ ਦੁਖੀ', ਮਾਸਕ ਜਾਗ੍ਰਤੀ, ਚੰਡੀਗੜ੍ਹ, ਮਈ, 1967, ਪੰਨਾ 2.

Sri Satguru Jagjit Singh Ji Elibrary NamdhariElibrary@gmail.com

ਸੀ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਦੇਸ਼ ਭਗਤਾਂ ਦਾ ਉਸਤਰੇ ਨਾਲ ਸਿਰ ਮੁੰਨ ਕੇ, ਉਸ ਵਿਚ ਲਾਏ ਗਏ ਫੱਟਾਂ ਤੇ ਲੂਣ ਲਾਇਆ ਜਾਂਦਾ ਹੈ। ਹੱਥਾਂ ਪੈਰਾਂ ਵਿਚ ਕਿਲ ਠੋਕ ਕੇ ਕਾਠ ਮਾਰਿਆ ਜਾਂਦਾ ਹੈ। ਲੱਤਾਂ ਨੂੰ ਰੱਸਾ ਪਾ ਕੇ ਪੁਠੇ ਲਟਕਾਇਆ ਜਾਂਦਾ ਹੈ। ਸਲ੍ਹਾਬੇ ਵਾਲੇ ਹਨੇਰ-ਘੁਪ ਕੋਠਿਆਂ ਵਿਚ ਸਾਲਾਂ-ਬੱਧੀ ਰਖਿਆ ਜਾਂਦਾ ਹੈ। ਬੈਂਤਾਂ ਅਤੇ ਕੋਰੜੇ ਤਾਂ ਖਾਣੇ ਹੀ ਪੈਂਦੇ ਹਨ। ਭੁਖੇ ਪਿਆਸੇ ਰਹਿ ਕੇ, ਲੂਣ ਵਾਂਗ ਖੁਰ ਖੁਰ ਕੇ ਬੁਰੇ ਹਾਲੀਂ ਮਰਨਾ ਪੈਂਦਾ ਹੈ। ਅਜਿਹੀ ਜਾਣਕਾਰੀ ਨੇ ਆਪ ਵਿਚ ਦੇਸ਼ ਪ੍ਰੇਮ ਦੀਆਂ ਜੜ੍ਹਾਂ ਨੂੰ ਸਗੋਂ ਹੋਰ ਪਕਿਆਂ ਕਰ ਦਿੱਤਾ ਸੀ।

ਬੰਗਾਲ ਵਿਚ ਹੀ ਉਲਾਸਕਰ ਦੱਤ, ਨਰਿੰਦਰੋਨਾਥ ਗੁਸਾਈਂ, ਖੁਦੀ ਰਾਮ ਬੋਸ, ਕਨ੍ਹਈਆ ਲਾਲ ਦੱਤ, ਬੀਰੇਂਦਰ ਘੋਸ਼ ਤੇ ਅਰਵਿੰਦ ਘੋਸ਼ ਦੀਆਂ ਕਥਾਵਾਂ ਵੀ ਆਪ ਦੇ ਮਨ ਤੇ ਉਕਰੀਆਂ ਗਈਆਂ ਜਿਨ੍ਹਾਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਾਈ ਤਾਰੂ ਸਿੰਘ ਦੀ ਖੋਪਰੀ ਲਾਹੇ ਜਾਣ ਦੀ ਸਾਖੀ, ਭਾਈ ਸਬੇਗ ਸਿੰਘ ਸ਼ਾਹਬਾਜ਼ ਸਿੰਘ ਦਾ ਚਰਖੜੀ ਤੇ ਚਾੜ੍ਹਿਆ ਜਾਣਾ, ਭਾਈ ਤਾਰਾ ਸਿੰਘ ਵਲੋਂ ਗਲ ਕਟ ਕੇ ਉਪਰ ਤਵਾ ਰਖ ਕੇ ਤਾਂਡਵ ਨਾਚ ਨਚਿਆ ਜਾਣਾ ਅਤੇ ਸਾਹਿਬਜ਼ਾਦਿਆਂ ਦੀ ਸਰਹੰਦ ਵਿਚ ਸ਼ਹੀਦੀ ਵਰਗੀਆਂ ਸਿੱਖ ਇਤਿਹਾਸਕ, ਲੂੰ ਕੰਡੇ ਖੜਨ ਵਾਲੀਆਂ ਤੇ ਵਿਰਸੇ ਵਿਚ ਮਿਲੀਆਂ ਸਾਖੀਆਂ ਤਾਂ ਪਹਿਲਾਂ ਹੀ ਮਨੋਬਲ ਕਾਇਮ ਕਰਨ ਵਿਚ ਸਹਾਈ ਹੋ ਰਹੀਆਂ ਸਨ। ਇਸ ਪਾਸੇ ਦੀ ਚੇਟਕ ਲੱਗ ਜਾਣ ਪਿਛੋਂ ਇਟਲੀ, ਫਰਾਂਸ, ਰੂਸ ਤੇ ਹਿੰਦ ਦੇ ਅਨੇਕ ਦੇਸ਼ ਭਗਤਾਂ ਨੂੰ ਦਿੱਤੀਆਂ ਗਈਆਂ ਮੁਸੀਬਤਾਂ ਅਤੇ ਅਕਹਿ ਦੇਂਚਖੀ ਕਸ਼ਟਾਂ ਦੇ ਹਾਲ ਪੜ੍ਹ ਲੈਣ ਕਾਰਣ ਵੀ ਆਪ ਦਾ ਮਨ ਮਜ਼ਬੂਤ ਹੋ ਚੁੱਕਾ ਸੀ। ਇਸ ਬਿਖੜੇ ਰਸਤੇ ਤੇ ਤੁਰਨ ਤੋਂ ਪਹਿਲਾਂ ਹੀ ਆਪ ਵਲੋਂ ਇੰਨੀ ਕੁ ਪ੍ਰਾਪਤੀ ਕੀਤੀ ਜਾ ਚੁੱਕੀ ਸੀ ਕਿ ਹੁਣ ਆਪ ਦਾ ਮਨ ਕਿਸੇ ਵੀ ਭਿਆਨਕ ਸਜ਼ਾ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ।

ਬਾਲ ਗੰਗਾਧਰ ਤਿਲਕ ਨੂੰ ਉਹ ਆਪਣਾ ਰਾਜਨੀਤਿਕ ਗੁਰੂ ਮੰਨਦੇ ਸਨ ਪਰ ਸਰਦਾਰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਇ ਤੋਂ ਵੀ ਘੱਟ ਪ੍ਰਭਾਵਤ ਨਹੀਂ ਸਨ। ਅਸਲ ਗੱਲ ਤਾਂ ਇਹ ਹੈ ਕਿ ਆਪ ਦੇ ਮਨ ਵਿਚ ਅੰਗਰੇਜ਼ ਵਿਰੁਧ ਭਖਦੀ ਬਗ਼ਾਵਤੀ ਚੰਗਿਆੜੀ ਨੇ ਉਸ ਦਿਨ ਹੋਰ ਵੀ ਗਰਮੀ ਫੜ ਲਈ ਜਿਸ ਦਿਨ 1907 ਈ. ਵਿਚ ਇਨ੍ਹਾਂ ਦੋਹਾਂ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

## ਪਹਿਲੀ ਗ੍ਰਿਫ਼ਤਾਰੀ

'ਦੁਖੀ' ਜੀ ਦਾ ਖਿਆਲ ਸੀ ਕਿ ਉਹ ਹਿੰਦ ਦੀ ਸਰਹੱਦੋਂ ਪਾਰ ਹੋ ਕੇ ਸ਼ਾਇਦ ਵਧੇਰੇ ਨਿਡਰਤਾ ਨਾਲ ਆਪਣੇ ਚੁਣੇ ਹੋਏ ਰਸਤੇ ਤੇ ਅਗੇ ਵੱਧ ਸਕਣਗੇ ਪਰ ਇਸ ਕਿਆਸ ਦੀ ਗਲਤੀ ਦਾ ਅਹਿਸਾਸ ਉਨ੍ਹਾਂ ਨੂੰ ਛੇਤੀ ਹੀ ਹੋ ਗਿਆ। ਉਹ ਆਪਣੇ ਤੌਰ ਤੇ ਉਸ ਕਬੂਤਰ ਵਾਂਗ ਬੇਧਿਆਨੇ ਸਨ ਜਿਹੜਾ ਸਾਹਮਣੇ ਬੈਠੀ ਬਿੱਲੀ ਨੂੰ ਦੇਖਣ ਵਾਲੀਆਂ ਅੱਖਾਂ ਨੂੰ ਮੀਚ ਕੇ ਸੋਚ ਲੈਂਦਾ ਹੈ ਕਿ ਬਿੱਲੀ ਓਥੇ ਹੈ ਹੀ ਨਹੀਂ ਪਰ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਇਸ ਤਰ੍ਹਾਂ ਅੱਖੋਂ ਉਹਲੇ ਨਹੀਂ ਸੀ ਕਰ ਸਕਦੀ। ਪਤਾ ਉਦੋਂ ਹੀ

Sri Satguru Jagjit Singh Ji Elibrary NamdhariElibrary@gmail.com

ਲੱਗਾ ਜਦੋਂ ਹਵਾਈ ਟਾਪੂ ਵਿਚ 'ਅਮੌਦੀ' ਗੰਨਾਂ ਫਾਰਮ ਤੇ ਕੰਮ ਕਰਦਿਆਂ ਆਪ ਨੂੰ ਦੋ ਪੁਲਸੀਆਂ ਨੇ ਗ੍ਰਿਫ਼ਤਾਰ ਕਰ ਕੇ ਥਾਣੇ ਦੀ ਹਵਾਲਾਤ ਵਿਚ ਲਿਆ ਡਕਿਆ। ਆਪ ਨੂੰ ਇਹ ਬਿਲਕੁਲ ਹੀ ਪਤਾ ਨਹੀਂ ਸੀ ਕਿ ਗ੍ਰਿਫ਼ਤਾਰੀ ਕਿਸ ਅਪਰਾਧ ਕਾਰਣ ਕੀਤੀ ਗਈ ਸੀ? ਉਨ੍ਹਾ ਨੂੰ ਫੜਨ ਗਏ ਪੁਲਸੀਆਂ ਨੇ ਤਾਂ ਉਨ੍ਹਾਂ ਦੇ ਪੱਲੇ ਕੁਝ ਪਾਇਆ ਹੀ ਨਹੀਂ ਸੀ। ਉਸ ਟਾਪੂ ਵਿਚ ਕੋਈ ਵੀ ਅਯੋਗ ਕੰਮ ਨਾ ਕੀਤੇ ਹੋਣ ਕਾਰਣ 'ਦੁਖੀ' ਜੀ ਦੇ ਆਪਣੇ ਮਨ ਵਿਚ ਇੰਨੀ ਕੁ ਜ਼ਰੂਰ ਖਟਕ ਗਈ ਸੀ ਕਿ ਇਹ ਕੇਵਲ ਦੇਸ਼ ਪ੍ਰੇਮ ਦੀ ਚੇਟਕ ਦਾ ਹੀ ਸਿੱਟਾ ਸੀ ਤੇ ਇਸ ਗ੍ਰਿਫ਼ਤਾਰੀ ਵਾਸਤੇ ਹੁਕਮ ਵੀ ਹਿੰਦ ਤੋਂ ਹੀ ਆਇਆ ਸੀ।

ਆਪ ਦੇ ਦਸਣ ਅਨੁਸਾਰ ਹਵਾਲਾਤ ਮਾਨੋਂ ਨਰਕ ਦਾ ਦੂਜਾ ਰੂਪ ਹੀ ਸੀ। ਗਿਣੀਆਂ ਗਿਣ ਗਿਣ ਕੇ ਰਾਤ ਕੱਟੀ। ਸਵੇਰੇ ਹੀ ਰਹੀਮ ਨਾਂ ਦਾ ਇਕ ਦੋਸਤ ਇਕ ਸਿਪਾਹੀ ਨੂੰ ਨਾਲ ਲੈ ਕੇ ਆ ਗਿਆ। ਉਹਨੇ ਆਪ ਦੀ ਜ਼ਮਾਨਤ ਦਾ ਪ੍ਰਬੰਧ ਕਰ ਲੈਣ ਦੀ ਸੂਚਨਾ ਦਿੱਤੀ। ਕਚਹਿਰੀ ਜਾਂਦਿਆਂ ਹੀ ਜ਼ਮਾਨਤ ਹੋ ਗਈ ਤੇ ਅਗਲੀ ਪੇਸ਼ੀ ਤੇ ਹੀ ਢਾਈ ਸੌ ਡਾਲਰ ਜੁਰਮਾਨਾ ਹੋਣ ਪਿਛੋਂ ਖਹਿੜਾ ਛੁੱਟ ਗਿਆ। ਇਸ ਦੌਰਾਨ ਰਹੀਮ ਨੇ ਕਈ ਵਾਰੀ ਆਪ ਨੂੰ ਹਵਾਈ ਟਾਪੂ ਛੱਡ ਜਾਣ ਦੀ ਸਲਾਹ ਦਿੱਤੀ। ਹੈਰਾਨੀ ਦੀ ਗੱਲ ਇਹ ਸੀ ਕਿ ਜ਼ਿੰਦਗੀ ਭਰ ਆਪ ਨੂੰ ਦੋ ਗੱਲਾਂ ਦੀ ਸਮਝ ਨਹੀਂ ਲੱਗ ਸਕੀ। ਪਹਿਲੀ ਤਾਂ ਇਹ ਕਿ ਇਹ ਗ੍ਰਿਫ਼ਤਾਰੀ ਕਿਸ ਅਪਰਾਧ ਕਾਰਣ ਕੀਤੀ ਗਈ ਸੀ ਤੇ ਦੂਜੀ ਇਹ ਕਿ ਰਹੀਮ ਨੇ ਉਕਤ ਸਲਾਹ ਕਈ ਵਾਰ ਕਿਉਂ ਦੁਹਰਾਈ ਸੀ?

ਰਹੀਮ ਦੀ ਸਲਾਹ ਮੰਨ ਕੇ ਜਿਵੇਂ ਕਿਵੇਂ ਆਪ ਜਨਵਰੀ, 1910 ਈ. ਵਿਚ ਅਮਰੀਕਾ ਦੇ ਸ਼ਹਿਰ ਸਨਫਰਾਂਸਿਸਕੋ ਜਾ ਪੁਜੇ¹ ਤੇ ਦੋ ਸਾਲ ਪਿਛੋਂ ਕੈਨੇਡਾ ਵਿਚ। ਵੈਨਕੂਵਰ ਆ ਜਾਣ ਨਾਲ ਆਰਥਿਕ ਪ੍ਰਾਪਤੀਆਂ ਦੇ ਨਾਲ ਨਾਲ ਦੇਸ਼ ਭਗਤਕ ਸਰਗਰਮੀਆਂ ਹੋਰ ਵੀ ਉਭਰਨੀਆਂ ਸ਼ੁਰੂ ਹੋ ਗਈਆਂ। ਇਕ ਤਾਂ ਚੜ੍ਹਦੀ ਜੁਆਨੀ, ਦੂਜਾ ਅਮਰੀਕਾ ਕੈਨੇਡਾ ਦੀ ਸੁਤੰਤਰਤਾ, ਤੀਜੀ ਬਾਗ਼ੀਆਂ ਤੇ ਕ੍ਰਾਂਤੀਕਾਰੀਆਂ ਦੀ ਸੰਗਤ, ਚੌਥੇ ਬਾਗ਼ੀਆਨਾ ਖ਼ਿਆਲਾਂ ਦਾ ਜੋਸ਼ ਅਤੇ ਪੰਜਵੇਂ ਫਰੰਗੀ ਵਲੋਂ ਕੀਤੇ ਜਾਂਦੇ ਜ਼ੁਲਮਾਂ ਕਾਰਣ ਦੇਸ਼ ਪ੍ਰੇਮ ਦਾ ਰੰਗ ਹੋਰ ਵੀ ਚਮਕ ਉਠਿਆ। ਹੁਣ ਕਵਿਤਾ ਲਿਖਣ ਅਤੇ ਭਾਸ਼ਣ ਦੇਣ ਵਿਚ ਵੀ ਚੰਗਾ ਸਮਾਂ ਬਤੀਤ ਹੋਣ ਲੱਗਾ। ਆਪ ਦੇ ਦਸਣ ਅਨੁਸਾਰ, ਇਸ ਪਿਛੋਂ ਜਿੰਨਾ ਚਿਰ ਆਪ ਵੈਨਕੂਵਰ ਵਿਚ ਰਹੇ, ਆਮ ਕਰ ਕੇ ਕਾਰਜਕ੍ਰਮ ਇਹੋ ਚਲਦਾ ਰਿਹਾ ਕਿ ਸ਼ਨਿਚਰਵਾਰ ਦੇ ਦਿਨ ਗੁਰਦੁਆਰੇ ਦੇ ਤਹਿਖਾਨੇ ਵਿਚ ਆਪ ਵਲੋਂ ਬਾਗੀਆਨਾ ਤਕਰੀਰ ਕੀਤੀ ਜਾਂਦੀ ਸੀ ਤੇ ਐਤਵਾਰ ਸਵੇਰੇ ਗੁਰਦੁਆਰੇ ਦੇ ਉਪਰਲੇ ਹਾਲ ਕਮਰੇ ਵਿਚ ਧਾਰਮਿਕ ਵਿਸ਼ੇ ਤੇ ਭਾਸ਼ਣ ਦਿੱਤਾ ਜਾਂਦਾ। ਧਾਰਮਿਕ ਵਿਸ਼ਾ ਵੀ ਰਾਜਨੀਤਿਕ ਵਿਸ਼ੇ ਦੇ ਨੇੜੇ ਤੇੜੇ ਹੀ ਜਾ ਢੁਕਾਉਣਾ ਆਪ ਵਰਗੇ ਬੁਲਾਰੇ ਵਾਸਤੇ ਕੋਈ ਕਠਿਨ ਕੰਮ ਨਹੀਂ ਸੀ; ਕਿਉਂਕਿ ਆਪ ਦੇ ਅੰਦਰ ਦੇਸ਼ ਭਗਤੀ ਦੇ ਖ਼ਿਆਲਾਂ ਦਾ ਸਾਗਰ ਠਾਠਾਂ ਮਾਰ ਰਿਹਾ ਸੀ ਤੇ ਉਸ ਵਿਚੋਂ ਨਿਕਲੀ ਹੋਈ ਕੋਈ ਗਲ ਉਸ ਨਾਲੋਂ ਭਿੰਨ ਹੋ ਸਕਣੀ ਅਸੰਭਵ ਸੀ।

---

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ, 1965, ਪੰਨਾ 67.

Sri Satguru Jagjit Singh Ji Elibrary NamdhariElibrary@gmail com

ਹੋਰਨਾਂ ਇਨਕਲਾਬੀ ਕੌਮਾਂ ਦੇ ਅਮਰੀਕਾ ਦੀ ਧਰਤੀ ਤੋਂ ਚਲਾਏ ਜਾਂਦੇ ਕਾਰਜ-ਕ੍ਰਮਾਂ ਤੋਂ ਪ੍ਰਭਾਵਤ ਹੋ ਕੇ ਪ੍ਰਸਿੱਧ ਦੇਸ਼ ਭਗਤ ਤੇ ਵਿਦਵਾਨ, ਲਾਲਾ ਹਰਦਿਆਲ ਦੇ ਉੱਦਮ ਦੇ ਪ੍ਰਣਾਮ ਸਰੂਪ[1] ਅਪ੍ਰੈਲ, 1913 ਈ. ਵਿਚ ਗਦਰ ਪਾਰਟੀ ਦੀ ਨੀਂਹ ਰਖੀ ਗਈ ਜਿਸ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗ਼ੁਲਾਮੀ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ ਸੀ।[2] ਇਨਕਲਾਬੀ ਵਿਚਾਰਾਂ ਵਾਲੇ ਸਾਰੇ ਹਿੰਦੁਸਤਾਨੀ ਇਸ ਵਿਚ ਭਰਤੀ ਹੋ ਗਏ। ਭਲਾ 'ਦੁਖੀ' ਜੀ ਵਰਗੇ ਕਿਵੇਂ ਪਿਛੇ ਰਹਿ ਸਕਦੇ ਸਨ? ਉਹ ਵੀ ਇਸ ਦੀਆਂ ਕਾਰਵਾਈਆਂ ਵਿਚ ਸਰਗਰਮੀ ਨਾਲ ਹਿੱਸਾ ਲੈਣ ਲੱਗ ਪਏ।

ਗਦਰ ਪਾਰਟੀ ਦੇ ਉੱਦੇਸ਼ਾਂ ਅਨੁਸਾਰ ਹੀ[3] ਪਹਿਲੀ ਨਵੰਬਰ, 1913 ਈ. ਨੂੰ 'ਗਦਰ' ਨਾਂ ਦਾ ਸਪਤਾਹਿਕ ਅਖ਼ਬਾਰ ਜਾਰੀ ਕੀਤਾ ਗਿਆ ਜੋ ਪਹਿਲਾਂ ਕੁਝ ਹਫਤੇ ਉਰਦੂ ਵਿਚ ਤੇ ਫਿਰ ਪੰਜਾਬੀ ਵਿਚ ਕਢਿਆ ਜਾਣ ਲੱਗਾ।[4] ਛੇਤੀ ਹੀ ਇਹ ਕਈ ਹਜ਼ਾਰਾਂ ਦੀ ਗਿਣਤੀ ਵਿਚ ਛਪ ਕੇ ਵੰਡਿਆ ਜਾਣ ਲਗ ਪਿਆ। ਕਿਹਾ ਜਾਂਦਾ ਹੈ ਕਿ 1916 ਈ. ਵਿਚ ਇਸ ਦੀ ਛਪਣ ਗਿਣਤੀ ਦਸ ਲਖ ਪ੍ਰਤੀ ਸਪਤਾਹ ਤਕ ਪੁਜ ਗਈ ਸੀ।[5] ਇਸ ਪਰਚੇ ਨੇ 'ਦੁਖੀ' ਜੀ ਦੇ ਅੰਦਰ ਕਰਾਂਤੀਕਾਰੀ ਅਗਨੀ ਨੂੰ ਹੋਰ ਵੀ ਪ੍ਰਜਵਲਤ ਕੀਤਾ ਜਿਸ ਦੇ ਫਲਸਰੂਪ ਜੰਡਿਆਲੇ ਦੇ ਹੀ ਦੇਸ਼ ਭਗਤ ਪੂਰਨ ਸਿੰਘ ਤੇ ਆਪ, ਗਦਰ ਦੇ ਕਾਰਜ-ਕ੍ਰਮ ਵਿਚ ਕੁਦ ਗਏ। ਪੂਰਨ ਸਿੰਘ ਉਪਰ ਗਦਰ ਦੀ ਅਜਿਹੀ ਰੰਗਤ ਚੜ੍ਹੀ ਕਿ ਉਸ ਨੇ ਆਪਣੀ ਸਾਰੀ ਜਾਇਦਾਦ ਤੇ ਜ਼ਿੰਦਗੀ ਦੇਸ਼ ਦੇ ਲੇਖੇ ਹੀ ਲਾ ਦਿੱਤੀ।[6]

'ਦੁਖੀ' ਜੀ ਦਾ ਧਿਆਨ ਵੀ ਗਦਰ ਆਸ਼ਰਮ, ਇਸ ਦੇ ਕਾਰਜਕ੍ਰਮਾਂ ਅਤੇ ਇਸ ਦੀਆਂ ਪ੍ਰਕਾਸ਼ਨਾਵਾਂ ਵੱਲ ਕੇਂਦਰਤ ਹੋ ਗਿਆ। ਉਹ ਹਰ ਹਫਤੇ, ਅਗ-ਵਰ੍ਹਾਊ ਤੇ ਬਾਗ਼ੀਆਨਾ ਰੰਗਤ ਦੀਆਂ ਦੋ ਕਵਿਤਾਵਾਂ ਲਿਖਦੇ ਜਿਨ੍ਹਾਂ ਵਿਚੋਂ ਇਕ ਸਪਤਾਹਿਕ 'ਗ਼ਦਰ' ਲਈ ਤੇ ਦੂਜੀ ਜਨਤਾ ਵਿਚ ਬੋਲਣ ਵਾਸਤੇ ਹੁੰਦੀ ਸੀ।

ਦੇਸ਼ੋਂ ਨਿਕਲ ਕੇ ਹਵਾਈ (Hawai) ਟਾਪੂ ਵਿਚ ਹੀ 'ਦੁਖੀ' ਜੀ ਨੇ ਅਨੁਭਵ ਕਰ ਲਿਆ ਸੀ ਕਿ ਗੁਲਾਮ ਹਿੰਦੁਸਤਾਨੀਆਂ ਦੀ ਕਿਤੇ ਵੀ, ਕੋਈ ਵੀ, ਕਦਰ-ਕੀਮਤ ਨਹੀਂ ਸੀ। ਹਵਾਈ ਵਿਚ ਤਾਂ ਉਹ ਗ਼ੁਲਾਮਾਂ ਵਿਚ ਹੀ ਬਹਿੰਦੇ, ਉਠਦੇ, ਰਹਿੰਦੇ ਤੇ ਕੰਮ-ਕਾਜ ਕਰਦੇ ਸਨ ਇਸ ਲਈ ਆਪ ਦੇ ਦਸਣ ਅਨੁਸਾਰ, 'ਉਥੇ ਗ਼ੁਲਾਮੀ ਤੇ ਆਜ਼ਾਦੀ ਵਿਚ ਕੋਈ ਫ਼ਰਕ ਮਲੂਮ ਨਹੀਂ ਸੀ ਹੁੰਦਾ। ਪਰ ਕੈਨੇਡਾ ਅਮਰੀਕਾ ਦੀ ਹਵਾ ਹੀ ਹੋਰ

1. ਇਸ ਨਾਲ ਅਸੰਮਤੀ ਪ੍ਰਗਟਾਉਂਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਇਹ ਸਿਹਰਾ ਲਾਲਾ ਹਰਦਿਆਲ ਦੇ ਸਿਰ ਬੰਨ੍ਹਣ ਨੂੰ ਤਿਆਰ ਨਹੀਂ। (ਵੇਖੋ, ਸੋਹਣ ਸਿੰਘ ਭਕਨਾ, 'ਜੀਵਨ ਸੰਗਰਾਮ', ਯੁਵਕ ਕੇਂਦਰ, ਜਲੰਧਰ, 1968, ਪੰਨਾ 41).
2. ਗੁਰਚਰਨ ਸਿੰਘ ਸਹਿੰਸਰਾ, 'ਗਦਰ ਪਾਰਟੀ ਦਾ ਇਤਿਹਾਸ', ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969, ਪੰਨਾ 99.
3. ਉਹੀ, ਉਦੇਸ਼ ਨੰਬਰ ਚਾਰ। 4. ਉਹੀ, ਪੰਨਾ 10. 5. ਉਹੀ, ਪੰਨਾ 106. 6. ਆਪ ਫਕੀਰੀ ਸੁਭਾਉ ਵਾਲੇ ਬੜੇ ਹੀ ਕਾਬਲ ਆਦਮੀ ਸਨ। ਆਪ ਨੇ 1962 ਈ. ਵਿਚ ਗਦਰ ਆਸ਼ਰਮ ਵਿਚ ਹੀ ਅੰਤਮ ਸਵਾਸ ਲਏ। (ਵੇਖੋ ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 69.

Sri Satguru Jagjit Singh Ji Elibrary NamdhariElibrary@gmail.com

ਸੀ । ਇਥੋਂ ਦੇ ਸੁਤੰਤਰ ਲੋਕਾਂ ਵਿਚ ਗ਼ੁਲਾਮ ਹਿੰਦੀ ਪ੍ਰਗਟ ਹੋਣੋਂ ਨਹੀਂ ਸਨ ਰਹਿੰਦੇ । ਰਹਿੰਦੀ ਕਸਰ ਅੰਗਰੇਜ਼ ਅਫ਼ਸਰ ਜਾਂ ਸਥਾਨਕ ਲੋਕ ਪੂਰੀ ਕਰ ਛਡਦੇ ਸਨ ।

'ਦੁਖੀ' ਜੀ ਦੱਸਿਆ ਕਰਦੇ ਸਨ ਕਿ ਸਾਧਾਰਣ ਗੱਲਬਾਤ ਕਰਦਿਆਂ ਸਥਾਨਕ ਅੰਗਰੇਜ਼ ਲੋਕ ਹਿੰਦੁਸਤਾਨੀਆਂ ਦਾ ਮਖ਼ੌਲ ਉਡਾਉਣ ਲਈ ਪੁਛਣ ਲੱਗ ਜਾਂਦੇ :

ਹਿੰਦ ਦੀ ਵਸੋਂ ਕਿੰਨੀ ਕੁ ਹੈ ?

"ਤੀਹ ਕਰੋੜ ।" ਹਿੰਦੀਆਂ ਦਾ ਉੱਤਰ ਹੁੰਦਾ ।

"ਹਿੰਦ ਵਿਚ ਅੰਗਰੇਜ਼ ਕਿੰਨੇ ਕੁ ਹਨ ?"

"ਲਗਪਗ ਤਿੰਨ-ਚਾਰ ਲਖ ।"

"ਜੇ ਸਾਰੇ ਹਿੰਦੁਸਤਾਨ ਤੇ ਤਿੰਨ-ਚਾਰ ਲਖ ਅੰਗਰੇਜ਼ ਹੀ ਰਾਜ ਕਰਦੇ ਹਨ ਤਦ ਹਿੰਦ ਵਿਚ ਵਸਦੇ ਤੀਹ ਕਰੋੜ ਬੰਦੇ ਹਨ ਕਿ ਭੇਡਾਂ ?"

ਇਹੋ ਜਿਹੀਆਂ ਗੱਲਾਂ ਕਿਸੇ ਇਕ ਨਾਲ ਨਹੀਂ ਸਗੋਂ ਸਭ ਸਮਝਦਾਰ ਹਿੰਦੁਸਤਾਨੀਆਂ ਨਾਲ ਵਾਪਰਦੀਆਂ ਸਨ ।[1] ਇਸ ਤੋਂ ਹਿੰਦੀਆਂ ਵਿਚ ਰੋਹ ਪੈਦਾ ਹੁੰਦਾ ਜੋ ਉਨ੍ਹਾਂ ਨੂੰ ਸੁਤੰਤਰਤਾ-ਸੰਗਰਾਮ ਵਿਚ ਕੁੱਦਣ ਲਈ ਤਿਆਰ ਕਰਨ ਵਿਚ ਸਹਾਈ ਹੁੰਦਾ । ਜੇ ਕਿਸੇ ਹਿੰਦੀ ਨਾਲ ਕੋਈ ਧੱਕੇਸ਼ਾਹੀ ਹੋ ਜਾਂਦੀ ਜਾਂ ਕਿਸੇ ਨੂੰ ਕੋਈ ਔਕੜ ਜ਼ੋਰ ਬਣਦੀ ਤਦ ਉਹ ਦੁੱਖ ਰੋਣ ਲਈ ਅਫ਼ਸਰ ਕੋਲ ਜਾਂਦਾ । ਅਫ਼ਸਰ ਕਿਹੜੇ ਪੰਜਾਬੀ ਜਾਂ ਹਿੰਦੁਸਤਾਨੀ ਹੁੰਦੇ ਸਨ ? ਉਨ੍ਹਾਂ ਨੇ ਸਗੋਂ ਬਲਦੀ ਤੇ ਤੇਲ ਪਾਉਣ ਲਈ ਕਹਿ ਦੇਣਾ, "ਤੁਸੀਂ ਗ਼ੁਲਾਮ ਹੋ ਤੇ ਗ਼ੁਲਾਮਾਂ ਨਾਲ ਇੰਜ ਹੀ ਹੋਣਾ ਚਾਹੀਦਾ ਹੈ ।"

'ਦੁਖੀ' ਜੀ ਅਨੁਸਾਰ ਹਿੰਦੀਆਂ ਦੀ ਦੁਰਦਸ਼ਾ ਦਾ ਇਕ ਹੋਰ ਕਾਰਣ ਹਿੰਦੁਸਤਾਨੀ ਲੋਕ ਆਪ ਵੀ ਸਨ । ਉਹ ਦੇਸ ਤੋਂ ਇੰਨੀ ਦੂਰ ਜਾ ਕੇ ਵੀ ਸਭਯ ਨਹੀਂ ਸਨ ਬਣ ਸਕੇ । ਕੈਨੇਡਾ ਵਿਚ ਵੀ ਇਹ ਗਲ ਵਿਚ ਉਹੀ ਮੈਲੇ ਕੁਚੈਲੇ ਕਪੜੇ ਪਾਈ, ਸਿਰਾਂ ਉੱਤੇ ਬਿਸਤਰੇ ਚੁੱਕੀ ਇਵੇਂ ਪੈਦਲ ਹੀ ਤੁਰ ਪੈਂਦੇ ਜਿਵੇਂ ਪੰਜਾਬ ਦੇ ਕਿਸੇ ਪਿੰਡ ਵਿਚ ਜਾ ਰਹੇ ਹੋਣ । ਉਨ੍ਹਾਂ ਦੀਆਂ ਅਜਿਹੀਆਂ ਹਰਕਤਾਂ ਨੇ ਵੀ ਸਥਾਨਕ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਪ੍ਰਤੀ ਘ੍ਰਿਣਾ ਨੂੰ ਜਨਮ ਦਿੱਤਾ ।

ਇਥੇ ਹੀ ਬੱਸ ਨਹੀਂ । ਅਮਰੀਕਾ ਕੈਨੇਡਾ ਵਿਚ ਜਾ ਕੇ ਹਿੰਦੀ ਲੋਕ ਸਥਾਨਕ ਲੋਕਾਂ ਦੇ ਮੁਕਾਬਲੇ ਘੱਟ ਤਨਖ਼ਾਹ ਤੇ ਕੰਮ ਕਰਨ ਜਾ ਲਗਦੇ ਸਨ ਜਿਸ ਕਰ ਕੇ ਉਹ ਸਥਾਨਕ ਗ਼ਰੀਬ ਕਿਰਤੀਆਂ ਦਾ ਵਿਰੋਧ ਵੀ ਖ਼ਰੀਦ ਲੈਂਦੇ ਸਨ ।[2] ਕਈ ਵਾਰ ਤਾਂ ਨੌਬਤ ਦੰਗੇ ਫ਼ਸਾਦ ਤਕ ਵੀ ਜਾ ਪੁਜਦੀ ਸੀ । ਅਜਿਹੀ ਸਥਿਤੀ ਸਮੇਂ ਵੀ ਜੇ ਹਿੰਦੀ ਲੋਕਾਂ ਦੀ ਥੋੜ੍ਹੀ ਬਹੁਤੀ ਇੱਜ਼ਤ ਬਚੀ ਰਹਿੰਦੀ ਸੀ ਤਾਂ ਕੇਵਲ ਦੋ ਗੱਲਾਂ ਸਹਾਰੇ । ਇਕ ਤਾਂ ਅਮਰੀਕਨਾਂ ਤੇ ਅੰਗਰੇਜ਼ਾਂ ਦਾ ਪ੍ਰਸਪਰ ਘੜੇ ਵੱਟੇ ਵਾਲਾ ਵੈਰ ਹੋਣ ਕਾਰਣ, ਚੰਗੇ ਅਮਰੀਕਨ ਸ਼ਹਿਰੀ ਲੋਕ

1. ਗੁਰਚਰਨ ਸਿੰਘ ਸਹਿੰਸਰਾ, 'ਗਦਰ ਪਾਰਟੀ ਦਾ ਇਤਿਹਾਸ', ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969, ਪੰਨਾ 109 ਅਤੇ ਸੋਹਣ ਸਿੰਘ ਭਕਨਾ, 'ਜੀਵਨ ਸੰਗਰਾਮ' ਯੁਵਕ ਕੇਂਦਰ ਜਲੰਧਰ 1968 ਪੰਨਾ 35.
2. ਗੁਰਚਰਨ ਸਿੰਘ ਸਹਿੰਸਰਾ, 'ਗਦਰ ਪਾਰਟੀ ਦਾ ਇਤਿਹਾਸ' ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969, ਪੰਨਾ 47.

Sri Satguru Jagjit Singh Ji Elibrary NamdhariElibrary@gmail com

ਹਿੰਦੀਆਂ ਦਾ ਹੀ ਪੱਖ ਪੂਰਦੇ ਸਨ। ਦੂਜੇ ਹੋਰਨਾਂ ਦੇਸ਼ਾਂ ਦੀਆਂ ਇਨਕਲਾਬੀ ਜਥੇਬੰਦੀਆਂ ਦੇ ਅਮਰੀਕਾ ਵਿਚ ਸਥਿਤ ਦਫ਼ਤਰ ਵੀ ਇਨ੍ਹਾਂ ਲੋਕਾਂ ਦਾ ਉਤਸ਼ਾਹ ਤੇ ਜੋਸ਼ ਮੱਠਾ ਨਹੀਂ ਸਨ ਪੈਣ ਦਿੰਦੇ।

ਉਚੇਰੀ ਵਿਦਿਆ ਪ੍ਰਾਪਤ ਕਰਨ ਦੇ ਮਨੋਰਥ ਨਾਲ ਅਮਰੀਕਾ ਕੈਨੇਡਾ ਵਿਚ ਗਏ ਹਿੰਦੀ ਵਿਦਿਆਰਥੀਆਂ ਨੇ ਵੀ ਕੁਝ ਅਣਖ ਇੱਜ਼ਤ ਕਾਇਮ ਰਖੀ ਹੋਈ ਸੀ। ਬਾਲ ਗੰਗਾਧਰ ਤਿਲਕ ਦੀ ਸੰਗਤ ਦੇ ਪ੍ਰਭਾਵ ਸਦਕਾ ਗਾਇਕਵਾੜ ਬੜੋਦਾ ਆਪਣੀ ਰਿਆਸਤ ਵਿਚੋਂ ਹਰ ਵਰ੍ਹੇ ਉੱਤਮ ਵਿਦਿਆਰਥੀਆਂ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਅਮਰੀਕਾ ਭੇਜਦਾ ਹੁੰਦਾ ਸੀ। ਹਿੰਦੀ ਹੋਣ ਦੇ ਨਾਤੇ ਇਨ੍ਹਾਂ ਵਿਦਿਆਰਥੀਆਂ ਦੀ ਉਥੇ ਵਸਦੇ ਹਿੰਦੀ ਲੋਕਾਂ ਨਾਲ ਹਮਦਰਦੀ ਹੋਣੀ ਸੁਭਾਵਕ ਗੱਲ ਸੀ। ਫਿਰ ਛੁੱਟੀਆਂ ਦੇ ਦਿਨੀਂ ਕਾਰੋਬਾਰੀ ਹਿੰਦੀ ਲੋਕ ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਕੋਲ ਮਾਮੂਲੀ ਕੰਮਾਂ ਤੇ ਲਾ ਲੈਂਦੇ ਤੇ ਛੁਟੀਆਂ ਖ਼ਤਮ ਹੋਣ ਤੇ ਇਨ੍ਹਾਂ ਨੂੰ ਮਾਇਆ ਦੇ ਕੇ ਵਿਦਿਆ ਕਰਦੇ। ਇਸ ਕਾਰਣ ਵੀ, ਉਨ੍ਹਾਂ ਨੌਜਵਾਨਾਂ ਦਾ ਆਪਣੇ ਵਤਨੀ ਲੋਕਾਂ ਨਾਲ ਹੋਰ ਵੀ ਸਨੇਹ ਹੋ ਜਾਂਦਾ। ਉਹ ਇਨ੍ਹਾਂ ਵਿਚ ਆਜ਼ਾਦੀ ਦਾ ਪ੍ਰਚਾਰ ਕਰਦੇ। ਇਉਂ ਅਨਪੜ੍ਹ ਜਨਤਾ ਵਿਚ ਵੀ ਗੋਰਿਆਂ ਹਥੋਂ ਹੁੰਦੀ ਆਪਣੀ ਦੁਰਦਸ਼ਾ ਪ੍ਰਤੀ ਘ੍ਰਿਣਾ ਵਧਣ ਲੱਗੀ ਜਿਸ ਦੇ ਪ੍ਰਣਾਮ ਸਰੂਪ ਉਹ ਅੰਗਰੇਜ਼ਾਂ ਨੂੰ ਸਾਹਿਬ ਦੀ ਥਾਂ ਸੱਪ ਸਮਝਣ ਲੱਗ ਪਏ।

ਬਰਤਾਨਵੀ ਝੰਡਾ ਲਹਿਰਾਉਂਦਾ ਹੋਣ ਕਾਰਣ ਕੈਨੇਡਾ ਵਿਚ ਹਿੰਦੀਆਂ ਦੀ ਹਾਲਤ ਹੋਰ ਵੀ ਤਰਸਯੋਗ ਸੀ। ਅਮਰੀਕਾ ਵਿਚ ਯੁਗਾਂਤਰ ਆਸ਼ਰਮ ਦੀ ਸਥਾਪਨਾ ਹੋ ਚੁੱਕੀ ਸੀ ਜਿਥੋਂ 1913 ਈ. ਵਿਚ 'ਗ਼ਦਰ' ਦਾ ਪ੍ਰਕਾਸ਼ਨ ਵੀ ਆਰੰਭ ਹੋ ਚੁੱਕਾ ਸੀ। ਨਿਸਚੇ ਹੀ, ਇਸ ਪ੍ਰਕਾਸ਼ਨ ਨੇ ਵੀ ਹਿੰਦੀਆਂ ਨੂੰ ਝੰਜੋੜਨਾ ਸ਼ੁਰੂ ਕਰ ਦਿੱਤਾ ਸੀ। ਕੈਨੇਡਾ ਵਿਚ ਹਾਕਮਾਂ ਦੀਆਂ ਬਦਸਲੂਕੀਆਂ, ਪਰਵਾਸ ਦਫ਼ਤਰ ਦੀਆਂ ਧਾਂਦਲੀਆਂ ਅਤੇ ਇਕ ਬਦਨਾਮ ਪੁਲਸੀਏ, ਐਫ ਹਾਪਕਿਨਸਨ[1] ਦਾ ਹਿੰਦ ਵਿਚੋਂ ਕੈਨੇਡਾ ਜਾ ਕੇ ਧੱਕੇ ਤੇ ਬੇਹਯਾਈ ਦੇ ਰਾਗ ਗਾਉਣੇ, ਹਿੰਦੀਆਂ ਦੀ ਅਣਖ ਨੂੰ ਵੰਗਾਰ ਹੀ ਤਾਂ ਸੀ। ਤਰਲੇ-ਮਿੰਨਤਾਂ ਕਰਨ ਅਤੇ ਮੁਕਦਮੇ ਲੜਨ ਪਿਛੋਂ, ਭਾਈ ਬਲਵੰਤ ਸਿੰਘ ਗਰੰਥੀ, ਸਰਦਾਰ ਨੰਦ ਸਿੰਘ ਤੇ ਸਰਦਾਰ ਨਾਰਾਇਣ ਸਿੰਘ ਉਤੇ ਆਧਾਰਤ[2] ਤਿੰਨ ਹਿੰਦੀਆਂ ਦਾ ਇਕ ਪ੍ਰਤੀਨਿਧ ਮੰਡਲ ਪਹਿਲਾਂ ਇੰਗਲੈਂਡ ਤੇ ਫਿਰ ਹਿੰਦ ਨੂੰ ਭੇਜਿਆ ਗਿਆ।[3] ਇਸ ਦੇ ਵੀ ਖ਼ਾਲੀ ਹੱਥੀਂ ਕੈਨੇਡਾ ਪਰਤ ਜਾਣ ਤੇ ਲੋਕਾਂ ਵਿਚ ਰੋਹ ਦੀ ਭਾਵਨਾ ਹੋਰ ਵੀ ਵੱਧ ਗਈ। ਦੂਜੇ ਪਾਸੇ, ਵਿਲੀਅਮ ਹਾਪਕਿਨਸਨ ਵਲੋਂ ਪੰਜਾਬੀ ਗ਼ਦਾਰਾਂ ਨਾਲ ਮਿਲ ਕੇ ਭਾਈ ਭਗਵਾਨ ਸਿੰਘ ਨੂੰ ਜ਼ਬਰਦਸਤੀ ਕੈਨੇਡਾ ਵਿਚੋਂ ਕਢੇ ਜਾਣ ਨਾਲ ਹਿੰਦੀਆਂ ਦੇ ਜੀਵਨ ਵਿਚ ਇਕ ਅਹਿਮ ਮੋੜ ਆਇਆ।

1. ਹਾਪਕਿਨਸਨ ਪਹਿਲਾਂ ਪੰਜਾਬ ਪੁਲਸ ਵਿਚ ਅਫਸਰ ਹੁੰਦਾ ਸੀ ਤੇ ਪੰਜਾਬੀ ਚੰਗੀ ਤਰ੍ਹਾਂ ਬੋਲ ਸਕ ਕਾਰਣ ਸਰਕਾਰ ਨੇ ਪੰਜਾਬੀਆਂ ਤੇ ਭਾਰਤੀਆਂ ਨਾਲ ਨਜਿਠਣ ਦੇ ਮਨੋਰਥ ਨਾਲ ਇਸ ਨੂੰ ਕੈਨੇ ਭੇਜਿਆ ਸੀ। (ਜਗਜੀਤ ਸਿੰਘ, 'ਗ਼ਦਰ ਪਾਰਟੀ ਲਹਿਰ' ਅੰਮ੍ਰਿਤਸਰ, 1955, ਪੰਨਾ 290-91.
2. ਗੁਰਚਰਨ ਸਿੰਘ ਸਹਿੰਸਰਾ, 'ਗ਼ਦਰ ਪਾਰਟੀ ਦਾ ਇਤਿਹਾਸ' ਦੇਸ਼ ਭਗਤ ਯਾਦਗਾਰ ਕਮੇਟ ਜਲੰਧਰ, 1969, ਪੰਨਾ 65.
3, ਗੁਰਦਿਤ ਸਿੰਘ ਬਾਬਾ, 'ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਦਰਦ ਭਰੀ ਕਥਾ', ਪੰਨਾ 10.
4. ਮੁਨਸ਼ਾ ਸਿੰਘ 'ਦੁਖੀ' 'ਗੋਰੇਸ਼ਾਹੀ ਜ਼ੁਲਮ' ਗ਼ਦਰ ਆਸ਼ਰਮ, ਸਨਫਰਾਂਸਿਸਕੋ, ਅਮਰੀਕਾ।

Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਅਫ਼ਸਰਾਂ ਵਲੋਂ ਕੀਤੀ ਗਈ ਧੱਕੇਸ਼ਾਹੀ ਨੇ ਸਭ ਪੰਜਾਬੀਆਂ ਦੇ ਖ਼ੂਨ ਨੂੰ ਗਰਮਾ ਦਿੱਤਾ ਸੀ। ਬਲਦੀ ਉਤੇ ਤੇਲ ਦਾ ਕੰਮ ਬਾਬਾ ਗੁਰਦਿਤ ਸਿੰਘ ਵਲੋਂ ਖ਼ਰੀਦੇ ਗਏ 'ਕਾਮਾ ਗਾਟਾ ਮਾਰੂ' ਜਹਾਜ਼ ਨੇ ਕੀਤਾ ਜੋ ਅੰਗਰੇਜ਼ਾਂ ਵਲੋਂ ਲਾਈਆਂ ਗਈਆਂ ਸਖ਼ਤ ਸ਼ਰਤਾਂ ਪੂਰੀਆਂ ਕਰ ਕੇ 375 ਹਿੰਦੀਆਂ ਨੂੰ ਲੈ ਕੇ 21 ਮਈ, 1914 ਨੂੰ[1] ਕੈਨੇਡਾ ਪੁੱਜਾ ਸੀ। ਉਥੇ ਵੀ ਉਸ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤੇ ਅੰਤ 2 ਜੁਲਾਈ 1914 ਨੂੰ[2] ਜਿਉਂ ਦਾ ਤਿਉਂ ਵਾਪਸ ਹੋਣ ਲਈ ਮਜਬੂਰ ਕਰ ਦਿੱਤਾ ਗਿਆ। ਅੰਗਰੇਜ਼ਾਂ ਵਿਰੁਧ ਗੁਸੇ ਦੀ ਲਹਿਰ ਕੈਨੇਡਾ ਨਿਵਾਸੀ ਪੰਜਾਬੀਆਂ ਵਿਚ ਜ਼ੋਰ ਫੜ ਗਈ। ਉਨ੍ਹਾਂ ਦੇ ਦਿਲਾਂ ਵਿਚ ਧੁਖ ਰਹੀ ਬਦਲੇ ਦੀ ਅਗ ਹੁਣ ਭਾਂਬੜਾਂ ਦਾ ਰੂਪ ਧਾਰਨ ਕਰਨ ਲੱਗੀ। ਪਹਿਲੇ ਵਿਸ਼ਵ ਯੁਧ ਨੇ[3] ਸੋਨੇ ਤੇ ਸੁਹਾਗੇ ਦਾ ਕੰਮ ਕਰ ਦਿੱਤਾ।

ਇਸ ਮਹਾਂ ਯੁਧ ਵਿਚ ਅੰਗਰੇਜ਼ ਬੁਰੀ ਤਰ੍ਹਾਂ ਫਸ ਚੁੱਕਾ ਸੀ। ਆਪਣੀ ਮਦਦ ਲਈ ਉਹ ਗ਼ੁਲਾਮ ਹਿੰਦੀਆਂ ਨੂੰ ਜੰਗ ਵਿਚ ਝੋਕਣ ਦੀਆਂ ਵਿਉਂਤਾਂ ਵਿਉਂਤ ਰਿਹਾ ਸੀ। ਕੁੜਿਕੀ ਵਿਚ ਫਸੇ ਹੋਏ ਦੁਸ਼ਮਣ ਦੀ ਦੁਰਦਸ਼ਾ ਦਾ ਪੂਰਾ ਲਾਭ ਉਠਾਉਣ ਲਈ[4], 'ਗਦਰ' ਅਖ਼ਬਾਰ ਨੇ ਬਦੇਸ਼ਾਂ ਵਿਚ ਵਸਦੇ ਦੇਸ਼ ਭਗਤ ਹਿੰਦੀਆਂ ਨੂੰ ਨਵੰਬਰ, 1914 ਦੀ. ਦੇ ਪਹਿਲੇ ਹਫ਼ਤੇ ਤਕ ਦੇਸ਼ ਪਰਤ ਕੇ ਅੰਗਰੇਜ਼ ਵਿਰੁਧ ਹਥਿਆਰਬੰਦ ਬਗ਼ਾਵਤ ਕਰਨ ਦੀ ਜ਼ੋਰਦਾਰ ਪ੍ਰੇਰਣਾ ਦਿਤੀ।[5]

ਕੈਨੇਡਾ ਵਿਚ, ਹਿੰਦੀਆਂ ਦੀਆਂ ਸਾਰੀਆਂ ਇਨਕਲਾਬੀ ਸਰਗਰਮੀਆਂ ਵਿਚ 'ਦੁਖੀ' ਜੀ ਪੁਜ ਕੇ ਹਿੱਸਾ ਲੈਂਦੇ ਰਹੇ। 'ਕਾਮਾਗਾਟਾ ਮਾਰੂ' ਜਹਾਜ਼ ਦੇ ਪਾਣੀ ਵਿਚ ਘਿਰੇ ਮੁਸਾਫ਼ਰਾਂ ਦੀ ਸਹਾਇਤਾ ਲਈ ਵੀ ਆਪ ਨੇ ਕਾਫ਼ੀ ਦੌੜ ਭੱਜ ਕੀਤੀ ਸੀ। ਵੈਨਕੂਵਰ ਵਿਚ ਗਦਰ ਲਹਿਰ ਨੂੰ ਤੋਰਣ ਦਾ ਕੰਮ ਵੀ ਆਪ ਦੇ ਮੋਢਿਆਂ ਤੇ ਹੀ ਸੀ।[6] 'ਗਦਰ' ਅਖ਼ਬਾਰ ਦੀ ਲਿਖਾਈ ਵਿਚ ਵੀ ਉਨ੍ਹਾਂ ਦਾ ਵਿਸ਼ੇਸ਼ ਹਿੱਸਾ ਹੁੰਦਾ ਸੀ। 'ਕਾਮਾਗਾਟਾ ਮਾਰੂ' ਦੇ ਹਿੰਦ ਨੂੰ ਵਾਪਸ ਤੁਰਨ ਦੇ ਨਾਲ ਹੀ, 'ਗਦਰ' ਦੇ ਪਰੇਰੇ ਹੋਏ ਗਦਰੀ ਇਨਕਲਾਬੀ ਦੇਸ਼ ਭਗਤਾਂ ਨੇ ਵੀ ਵਤਨ ਵਾਪਸੀ ਦਾ ਬਿਗਲ ਬਜਾ ਦਿੱਤਾ।

### ਵਤਨ ਵਾਪਸੀ

ਗਦਰ ਪਾਰਟੀ ਦੇ ਆਦੇਸ਼ਾਂ ਤੇ ਫੁਲ ਚੜ੍ਹਾਉਂਦੇ ਹੋਏ ਅਤੇ 'ਗਦਰ' ਦੀ ਪ੍ਰੇਰਣਾ

---

1. ਬਾਬਾ ਗੁਰਦਿਤ ਸਿਘ 22 ਮਈ ਲਿਖਦੇ ਹਨ (ਦੇਖੋ ਉਕਤ 'ਦਰਦ ਭਰੀ ਕਥਾ', ਪੰਨਾ 66).
2. ਬਾਬਾ ਗੁਰਦਿਤ ਸਿਘ 22 ਜੁਲਾਈ ਮੰਨਦੇ ਹਨ। (ਦੇਖੋ ਉਹੀ 'ਦਰਦ ਭਰੀ ਕਥਾ', ਪੰਨਾ 112).
3. ਗੁਰਚਰਨ ਸਿੰਘ ਸਹਿੰਸਰਾ, 'ਗਦਰ ਪਾਰਟੀ ਦਾ ਇਤਿਹਾਸ', ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969, ਪੰਨਾ 167.
4. ਉਹੀ, ਪੰਨਾ 166.
5. ਉਹੀ, ਪੰਨਾ 167.
6. ਪ੍ਰੇਮ ਸਿੰਘ ਬਜਾਜ, 'ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 69,

Sri Satguru Jagjit Singh Ji Elibrary NamdhariElibrary@gmail com

ਦੇ ਪ੍ਰਭਾਵ ਅਧੀਨ, 'ਦੁਖੀ' ਜੀ ਭੇਸ ਵਟਾ ਕੇ ਤੇ ਆਪਣਾ ਫਰਜ਼ੀ ਨਾਂ 'ਬਾਬੂ' ਰਖ ਕੇ 6 ਅਗਸਤ, 1914 ਈ. ਨੂੰ 'ਐਂਪ੍ਰੈਂਸ ਆਫ਼ ਰਸ਼ੀਆ' ਜਹਾਜ਼ ਵਿਚ ਵਿਕਟੋਰੀਆ ਤੋਂ ਹਿੰਦ ਨੂੰ ਰਵਾਨਾ ਹੋਏ। 'ਕਾਮਾਗਾਟਾ ਮਾਰੂ' ਦੀ ਹਿੰਦ ਨੂੰ ਰਵਾਨਗੀ ਪਿਛੋਂ, ਕੈਨੇਡਾ ਤੋਂ ਹਿੰਦ ਨੂੰ ਤੁਰਨ ਵਾਲਾ, ਆਪ ਅਨੁਸਾਰ, ਇਹ ਪਹਿਲਾ ਜਹਾਜ਼ ਸੀ।

ਉਨ੍ਹੀਂ ਦਿਨੀਂ ਹਿੰਦ ਨੂੰ ਆਉਣ ਵਾਲਾ ਕੋਈ ਵੀ ਜਹਾਜ਼ ਅੰਗਰੇਜ਼ਾਂ ਦੇ ਜਾਸੂਸਾਂ ਤੋਂ ਖ਼ਾਲੀ ਨਹੀਂ ਸੀ ਹੁੰਦਾ। ਇਨਕਲਾਬੀ ਲਿਖਤਾਂ ਲਿਖਣ ਕਾਰਣ 'ਦੁਖੀ' ਜੀ ਕੈਨੇਡਾ ਵਿਚ ਕਾਫ਼ੀ ਪ੍ਰਸਿੱਧੀ ਖਟ ਕੇ ਅੰਗਰੇਜ਼ਾਂ ਦੀ ਅੱਖ ਦੇ ਰੋੜ ਬਣ ਚੁੱਕੇ ਸਨ। ਇਸ ਜਹਾਜ਼ ਦੇ ਕੈਨੇਡਾ ਵਿਚੋਂ ਤੁਰਣ ਸਾਰ ਹੀ ਉਥੇ 'ਦੁਖੀ' ਜੀ ਦੇ ਗੁੰਮ ਹੋਣ ਦੀ ਚਰਚਾ ਛਿੜ ਚੁਕੀ ਸੀ। ਕੈਨੇਡਾ ਵਿਚ ਆਪ ਦੀ ਗ੍ਰਿਫ਼ਤਾਰੀ ਲਈ ਕਾਨੂੰਨ ਬਹੁਤਾ ਢੁਕਵਾਂ ਨਹੀਂ ਸੀ। ਇਸ ਲਈ ਆਪ ਨੂੰ ਕਿਸੇ ਢੁਕਵੇਂ ਸਮੇਂ ਅਤੇ ਸਥਾਨ ਤੇ ਹੀ ਫੜਿਆ ਜਾਣਾ ਸੀ। ਵਿਲੀਅਮ ਹਾਪਕਿਨਸਨ ਨੇ ਅੰਗਰੇਜ਼ ਦੇ ਝੋਲੀ ਚੁਕ ਅਤੇ ਗਦਾਰ ਪੰਜਾਬੀ, ਮੰਗਲ ਸਿੰਘ ਜਿਆਣ (ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਜਾਸੂਸੀ ਲਈ ਕੈਨੇਡਾ ਮੰਗਵਾਇਆ ਸੀ। 'ਦੁਖੀ' ਜੀ ਦੀ ਭਾਲ ਕਰਨ ਅਤੇ ਉਨ੍ਹਾਂ ਉਪਰ ਨਿਗਰਾਨੀ ਰਖਣ ਲਈ ਮੰਗਲ ਸਿੰਘ ਨੂੰ ਵੀ ਇਸੇ ਜਹਾਜ਼ ਵਿਚ ਚਾੜ੍ਹਿਆ ਗਿਆ।

ਮੰਗਲ ਸਿੰਘ, 'ਦੁਖੀ' ਜੀ ਦੇ ਅਸਲ ਚਿਹਰੇ ਮੁਹਰੇ ਤੋਂ ਚੰਗੀ ਤਰ੍ਹਾਂ ਵਾਕਫ਼ ਨਹੀਂ ਸੀ। ਵਟਾਏ ਹੋਏ ਭੇਸ ਵਿਚ ਉਹ ਉਨ੍ਹਾਂ ਨੂੰ ਕਿਵੇਂ ਪਛਾਣ ਸਕਦਾ ਸੀ? ਇਕ ਦੀ ਬਦਕਿਸਮਤੀ ਹੀ ਦੂਜੇ ਦੀ ਖ਼ੁਸ਼ਕਿਸਮਤੀ ਹੋ ਨਿਬੜੀ। ਜਹਾਜ਼ ਦੇ ਘਾਟ ਛਡਦਿਆਂ ਹੀ ਮੰਗਲ ਸਿੰਘ ਹਰਕਤ ਵਿਚ ਆ ਗਿਆ। 'ਦੁਖੀ' ਜੀ ਕੋਲ ਆ ਕੇ ਉਸ ਨੇ ਪੈਂਤਰਾ ਮਾਰਿਆ: "ਤੁਸੀਂ ਮੁਨਸ਼ਾ ਸਿੰਘ 'ਦੁਖੀ ਹੋ?" ਉਹਨੇ ਪੁਛਿਆ। "ਤੁਸੀਂ ਕੌਣ ਹੋ?" ਅਗੋਂ ਸੁਆਲ ਆਇਆ। ਉਤਰ ਵਿਚ ਮੰਗਲ ਸਿੰਘ ਨੇ ਕੇਵਲ ਆਪਣਾ ਨਾਂ ਦਸ ਕੇ ਹੀ ਬੱਸ ਨਹੀਂ ਕੀਤੀ ਸਗੋਂ ਨਾਲ ਹੀ ਆਪਣਾ ਮਨੋਰਥ ਵੀ ਪ੍ਰਗਟ ਕਰ ਦਿੱਤਾ। ਉਸ ਨੂੰ ਭੰਬਲਭੂਸੇ ਵਿਚ ਪਾਉਣ ਲਈ ਅਗੋਂ 'ਦੁਖੀ' ਜੀ ਨੇ ਉਸ ਨੂੰ ਕਹਿ ਦਿੱਤਾ ਕਿ ਲੰਦਨ ਦੇ ਗੁਪਤਚਰ ਵਿਭਾਗ ਵਲੋਂ ਉਨ੍ਹਾਂ ਨੂੰ ਵੀ ਇਹੋ ਕੰਮ ਸੌਂਪਿਆ ਗਿਆ ਹੈ ਤੇ ਉਹ ਵੀ 'ਦੁਖੀ' ਦੀ ਭਾਲ ਵਿਚ ਹੀ ਫਿਰਦੇ ਹਨ। ਮੰਗਲ ਸਿੰਘ ਦੀਆਂ ਅਖਾਂ ਵਿਚ ਘੱਟਾ ਪਾਉਣ ਦੀ ਆਪ ਦੀ ਨੀਤੀ ਸਫ਼ਲ ਹੋ ਗਈ ਤੇ ਮੰਗਲ ਸਿੰਘ ਆਪ ਦਾ ਪਗ ਵੱਟ ਭਰਾ ਬਣ ਗਿਆ। ਜਹਾਜ਼ ਵਿਚ ਸੌਣ ਵਾਸਤੇ ਉਪਰ ਥੱਲੇ ਫੱਟੇ ਲੱਗੇ ਹੋਏ ਸਨ। 'ਦੁਖੀ' ਜੀ ਨੇ ਸਾਰਾ ਸਫ਼ਰ ਉਪਰਲੇ ਫੱਟੇ ਤੇ ਕੀਤਾ ਅਤੇ 'ਪਗ ਵੱਟ' ਭਰਾ ਨੇ ਹੇਠਲੇ ਤੇ। ਉਸ ਨੂੰ ਕਿਸੇ ਵੀ ਕਿਸਮ ਦਾ ਸ਼ੱਕ ਨਾ ਪੈਣ ਦੇਣ ਦੇ ਖ਼ਿਆਲ ਨਾਲ ਗੱਲਾਂ ਬਾਤਾਂ ਦੇ ਦੌਰਾਨ ਆਪ ਕਦੇ ਤਾਂ ਉਸ ਨੂੰ ਜਹਾਜ਼ੋਂ ਉੱਤਰ ਕੇ ਇਕੱਠੇ ਸਿਨੇਮਾ ਦੇਖਣ ਦਾ ਲਾਰਾ ਲਾ ਦਿੰਦੇ ਤੇ ਕਦੇ ਵੇਸਵਾ ਘਰਾਂ ਵਿਚ ਜਾਣ ਦਾ। ਅੰਤ 16 ਅਗਸਤ ਨੂੰ ਇਹ ਜਹਾਜ਼ ਯੋਕੋਹਾਮਾ ਪੁਜ ਗਿਆ।

ਉਧਰ 'ਕਾਮਾਗਾਟਾ-ਮਾਰੂ' ਜਹਾਜ਼ ਵੀ ਇਕ ਦਿਨ ਪਹਿਲਾਂ ਹੀ ਯੋਕੋਹਾਮਾ ਪੁੱਜਾ ਸੀ। ਜਹਾਜ਼ੋਂ ਉਤਰ ਕੇ 'ਦੁਖੀ' ਜੀ ਤਾਂ ਇਕ ਪਾਸੇ ਹੋ ਕੇ ਖੜੇ ਹੋ ਗਏ ਤੇ ਮੰਗਲ ਸਿੰਘ

Sri Satguru Jagjit Singh Ji Elibrary NamdhariElibrary@gmail.com

ਸ਼ਹਿਰ ਨੂੰ ਚਲਾ ਗਿਆ । ਉਸ ਦੀ ਗ਼ੈਰ-ਹਾਜ਼ਰੀ ਦਾ ਲਾਹਾ ਲੈਂਦਿਆਂ ਆਪ 'ਕਾਮਾਗਾਟਾ ਮਾਰੂ' ਜਹਾਜ਼ ਵਿਚ ਗਏ । ਜਿਹੜੇ ਕੁਝ ਜ਼ਰੂਰੀ ਕਾਗਜ਼ ਪੱਤਰ ਇਨ੍ਹਾਂ ਕੋਲ ਸਨ, ਗਦਰ ਆਸ਼ਰਮ ਭੇਜਣ ਲਈ ਉਹ ਸਾਰੇ ਹੀ, ਬਾਬਾ ਗੁਰਦਿਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਕੌਣੀ ਦੇ ਹਵਾਲੇ ਕੀਤੇ ।[1] ਫਿਰ ਉਥੇ ਇਕ ਭਖਵੀਂ ਤਕਰੀਰ ਕੀਤੀ ਤੇ ਪ੍ਰਸਪਰ ਮਿਹਣਿਓਂ ਮਿਹਣੀਂ ਹੋਣ ਪਿਛੋਂ ਸ਼ਾਮ ਨੂੰ ਆਪਣੇ ਜਹਾਜ਼ ਵਿਚ ਵਾਪਸ ਆ ਗਏ । ਇਥੋਂ ਚਲ ਕੇ ਆਪ ਦੇ ਜਹਾਜ਼ ਦਾ ਅਗਲਾ ਪੜਾਓ ਹਾਂਗਕਾਂਗ ਸੀ ।

'ਦੁਖੀ' ਜੀ ਦੇ ਕੈਨੇਡਾ ਵਿਚੋਂ ਗੁੰਮ ਹੋ ਜਾਣ ਦੀ ਖ਼ਬਰ ਹਾਂਗਕਾਂਗ ਵੀ ਪੁਜ ਚੁੱਕੀ ਸੀ ਜਿਸ ਕਰ ਕੇ ਸਥਾਨਕ ਪੁਲਸ ਅੰਦਰੋ ਅੰਦਰੀ ਇਨ੍ਹਾਂ ਦੇ 'ਸੁਆਗਤ' ਲਈ ਤਿਆਰ ਸੀ । ਜਹਾਜ਼ੋਂ ਉਤਰ ਕੇ ਮੰਗਲ ਸਿੰਘ, 'ਦੁਖੀ' ਜੀ ਅਤੇ ਇਨ੍ਹਾਂ ਦਾ ਇਕ ਅੰਗ ਰੱਖਿਅਕ, ਤਿੰਨੇ ਜਣੇ ਹਾਂਗਕਾਂਗ ਦੇ ਗੁਰਦੁਆਰੇ ਗਏ । "ਹਾਂਗਕਾਂਗ ਵਿਚ ਪੁਲਸ ਗਿੱਟੀਂ ਚੜ੍ਹੀ ਹੋਈ ਸੀ । ਜਮਾਂਦਾਰ ਲਾਲ ਸਿੰਘ, ਮੋਟੀਆਂ ਮੋਟੀਆਂ ਅੱਖੀਆਂ, ਪਾ ਪਾ ਪੱਕਾ ਤੇਲ ਜੀਰਨ ਜੋਗੀਆਂ ਮੁਛਾਂ, ਦੇਓ ਵਰਗਾ ਕੱਦ ਕਾਠ ਅਤੇ ਡਰਾਉਣਾ ਚਿਹਰਾ, ਉਹ ਬੁਰਿਆਂ ਪਾਪਾਂ ਵਾਂਗ ਮੈਨੂੰ ਚੰਬੜ ਗਿਆ । ਧਮਕੀਆਂ ਦਿੱਤੀਆਂ ਰਗੜ ਕੇ ਰਖ ਦੇਣ ਦੀਆਂ ।"[2] ਉਸ ਨੇ 'ਦੁਖੀ' ਹੋਰਾਂ ਨੂੰ ਫੜ ਕੇ ਪੁਲਸ ਕਪਤਾਨ ਦੇ ਜਾ ਪੇਸ਼ ਕੀਤਾ ।

'ਦੁਖੀ' ਜੀ ਘਬਰਾਉਣ ਵਾਲੇ ਤਾਂ ਸਨ ਹੀ ਨਹੀਂ ; ਸੰਕਟ ਦੀ ਇਸ ਘੜੀ ਵਿਚ ਉਨ੍ਹਾਂ ਨੇ ਪਾਗਲਾਂ ਵਾਲੀ, ਅਜਿਹੀ ਕਮਾਲ ਦੀ ਅਦਾਕਾਰੀ ਕੀਤੀ ਕਿ ਪੁਲਸ ਕਪਤਾਨ ਨੇ ਜਿਚ ਹੋ ਕੇ ਆਪ ਹੀ ਇਨ੍ਹਾਂ ਨੂੰ ਦਫ਼ਤਰੋਂ ਬਾਹਰ ਕੱਢ ਦਿੱਤਾ । ਕੁਝ ਮਦਦ ਮੰਗਲ ਸਿੰਘ ਨੇ ਵੀ ਕਰ ਦਿੱਤੀ ।

ਉਥੋਂ ਚਲ ਕੇ ਜਹਾਜ਼ ਤਾਂ ਸਿੰਘਾਪੁਰ ਵੀ ਰੁਕਿਆ ਪਰ ਕਿਸੇ ਪੰਜਾਬੀ ਨੂੰ ਉਥੇ ਉਤਰਨ ਦੀ ਆਗਿਆ ਨਾ ਦਿੱਤੀ ਗਈ । ਅੰਤ, 'ਕਾਮਾਗਾਟਾ ਮਾਰੂ' ਜਹਾਜ਼ ਤੋਂ ਪਹਿਲਾਂ ਹੀ 14 ਸਤੰਬਰ, 1914 ਈ. ਨੂੰ ਜਹਾਜ਼ ਕਲਕੱਤੇ ਆ ਲੱਗਾ ।

## ਮਫ਼ਰੂਰੀ

ਜਹਾਜ਼ ਅਜੇ ਹੁਗਲੀ ਨਦੀ ਵਿਚ ਵੀ ਨਹੀਂ ਸੀ ਪੁਜਾ ਕਿ ਅੰਗਰੇਜ਼ ਦਾ ਝੋਲੀ ਚੁਕ ਪੁਲਸ ਇਨਸਪੈਕਟਰ ਸੁਖਾ ਸਿੰਘ, ਇਕ ਫਰੰਗੀ ਅਫਸਰ ਦੀ ਅਗਵਾਈ ਹੇਠ ਜਹਾਜ਼ ਵਿਚ ਆ ਧਮਕਿਆ । 'ਦੁਖੀ' ਜੀ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਉਹ ਜਹਾਜ਼ ਦੀ ਦੂਜੀ ਸ਼੍ਰੇਣੀ ਵਿਚ ਲਿਜਾ ਕੇ ਲਗਾ ਪੁਛ ਗਿਛ ਕਰਨ । 'ਦੁਖੀ' ਹੋਰਾਂ ਦੇ ਨਾਲ ਪਿੰਡ ਸਮਰਾਏ (ਜਲੰਧਰ) ਦੇ ਇਕ ਅੰਗ ਰਖਿਅਕ ਤੋਂ ਬਿਨਾਂ ਚੂਹੜਚੱਕ ਦਾ ਸੁਧ ਸਿੰਘ ਵੀ ਸੀ ।

---

1. ਦਲਜੀਤ ਸਿੰਘ ਕੌਣੀ ਦਾ ਦੂਜਾ ਨਾਂ ਰਾਇ ਸਿੰਘ ਸੀ । ਵੱਖ ਵੱਖ ਹਲਕਿਆਂ ਵਿਚ ਦੋਵੇਂ ਨਾਂ ਪ੍ਰਚਲਤ ਸਨ । (ਵੇਖੋ, ਜਸਵੰਤ ਸਿੰਘ ਜਸ, ਬਾਬਾ ਗੁਰਦਿਤ ਸਿੰਘ, ਨਿਊ ਬੁਕ ਕੰਪਨੀ, ਜਲੰਧਰ, 1970, ਪੰਨਾ 90 ਅਤੇ ਗੁਰਦਿਤ ਸਿੰਘ, 'ਦਰਦ ਭਰੀ ਕਥਾ, ਪੰਨਾ 53).
2. ਸੂਬਾ ਸਿੰਘ, 'ਮੁਨਸ਼ਾ ਸਿੰਘ 'ਦੁਖੀ'—'ਇਨਕਲਾਬੀ ਕਵੀ', ਮਾਸਕ ਜਾਗ੍ਰਤੀ, ਚੰਡੀਗੜ੍ਹ, ਮਈ 1967, ਪੰਨਾ 26.

Sri Satguru Jagjit Singh Ji Elibrary NamdhariElibrary@gmail.com

ਪੁਛ ਪੜਤਾਲ ਦਾ ਪਹਿਲਾ ਗੁਣਾ 'ਦੁਖੀ' ਹੋਰਾਂ ਤੇ ਹੀ ਜਾ ਪਿਆ। ਹਾਂਗਕਾਂਗ ਵਾਲੀ ਅਦਾਕਾਰੀ ਹੀ ਇਥੇ ਕਰਨੀ ਪਈ। ਹਾਰ-ਹੰਭ ਤੇ ਖਿਝ ਕੇ ਸੁਖਾ ਸਿੰਘ ਕੜਕਿਆ "ਕਢੋ ਇਸ ਕੰਬਖਤ ਨੂੰ ਜਹਾਜ਼ੋਂ ਬਾਹਰ।" 'ਦੁਖੀ' ਜੀ ਨੂੰ ਪੁਲਸੀਆਂ ਨੇ ਧੱਕੇ ਮਾਰ ਕੇ ਜਹਾਜ਼ੋਂ ਬਾਹਰ ਕਢ ਦਿੱਤਾ। ਜਹਾਜ਼ੋਂ ਬਾਹਰ ਨਿਕਲਦਿਆਂ ਹੀ ਆਪ ਭਗੌੜੇ ਹੋ ਗਏ। ਬਿਸਤਰਾ 'ਪਗਵੱਟ ਭਰਾ' ਮੰਗਲ ਸਿੰਘ ਕੋਲ ਹੀ ਰਹਿ ਗਿਆ। ਆਪ ਦੀ ਇਹ ਪਹਿਲੀ ਮਫ਼ਰੂਰੀ ਸੀ।

29 ਸਤੰਬਰ, 1914 ਈ. ਨੂੰ ਕਾਮਾਗਾਟਾ ਮਾਰੂ ਜਹਾਜ਼ ਵੀ ਕਲਕਤੇ ਆ ਲਗਾ। ਉਸ ਦੇ ਮੁਸਾਫ਼ਰਾਂ ਦੇ ਸੁਆਗਤ ਲਈ ਆਪ ਫਿਰ ਕਲਕੱਤੇ ਪੁਜੇ। ਬਜਬਜ ਘਾਟ ਉਪਰ ਅੰਗਰੇਜ਼ ਸਰਕਾਰ ਨੇ ਇਨ੍ਹਾਂ ਦੁਖਿਆਰੇ ਮੁਸਾਫ਼ਰਾਂ ਦਾ ਗੋਲੀਆਂ ਨਾਲ 'ਸੁਆਗਤ' ਕੀਤਾ। ਜਿਹੜੇ ਭਜ ਸਕੇ ਉਹ ਭਜ ਕੇ ਬਚ ਨਿਕਲੇ। ਬਾਬਾ ਗੁਰਦਿਤ ਸਿੰਘ ਸਰਹਾਲੀ ਅਤੇ 'ਦੁਖੀ' ਜੀ, ਬਚ ਨਿਕਲਣ ਵਾਲਿਆਂ ਵਿਚੋਂ ਹੀ ਸਨ। ਬਾਕੀ ਵਿਚਾਰੇ ਦਾਣਿਆਂ ਵਾਂਗ ਉਥੇ ਹੀ ਭੁੰਨੇ ਗਏ।

ਆਪ ਦੇ ਦੋ ਭਰਾ ਕਲਕੱਤੇ ਰਹਿੰਦੇ ਹੀ ਸਨ। ਪਰ ਉਹ ਬਜਬਜ ਘਾਟ ਤੋਂ ਲਗਪਗ 30-32 ਮੀਲ ਦੀ ਦੂਰੀ ਤੇ ਸਨ। ਭਜ-ਭਜਾ ਕੇ ਆਪ ਉਥੇ ਪਹੁੰਚ ਕੇ ਉਨ੍ਹਾਂ ਕੋਲ ਠਹਿਰ ਗਏ। ਗ਼ਦਰ ਦੀ ਯੋਜਨਾ ਅਤੇ ਸੁਤੰਤਰਤਾ ਸੰਗਰਾਮ ਦੀ ਤਿਆਰੀ ਦੇ ਵੇਰਵੇ ਦਸ ਕੇ ਉਨ੍ਹਾਂ ਨੂੰ ਵੀ ਪਿੰਡ ਜਾਣ ਲਈ ਤਿਆਰ ਕਰ ਲਿਆ। ਆਪ ਦੇ ਕਲਕੱਤੇ ਪੁਜਣ ਦੀ ਸੂਚਨਾ ਘਰ ਪਹੁੰਚਾਉਣ ਦੇ ਖ਼ਿਆਲ ਨਾਲ ਭਰਾਵਾਂ ਨੇ ਪਿੰਡ ਨੂੰ ਚਿੱਠੀ ਲਿਖਣ ਦੀ ਗ਼ਲਤੀ ਕਰ ਲਈ। ਉਨ੍ਹਾਂ ਨੂੰ ਇਹ ਚਿਤ-ਚੇਤਾ ਵੀ ਨਹੀਂ ਸੀ ਕਿ ਉਨ੍ਹਾਂ ਦੀ ਇਸ ਸਹਿਜ ਸੁਭਾਉ ਕੀਤੀ ਛੋਟੀ ਜਿਹੀ ਗ਼ਲਤੀ ਦਾ ਸਿੱਟਾ ਕਿੰਨਾ ਭਿਆਨਕ ਨਿਕਲੇਗਾ?

ਉਧਰ, 'ਦੁਖੀ' ਜੀ ਦੇ ਕੈਨੇਡਾ ਵਿਚੋਂ ਗੁੰਮ ਹੋਣ ਦੀ ਚਰਚਾ ਛਿੜਨ ਦੇ ਸਮੇਂ ਤੋਂ ਹੀ ਪੰਜਾਬ ਪੁਲਸ ਇਨ੍ਹਾਂ ਦੀ ਖੋਜ ਭਾਲ ਵਿਚ ਰੁਝ ਚੁੱਕੀ ਸੀ। ਨੂਰਮਹਿਲ (ਜ਼ਿਲ੍ਹਾ ਜਲੰਧਰ) ਦੇ ਡਾਕਘਰ ਵਿਚ ਆ ਕੇ ਉਹ ਚਿੱਠੀ ਪੁਲਸ ਦੇ ਹੱਥ ਲੱਗ ਗਈ। ਆਪ ਦੀ ਗ੍ਰਿਫ਼ਤਾਰੀ ਲਈ ਬੈਰਕਪੁਰ ਛਾਉਣੀ (ਕਲਕੱਤਾ) ਨੂੰ ਤਾਰਾਂ ਖੜਕ ਗਈਆਂ।

ਗੱਲ 2 ਅਕਤੂਬਰ, 1914 ਈ. ਦੀ ਰਾਤ ਦੀ ਹੈ। ਲਗਪਗ 250 ਗੋਰੇ ਸਿਪਾਹੀ 23 ਨੰਬਰ ਬਲਾਕ ਵਿਚ ਪੁਛਦੇ ਫਿਰਨ "ਮੁਨਸ਼ਾ ਸੀਂਘ ਕਊਨ ਹੈ?"[1] ਲਭਦਿਆਂ ਲਭਦਿਆਂ ਲਗਪਗ ਇਕ ਘੰਟਾ ਬੀਤ ਗਿਆ ਹੋਵੇਗਾ ਜਦ ਉਨ੍ਹਾਂ ਨੇ 'ਦੁਖੀ' ਹੋਰਾਂ ਨੂੰ ਆ ਜਗਾਇਆ। ਅਗੋਂ ਆਪ ਨੇ ਉਨ੍ਹਾਂ ਨੂੰ ਕਿਸੇ ਹੋਰ ਮੁਨਸ਼ਾ ਸਿੰਘ ਦਾ ਘਰ ਦਸ ਕੇ ਆਪ ਉਥੋਂ ਹਰਨ ਹੋਣ ਦੀ ਕੀਤੀ। ਆਪ ਉਥੋਂ ਦੌੜ ਕੇ ਡਿਊਰੈਂਡ ਲਾਈਨ ਤਕ ਗਏ ਤੇ ਬਚਦੇ-ਬਚਾਉਂਦੇ ਲੁਧਿਆਣੇ ਆ ਪੁਜੇ। ਪੁਲਸ ਦਾ ਜ਼ੋਰ ਉਥੇ ਵੀ ਬਹੁਤ ਸੀ. ਫਿਰ ਵੀ ਜਿਵੇਂ ਕਿਵੇਂ ਉਹ ਜਲੰਧਰ ਰੇਲਵੇ ਸਟੇਸ਼ਨ ਤੇ ਆ ਉਤਰੇ। ਸਿੱਧੇ ਸਟੇਸ਼ਨ ਮਾਸਟਰ ਦੇ ਕਮਰੇ ਵਿਚ ਜਾ ਵੜੇ ਤੇ ਬਹਾਨਾ ਇਹ ਕੀਤਾ ਕਿ ਗਡੀ ਵਿਚ ਨੀਂਦ ਆ ਜਾਣ ਕਾਰਣ ਆਪ

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ, 1965, ਪੰਨਾ 70,

Sri Satguru Jagjit Singh Ji Elibrary NamdhariElibrary@gmail.com

ਬਿਨਾ ਟਿਕਟ ਇਥੇ ਆ ਪੁਜੇ ਹਨ। ਉਸ ਨੂੰ ਕਿਰਾਇਆ ਦੇਣ ਦੀ ਪੇਸ਼ਕਸ਼ ਕੀਤੀ ਪਰ ਉਸ ਭਲ-ਮਾਣਸ ਨੇ ਉਂਜ ਹੀ ਬਾਹਰ ਨਿਕਲਣ ਦੀ ਆਗਿਆ ਦੇ ਦਿਤੀ। ਆਪ ਸਿੱਧੇ ਪਿੰਡ ਨੂੰ ਹੋ ਤੁਰੇ।

ਪਿੰਡ ਪੁਜ ਕੇ ਜਦੋਂ ਘਰ ਵਲ ਨੂੰ ਮੋੜ ਮੁੜੇ ਤਾਂ ਇਕ ਸਿਪਾਹੀ ਘਰੋਂ ਨਿਕਲ ਕੇ ਜਾਂਦਾ ਨਜ਼ਰੀਂ ਪਿਆ। ਘਰ ਦੇ ਕੁਛ ਨੇੜੇ ਆਏ ਤਾਂ ਮਾਤਾ ਦੇਖ ਕੇ ਬਾਹਰ ਆਈ। ਦਿਲ ਤੇ ਪੱਥਰ ਰਖ, ਉਹਨੂੰ ਦੂਰੋਂ ਹੀ ਨਮਸਕਾਰ ਕਰ ਕੇ, ਆਪ ਗੁਆਂਢੀ ਪਿੰਡ ਬੰਡਾਲੇ ਵਲ ਨੂੰ ਨਿਕਲ ਗਏ। ਛੇਤੀ ਹੀ ਪਿਛੋਂ, ਵਿਦਿਆ ਗੁਰੂ ਭਾਈ ਸੋਭਾ ਸਿੰਘ ਹੋਰੀਂ ਘਰ ਆਏ ਤੇ ਮਾਈ ਕੋਲੋਂ 'ਦੁਖੀ' ਜੀ ਬਾਰੇ ਪੁਛਣ ਲਗੇ। ਉਸ ਤੋਂ ਪਤਾ ਲੈ ਕੇ ਉਹ ਜੰਡਿਆਲਾ ਤੇ ਬੰਡਾਲਾ ਦੇ ਵਿਚਕਾਰ ਲਗੀ ਹੋਈ ਇਕ ਖੂਹੀ ਤੇ ਇਨ੍ਹਾਂ ਨੂੰ ਆ ਮਿਲੇ। ਭਾਈ ਜੀ ਨੇ ਹੌਂਸਲਾ ਦਿੰਦਿਆਂ ਕਿਹਾ, "ਮੁਸੀਬਤਾਂ ਦਾ ਘੇਰਾ ਜ਼ਰੂਰ ਪਇਗਾ, ਘਬਰਾਈਂ ਨਾ, ਇਨ੍ਹਾਂ ਤੋਂ ਬਚ ਕੇ ਨਿਕਲ ਜਾਇੰਗਾ।" ਉਥੋਂ ਹੀ 'ਦੁਖੀ' ਜੀ ਫਿਰ ਭਗੌੜੇ ਹੋ ਗਏ।

**ਅੰਤਮ ਗ੍ਰਿਫਤਾਰੀ :**

ਫਿਰਦੇ ਫਿਰਾਉਂਦੇ 'ਦੁਖੀ' ਜੀ ਪਹਿਲੀ ਜਨਵਰੀ 1915 ਨੂੰ ਸਵੇਰ ਸਾਰ ਹੀ ਪਿੰਡ ਆ ਨਿਕਲੇ। ਅਗੇ ਥਾਣੇਦਾਰ ਦਲੀਪ ਸਿੰਘ[1], ਵਾਇਸਰਾਇ ਦੀ ਕੌਂਸਲ ਦੇ ਵਾਰੰਟ ਲੈ ਕੇ ਪਿੰਡ ਪੁਜਾ ਹੋਇਆ ਸੀ। ਪਿਤਾ ਜੀ ਦੀ ਫੌਜੀ ਨੌਕਰੀ ਦੇ ਸਹਾਰੇ ਹੁਣ ਤਕ ਤਾਂ ਪੁਲਸ ਵਾਲੇ ਘਰੋਂ ਗੇੜਾ ਮਾਰ ਕੇ ਚਲੇ ਜਾਂਦੇ ਰਹੇ ਸਨ ਪਰ ਹੁਣ ਬਿਨਾਂ ਜ਼ਮਾਨਤ ਵਾਰੰਟ ਹੋਣ ਕਾਰਨ ਥਾਣੇਦਾਰ ਵੀ ਮਜਬੂਰੀ ਦਸਣ ਲਗਾ। ਗੱਲ ਨਾ ਬਣਦੀ ਦੇਖ ਕੇ, ਅੰਤ ਆਪਣੀਆਂ ਚੀਜ਼ਾਂ ਵਸਤਾਂ ਘਰ ਸੰਭਾਲ ਕੇ ਆਪ ਥਾਣੇਦਾਰ ਦੇ ਨਾਲ ਤੁਰ ਪਏ। ਰਾਤ ਨੂਰਮਹਿਲ ਦੇ ਥਾਣੇ ਕੱਟੀ। ਇਸ ਕੌਮੀ ਲਹਿਰ ਵਿਚ, ਬਿਨਾ ਜ਼ਮਾਨਤ ਵਾਰੰਟਾਂ ਦੇ ਆਧਾਰ ਤੇ ਗ੍ਰਿਫਤਾਰ ਹੋਣ ਵਾਲੇ ਆਪ ਪਹਿਲੇ ਗ਼ਦਰੀ ਦੇਸ਼ ਭਗਤ ਸਨ। ਅਗਲੇ ਭਲਕ ਜਲੰਧਰ ਦੇ ਪੁਲਸ ਕਪਤਾਨ ਨੇ ਮੁਲਤਾਨ ਦੀ ਕੇਂਦਰੀ ਜੇਲ੍ਹ ਭੇਜ ਦਿਤਾ।

ਮੁਲਤਾਨ ਦੀ ਜੇਲ੍ਹ ਵਿਚ ਆਪ ਨੂੰ ਕੋਠੜੀ ਬੰਦ ਕਰ ਦਿਤਾ ਗਿਆ। ਕੋਠੜੀ ਦੇ ਰੋਸ਼ਨਦਾਨ ਵੀ ਬੰਦ ਕਰ ਦਿਤੇ ਗਏ। ਦੋਹਾਂ ਪਾਸਿਆਂ ਦੀਆਂ ਦੋ ਦੋ ਕੋਠੜੀਆਂ ਖਾਲੀ ਰਖੀਆਂ ਗਈਆਂ। 24 ਘੰਟੇ ਪਿਛੋਂ ਕੋਠੜੀ ਦਾ ਬੂਹਾ ਖੋਲ੍ਹ ਕੇ ਇਕ ਵਾਰੀ ਸਫਾਈ ਕੀਤੀ ਜਾਂਦੀ ਸੀ ਤੇ ਅਠਵੇਂ ਦਿਨ ਰਾਤ ਦੇ ਸਮੇਂ ਆਪ ਨੂੰ ਬਾਹਰ ਦੀ ਹਵਾ ਲੁਆਈ ਜਾਂਦੀ ਸੀ। "ਅਨ੍ਹੇਰੇ ਵਿਚ ਇਕ ਸਾਲ ਕਟਿਆ। ਅਖਾਂ ਦੀਆਂ ਪੁਤਲੀਆਂ ਪਲਟ ਗਈਆਂ। ਬਿੱਲੀ ਵਾਂਗ ਅਨ੍ਹੇਰੇ ਦਿਸਣ ਲਗ ਪਿਆ। ਕਿਸੇ ਬੰਦੇ ਨਾਲ ਗੱਲ ਭੀ ਨਹੀਂ ਸੀ ਕਰਨੀ ਮਿਲਦੀ।"[2] ਮੁਲਤਾਨ ਜੇਲ੍ਹ ਵਿਚ ਸਾਲ ਤੋਂ ਵਧ ਸਮਾਂ ਕੈਦ ਕੱਟੀ। ਕੁਛ ਸਮਾਂ ਬੀਤ ਜਾਣ ਤੇ ਤਿੰਨ ਚਾਰ ਸੌ ਕੈਦੀ ਕੈਂਬਲਪੁਰ ਜੇਲ੍ਹ ਦੀਆਂ ਇਕਲੀਆਂ ਇਕਲੀਆਂ ਕੋਠੜੀਆਂ ਵਿਚ ਬੰਦ ਕੀਤੇ ਗਏ। 'ਦੁਖੀ' ਜੀ ਉਤੇ ਸੈਕੰਡ ਸਪਲੀਮੈਂਟਰੀ

1. 'ਦੁਖੀ' ਜੀ ਦੇ ਦਸਣ ਅਨੁਸਾਰ ਇਹ ਉਹੀ ਦਲੀਪ ਸਿੰਘ ਥਾਣੇਦਾਰ ਸੀ ਜਿਸ ਨੇ ਪ੍ਰਸਿੱਧ ਇਨਕਲਾਬੀ, ਸਰਦਾਰ ਅਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ।
2. ਮੁਨਸ਼ਾ ਸਿੰਘ 'ਦੁਖੀ', 'ਜੀਵਨ ਸੰਧਰਾ' ਲੇਖਕ, 1962, ਪੰਨਾ 4

Sri Satguru Jagjit Singh Ji Elibrary NamdhariElibrary@gmail.com

ਕੇਸ ਅਧੀਨ ਮੁਕਦਮਾ ਚਲਾਇਆ ਗਿਆ। ਇਨ੍ਹਾਂ ਦੇ ਨਾਲ ਹੋਰ ਵੀ ਕਾਫੀ ਬੰਦੇ ਸਨ।

ਉਕਤ ਮੁਕਦਮਾ 1916 ਦੇ ਅੰਤ ਵਿਚ ਸ਼ੁਰੂ ਹੋਇਆ। ਮੁਕਦਮੇ ਦਾ ਢੋਂਗ ਜੇਲ੍ਹ ਦੇ 14 ਨੰਬਰ ਵਾਰਡ ਵਿਚ ਹੀ ਰਚਿਆ ਗਿਆ। ਮੇਜਰ ਫਰਿਜ਼ਲੇ ਐਲਸ ਤੇ ਰਾਇ ਬਹਾਦਰ ਗੋਪਾਲਦਾਸ ਭੰਡਾਰੀ ਨੇ ਨਾਮਧਰੀਕ ਅਦਾਲਤ ਵਿਚ ਇਹ ਮੁਕਦਮਾ 8 ਨਵੰਬਰ 1916 ਨੂੰ ਸ਼ੁਰੂ ਕਰ ਕੇ 5 ਜਨਵਰੀ 1917 ਨੂੰ ਖਤਮ ਕੀਤਾ। ਉਨ੍ਹੀਂ ਦਿਨੀ ਕਾਲੇ ਪਾਣੀ ਦੀ ਸਜ਼ਾ ਬੰਦ ਸੀ ਇਸ ਲਈ 'ਦੁਖੀ' ਜੀ ਨੂੰ 121, 121 ਏ, 122, 124, 131, 132, 397, 398 ਤੇ 596 ਧਾਰਾਵਾਂ ਹੇਠ ਜ਼ਿੰਦਗੀ ਤਕ ਦੀ ਕੈਦ ਦੀ ਸਜ਼ਾ ਸੁਣਾਈ ਗਈ।[1] ਆਪ ਦੇ ਸਾਥੀ ਕਿਹਰ ਸਿੰਘ ਸਾਹਨੇਵਾਲ, ਦਲੀਪ ਸਿੰਘ, ਸੁਰ ਸਿੰਘ, ਤੇ ਵਤਨ ਸਿੰਘ ਕਾਹਰੀ ਸਾਹਰੀ ਵੀ ਇਸੇ ਸਜ਼ਾ ਦੇ ਭਾਗੀ ਹੋਏ।

ਲਗਪਗ 50 ਕੈਦੀਆਂ ਨੂੰ ਉਥੋਂ ਬਦਲ ਕੇ ਕੇਂਦਰੀ ਜੇਲ੍ਹ ਹਜ਼ਾਰੀਬਾਗ ਵਿਚ ਭੇਜ ਦਿਤਾ ਗਿਆ। ਇਨ੍ਹਾਂ ਕੈਦੀਆਂ ਵਿਚ 'ਦੁਖੀ' ਜੀ ਵੀ ਸ਼ਾਮਲ ਸਨ। ਉਸ ਜੇਲ੍ਹ ਵਿਚਲੇ ਕੈਦੀਆਂ ਵਿਚ ਬਹੁਗਿਣਤੀ ਉਨ੍ਹਾਂ ਬੰਗਾਲੀਆਂ ਦੀ ਸੀ ਜੋ ਅੰਡੇਮਾਨ ਭੇਜੇ ਜਾਣ ਵਾਲੇ ਕੈਦੀਆਂ ਵਿਚੋਂ ਬਚ ਰਹੇ ਸਨ। ਅੰਤ, ਸ਼ਾਹੀ ਐਲਾਨ ਅਧੀਨ, 26 ਮਾਰਚ 1920 ਨੂੰ 'ਦੁਖੀ' ਜੀ ਨੂੰ ਕੁਝ ਹੋਰ ਸਾਥੀਆਂ ਸਮੇਤ ਰਿਹਾ ਕਰ ਦਿਤਾ ਗਿਆ। ਜੇਲ੍ਹ ਦੇ ਇਨਸਪੈਕਟਰ ਜਨਰਲ, ਜਿਊਣ ਸਿੰਘ ਲੰਡੇ ਨੇ, ਪੰਜਾਬ ਦੀਆਂ ਟਿਕਟਾਂ ਅਤੇ ਪ੍ਰਤੀ ਕੈਦੀ ਇਕ ਕੰਬਲ ਦੇ ਕੇ ਹਜ਼ਾਰੀਬਾਗ ਰੋਡ ਨਾਂ ਦੇ ਸਟੇਸ਼ਨ ਤੇ ਸਾਰੇ ਬੰਦੀ ਛਡ ਦਿਤੇ।

ਜੇਲ੍ਹ ਵਿਚੋਂ ਰਿਹਾ ਹੋ ਜਾਣ ਪਿਛੋਂ 'ਦੁਖੀ' ਜੀ ਸਖਤ ਬੀਮਾਰ ਹੋ ਗਏ। ਘਰ ਆਏ ਤਾਂ ਘਰ ਭਾਂ ਭਾਂ ਕਰ ਰਿਹਾ ਸੀ। ਚਿਠੀਆਂ ਲਿਖੀਆਂ ਤਦ ਮਾਤਾ ਅਤੇ ਭਰਾ ਆ ਮਿਲੇ। ਹੁਣ ਆਪ ਨੂੰ ਘਰ ਵਿਚ ਹੀ ਨਜ਼ਰਬੰਦ ਕਰ ਦਿਤਾ ਗਿਆ। ਇਸ ਨਜ਼ਰਬੰਦੀ ਤੋਂ ਬਚਣ ਲਈ ਆਪ ਨੇ ਬੜੇ ਹੱਥ ਪੈਰ ਮਾਰੇ ਪਰ ਗੋਰੇਸ਼ਾਹੀ ਅਗੇ ਕੋਈ ਪੇਸ਼ ਨਾ ਚਲੀ।

ਗੁਲਾਮ ਮੁਹੰਮਦ ਨਾਂ ਦਾ ਇਕ ਵਿਅਕਤੀ ਜਲੰਧਰ ਦੇ ਡਿਪਟੀ ਕਮਿਸ਼ਨਰ ਦਾ ਕਲਰਕ ਹੁੰਦਾ ਸੀ। ਸੂਬੇਦਾਰ ਨਿਹਾਲ ਸਿੰਘ ਜੀ ਨੇ ਉਸ ਅਗੇ ਵਾਸਤਾ ਪਾਇਆ। ਮਨੋਰਥ ਕੇਵਲ ਇਹ ਸੀ ਕਿ ਬੰਗਾਲ ਜਾਣ ਦੀ ਆਗਿਆ ਪ੍ਰਾਪਤ ਕਰ ਕੇ ਪੰਜਾਬ ਦੀ ਪੁਲਿਸ ਤੋਂ ਖਹਿੜਾ ਛੁਡਾਇਆ ਜਾ ਸਕੇ। ਡਿਪਟੀ ਕਮਿਸ਼ਨਰ ਕਿਸੇ ਵੀ ਕੀਮਤ ਤੇ ਅਜਿਹੀ ਆਗਿਆ ਦੇਣ ਨੂੰ ਤਿਆਰ ਨਹੀਂ ਸੀ। ਬਿੱਲੀ ਦੇ ਭਾਗੀਂ ਛਿੱਕਾ ਟੁਟਣ ਵਾਂਗ, ਕਾਫੀ ਚਿਰ ਪਿਛੋਂ ਡਿਪਟੀ ਕਮਿਸ਼ਨਰ ਛੁਟੀ ਤੇ ਚਲਾ ਗਿਆ। ਜਿਵੇਂ ਕਿਵੇਂ, ਗੁਲਾਮ ਮੁਹੰਮਦ ਨੇ ਨਵੇਂ ਸਾਹਿਬ ਕੋਲੋਂ 'ਦੁਖੀ' ਜੀ ਨੂੰ ਬੰਗਾਲ ਜਾਣ ਦੀ ਆਗਿਆ ਲੈ ਦਿਤੀ। ਬੰਗਾਲ ਜਾ ਕੇ, ਆਪ ਬੰਗਾਲੀਆਂ ਵਿਚ ਜਾ ਰਲੇ। ਪਿਛੋਂ ਗ੍ਰਿਫਤਾਰੀ ਵਾਸਤੇ ਵਾਰੰਟ ਵੀ ਜਾਰੀ ਹੁੰਦੇ ਰਹੇ ਪਰ ਆਪ ਬੰਗਾਲ ਵਿਚ ਟਿਕ ਕੇ ਕੰਮ ਕਰਦੇ ਰਹੇ।

1. ਇਸ ਕੈਦ ਦਾ ਉਮਰ ਕੈਦ ਨਾਲੋਂ ਬਹੁਤ ਫਰਕ ਹੁੰਦਾ ਸੀ। ਉਮਰ ਕੈਦ ਦੀ ਹੱਦ ਵਰ੍ਹਿਆਂ ਦੇ ਹਿਸਾਬ ਹੁੰਦੀ ਸੀ ਪਰ ਜ਼ਿੰਦਗੀ ਭਰ ਦੀ ਕੈਦ ਦਾ ਭਾਵ ਸੀ ਕਿ ਜਦੋਂ ਤਕ ਦੋਸ਼ੀ ਜਿਉਂਦਾ ਰਹ ਤਦ ਤਕ ਕੈਦ ਵਿਚ ਹੀ ਰਹੇ।

Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੀ ਪੁਲਸ ਤੋਂ ਤਾਂ ਖਹਿੜਾ ਛੁਟ ਗਿਆ ਪਰ ਹੁਣ ਬੰਗਾਲ ਦੀ ਪੁਲਸ ਦਾ ਗੁਪਤਚਰ ਵਿਭਾਗ ਤੇ ਵਿਸ਼ੇਸ਼ ਪੁਲਸ ਮਗਰ ਲਗ ਪਏ। ਹਰ ਅਠਵੇਂ ਦਿਨ ਆਪ ਨੂੰ ਦਫਤਰ ਬੁਲਾ ਕੇ ਪੁਛ ਗਿਛ ਕੀਤੀ ਜਾਂਦੀ। ਠਹਿਆਰਾਂ ਦੇ ਕਬੂਤਰ ਵਾਂਗ ਹੌਲੀ ਹੌਲੀ ਆਪ ਇਸ 'ਆਵਾਜਾਈ' ਦੇ ਵੀ ਆਦੀ ਹੋ ਗਏ।

ਬੰਗਾਲ ਜਾਣ ਪਿਛੋਂ ਆਪ ਨੇ ਨਵੇਂ ਜੀਵਨ ਦਾ ਮੁਢ ਬੰਨ੍ਹਿਆ। ਨਵੇਂ ਜੀਵਨ ਤੋਂ ਇਹ ਭਾਵ ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਇਸ ਤੋਂ ਪਿਛੋਂ ਆਪ ਦਾ ਬਗਾਵਤ ਦਾ ਚਸਕਾ ਫਿਕਾ ਪੈ ਗਿਆ ਸੀ। ਪੁਲਸ ਨਾਲ ਲੁਕਣਮੀਚੀ ਤਾਂ ਉਹ ਸੁਤੰਤਰਤਾ ਪ੍ਰਾਪਤੀ ਤਕ ਹੀ ਖੇਡਦੇ ਰਹੇ। ਨਵੇਂਪਨ ਦਾ ਭਾਵ ਸੀ – ਜੀਵਨ ਦਾ ਨਵੇਂ ਪਰ ਸਥਾਈ ਕਰਮਖੇਤਰ ਵਿਚ ਪਰਵੇਸ਼। ਇਸ ਕਰਮਖੇਤਰ ਨੇ ਆਪ ਨੂੰ ਪਿਛਲੇ ਜੀਵਨ ਨਾਲ ਵੀ ਜੋੜੀ ਰਖਿਆ ਤੇ ਉਸ ਨੂੰ ਅਗੋਂ ਹੋਰ ਨਿਖਾਰਨ ਵਿਚ ਸਹਾਇਤਾ ਕਰ ਕੇ ਪ੍ਰਸਿੱਧੀ ਪ੍ਰਦਾਨ ਵੀ ਕੀਤੀ।

**ਵਿਆਹ :**

ਉਨ੍ਹੀਵੀਂ ਸਦੀ ਵਿਚ ਬਾਲ ਵਿਆਹ ਦਾ ਰਿਵਾਜ ਤਾਂ ਪੂਰੇ ਜੋਬਨ ਤੇ ਸੀ, ਪਰ ਮੁਨਸ਼ਾ ਸਿੰਘ ਦੇ ਰਿਸ਼ਤੇ ਦੀ ਗੱਲ ਜ਼ਰਾ ਸਿਆਣੇ ਹੋਣ ਤੇ ਚੱਲੀ। ਨੇੜੇ ਤੇੜੇ ਦੇ ਪਿੰਡਾਂ ਵਿਚੋਂ ਕਈ ਰਿਸ਼ਤੇ ਆਉਂਦੇ ਪਰ ਆਪ ਦਾ ਧਿਆਨ ਉਦੋਂ ਵਿਆਹ ਦੇ ਬੰਧਨਾਂ ਵਿਚ ਬੱਝਣ ਵਲ ਨਹੀਂ ਸੀ, ਤਾਂ ਹੀ ਤਾਂ ਜਿਵੇਂ ਕਿਵੇਂ ਰਚੇ ਵਿਆਹ ਨੂੰ ਵਿਚੇ ਛਡ ਕੇ ਆਪ ਬਦੇਸ ਯਾਤਰਾ ਲਈ ਰਵਾਨਾ ਹੋ ਗਏ ਸਨ।[1]

ਬਦੇਸ਼ੋਂ ਪਰਤਣ ਤੇ ਜੇਲ੍ਹ ਯਾਤਰਾ ਸ਼ੁਰੂ ਹੋ ਗਈ ਜੋ 1920 ਵਿਚ ਸਮਾਪਤ ਹੋਈ। ਇਸ ਪਿਛੋਂ ਆਪ ਨੇ ਕਲਕੱਤੇ ਹੀ ਡੇਰਾ ਲਾ ਲਿਆ। ਭਾਵੇਂ ਆਪ ਨੇ ਵਿਆਹ ਵਰਗੀ ਜੀਵਨ ਦੀ ਮਹੱਤਵਪੂਰਨ ਘਟਨਾ ਬਾਰੇ ਕਦੇ ਕੋਈ ਗੱਲ ਨਹੀਂ ਸੀ ਕੀਤੀ ਪਰ ਘਟਨਾਵਾਂ ਅਤੇ ਤੱਥਾਂ ਦੇ ਆਧਾਰ ਤੇ ਕਿਆਸ ਕੀਤਾ ਜਾਂਦਾ ਹੈ ਕਿ ਆਪ ਦਾ ਵਿਆਹ ਕਲਕੱਤੇ ਵਿਚ ਹੀ 1925-26 ਵਿਚ ਹੋਇਆ। ਆਪ ਦੀ ਅਰਧਾਂਗਨੀ ਦਾ ਨਾਂ ਸ੍ਰੀਮਤੀ ਰਾਜ ਕੌਰ ਸੀ।

ਸ੍ਰੀਮਤੀ ਰਾਜ ਕੌਰ ਵੀ, ਦੇਸ਼ ਪ੍ਰੇਮ ਦੀ ਭਾਵਨਾ ਨਾਲ ਓਤਪੋਤ ਸੀ। 'ਦੁਖੀ' ਹੋਰਾਂ ਦੇ ਦੁਖਾਂ ਵਿਚ ਸ਼ਰੀਕ ਹੋ ਕੇ ਉਸ ਨੇ ਵੀ ਹਰ ਤਰ੍ਹਾਂ ਦੀਆਂ ਔਕੜਾਂ ਖਿੜੇ ਮਥੇ ਸਿਰ ਤੇ ਝੱਲੀਆਂ ਸਨ। ਉਸ ਦੇ ਜੀਵਨ ਦੇ ਇਸ ਪੱਖ ਤੇ ਰੋਸ਼ਨੀ ਪਾਉਣ ਲਈ 'ਦੁਖੀ' ਜੀ ਰਚਿਤ ਇਹ ਰੁਬਾਈ ਕਾਫੀ ਹੋਵੇਗੀ :

ਡੂੰਘੀਆਂ ਖੜਾਂ ਤੇ ਪਹਾੜਾਂ ਵਿਚ।<br>
ਬਰਬਰਾਂ, ਜੰਗਲਾਂ, ਉਜਾੜਾਂ ਵਿਚ।<br>
ਤੂੰ ਕਦੇ ਹੌਂਸਲਾ ਨ ਢਾਹਿਆ ਸੀ।<br>
ਜਿਊਣ ਦੇ ਬਿਖੜਿਆਂ ਦਰਾੜਾਂ ਵਿਚਾਂ।

1. ਪ੍ਰੇਮ ਸਿੰਘ ਬਜਾਜ, 'ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 66.
2. ਰੋਜ਼ਾਨਾ ਅਜੀਤ, ਜਲੰਧਰ, 31 ਅਗਸਤ 1970.

Sri Satguru Jagjit Singh Ji Elibrary NamdhariElibrary@gmail com

ਮਾਤਾ ਰਾਜ ਕੌਰ ਦਾ ਕੱਦ ਕੁਛ ਮਧਰਾ, ਰੰਗ ਕਣਕਵੰਨਾ, ਸੁਭਾਉ ਅਤੀ ਨਿਮਰ, ਸ਼ਾਂਤ, ਮਿਲਾਪੜਾ ਤੇ ਹਸਮੁਖ ਸੀ। ਘਰ ਵਿਚ ਆਉਣ ਜਾਣ ਵਾਲੇ ਹਰੇਕ ਵਿਅਕਤੀ ਨੂੰ ਯੋਗ ਆਦਰ ਸਤਿਕਾਰ ਦੇਣਾ ਉਨ੍ਹਾਂ ਦਾ ਪਹਿਲਾ ਕੰਮ ਹੁੰਦਾ ਸੀ। ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ, 'ਦੁਖੀ' ਜੀ ਨੇ ਜਿਨ੍ਹਾਂ ਪੰਜਾਬੀਆਂ ਨੂੰ ਸਾਹਿਤ ਸੇਵਾ ਲਈ ਤਿਆਰ ਕੀਤਾ ਸੀ ਉਹ ਸਭ ਆਪ ਨੂੰ ਵਿਦਿਆ ਗੁਰੂ ਵਾਂਗ ਸਤਿਕਾਰਦੇ ਤੇ ਪੂਜਦੇ ਸਨ। ਸ੍ਰੀਮਤੀ ਰਾਜ ਕੌਰ ਉਨ੍ਹਾਂ ਸਭਨਾਂ ਨੂੰ ਮਾਂ ਵਾਲਾ ਪਿਆਰ ਵੰਡਦੇ ਸਨ।

ਜੀਵਨ ਦੇ ਅੰਤਮ ਵਰ੍ਹਿਆਂ ਵਿਚ ਸ੍ਰੀਮਤੀ ਰਾਜ ਕੌਰ ਦਾ ਸਰੀਰ ਕੁਛ ਭਾਰਾ ਹੋ ਗਿਆ ਸੀ। ਇਸ ਅਵਸਥਾ ਵਿਚ ਭਾਵੇਂ ਕੰਮ ਕਰਨ ਦੀ ਸਮਰਥਾ ਬਹੁਤ ਘਟ ਗਈ ਸੀ ਤਦ ਵੀ ਆਪ ਵਿਹਲੇ ਬਹਿਣਾ ਪਸੰਦ ਨਹੀਂ ਸਨ ਕਰਦੇ। ਆਪ ਦੇ ਪੰਜ ਬੱਚਿਆਂ ਵਿਚੋਂ ਤਿੰਨ ਲੜਕੀਆਂ ਤੇ ਦੋ ਲੜਕੇ ਹਨ।

## ਦੂਸਰੀ ਮਫਰੂਰੀ :

ਬੰਗਾਲ ਵਿਚ ਰਹਿੰਦਿਆਂ 'ਦੁਖੀ' ਜੀ ਨੇ ਫਿਰ ਅਗ ਉਗਲਣੀ ਆਰੰਭ ਦਿਤੀ ਜਿਸ ਕਰ ਕੇ ਪੁਲਸ ਫਿਰ ਆਪ ਦਾ ਪਰਛਾਵਾਂ ਬਣ ਗਈ। ਇਸ ਦੇ ਪਰਣਾਮਸਰੂਪ 1930 ਵਿਚ ਕਲਕੱਤਿਉਂ ਆਪ ਨੂੰ ਫਿਰ ਫ਼ਰਾਰ ਹੋਣਾ ਪਿਆ। ਪਹਿਲਾ ਪੜਾਉ ਕਪੂਰਥਲਾ ਦੇ ਰਾਜਾ ਸਰ ਦਲਜੀਤ ਸਿੰਘ ਕੋਲ ਕੀਤਾ। ਅਜਿਹੇ ਰਾਜੇ ਮਹਾਰਾਜਿਆਂ ਕੋਲ ਠਹਿਰਨਾ ਆਪ ਦੇ ਸੁਭਾਉ ਦੇ ਵਿਰੁਧ ਸੀ ਪਰ ਉਕਤ ਰਾਜਾ ਸਾਹਿਬ ਬ੍ਰਿਜ ਭਾਸ਼ਾ ਦੇ ਚੰਗੇ ਵਿਦਵਾਨ ਹੋਣ ਕਾਰਨ ਆਪ ਵਿਦਵਾਨਾਂ ਦੀ ਕਦਰ ਕਰਦੇ ਸਨ। ਦੂਜੇ-ਉਨ੍ਹਾਂ ਨੂੰ ਇਸੇ ਭਾਸ਼ਾ ਵਿਚ ਕਵਿਤਾ ਰਚਣ ਦਾ ਸ਼ੌਕ ਵੀ ਸੀ। ਆਪ ਦੀਆਂ ਰਚਨਾਵਾਂ ਦੀ ਸੁਧਾਈ ਦਾ ਕੰਮ 'ਦੁਖੀ' ਜੀ ਨੂੰ ਸੌਂਪਿਆ ਗਿਆ ਸੀ। ਡੇਢ ਦੋ ਸਾਲ ਦੇ ਲਗਪਗ ਆਪ ਰਾਜਾ ਸਾਹਿਬ ਦੇ ਨਿੱਜੀ ਸਕੱਤਰ ਵੀ ਰਹੇ।

'ਦੁਖੀ' ਜੀ ਦੇ ਪੰਜਾਬ ਆਉਣ ਦੀ ਚਰਚਾ ਕਰਦਿਆਂ, ਸਵਰਗੀ ਸਰਦਾਰ ਸਾਧੂ ਸਿੰਘ 'ਹਮਦਰਦ' ਨੇ ਲਿਖਿਆ ਸੀ "ਪ੍ਰੇਮ ਸਿੰਘ ਮਿਤਰ ਨੇ ਰਸਾਲਾ 'ਵਿਹਾਰ ਸੁਧਾਰ' ਜਾਰੀ ਕਰਨ ਦਾ ਸੰਕਲਪ ਕੀਤਾ। ਡਾਕਟਰ ਉਤਮ ਸਿੰਘ ਸਾਥੀ ਤੇ ਦੂਜੇ ਸਜਣਾਂ ਨੇ ਪ੍ਰੋਗਰਾਮ ਬਣਾਇਆ ਕਿ ਇਸ ਰਸਾਲੇ ਲਈ ਸਰਦਾਰ ਮੁਨਸ਼ਾ ਸਿੰਘ 'ਦੁਖੀ' ਨੂੰ ਕਲਕੱਤੇ ਤੋਂ ਬੁਲਾਇਆ ਜਾਏ ਜੋ ਗ਼ਦਰ ਪਾਰਟੀ ਦੇ ਮੈਂਬਰ ਹੋਣ ਕਰ ਕੇ ਕਲਕੱਤੇ ਵਿਚ ਨਜ਼ਰਬੰਦ ਸਨ ਤੇ ਸਰਕਾਰੀ ਆਗਿਆ ਤੋਂ ਬਿਨਾਂ ਸ਼ਹਿਰ ਤੋਂ ਬਾਹਰ ਨਹੀਂ ਸਨ ਜਾ ਸਕਦੇ। ਇਸ ਮਨੋਰਥ ਲਈ ਸਰ ਜੋਗਿੰਦਰਾ ਸਿੰਘ ਤੇ ਰਾਜਾ ਸਰ ਦਲਜੀਤ ਸਿੰਘ ਤੋਂ ਮਦਦ ਲਈ ਗਈ। ਉਨ੍ਹਾਂ ਦੇ ਉਦਮ ਨਾਲ 'ਦੁਖੀ' ਜੀ ਨੂੰ ਪੰਜਾਬ ਆਉਣ ਦੀ ਆਗਿਆ ਮਿਲ ਗਈ।"[1] ਆਪ ਕੁਛ ਚਿਰ ਸਰ ਜੋਗਿੰਦਰ ਸਿੰਘ ਕੋਲ ਵੀ ਰਹੇ।[2] 1934 ਵਿਚ ਆਪ ਮੀਆਂ ਚੰਨੂ ਜਾ ਕੇ ਮਾਸਕ 'ਵਿਹਾਰ ਸੁਧਾਰ' ਦੇ ਸੰਪਾਦਕ ਦੀ ਸੇਵਾ ਨਿਭਾਉਣ ਲਗ ਗਏ।

---

1. ਸਾਧੂ ਸਿੰਘ ਹਮਦਰਦ, 'ਯਾਦ ਬਣੀ ਇਤਿਹਾਸ', ਰੋਜ਼ਾਨਾ ਅਜੀਤ ਜਲੰਧਰ, 7 ਸਤੰਬਰ 1980.
2. ਪ੍ਰੇਮ ਸਿੰਘ ਬਜਾਜ, 'ਮੁਨਸ਼ਾ ਸਿੰਘ 'ਦੁਖੀ'', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 76.

Sri Satguru Jagjit Singh Ji Elibrary NamdhariElibrary@gmail.com

## ਧਾਰਮਕ ਵਿਸ਼ਵਾਸ :

ਕਿਸੇ ਵੀ ਬੱਚੇ ਉਪਰ ਬਹੁਤਾ ਪ੍ਰਭਾਵ ਆਪਣੀ ਮਾਤਾ ਦਾ ਹੁੰਦਾ ਹੈ। ਆਮ ਕਰ ਕੇ ਮਾਤਾ ਦੇ ਵਿਚਾਰਾਂ ਅਨੁਸਾਰ ਹੀ ਬੱਚੇ ਦਾ ਜੀਵਨ ਉਸਰਦਾ ਹੈ। ਗੁਰੂ ਅਰਜਨ ਦੇਵ ਨੇ ਸ਼ਾਇਦ ਇਸੇ ਕਰ ਕੇ ਹੀ ਮਾਤਾ – ਗੁਰੂ ਨੂੰ ਪਹਿਲੇ ਸਥਾਨ ਤੇ ਗਿਣਿਆ ਹੋਵੇ।[1] ਬਹੁਤੀਆਂ ਸਮਕਾਲੀ ਮਾਈਆਂ ਵਾਂਗ 'ਦੁਖੀ' ਜੀ ਦੀ ਮਾਤਾ ਮਹਿਤਾਬ ਕੌਰ ਦਾ ਵੀ ਧਰਮ ਅਤੇ ਸਾਧਾਂ ਸੰਤਾਂ ਵਿਚ ਕਾਫੀ ਵਿਸ਼ਵਾਸ ਸੀ। ਜਮਸ਼ੇਰ ਦੇ ਇਕ ਜੋਤਸੀ, ਜੋ ਪਰਵਾਰਕ ਸਬੰਧੀ ਵੀ ਸੀ, ਘਮੰਡਾ ਸਿੰਘ ਦਾ ਘਰ ਵਿਚ ਕਾਫੀ ਆਉਣ ਜਾਣ ਸੀ। ਪਤਾ ਨਹੀਂ ਇਸ ਜੋਤਸ਼ੀ ਵਲੋਂ ਕੀਤੀ ਹੋਈ ਭਵਿਖਬਾਣੀ ਦਾ ਪ੍ਰਭਾਵ ਸੀ ਜਾਂ ਕੁੰਡਲੀ ਵਿਚਲੀ ਗ੍ਰਹਿ ਚਾਲ ਦਾ ਕਿ 'ਦੁਖੀ' ਜੀ ਆਪਣੇ ਮੁਢਲੇ ਜੀਵਨ ਵਿਚ ਕੁਝ ਚਿਰ ਸਾਧੂ ਬ੍ਰਿਤੀ ਵਿਚ ਵੀ ਰਹੇ ਸਨ।

ਆਪ ਦਾ ਜਨਮ ਸਿਖ ਪਰਵਾਰ ਵਿਚ ਹੋਇਆ ਸੀ। ਇਸ ਲਈ ਆਪ ਵਿਚ ਸਿਖੀ ਪ੍ਰਤੀ ਸ਼ਰਧਾ ਹੋਣੀ ਸੁਭਾਵਕ ਗਲ ਸੀ। ਪਰ ਆਪ ਧਾਰਮਕ ਪਖੋਂ ਕਟੜ ਤੇ ਸੰਕੀਰਨਤਾਵਾਦੀ ਬਿਲਕੁਲ ਨਹੀਂ ਸਨ। ਇਸ ਦਾ ਕਾਰਨ ਸੀ- ਪਹਿਲਾਂ ਵੇਦਾਂਤੀ ਸੰਤ, ਹਾਕਮ ਸਿੰਘ ਰਸੂਲਪੁਰ ਵਾਲਿਆਂ ਅਤੇ ਫਿਰ ਗੁਲਾਬਦਾਸੀਏ ਸੰਤਾਂ ਦੀ ਸੰਗਤ। ਸਿਟਾ ਇਹ ਨਿਕਲਿਆ ਕਿ 'ਦੁਖੀ' ਜੀ ਵਿਚ ਕਿਸੇ ਅਸੂਲ ਨੂੰ ਚੰਗਿਆਈ ਦੇ ਪਖੋਂ ਅਪਣਾਏ ਜਾਣ ਦੀ ਪ੍ਰਵਿਰਤੀ ਵਧੇਰੇ ਪ੍ਰਬਲ ਹੋ ਗਈ। ਉਹ ਅਸੂਲ ਕਿਸੇ ਵੀ ਧਰਮ ਦਾ ਹੋ ਸਕਦਾ ਸੀ।

ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ ਤੇ ਗੁਰਬਾਣੀ ਦਾ ਪਾਠ ਕਰਨਾ ਸਿਖਾਂ ਵਿਚੋਂ ਅਜੇ ਅਲੋਪ ਨਹੀਂ ਸੀ ਹੋਇਆ ਜਿਸ ਨੂੰ ਘਰ ਦੇ ਮਾਹੌਲ ਵਿਚੋਂ ਆਪ ਵੀ ਅਪਣਾ ਚੁਕੇ ਸਨ। ਬਦੇਸ ਯਾਤਰਾ ਸਮੇਂ ਪਹਿਲਾਂ ਪਹਿਲ ਆਪ ਨੇ ਜੋ ਨਿਤਕ੍ਰਮ ਅਪਣਾਇਆ ਸੀ, ਉਸ ਅਨੁਸਾਰ ਆਪ ਇਸ਼ਨਾਨ ਕਰਨ ਪਿਛੋਂ ਲੰਗਰ ਤਿਆਰ ਕਰਦੇ ਕਰਦੇ ਹੀ ਗੁਰਬਾਣੀ ਦਾ ਪਾਠ ਵੀ ਕਰ ਲੈਂਦੇ ਸਨ। ਪਰਸ਼ਾਦਾ ਛਕਣ ਦਾ ਕੰਮ ਸਵੇਰ ਦੇ ਪੰਜ ਵਜੇ ਤੋਂ ਪਹਿਲਾਂ ਨਿਬੇੜ ਲਿਆ ਜਾਂਦਾ ਸੀ। ਕਛਹਿਰਾ ਆਪ ਬਕਾਇਦਾ ਪਹਿਨਦੇ ਸਨ। ਆਪ ਦਾ ਵਿਚਾਰ ਸੀ ਕਿ ਪਹਿਰਾਵੇ ਦੇ ਇਕ ਅੰਗ ਵਜੋਂ ਕਛਹਿਰਾ ਪਹਿਨਣਾ ਬਹੁਤ ਲਾਭਦਾਇਕ ਸੀ। ਨਿਰਸੰਦੇਹ ਇਹ ਸਾਰਾ ਕੁਝ ਉਹ ਧਾਰਮਕ ਕਟੜਤਾ ਦੇ ਅਧੀਨ ਨਹੀਂ ਸਨ ਕਰਦੇ। ਇਸ ਪਿਛੇ ਇਕ ਕਾਰਨ ਬਦੇਸ਼ਾਂ ਵਿਚ ਆਮ ਲੋਕਾਂ ਦੀਆਂ ਨਜ਼ਰਾਂ ਤੇ ਮਖੌਲਾਂ ਤੋਂ ਬਚਣ ਦਾ ਵਿਚਾਰ ਵੀ ਸੀ।

ਸੰਗਤ ਦੀ ਰੰਗਤ ਚੜ੍ਹਨੀ ਕੁਦਰਤੀ ਨੇਮ ਹੈ। ਕਟੜਵਾਦੀ ਧਾਰਮਕ ਬੰਦਿਆਂ ਉਪਰ ਦੂਜੇ ਧਰਮ ਜਾਂ ਨਾਸਤਕ ਬੰਦਿਆਂ ਦੀ ਸੰਗਤ ਘਟ ਅਸਰ ਕਰਦੀ ਹੈ ਪਰ ਆਪ ਕੋਲ ਕਟੜਪੁਣਾ ਨਾਂ ਮਾਤਰ ਵੀ ਨਾ ਹੋਣ ਕਾਰਨ ਗੈਰਸਿਖਾਂ ਦੀ ਸੰਗਤ ਦਿਨੋਂ ਦਿਨ ਭਾਰੂ ਹੋ ਗਈ ਕਿ ਆਪ ਨੇ ਹੋਨੋਲੂਲੂ ਵਿਚ ਰਹਿਣ ਸਮੇਂ ਹੀ ਆਪਣੇ ਕੇਸ ਅਤੇ ਦਾੜ੍ਹੀ ਉਸ ਦੀ ਭਟ ਕਰ ਦਿਤੇ ਸਨ। ਇਥੇ ਹੀ ਬਸ ਨਹੀਂ, ਕੈਲੇਫੋਰਨੀਆਂ (ਅਮਰੀਕਾ) ਵਿਚ ਜਾ ਕੇ ਤਾਂ ਮੁਸਲਮਾਨਾਂ ਦੇ ਇਕ ਟੋਲੇ ਨਾਲ ਮਿਲ ਕੇ ਉਨ੍ਹਾਂ ਦੇ ਇਮਾਮ ਬਣ ਗਏ ਤੇ

1. ਗੁਰੂ ਅਰਜਨ ਦੇਵ, ਗਾਉੜੀ ਬਾਵਨ ਅਖਰੀ, ਆਦਿ ਗ੍ਰੰਥ, ਪੰਨਾ 250.

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੂੰ ਨਮਾਜ਼ਾਂ ਵੀ ਪੜ੍ਹਾਉਂਦੇ ਰਹੇ।[1] ਇਹ ਪ੍ਰਭਾਵ ਵਕਤੀ ਹੀ ਸੀ ਜੋ ਲਗਪਗ ਦਸ ਗਿਆਰਾਂ ਮਹੀਨੇ ਤੋਂ ਵਧ ਨਾ ਰਹਿ ਸਕਿਆ।

ਬਚਪਨ ਵਿਚ ਮਿਲੀ ਗੁੜ੍ਹਤੀ ਮਨੁਖ ਦਾ ਛੇਤੀ ਕੀਤੇ ਖਹਿੜਾ ਨਹੀਂ ਛਡਦੀ। ਇਸੇ ਲਈ ਜਦੋਂ ਅੰਦਰਲੀ ਸਿਖੀ ਦਾ ਜ਼ੋਰ ਵਧਿਆ ਤਦ ਦਸ ਗਿਆਰਾਂ ਮਹੀਨੇ ਪਿਛੋਂ ਹੀ ਫਿਰ ਸਿਖੀ ਵਲ ਪਰਤ ਆਏ ਤੇ ਸਿਖੀ ਦਾ ਪਰਚਾਰ ਕਰਨ ਵਿਚ ਜੁਟ ਗਏ। ਕਨੇਡਾ ਵਿਚ ਰਹਿਣ ਸਮੇਂ ਦੇਸ਼ ਭਗਤਕ ਤੇ ਧਾਰਮਕ ਸਰਗਰਮੀਆਂ ਨਾਲੋ ਨਾਲ ਹੀ ਚਲਦੀਆਂ ਰਹੀਆਂ। ਗੁਰਦਵਾਰੇ ਵਿਚ ਹਰ ਐਤਵਾਰ ਨੂੰ ਧਾਰਮਕ ਵਿਸ਼ੇ ਤੇ ਭਾਸ਼ਣ ਦੇਣ ਦਾ ਕਾਰਜਕ੍ਰਮ ਦੇਸ ਵਾਪਸੀ ਤਕ ਨਿਰੰਤਰ ਚਲਦਾ ਰਿਹਾ ਸੀ।

ਸਿਖੀ ਸਾਹਿਤ ਅਤੇ ਇਤਿਹਾਸ ਦਾ ਆਪ ਦਾ ਅਧਿਐਨ ਬਹੁਤ ਡੂੰਘਾ ਸੀ। 'ਗੁਰ ਪ੍ਰਤਾਪ ਸੂਰਜ' ਅਤੇ 'ਪੰਥ ਪ੍ਰਕਾਸ਼' ਜੇਹੇ ਗ੍ਰੰਥਾਂ ਦਾ ਪਾਠ ਆਪ ਪਹਿਲਾਂ ਹੀ ਕਰ ਚੁਕੇ ਸਨ। ਸਿਖੀ ਵਿਚ ਆਪ ਦੀ ਅਗਾਧ ਸਰਧਾ ਤੇ ਵਿਸ਼ਵਾਸ ਅਤੇ ਸਿਖੀ ਸਬੰਧੀ ਇਤਿਹਾਸਕ ਗਿਆਨ ਭੰਡਾਰ ਦਾ ਅਨੁਮਾਨ ਆਪ ਦੀਆਂ ਲਿਖਤਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਗੁਰੂ ਸਾਹਿਬ ਦੇ ਨਾਂ ਨੂੰ ਕਿਸੇ ਵਲੋਂ ਧੱਬਾ ਲਾਏ ਜਾਣ ਤੇ ਆਪ ਦੀ ਆਤਮਾ ਬਹੁਤ ਦੁਖੀ ਹੁੰਦੀ ਸੀ। ਆਪ ਦਸਿਆ ਕਰਦੇ ਸਨ ਕਿ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ 1908 ਅਤੇ ਵਿਕਟੋਰੀਆ ਵਿਚ 1912 ਵਿਚ ਗੁਰਦਵਾਰੇ ਬਣਾਏ ਗਏ। ਇਨ੍ਹਾਂ ਦੇ ਉਦਘਾਟਨ ਸਮੇਂ ਕੀਤੀ ਗਈ ਚੰਗੀ ਇਸ਼ਤਿਹਾਰਬਾਜ਼ੀ ਕਾਰਨ ਜਲੂਸ ਵਿਚ ਸ਼ਾਮਲ ਹੋਣ ਲਈ ਸੰਗਤਾਂ ਹੁਮ ਹੁਮਾ ਕੇ ਪੁਜੀਆਂ। ਇਸ ਮੌਕੇ ਤੇ ਪੰਜਾਬ ਤੋਂ ਸੰਤ ਤੇਜਾ ਸਿੰਘ ਮਸਤੂਆਣਾ, ਜੋ ਦੋ ਐਮ. ਏ. ਪਾਸ ਸਨ, ਨੂੰ ਉਚੇਚੇ ਤੌਰ ਤੇ ਬੁਲਾਇਆ ਗਿਆ ਸੀ। ਜਲੂਸ ਦੇ ਅਗੇ ਅਗੇ ਸੁਫੈਦ ਘੋੜੇ ਉਤੇ ਅਤੇ ਸੁਫੈਦ ਬਸਤਰ ਪਹਿਨੀਂ ਸੰਤ ਜੀ ਜਾ ਰਹੇ ਸਨ, ਉਨ੍ਹਾਂ ਤੋਂ ਪਿਛੇ ਨੰਗੀਆਂ ਤਲਵਾਰਾਂ ਫੜੀ ਪੰਜ ਪਿਆਰੇ ਅਤੇ ਉਨ੍ਹਾਂ ਦੇ ਮਗਰ ਆਦਿ ਬੀੜ ਦੀ ਸਵਾਰੀ ਸੀ।

ਥੋੜ੍ਹੀ ਦੂਰ ਜਾ ਕੇ ਜਲੂਸ ਖਲੋ ਗਿਆ। ਸੰਤ ਜੀ ਨੇ ਪ੍ਰਭਾਵਸ਼ਾਲੀ ਬੋਲੀ ਵਿਚ ਸਿਖਾਂ ਦੀ ਬਹਾਦਰੀ ਅਤੇ ਕੁਰਬਾਨੀਆਂ ਬਾਰੇ ਤਕਰੀਰ ਕੀਤੀ। ਸੱਚ, ਇਨਸਾਫ ਅਤੇ ਇਨਸਾਨੀਅਤ ਉਤੇ ਸਿਖਾਂ ਦੇ ਮਰਨ ਦੀ ਰੀਤ ਦਾ ਵਰਨਣ ਕੀਤਾ। ਝੂਠ, ਬੁਰਿਆਈ ਤੇ ਬਦਦਿਆਨਤੀ ਨਾਲ ਸਿਖੀ ਦਾ ਕੋਈ ਦੂਰ ਦਾ ਵੀ ਸਬੰਧ ਨਾ ਹੋਣ ਦਾ ਦਾਅਵਾ ਵੀ ਇਸ ਭਾਸ਼ਣ ਦਾ ਅੰਗ ਸੀ। ਸੰਤ ਜੀ ਨੇ ਸਿਖੀ ਜੀਵਨ ਦੀਆਂ ਇਤਿਹਾਸਕ ਉਦਾਹਰਣਾਂ ਵੀ ਪੇਸ਼ ਕੀਤੀਆਂ। ਅੱਧੇ ਘੰਟੇ ਦੇ ਪ੍ਰਭਾਵਸ਼ਾਲੀ ਕਾਰਜਕ੍ਰਮ ਪਿਛੋਂ ਜਲੂਸ ਆਪਣੇ ਅਗਲੇ ਪੜਾਉ ਵਲ ਵਧਿਆ। ਪਿਛੋਂ ਇਕ ਆਵਾਜ਼ ਆਈ, "ਸਭ ਕੁਝ ਝੂਠ, ਕਪਟ ਤੇ ਬਕਵਾਸ ਹੈ। ਕਿਉਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹੋ? ਤੁਸੀਂ ਇਸ ਤਰ੍ਹਾਂ ਸਾਨੂੰ ਠਗ ਨਹੀਂ ਸਕਦੇ।"

ਅਗਲੇ ਪੜਾਉ ਤੇ ਜਲੂਸ ਫਿਰ ਰੁਕਿਆ, ਸੰਤ ਜੀ ਨੇ ਫਿਰ ਭਾਸ਼ਣ ਦਿਤਾ। ਇਸ ਵਾਰੀ ਵਿਸ਼ਾ ਸੀ 'ਗੁਰਦਵਾਰਿਆਂ ਦੀ ਮਹਾਨਤਾ'। ਸੰਤ ਜੀ ਨੇ ਗੁਰਦਵਾਰੇ ਵਿਚੋਂ ਸਿਖੀ

1. ਪ੍ਰੇਮ ਸਿੰਘ ਬਜਾਜ, 'ਮੁਨਸ਼ਾ ਸਿੰਘ 'ਦੁਖੀ'', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965, ਪਨਾ 67,

Sri Satguru Jagjit Singh Ji Elibrary NamdhariElibrary@gmail.com

ਉਪਜਣ ਦੀ ਗਲ ਆਖੀ। ਜਲੂਸ ਦੇ ਅਗੇ ਵਧ ਜਾਣ ਪਿਛੋਂ ਫਿਰ ਉਸੇ ਤਰ੍ਹਾਂ ਦੀ ਆਵਾਜ਼ ਆਈ। 'ਦੁਖੀ' ਜੀ ਨੇ ਐਤਕੀਂ ਤਾੜ ਰਖੀ। ਪੰਜ ਸਤ ਸਾਥੀਆਂ ਸਮੇਤ ਆਪ ਉਸ ਬੰਦੇ ਕੋਲ ਜਾ ਧਮਕੇ। ਉਹ ਮਧਰੇ ਜਹੇ ਕਦ ਦਾ, 65–70 ਸਾਲ ਦਾ ਇਕ ਅੰਗਰੇਜ਼ ਸੀ। ਆਪ ਨੇ ਉਸ ਤੋਂ ਇਸ ਤਰ੍ਹਾਂ ਬੁੜ-ਬੁੜਾਉਣ ਦਾ ਕਾਰਨ ਪੁਛਿਆ। ਉਹ ਅਗੋਂ ਬੜੇ ਧੀਰਜ ਨਾਲ ਕਹਿਣ ਲਗਾ ਕਿ ਉਹ ਜੁਲੰਧਰ ਛਾਉਣੀ ਬਹੁਤ ਚਿਰ ਨੌਕਰੀ ਕਰਦਾ ਰਿਹਾ ਹੈ। ਇਸੇ ਕਰ ਕੇ ਸਿਖ ਸਾਹਿਤ ਤੇ ਇਤਿਹਾਸ ਦਾ ਉਸ ਨੂੰ ਕਾਫੀ ਗਿਆਨ ਹੈ। "ਮੇਰੀ ਜਾਣਕਾਰੀ ਅਨੁਸਾਰ ਸਿਖੀ ਵਿਚ ਸ਼ਰਾਬ ਲਈ ਕੋਈ ਥਾਂ ਨਹੀਂ ਪਰ ਅਫਸੋਸ ਦੀ ਗੱਲ ਹੈ ਕਿ ਕੈਨੇਡਾ ਵਿਚਲਾ ਸਿਖ ਪੂਰੀ ਪੂਰੀ ਜਾਂ ਦੋ ਦੋ ਬੋਤਲਾਂ ਵੀ ਗਟ ਗਟ ਕਰ ਕੇ ਚਾੜ੍ਹ ਜਾਂਦਾ ਹੋਵੇਗਾ। ਅਜਿਹੇ ਸਿਖਾਂ ਦੇ ਆਚਰਣ ਤੋਂ ਸਿਖੀ ਨੂੰ ਪੜ੍ਹਨ ਵਾਲਾ ਬੰਦਾ ਇਹੋ ਹੀ ਸੋਚੇਗਾ ਕਿ ਜਿਸ ਗੁਰੂ ਦਾ ਸਿਖ ਦੋ ਦੋ ਬੋਤਲਾਂ ਪੀ ਜਾਂਦਾ ਹੈ ਉਹ ਗੁਰੂ ਤਾਂ ਦਸ ਬੋਤਲਾਂ ਪੀ ਕੇ ਸਾਹ ਲੈਂਦਾ ਹੋਵੇਗਾ। ਕੀ ਇਹ ਕਪਟ ਨਹੀਂ?" ਟੋਲੀ ਠੰਡੀ ਹੋ ਗਈ।

ਉਸ ਦੀ ਇਸ ਦਲੀਲ ਦਾ 'ਦੁਖੀ' ਜੀ ਉਪਰ ਇੰਨਾ ਅਸਰ ਹੋਇਆ ਕਿ ਉਨ੍ਹਾਂ ਨੇ ਅਗੋਂ ਤੋਂ ਸਿਖਾਂ ਦਾ ਚਰਿਤਰ ਉਚਾ-ਸੁਚਾ ਤੇ ਸਿਖੀ ਦੇ ਅਨੁਕੂਲ ਕਰਨ ਲਈ ਪ੍ਰੇਰਨਾ-ਦਾਇਕ ਭਾਸ਼ਣ ਦੇਣੇ ਸ਼ੁਰੂ ਕਰ ਦਿਤੇ। ਪਿਛੋਂ ਜਾ ਕੇ ਗੁਰਦਵਾਰੇ ਵਿਚ ਹਰ ਐਤਵਾਰ ਨੂੰ ਸਿਖੀ ਸਿਧਾਂਤਾਂ ਤੇ ਸਿਖ ਇਤਿਹਾਸ ਬਾਰੇ ਦਿਤਾ ਜਾਂਦਾ ਭਾਸ਼ਣ ਇਸੇ ਕਾਰਜਕ੍ਰਮ ਦੀ ਹੀ ਲੜੀ ਸੀ।

ਆਪ ਭਾਵੇਂ ਕਿਤੇ ਵੀ ਰਹੇ, ਕਿਸੇ ਵੀ ਰੂਪ ਵਿਚ ਰਹੇ ਤੇ ਕਿਸੇ ਵੀ ਹਾਲਤ ਵਿਚ ਰਹੇ, ਸਿਖੀ ਤੇ ਗੁਰੂ ਘਰ ਵਿਚ ਆਪ ਦੀ ਸ਼ਰਧਾ ਤੇ ਵਿਸ਼ਵਾਸ ਮੱਠਾ ਨਹੀਂ ਪਿਆ ਸਗੋਂ ਸਵਾਸਾਂ ਦੇ ਨਾਲ ਹੀ ਗਿਆ।

## ਦੂਜੀ ਪਰਦੇਸ ਫੇਰੀ :

1914 ਵਿਚ ਕੈਨੇਡਾ ਤੋਂ ਵਾਪਸ ਆਉਂਦਿਆਂ ਹੀ 'ਦੁਖੀ' ਜੀ ਨੂੰ ਮਫਰੂਰ ਹੋਣਾ ਤੇ ਫਿਰ ਜੇਲ੍ਹਾਂ ਵਿਚ ਜਾਣਾ ਪੈ ਗਿਆ। ਪੁਰਾਣੇ ਸਜਣਾਂ ਸਨੇਹੀਆਂ ਨਾਲੋਂ ਸੰਪਰਕ ਟੁਟ ਗਿਆ। ਉਨ੍ਹਾਂ ਨੇ ਸਮਝ ਲਿਆ ਕਿ 'ਦੁਖੀ' ਸਰੀਰ ਦੀ ਜੇਲ੍ਹਾਂ ਵਿਚ ਹੀ ਅਹੂਤੀ ਪੈ ਗਈ ਹੋਵੇਗੀ ਪਰ ਜਦੋਂ ਦੇਸ਼ ਆਜ਼ਾਦੀ ਪਿਛੋਂ ਉਨ੍ਹਾਂ ਨੂੰ ਇਨ੍ਹਾਂ ਦੇ ਜਿਉਂਦੇ ਹੋਣ ਦਾ ਪਤਾ ਲਗਾ ਤਦ ਉਨ੍ਹਾਂ ਨੇ ਆਪ ਨੂੰ ਸੱਦਾ ਪੱਤਰ ਭੇਜ ਕੇ ਆਪਣੇ ਪੁਰਾਣੇ ਬਦੇਸੀ ਮਿਤਰਾਂ ਨੂੰ ਮਿਲਣ ਦੀ ਬੇਨਤੀ ਕੀਤੀ।

ਪਹਿਲਾਂ ਆਪ ਅਫਰੀਕਾ ਨਿਵਾਸੀ ਪੰਜਾਬੀ ਸੱਜਣਾਂ ਦੇ ਨਿਮੰਤ੍ਰਣ ਤੇ 1951 ਦੇ ਸ਼ੁਰੂ ਵਿਚ ਪੂਰਬੀ ਅਫਰੀਕਾ ਗਏ। ਉਥੇ ਸੈਰ ਸਪਾਟਾ ਵੀ ਕਰਦੇ ਰਹੇ ਤੇ ਗੁਰਦਵਾਰੇ ਵਿਚ ਗਰੰਥੀ ਦੀ ਸੇਵਾ ਵੀ ਨਿਭਾਉਂਦੇ ਰਹੇ ਜਿਸ ਨਾਲ ਪਿਛੇ ਪਰਵਾਰ ਦੀ ਰੋਟੀ ਤੁਰੀ ਰਹੀ। ਉਥੋਂ ਹੀ, ਇੰਗਲੈਂਡ ਰਾਹੀਂ, ਅਮਰੀਕਾ ਤੇ ਕੈਨੇਡਾ ਜਾ ਨਿਕਲੇ ਜਿਥੋਂ 19 ਜੁਲਾਈ 1958 ਨੂੰ ਵਾਪਸ ਪੰਜਾਬ ਆ ਪਹੁੰਚੇ। ਪਰ ਇਹ ਆਪ ਦੀ ਅੰਤਮ ਪਰਦੇਸ ਯਾਤਰਾ ਨਹੀਂ ਸੀ।

Sri Satguru Jagjit Singh Ji Elibrary NamdhariElibrary@gmail com

## ਸਵਰਗਵਾਸ :

ਕੁਦਰਤ ਦੇ ਰੰਗ ਕਿੰਨੇ ਨਿਆਰੇ ਹਨ ! ਭਰ ਜੁਆਨੀ ਵਿਚ ਸਰੀਰ ਵਿਚ ਵੀ ਗਰਮ-ਜੋਸ਼ੀ ਹੁੰਦੀ ਹੈ ਤੇ ਕੁਦਰਤ ਨੇ ਵੀ ਉਦੋਂ ਆਪ ਨੂੰ ਮੁਲਤਾਨ ਦੀ ਗਰਮੀ ਲਵਾਦੀ ਸੀ। ਬੁਢੇਪੇ ਵਿਚ ਸਰੀਰ ਠੰਢਾ ਰਹਿਣ ਲਗ ਜਾਂਦਾ ਹੈ, ਤਦ ਕੁਦਰਤ ਨੇ ਹੀ, ਬੁਢੇਪੇ ਦੇ ਸਿਖਰ ਤੇ 'ਦੁਖੀ' ਜੀ ਨੂੰ ਇੰਗਲੈਂਡ ਦੀ ਸਰਦੀ ਦਾ ਮਜ਼ਾ ਚਖਾਉਣ ਲਈ ਇੰਗਲੈਂਡ ਯਾਤਰਾ ਦਾ ਪ੍ਰੋਗਰਾਮ ਬਣਾ ਦਿਤਾ। ਕਿਸੇ ਨਿਜੀ ਵਿਹਾਰ ਕਾਰਨ ਮਾਰਚ 1969 ਤੋਂ ਤਿੰਨ ਕੁ ਮਹੀਨਿਆਂ ਲਈ ਆਪ ਨੂੰ ਇੰਗਲੈਂਡ ਵਿਚ ਰਹਿਣਾ ਪਿਆ।

'ਦੁਖੀ' ਜੀ ਵਰਗੇ ਸਾਦਗੀ ਪਸੰਦ ਅਤੇ ਸਿਆਣੀ ਉਮਰ ਦੇ ਵਿਅਕਤੀਆਂ ਨੂੰ ਇੰਗਲੈਂਡ ਦਾ ਪੌਣ ਪਾਣੀ ਰਾਸ ਬੈਠ ਸਕਣਾ ਅਸੰਭਵ ਜੇਹੀ ਗਲ ਜਾਪਦੀ ਸੀ। ਲਗਪਗ ਤਿੰਨ ਮਹੀਨਿਆਂ ਦੀ ਦੌੜ ਭਜ ਵਿਚ ਹੋਏ ਸਰਦੀ ਦੇ ਹਮਲੇ ਕਾਰਨ ਆਪ ਅਧਰੰਗ ਦੇ ਰੋਗ ਦੇ ਸ਼ਿਕਾਰ ਹੋ ਗਏ। ਮਜਬੂਰ ਹੋ ਕੇ ਉਹ ਦੇਸ਼ ਪਰਤ ਆਏ। ਇਥੇ ਆ ਕੇ ਉਹ ਡਾਕਟਰਾਂ ਤੇ ਹਸਪਤਾਲਾਂ ਦੇ ਚਕਰ ਵਿਚ ਪੈ ਗਏ। ਲਗਪਗ ਛੇ ਕੁ ਮਹੀਨੇ ਇਸ ਰੋਗ ਨਾਲ ਜੂਝਣ ਵਿਚ ਸਰੀਰ ਦੀ ਰਹਿੰਦੀ ਤਾਕਤ ਵੀ ਖਰਚੀ ਗਈ ਪਰ ਆਪ ਨੇ ਹੌਸਲਾ ਨਾ ਹਾਰਿਆ।

ਪੰਜਾਬੀ ਦੇ ਪ੍ਰਸਿਧ ਗਜ਼ਲਗੋ, ਸਰਦਾਰ ਸਾਧੂ ਸਿੰਘ ਹਮਦਰਦ ਆਪ ਦੇ ਸ਼ਾਗਿਰਦ ਸਨ ਜਿਸ ਕਰ ਕੇ ਹਮਦਰਦ ਪਰਵਾਰ ਨਾਲ 'ਦੁਖੀ' ਪਰਵਾਰ ਦਾ ਅਤਿਅੰਤ ਪਿਆਰ ਸੀ। ਹਮਦਰਦ ਜੀ ਦੀ ਪਹਿਲੀ ਸੁਪਤਨੀ, ਸ੍ਰੀਮਤੀ ਨਿਰੰਜਨ ਕੌਰ ਦੇ 25 ਅਗਸਤ 1970 ਨੂੰ ਅਕਾਲ ਚਲਾਣਾ ਕਰ ਜਾਣ ਦੀ ਖਬਰ ਸੁਣ ਕੇ 'ਦੁਖੀ' ਜੀ ਦੀ ਜੀਵਨ ਸਾਥਣ, ਸ੍ਰੀਮਤੀ ਰਾਜ ਕੌਰ ਵੀ 27 ਅਗਸਤ ਨੂੰ 'ਦੁਖੀ' ਜੀ ਦੀ ਬਾਂਹ ਦੁਖਾਂ ਦੇ ਹਥ ਫੜਾ ਕੇ ਸਦੀਵੀ ਵਿਛੋੜਾ ਦੇ ਗਏ।[1] ਇਨ੍ਹਾਂ ਦੋਹਾਂ ਮੌਤਾਂ ਨੇ 'ਦੁਖੀ' ਜੀ ਦਾ ਲੱਕ ਤੋੜ ਦਿਤਾ। ਜਿਹੜੇ 'ਦੁਖੀ' ਜੀ ਜੀਵਨ ਭਰ ਕਸ਼ਟਾਂ ਦੀ ਭੱਠੀ ਵਿਚ ਪਏ ਰਹਿਣ ਨਾਲ ਮਜ਼ਬੂਤ ਹੋ ਚੁਕੇ ਸਨ, ਹੁਣ ਉਨ੍ਹਾਂ ਦਾ ਦਿਲ ਵੀ ਢਹਿ ਗਿਆ। ਉਹ ਮੌਤ ਦੇ ਫਰਿਸ਼ਤੇ ਨੂੰ ਉਡੀਕਣ ਲਗ ਪਏ। ਸਖਤ ਬੀਮਾਰੀ ਦੀ ਹਾਲਤ ਵਿਚ ਇਕ ਵਾਰੀ ਪਹਿਲਾਂ ਵੀ ਉਹ ਇਸ ਨੂੰ ਆਵਾਜ਼ ਮਾਰ ਚੁਕੇ ਸਨ, ਭਾਵੇਂ ਉਸ ਨੇ ਇਹ ਆਵਾਜ਼ ਉਦੋਂ ਅਣਸੁਣੀ ਕਰ ਛੱਡੀ ਸੀ:—

> ਉਠੀਆਂ ਬ੍ਰਿਹਾ ਚਿਸਕ ਚੀਸਾਂ ਨੇ।
> ਪੁਗੀਆਂ ਵਸਲ ਦੀਆਂ ਤਰੀਕਾਂ ਨੇ।
> ਕਦ ਜਿਸਮ ਜੇਲ੍ਹ 'ਚੋਂ ਨਜ਼ਾਤ ਮਿਲੂ ?
> ਆ ਸਜਣ, ਤੇਰੀਆਂ ਉਡੀਕਾਂ ਨੇ।[2] (ਮੌਤ ਦੇ ਫਰਿਸ਼ਤੇ ਨੂੰ)

ਮਾਤਾ ਰਾਜ ਕੌਰ ਦੇ ਸਵਾਸ ਪੂਰੇ ਹੋਣ ਦੇ ਦਿਨ ਤੋਂ ਹੀ ਆਪ ਨੇ ਆਪਣੇ ਸਜਣਾਂ ਮਿਤਰਾਂ ਨੂੰ ਦਸਣਾ ਸ਼ੁਰੂ ਕਰ ਦਿਤਾ ਸੀ ਕਿ ਉਹ ਖਿਚ ਧੂਹ ਕੇ ਤਿੰਨ-ਚਾਰ ਮਹੀਨੇ ਕੁਝ ਬੜੀ ਮੁਸ਼ਕਲ ਨਾਲ ਹੀ ਕਢ ਸਕਣਗੇ। ਉਹੀ ਗੱਲ ਹੋਈ। 1970 ਦੇ ਅੰਤ ਤੇ ਆਪ

---

1. ਰੋਜ਼ਾਨਾ ਅਜੀਤ, ਜਲੰਧਰ, 31 ਅਗਸਤ 1970.
2. ਇਹ ਰਚਨਾ 5 ਅਕਤੂਬਰ 1961 ਦੀ ਹੈ

Sri Satguru Jagjit Singh Ji Elibrary NamdhariElibrary@gmail.com

ਦੀ ਸਿਹਤ ਜੁਆਬ ਦੇਣ ਦੇ ਚਿੰਨ੍ਹ ਪ੍ਰਗਟ ਕਰਨ ਲਗ ਪਈ। ਅੰਤ ਸਮਾਂ ਨੇੜੇ ਆਇਆ ਜਾਣ ਕੇ 'ਦੁਖੀ' ਜੀ ਨੇ ਪੰਜਾਬੀ ਸਾਹਿਤ ਨੂੰ ਅੰਤਮ ਰੁਬਾਈ ਦਿਤੀ ਜੋ ਆਪਣੇ ਹੀ ਕੰਬਦਿਆਂ ਹੱਥਾਂ ਨਾਲ, ਸਰ੍ਹਾਣੇ ਪਏ ਇਕ ਰਸਾਲੇ ਤੇ ਨੋਟ ਕਰਨ ਦੇ ਆਪ ਦੇ ਜਤਨ ਸਦਕਾ ਸਾਂਭੀ ਗਈ :

ਛਾ ਗਿਆ ਬੱਦਲ ਅਜਲ ਦਾ ਛਾ ਗਿਆ।
ਖਾ ਗਿਆ ਘੁਣ ਦੁਖ ਹਡਾਂ ਨੂੰ ਖਾਗਿਆ।
ਚਾਰ ਦਿਨ ਦਾ ਪ੍ਰਾਹੁਣਾ ਹੁਣ 'ਦੁਖੀ'।
ਆ ਗਿਆ ਹੁਣ ਵਕਤ ਨੇੜੇ ਆ ਗਿਆ।

ਤੇ ਇਹ ਵਕਤ ਦੋ ਦਿਨਾਂ ਪਿਛੋਂ, 26 ਜਨਵਰੀ 1971 ਨੂੰ ਆ ਢੁਕਾ ਜਦੋਂ ਮੌਤ ਦੇ ਫਰਿਸ਼ਤੇ ਨੇ ਉਨ੍ਹਾਂ ਦੀ ਆਵਾਜ਼ ਸੁਣ ਕੇ ਇਸ ਅਮੁਲੇ ਹੀਰੇ ਨੂੰ ਪੰਜਾਬੀ ਸਾਹਿਤ ਸੰਸਾਰ ਤੋਂ ਝੁਟ ਮਾਰਕੇ ਖੋਹ ਲਿਆ। ਪਹਿਲਾਂ ਦੇਸ ਦੀ ਰਾਜਨੀਤਕ ਸੁਤੰਤਰਤਾ ਲਈ ਤੇ ਫਿਰ ਪੂਰਨ ਸਵਰਾਜ ਲਈ ਜੂਝਣ ਵਾਲੇ 'ਦੁਖੀ' ਜੀ ਨੇ ਆਪਣੇ ਅੰਤਮ ਸਵਾਸ ਵੀ ਪੂਰਨ ਸਵਰਾਜ ਦੇ ਦਿਨ ਹੀ ਲਏ। ਕੁਦਰਤ ਨੇ ਕਿੰਨਾਂ ਨਿਆਰਾ ਸੁਮੇਲ ਪੈਦਾ ਕੀਤਾ !

## ਵਿਅਕਤਿਤਵ :

'ਦੁਖੀ' ਜੀ ਦਾ ਕੱਦ ਛੇ ਫੁਟ,[1] ਰੰਗ ਸੁਨੱਖਾ ਤੇ ਮੱਥਾ ਚੌੜਾ ਸੀ। ਉਹ ਆਪਣੇ ਦੁਧ ਚਿਟੇ ਦਾੜ੍ਹੇ ਨੂੰ ਹਮੇਸ਼ਾ ਖੁਲ੍ਹਾ ਰਖਦੇ ਸਨ। ਆਪ ਦਾ ਸੁਭਾਉ ਬੜਾ ਨਰਮ ਤੇ ਸ਼ਾਂਤ ਸੀ। ਨਿਡਰਤਾ, ਨਿਰਪਖਤਾ ਤੇ ਨਿਧੜਕਤਾ ਉਨ੍ਹਾਂ ਨੂੰ ਗਦਰ ਲਹਿਰ ਦੀ ਦੇਣ ਸੀ ਅਤੇ ਨਿਮਰਤਾ ਸੰਤ ਜਨਾਂ ਦੀ ਸੰਗਤ ਤੇ ਗ੍ਰੰਥਾਂ ਦੇ ਅਧਿਐਨ ਦਾ ਸਿਟਾ। ਇਸ ਸਬੰਧ ਵਿਚ ਉਹ ਬਚਪਨ ਵਿਚ ਪੜ੍ਹੇ ਹੋਏ ਸਾਰਕੁਤਾਵਲੀ ਦੇ ਇਕ ਸਵੱਯੇ[2] ਨੂੰ ਅਕਸਰ ਸਾਹਮਣੇ ਰਖਦਿਆਂ ਹੋਇਆਂ ਕਿਹਾ ਕਰਦੇ ਸਨ ਕਿ ਮਹਾਨ ਗ੍ਰੰਥ ਪੜ੍ਹਨ ਨਾਲ ਮਨੁਖ ਵਿਚ ਨਿਮਰਤਾ ਆਉਣੀ ਚਾਹੀਦੀ ਹੈ ਪਰ ਨੀਚ ਮਨੁਖਾਂ ਵਿਚ ਇਸ ਦਾ ਅਸਰ ਉਲਟਾ ਵੀ ਹੋ ਜਾਂਦਾ ਹੈ।

---

1. ਮਾਸਕ ਜੀਵਨ, ਦੇਹਲੀ, ਜਨਵਰੀ 1953, ਪੰਨਾ 40.
2. ਇਹ ਵਦ ਕੋ ਗਿਆਨ ਸੁਜਾਨਨ ਕੋ, ਅਭਿਮਾਨ ਮਦਾਦਿ ਬਿਕਾਰ ਵਿਨਾਸੇ।
ਪੁਨ ਕੋਚਿਤ ਨੀਚਨ ਕੋ ਯਹ ਬੋਧ ਮਦੇ ਅਭਿਮਾਨ ਵਿਕਾਰ ਨਿਵਾਸੇ।
ਅਰ ਅੰਮ੍ਰਿਤ ਜਾਸ ਹਲਾਹਲ ਹਵੈ, ਤਹਿ ਔਖਧ ਵੈਦ ਨਹੀਂ ਕਛੂ ਭਾਸੇ।
ਜਨ ਪਾਤ੍ਰ ਕੁਪਾਤ੍ਰ ਕੋ ਸੋਧ ਕੇ ਬੋਧ ਕਰ ਬੁਧਿਮਾਨ ਜੋ ਬੋਧ ਪ੍ਰਕਾਸੇ (ਸਾਰਕੁਤਾਵਲੀ, ਅਧਿ : 3, ਸਲੋਕ 2) ਅਰਥਾਤ ਗ੍ਰੰਥਾਂ ਦਾ ਅਧਿਐਨ ਜਾਂ ਗਿਆਨ ਮਨੁਖ ਵਿਚੋਂ ਮਦ, ਹੰਕਾਰ ਆਦਿ ਵਿਕਾਰਾਂ ਨੂੰ ਦੂਰ ਕਰਦਾ ਹੈ ਪਰ ਕਈ ਨੀਚ ਬੰਦਿਆਂ ਵਿਚ ਇਸੇ ਗਿਆਨ ਜਾਂ ਅਧਿਐਨ ਕਾਰਨ ਸਗੋਂ ਇਹ ਵਿਕਾਰ ਹੋਰ ਪੈਦਾ ਵੀ ਹੋ ਜਾਂਦੇ ਹਨ। ਜ਼ਹਿਰ ਦੇ ਮਾਰੂ ਅਸਰ ਤੋਂ ਬਚਣ ਲਈ ਅੰਮ੍ਰਿਤ ਛਕਿਆ ਜਾਂਦਾ ਹੈ ਪਰ ਜੇ ਕਿਸੇ ਵਲੋਂ ਛਕਿਆ ਗਿਆ ਅੰਮ੍ਰਿਤ ਹੀ ਉਸ ਦੇ ਅਦਰ ਜਾ ਕੇ ਜ਼ਹਿਰ ਦਾ ਰੂਪ ਧਾਰਨ ਕਰ ਲਵੇ ਉਸ ਦਾ ਇਲਾਜ ਨਾ ਕੋਈ ਵੈਦ ਕਰ ਸਕਦਾ ਹੈ ਤੇ ਨਾ ਹੀ ਕਈ ਦਵਾਈ। ਇਸ ਲਈ ਬੁਧੀਵਾਨ ਸਿਖਿਆਦਾਤੇ ਨੂੰ ਚਾਹੀਦਾ ਹੈ ਕਿ ਉਹ ਸਿਖਿਆਰਥੀ ਦੀ ਯੋਗਤਾ-ਅਯੋਗਤਾ ਨੂੰ ਪਹਿਲਾਂ ਵਿਚਾਰ ਕੇ ਹੀ ਉਸ ਨੂੰ ਸਿਖਿਆ ਦੇਵੇ।

Sri Satguru Jagjit Singh Ji Elibrary NamdhariElibrary@gmail com

'ਦੁਖੀ' ਜੀ ਬੜੇ ਸ਼ਾਂਤ ਸੁਭਾਵੀ ਸਨ। ਕਿੰਨਾ ਵੀ ਨੁਕਸਾਨ ਹੋ ਜਾਇ, ਉਨ੍ਹਾਂ ਦੇ ਮੱਥੇ ਤੇ ਤਿਊੜੀ ਦੇਖਣ ਨੂੰ ਵੀ ਨਹੀਂ ਸੀ ਲੱਭਦੀ। ਆਪ ਦੀ ਸ਼ਖ਼ਸੀਅਤ ਇੰਨੀ ਪ੍ਰਭਾਵਸ਼ਾਲੀ ਸੀ ਕਿ ਜੇ ਕੋਈ ਵਿਅਕਤੀ ਕੁਝ ਪਲ ਵੀ ਆਪ ਨਾਲ ਗਲ ਬਾਤ ਕਰ ਲੈਂਦਾ ਤਦ ਇਹ ਉਸ ਨੂੰ ਵੀ ਆਪਣੇ ਵਰਗਾ ਹੀ ਕਰ ਲੈਂਦੇ ਸਨ।[1] ਜਦੋਂ ਆਪ ਜੇਲ੍ਹਾਂ ਵਿਚ ਕੈਦ ਭੁਗਤ ਰਹੇ ਸਨ ਤਦ ਇਸੇ ਕਰ ਕੇ ਹੀ ਜੇਲ੍ਹ ਅਧਿਕਾਰੀਆਂ ਨੂੰ ਸਰਕਾਰ ਵਲੋਂ ਉਚੇਰੀਆਂ ਹਦਾਇਤਾਂ ਹੁੰਦੀਆ ਸਨ ਕਿ ਉਹ ਆਪ ਨਾਲ ਕਿਸੇ ਵੀ ਵਿਅਕਤੀ ਨੂੰ ਗੱਲ ਕਰਨ ਦਾ ਮੌਕਾ ਨਾ ਦੇਣ।

ਆਪ ਸਾਦਗੀ ਪਸੰਦ ਸਨ। ਉਨ੍ਹਾਂ ਦੇ ਸਿਰ ਤੋਂ ਲੈ ਕੇ ਪੈਰਾਂ ਤਕ ਖੱਦਰ ਦੇ ਸਫੈਦ ਕਪੜੇ ਹੀ ਪਹਿਨੇ ਹੋਏ ਹੁੰਦੇ ਸਨ। ਜੇ ਕਦੇ ਕੋਈ ਅਜਿਹੇ ਲਿਬਾਸ ਤੇ ਕਿੰਤੂ ਕਰਦਾ ਤਦ ਆਪ ਸਿੱਧੀ ਤੇ ਦੋਹਰਫੀ ਗਲ ਸੁਣਾਉਂਦੇ ਹੋਏ ਕਹਿੰਦੇ, "ਜਿਸ ਨੇ ਮੇਰੇ ਵਿਚੋਂ ਕੋਈ ਗੁਣ ਜਾਂ ਚੰਗਿਆਈ ਲਭਣੀ ਹੋਵੇਗੀ, ਉਸ ਨੇ ਮੇਰੀ ਦਾੜ੍ਹੀ ਹਿਲਦੀ ਨਹੀਂ ਦੇਖਣੀ"

ਆਪ ਮਹਾ ਵਿਦਵਾਨ ਤੇ ਕਾਵਿ ਉਸਤਾਦ ਸਨ। ਗੱਲ ਕੇਵਲ ਸਾਹਿਤਕ ਵਿਦਵਤਾ ਦੀ ਹੀ ਨਹੀਂ; ਸਗੋਂ ਇਹ ਗਿਆਨ ਬਹੁ-ਪੱਖੀ ਸੀ। ਜੋਤਸ਼ ਵਿਚ ਵੀ ਆਪ ਦੀ ਗਹਿਰੀ ਦਿਲਚਸਪੀ ਸੀ। ਸੁਤ ਵਿਦਿਆ ਨੂੰ ਵੀ ਆਪ ਚੰਗੀ ਤਰ੍ਹਾਂ ਸਮਝਦੇ ਤੇ ਆਪਣੇ ਰੋਜ਼ਾਨਾ ਜੀਵਨ ਵਿਚ ਪ੍ਰਯੋਗ ਵਿਚ ਵੀ ਲਿਆਉਂਦੇ ਸਨ। ਜਦੋਂ ਆਪ ਹਥ-ਰੇਖਾ ਗਿਆਨ ਦਾ ਪ੍ਰਦਰਸਨ ਕਰਦੇ ਤਾਂ ਗੱਲ ਕਰਨ ਵਾਲੇ ਨੂੰ ਹੈਰਾਨੀ ਵਿਚ ਪਾ ਦਿੰਦੇ ਸਨ। ਕੈਨੇਡਾ ਵਿਚ ਰਹਿਣ ਸਮੇਂ ਆਪ ਨੇ ਹਿਪਨੋਟਿਜ਼ਮ ਤੇ ਵੀ ਕਾਫੀ ਹੱਥ ਅਜ਼ਮਾਇਆ ਹੋਇਆ ਸੀ। ਆਯੁਰਵੈਦਿਕ ਦੇ ਟੋਟਕੇ ਵੀ ਆਪ ਦੇ ਬੁਲ੍ਹਾਂ 'ਤੇ ਹੀ ਹੁੰਦੇ ਸਨ। ਨਿਰਸੰਦੇਹ ਆਪ ਦੇ ਗਿਆਨ ਦਾ ਘੇਰਾ ਇੰਨਾ ਵਿਸ਼ਾਲ ਸੀ ਕਿ ਆਪ ਨੂੰ ਹਰ-ਫਨ-ਮੌਲਾ ਕਹਿਣਾ ਕੋਈ ਅਤਿਕਥਨੀ ਨਹੀਂ ਜਾਪਦੀ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਆਪ ਵਿਚ ਵਿਦਿਆ-ਅਭਿਮਾਨ ਨਾ ਮਾਤਰ ਵੀ ਨਹੀਂ ਸੀ।

ਬਹੁਤ ਸਾਰੇ ਪੰਜਾਬੀ ਪਿਆਰਿਆਂ ਨਾਲ ਆਪ ਦੇ ਬੜੇ ਨੇੜੇ ਦੇ ਸਬੰਧ ਸਨ। ਪਹਿਲਾਂ ਤਾਂ ਮਾਸਕ 'ਕਵੀ' ਨੇ ਆਪ ਨੂੰ ਸਾਹਿਤਕ ਹਲਕਿਆਂ ਵਿਚ ਕਾਫੀ ਪ੍ਰਸਿਧ ਕਰ ਦਿਤਾ ਸੀ ਕਿਉਂ ਕੁ ਇਹ ਪਰਚਾ ਪੰਜਾਬੀ ਦੇ ਲਗਪਗ ਸਾਰੇ ਵਿਦਵਾਨਾਂ ਦਾ ਸਨੇਹ ਪ੍ਰਾਪਤ ਕਰ ਚੁਕਾ ਸੀ। ਦੂਜੇ, ਪੰਜਾਬੀ ਕਾਨਫਰੰਸਾਂ ਅਤੇ ਕਵੀ ਦਰਬਾਰਾਂ ਵਿਚ ਪ੍ਰਸਪਰ ਮੇਲ ਦੇ ਸੁਹਣੇ ਮਕੇ ਮਿਲਦੇ ਸਨ। ਇਨ੍ਹਾਂ ਕਾਰਨਾਂ ਤੋਂ ਬਿਨਾਂ, ਭਾਈ ਮੋਹਨ ਸਿੰਘ ਵੈਦ ਨਾਲ ਆਪ ਦੇ ਸਬੰਧਾਂ ਨੂੰ ਵੀ ਪੰਜਾਬੀ ਲੇਖਕਾਂ-ਕਵੀਆਂ ਦੇ ਸੰਪਰਕ ਵਿਚ ਲਿਆਉਣ ਦਾ ਕਾਰਨ ਮੰਨਿਆ ਜਾ ਸਕਦਾ ਹੈ। ਆਪ ਜਦੋਂ ਕਦੇ ਅੰਮ੍ਰਿਤਸਰ ਵਲ ਜਾਂਦੇ ਤਦ ਮੁਖ ਤੌਰ ਤੇ ਆਪ ਦੀ ਰਹਾਇਸ਼ ਵੈਦ ਜੀ ਕੋਲ ਹੀ ਹੁੰਦੀ ਸੀ। ਜਿਨ੍ਹਾਂ ਸਜਣਾਂ ਦਾ ਵੈਦ ਜੀ ਕੋਲ ਆਉਣ ਜਾਣ ਹੁੰਦਾ ਜਾਂ ਉਨ੍ਹਾਂ ਨਾਲ ਨੇੜ ਹੁੰਦਾ ਉਨ੍ਹਾਂ ਨਾਲ ਆਪ ਦੇ ਸਬੰਧ ਜੁੜ

---

1. ਨਿਰੰਜਨ ਸਿੰਘ ਤਾਂਘੀ, 'ਇਕ ਮਹਾਨ ਆਦਰਸ਼ਵਾਦੀ ਸ਼ਖ਼ਸੀਅਤ—ਮਨਸ਼ਾ ਸਿੰਘ 'ਦੁਖੀ'', ਮਾਸਕ ਜਾਗ੍ਰਤੀ, ਚੰਡੀਗੜ੍ਹ, ਫਰਵਰੀ 1972, ਪੰਨਾ 24.

Sri Satguru Jagjit Singh Ji Elibrary NamdhariElibrary@gmail.com

ਜਾਣੇ ਕੁਦਰਤੀ ਗਲ ਸੀ। ਇਨ੍ਹਾਂ ਪੰਜਾਬੀ ਪਿਆਰਿਆਂ ਵਿਚ ਅਸੀਂ ਪ੍ਰਿੰਸੀਪਲ ਤੇਜਾ ਸਿੰਘ, ਕਰਤਾਰ ਸਿੰਘ ਹਿਤਕਾਰੀ, ਧਨੀ ਰਾਮ ਚਾਤ੍ਰਿਕ, ਦੀਵਾਨ ਸਿੰਘ ਕਾਲੇਪਾਣੀ, ਗੁਰਾਂਦਿਤਾ ਖੰਨਾ, ਚਰਨ ਸਿੰਘ 'ਸ਼ਹੀਦ', ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਵੀਰ ਸਿੰਘ ਆਦਿ ਦੇ ਨਾਂ ਗਿਣ ਸਕਦੇ ਹਾਂ। ਸੁਦਾਗਰ ਸਿੰਘ 'ਭਿਖਾਰੀ' ਤਾਂ 'ਕਵੀ ਕੁਟੀਆ' ਦੇ ਪ੍ਰਬੰਧ ਵਿਚ ਆਪ ਦੀ ਸੱਜੀ ਬਾਂਹ ਹੁੰਦੇ ਸਨ। ਇਹ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਜਾਂ ਅਜਿਹੇ ਹੋਰ ਮਹਾਨ ਲੇਖਕਾਂ-ਕਵੀਆਂ ਨਾਲ ਆਪ ਦੇ ਸਬੰਧਾਂ ਜਾਂ ਉਨ੍ਹਾਂ ਦੀ ਡੂੰਘਾਈ ਬਾਰੇ ਆਪ ਦੇ ਕਾਗਜ਼ਾਂ ਵਿਚੋਂ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ ਜਿਹੜੇ ਕਾਗਜ਼ ਇਸ ਕਾਰਜ ਵਿਚ ਸਹਾਈ ਹੋ ਸਕਦੇ ਸਨ ਉਹ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੀ ਪੁਲਸ ਦੀ ਕਰੋਪੀ ਦਾ ਸ਼ਿਕਾਰ ਹੋ ਚੁਕੇ ਸਨ।

ਉਮਰ ਦਾ ਬਹੁਤਾ ਹਿੱਸਾ ਆਪ ਪਰਵਾਰ ਨਾਲੋਂ ਟੁਟੇ ਹੀ ਰਹੇ ਸਨ। ਆਪ ਬੱਚਿਆਂ ਨੂੰ ਬਹੁਤ ਪਿਆਰਦੇ ਸਨ। "ਬੱਚਿਆਂ ਦੀਆਂ ਮੁਸਕਾਨਾਂ ਮੇਰੀ ਜ਼ਿੰਦਗੀ ਦਾ ਹਮੇਸ਼ਾ ਹੁਲਾਰਾ ਰਹੀਆਂ ਹਨ ਇਨ੍ਹਾਂ ਮੁਸਕਾਨਾਂ ਦੇ ਪਿਆਰ ਨੇ ਮੇਰੀ ਕਲਮ ਨੂੰ ਜਵਾਨੀ ਬਖਸ਼ੀ ਹੈ ਮੈਂ ਸਾਰੀ ਦੁਨੀਆਂ ਦੇ ਬੱਚਿਆਂ ਨੂੰ ਆਪਣੇ ਬੱਚੇ ਸਮਝਦਾ ਹਾਂ ਬੱਚਾ ਕਿਸੇ ਗਵਾਂਢੀ ਦਾ ਵੀ ਰੋਵੇ ਤਾਂ ਮੈਂ ਬੇਚੈਨ ਹੋ ਜਾਂਦਾ ਹਾਂ" ਉਹ ਭਾਵਕ ਹੋ ਕੇ ਕਿਹਾ ਕਰਦੇ ਸਨ।[1]

'ਦੁਖੀ' ਜੀ ਦਰਬਾਰੀ ਕਵੀ ਸਨ। ਕਵੀ ਹੋਣ ਦੇ ਨਾਲ ਨਾਲ ਇਕ ਚੰਗੇ ਧੜੱਲੇਦਾਰ ਵਕਤਾ ਵੀ ਸਨ। ਜਨਤਾ ਵਿਚ ਬੋਲਣ ਦਾ ਆਪ ਦਾ ਢੰਗ ਵੀ ਵਿਲੱਖਣ ਸੀ। ਉਨ੍ਹਾਂ ਜ਼ਮਾਨਿਆਂ ਵਿਚ, ਜਦੋਂ ਅਜੇ ਲਾਊਡ ਸਪੀਕਰਾਂ ਦੀ ਕਾਢ ਨਹੀਂ ਸੀ ਨਿਕਲੀ ਜਾਂ ਉਸ ਦੀ ਇੰਨੀ ਬਹੁਤੀ ਵਰਤੋਂ ਨਹੀਂ ਸੀ ਹੁੰਦੀ, ਵਡੇ ਵਡੇ ਇਕੱਠਾਂ ਨੂੰ ਸੰਬੋਧਨ ਕਰਨ ਸਮੇਂ ਆਪ ਦੀ ਆਵਾਜ਼ ਇਉਂ ਗਰਜਦੀ ਜਿਵੇਂ ਜੰਗਲ ਵਿਚ ਸ਼ੇਰ ਦੀ ਬੁਬਕ।

ਆਪ ਨੇ ਆਪਣੀ ਸਾਰੀ ਉਮਰ ਹੀ ਦੇਸ਼ ਅਤੇ ਕੌਮ ਦੇ ਲੇਖੇ ਲਾਈ ਸੀ। ਘਰ ਵੀ ਪੁਲਸ ਦੇ ਜਬਰ ਦਾ ਸ਼ਿਕਾਰ ਹੁੰਦਾ ਰਿਹਾ। ਜਿੰਨੇ ਅਤੇ ਜਿਹੋ ਜਿਹੇ ਤਸੀਹੇ ਆਪਣੇ ਜੀਵਨ ਵਿਚ ਆਪਣੇ ਵਤਨ ਵਾਸਤੇ ਆਪ ਨੂੰ ਸਹਿਣੇ ਪਏ, ਉਨ੍ਹਾਂ ਦੀ ਕਹਾਣੀ ਸੁਣ ਕੇ ਹੀ ਲੂੰ ਕੰਡੇ ਹੋ ਜਾਂਦੇ ਹਨ। ਇੰਨੀ ਕੁਰਬਾਨੀ ਵਾਲੀ ਆਤਮਾ ਦੀ ਸੁਤੰਤਰ ਭਾਰਤ ਵਿਚ ਪੁਛ ਗਿਛ ਤਾਂ ਕੀ ਹੋਣੀ ਸੀ; ਸਗੋਂ ਉਨ੍ਹਾਂ ਨੂੰ ਅਜ ਕੋਈ ਜਾਣਦਾ ਵੀ ਨਹੀਂ। ਕਦੇ ਕਦੇ ਆਪ ਦੇ ਮਨ ਵਿਚ, ਆਪਣੀ ਕੌਮ ਦੇ ਅਕ੍ਰਿਤਘਣ ਹੋਣ ਦੀ ਗੱਲ ਆਉਂਦੀ ਵੀ ਪਰ ਉਹ ਇਸ ਨੂੰ ਬੁਲ੍ਹਾਂ ਉਤੇ ਘਟ ਹੀ ਲਿਆਉਂਦੇ ਸਨ। ਉਹ ਸੋਚਦੇ ਸਨ ਕਿ ਜਿਥੇ ਕੋਈ ਸੁਣਨ ਵਾਲਾ ਹੀ ਨਹੀਂ ਉਥੇ ਗੱਲ ਕਰ ਕੇ ਇਸ ਦਾ ਮੁਲ ਗੁਆਉਣ ਦਾ ਕੀ ਫਾਇਦਾ?

'ਦੁਖੀ' ਜੀ ਦੇ ਸਰੀਰ ਨੂੰ ਅਜਿਹੀ ਮਿੱਟੀ ਲਗੀ ਹੋਈ ਸੀ ਕਿ ਆਪ ਕਦੇ ਵਿਹਲੇ ਨਹੀਂ ਸਨ ਬਹਿ ਸਕਦੇ। ਬੁਢੇਪੇ ਕਾਰਨ ਸਿਰ ਦੇ ਕੇਸ ਅਤੇ ਦਾਹੜਾ ਚਿਟਾ ਹੋ ਚੁਕਣ ਪਿਛੋਂ ਤਾਂ ਆਪ ਦੇ ਆਰਾਮ ਕਰਨ ਦੇ ਦਿਨ ਸਨ ਪਰ ਇਸ ਅਵਸਥਾ ਵਿਚ ਵੀ ਆਪ

1. ਸੂਬਾ ਸਿੰਘ, ਇਨਕਲਾਬੀ ਕਵੀ— ਮੁਨਸ਼ਾ ਸਿੰਘ 'ਦੁਖੀ', ਮਾਸਕ ਜਾਗ੍ਰਤੀ, ਚੰਡੀਗੜ੍ਹ, ਮਈ 1967 ਪਨਾ 2.

Sri Satguru Jagjit Singh Ji Elibrary NamdhariElibrary@gmail.com

ਆਪਣੇ ਮਨ ਨੂੰ ਕਿਸੇ ਨਾ ਕਿਸੇ ਪਾਸੇ ਰੁਝਾਈ ਰਖਦੇ ਸਨ। ਜੇ ਹੋਰ ਕੁਛ ਵੀ ਨਾ ਹੁੰਦਾ ਤਦ ਦਿਮਾਗੀ ਕਸਰਤ ਲਈ ਪੁਸਤਕਾਂ-ਰਸਾਲਿਆਂ ਦਾ ਸਹਾਰਾ ਹੀ ਲੈ ਲੈਂਦੇ। ਕਦੇ ਕਦੇ ਉਨ੍ਹਾਂ ਨੂੰ ਮਸਤੀ ਵਿਚ ਝੂਮ ਕੇ ਆਪਣੀਆਂ ਕਵਿਤਾਵਾਂ ਗਾਉਂਦਿਆਂ ਵੀ ਸੁਣਿਆ ਜਾ ਸਕਦਾ ਸੀ। ਇਹ ਪਤਾ ਨਹੀਂ ਤਾਂ ਉਹ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਈ ਗਾਉਂਦੇ ਸਨ ਜਾਂ ਇਸ ਸਰੀਰਕ ਬੁਢੇਪੇ ਵਿਚ ਵੀ ਮਨ ਤੇ ਸਰੀਰ ਦਾ ਕਾਇਆ-ਕਲਪ ਕਰਨ ਦੀ ਔਸ਼ਧੀ ਵਜੋਂ। ਇਨ੍ਹਾਂ ਦੇ ਨਾਲ ਭਾਵਰਸਾਂਮ੍ਰਿਤ, ਹਨੂਮਾਨ ਨਾਟਕ ਤੇ ਵੈਰਾਗ ਸ਼ੱਤਕਜੇਹੇ ਗਰੰਥਾਂ ਦੇ, ਜੁਆਨੀ ਸਮੇਂ ਪੜ੍ਹੇ ਹੋਏ ਅਤਿ ਪਿਆਰੇ ਛੰਦਾਂ ਤੋਂ ਲੈ ਕੇ ਗੁਰਪੁਰਬਾਂ ਨਮਿਤ ਲਿਖੇ ਗਏ ਕਿਤਾਬਚਿਆਂ ਵਿਚ ਛਪੀਆਂ ਆਪਣੀਆਂ ਕਾਵਿ ਟੁਕੜੀਆਂ ਅਤੇ ਗਦਰ-ਗੂੰਜਾਂ ਵਿਚਲੀਆਂ ਕਵਿਤਾਵਾਂ ਵੀ ਉਹ ਅਕਸਰ ਸ਼ਾਮਲ ਕਰ ਲੈਂਦੇ ਸਨ।

### ਸਰਕਾਰੀ ਸਹਾਇਤਾ :

'ਦੁਖੀ' ਜੀ ਨਿਸ਼ਕਾਮ ਦੇਸ਼ ਭਗਤ ਸਨ। ਆਪਣੇ ਇਸ ਅਮੁਲੇ ਰਸਕੇ ਨੂੰ ਆਪ ਨੇ ਕਦੇ ਵੀ ਪੈਸੇ ਨਾਲ ਨਹੀਂ ਸੀ ਤੋਲਿਆ। ਭਾਵੇਂ ਆਪ ਦੀਆਂ ਕੁਰਬਾਨੀਆਂ, ਅਜ ਦੇਸ਼ ਦੀ ਵਾਗ ਡੋਰ ਸੰਭਾਲੀ ਬੈਠੇ ਬਹੁਤੇ ਲੋਕਾਂ ਨਾਲੋਂ ਮਹੱਤਵਪੂਰਨ ਅਤੇ ਨਵੇਕਲੀ ਕਿਸਮ ਦੀਆਂ ਸਨ। ਫਿਰ ਵੀ ਆਪ ਨੇ ਨਿਜੀ ਮਨੋਰਥ ਲਈ ਕਦੇ ਕਿਸੇ ਅਗੇ ਹਥ ਨਹੀਂ ਸੀ ਅਡਿਆ। ਉਨ੍ਹਾਂ ਦੇ ਮਨ ਵਿਚ ਸਾਰੁਕਤਾਵਲੀ ਦਾ ਇਹ ਸਲੋਕ ਘਰ ਕਰ ਚੁਕਾ ਸੀ :

ਤਬ ਲਗ ਹੀ ਗੁਣ ਗੌਰਤਾ ਜਬ ਲਗ ਕਹੇ ਨ ਦੇਹ।  
ਦੇਹ ਕਹੇ ਤੇ ਖੇਹ ਸਭ, ਗੁਣ ਗੌਰਵ ਪਿਠ ਦੇਹ।[1]

ਪਤਾ ਨਹੀਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ, ਆਪ ਨੂੰ ਕਿਵੇਂ ਰਾਜਸੀ ਪੀੜਤਾਂ ਦੀ ਸ਼ਰੇਣੀ ਵਿਚ ਰਖਿਆ ਗਿਆ ਤੇ ਕਿਵੇਂ 150 ਰੁਪਏ ਪ੍ਰਤੀ ਮਹੀਨਾ ਦੀ ਸਰਕਾਰੀ ਸਹਾਇਤਾ ਲਾਈ ਗਈ? ਕੈਰੋਂ ਸਾਹਿਬ ਦੇ ਅੱਖਾਂ ਮੀਟ ਜਾਣ ਦੇ ਨਾਲ ਹੀ ਉਹਦਾ ਵੀ ਭੋਗ ਪੈ ਗਿਆ। ਫਿਰ ਕਦੋਂ, ਕਿਵੇਂ ਤੇ ਕਿਸ ਦੇ ਜਤਨਾਂ ਸਦਕਾ ਇਹ ਸਹਾਇਤਾ ਦੁਬਾਰਾ ਚਾਲੂ ਹੋਈ? ਇਸ ਬਾਰੇ ਕੁਛ ਕਹਿ ਸਕਣਾ ਅਸੰਭਵ ਹੈ। ਹਾਂ, ਇੰਨੀ ਗੱਲ ਜ਼ਰੂਰ ਹੈ ਕਿ ਆਪ ਨੂੰ ਇਹ ਰਕਮ ਆਪ ਦੇ ਅੰਤਮ ਸਵਾਸਾਂ ਤਕ ਮਿਲਦੀ ਰਹੀ।

ਸਾਰੀ ਉਮਰ ਵਿਚ ਆਪ ਨੇ ਆਰਥਕ ਕੰਗਾਲੀ ਹੀ ਖਰੀਦੀ ਹੋਣ ਕਰਕੇ ਉਸ ਸਮੇਂ ਵਿਚ ਬਹੁਤ ਵਡੀ ਗਿਣੀ ਜਾਂਦੀ ਇਹ ਸਹਾਇਤਾ ਵੀ 'ਦੁਖੀ' ਜੀ ਦਾ ਆਰਥਕ ਦੁਖ ਦੂਰ ਕਰਨ ਵਿਚ ਪੂਰੀ ਤਰ੍ਹਾਂ ਸਫਲ ਨਾ ਹੋ ਸਕੀ। ਫਲ ਸਰੂਪ, 'ਦੁਖੀ' ਜੀ ਸਾਰੀ ਉਮਰ ਦੁਖਾਂ ਤੋਂ ਨਜਾਤ ਨਾ ਪਾ ਸਕੇ।

### ਸਨਮਾਨ :

ਕਿੰਨੇ ਅਫ਼ਸੋਸ ਦੀ ਗਲ ਹੈ ਕਿ 'ਦੁਖੀ' ਜੀ ਵਲੋਂ ਰਾਜਨੀਤਕ ਖੇਤਰ ਵਿਚ ਘਾਲੀ ਘਾਲਣਾ ਦਾ ਜੋ ਸੁਤੰਤਰ ਭਾਰਤ ਦੀ ਸਰਕਾਰ ਨੇ ਵੇਲੇ ਸਿਰ ਤੇ ਚੋਖਾ ਮੁਲ ਨਹੀਂ ਪਾਇਆ ਤਦ ਸਾਹਿਤਕ ਖੇਤਰ ਵਿਚ ਖਿਲਾਰੀ ਗਈ ਖੁਸ਼ਬੂ ਦੀ ਕਦਰ ਕਿਸੇ ਸਬੰਧਤ ਵਿਭਾਗ ਜਾਂ ਬਹੁਤੀਆਂ ਸਾਹਿਤ ਸੰਸਥਾਵਾਂ ਨੇ ਵੀ ਨਾ ਪਾਈ। ਨਿਰਸੰਦੇਹ, 'ਦੁਖੀ' ਜੀ

1. ਸਾਰੁਕਤਾਵਲੀ, ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, ਅੰਕ : 14, ਛੰਦ 5.

Sri Satguru Jagjit Singh Ji Elibrary NamdhariElibrary@gmail com

ਨੇ ਪੰਜਾਬੀ ਸਾਹਿਤ ਭੰਡਾਰ ਦੀ ਝੋਲੀ ਭਰਨ ਵਿਚ ਜਿੰਨਾ ਹਿੱਸਾ ਪਾਇਆ ਹੈ ਜਿੰਨਾ ਅਜ ਕਲ੍ਹ ਵਡੇ ਵਡੇ ਸਰਕਾਰੀ ਤੇ ਗੈਰ-ਸਰਕਾਰੀ ਸਨਮਾਨ ਤੇ ਸਾਹਿਤਕ ਇਨਾਮ ਪ੍ਰਾਪਤ ਕਰਨ ਵਾਲੇ ਬਹੁਤੇ ਸਾਹਿਤਕਾਰਾਂ ਨੇ ਵੀ ਸ਼ਾਇਦ ਹੀ ਪਾਇਆ ਹੋਵੇ ਪਰ ਫਿਰ ਵੀ ਸਾਹਿਤ ਸਭਾਵਾਂ ਇਸ ਮਹਾਨ ਲੇਖਕ ਤੇ ਕਵੀ ਵਲੋਂ ਉਦਾਸੀਨ ਹੀ ਰਹੀਆਂ। ਇਹੋ ਕਾਰਨ ਹੈ ਕਿ ਆਪ ਦੇ ਹਿੱਸੇ ਬਹੁਤ ਹੀ ਘੱਟ ਸਨਮਾਨ ਆ ਸਕੇ, ਤੇ ਜਿਹੜੇ ਕੁਝ ਆਏ ਵੀ, ਉਹ ਵੀ ਆਪ ਦੇ ਸਨੇਹੀਆਂ ਸਬੰਧੀਆਂ ਅਤੇ ਗ਼ਦਰੀ ਸਾਥੀਆਂ ਦੇ ਜਤਨਾਂ ਦੇ ਫਲਸਰੂਪ।[1]

ਆਪ ਅਜੇ ਕਲਕੱਤੇ ਵਿਚ ਮਾਸਕ 'ਕਵੀ' ਦੀ ਸੰਪਾਦਨਾ ਕਰਦੇ ਸਨ ਜਦੋਂ ਆਪ ਸਿਖ ਲੀਗ ਦੇ ਵਾਰਸ਼ਕ ਸਮਾਗਮ ਦੇ ਸਬੰਧ ਵਿਚ ਸਜੇ ਕਵੀ ਦਰਬਾਰ ਤੋਂ ਵਾਪਸ ਪਰਤਣ ਸਮੇਂ ਅਕਤੂਬਰ 1929 ਵਿਚ ਕੁਝ ਦਿਨਾਂ ਲਈ ਅੰਮ੍ਰਿਤਸਰ ਵੀ ਠਹਿਰੇ। ਇਸ ਮੌਕੇ ਤੇ ਅੰਮ੍ਰਿਤਸਰ ਦੀ 'ਕਵੀ ਮੰਡਲੀ' ਵਲੋਂ ਇਸ 'ਕਾਵਿ-ਕੁਲ ਤਿਲਕ' ਦੀ ਭੇਟਾ ਕੀਤਾ ਗਿਆ ਮਾਣ ਪੱਤਰ, ਆਪ ਨੂੰ ਮਿਲਣ ਵਾਲਾ ਸ਼ਾਇਦ ਪਹਿਲਾ ਸਨਮਾਨ ਸੀ। ਇਸ ਦੀ ਵਿਲਖਣਤਾ ਇਸ ਗਲ ਵਿਚ ਸੀ ਕਿ ਕਵੀ ਦੇ ਸੰਪਾਦਕ ਨੂੰ ਭੇਟ ਕੀਤਾ ਗਿਆ ਇਹ ਮਾਣ-ਪੱਤ੍ਰ ਲਿਖਿਆ ਵੀ ਕਵਿਤਾ ਵਿਚ ਹੀ ਗਿਆ ਸੀ। ਇਸ ਦੇ ਕੇਵਲ ਦੋ ਬੰਦ ਹੀ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤੇ ਜਾ ਰਹੇ ਹਨ :

ਬਾਗਬਾਨ ਪਯਾਰਾ, ਸਾਡੇ ਦੁਖਾਂ ਦਾ ਸਹਾਰਾ 'ਦੁਖੀ',
ਚਮਕਦਾ ਸਿਤਾਰਾ ਏ, ਪੰਜਾਬ ਦਾ ਦੁਲਾਰਾ ਹੈ।
ਪ੍ਰੇਮ ਦਾ ਪਟਾਰਾ ਤੇ ਸਾਹਿਤ ਦਾ ਭੰਡਾਰਾ ਭਾਰਾ,
ਕਾਵਿਰਸ ਖੋਜੀਆਂ ਦਾ ਚਾਨਣ ਮੁਨਾਰਾ ਹੈ।
ਜਦ੍ਹਾਂ ਨੇ ਪੰਜਾਬ ਤੇ ਬੰਗਾਲ ਵਿਚ ਫੁੱਲ ਖਿੜੇ,
ਵਾਲਜੇ ਦੀ ਬੇਟੀ ਕਿਹੜਾ ਮਲਿਆ ਕਿਨਾਰਾ ਹੈ।
ਭਾਗ ਦੀ ਭੁਆਟਣੀ ਨੇ ਅਖੀਆਂ ਨਖੇੜ ਲਈਆਂ,
ਦੇਸ਼ ਪ੍ਰੇਮ ਬੱਧਾ ਸਾਥੋਂ ਹੋ ਗਿਆ ਨਿਆਰਾ ਹੈ।
ਪ੍ਰੇਮ ਦਿਆ ਰਾਗੀਆ, ਵਿਰਾਗੀਆ, ਤਿਆਗੀਆ ਤੂੰ,
ਆਪਣੀ ਸਿਤਾਰ ਜਿਥੇ ਬੈਠਾ ਹੈਂ ਵਜਾਈ ਜਾ।
ਕਾਵਯ ਨੂੰ ਸਜਾਈ ਜਾ ਖਿੜਾਈ ਜਾ ਸਾਹਿਤਯ ਬਾਗ,
'ਕੁਟੀਆ' ਵਸਾਈ ਜਾ ਤੇ 'ਕਵੀ' ਨੂੰ ਚਲਾਈ ਜਾ।
ਪ੍ਰੇਮ ਦੇ ਪਿਆਲੇ ਭਰ ਭਰ ਕੇ ਪਿਲਾਈ ਜਾ,
ਕਲੇਜੇ ਧੂਹਾਂ ਪਾਈ ਜਾ, ਹਸਾਈ ਜਾ, ਰੁਆਈ ਜਾ।
ਦਿਲਾਂ ਵਿਚ ਵਸ ਭਾਵੇਂ ਅਖੀਆਂ ਤੋ ਲੋਟ ਪਰ,
ਸੁਖ ਦਾ ਸੁਨੇਹਾ ਸਾਨੂੰ 'ਚਾਤ੍ਰਕ' ਪੁਜਾਈ ਜਾ।[2]

ਦੂਜਾ ਮਾਣ ਪੱਤਰ, 'ਕ੍ਰੋਮਲ ਕਲੀਆਂ' ਪੰਜਾਬੀ ਪ੍ਰਚਾਰਨੀ ਸਭਾ ਅੰਮ੍ਰਿਤਸਰ

1. ਮੁਨਸ਼ਾ ਸਿਘ 'ਦੁਖੀ', 'ਦੁਖੀ ਜੀਵਨ', ਮਾਸਕ ਸਾਹਿਤ ਤੇ ਕਲਾ, ਦਿੱਲੀ, ਅਕਤੂਬਰ 1968 ਪੰਨਾ 12.
2. ਮਾਸਕ 'ਕਵੀ' ਕਲਕੱਤਾ, ਜਿਲਦ 5, ਅੰਕ 6, ਪੰਨਾ 406, 7.

Sri Satguru Jagjit Singh Ji Elibrary NamdhariElibrary@gmail.com

ਵਲੋਂ ਹੈ, 'ਕੋਮਲ ਕਲੀਆਂ ਦਾ ਹਾਰ'। ਇਹ ਭਾਵੇਂ ਲਿਖਿਆ ਤਾਂ ਖੁਲ੍ਹੀ ਕਵਿਤਾ ਵਿਚ ਹੀ ਹੈ ਪਰ ਇਸ ਵਿਚ ਉਸਤਾਦੀ ਦੀ ਇਹ ਗੱਲ ਹੈ ਕਿ ਇਸ ਹਾਰ ਦੀ ਹਰ ਪੰਕਤੀ ਦੇ ਪਹਿਲੇ, ਫਿਰ ਵਿਚਕਾਰਲੇ ਤੇ ਫਿਰ ਅੰਤਲੇ ਅਖਰਾਂ ਦਾ ਹੇਠਾਂ ਨੂੰ ਜੋੜ ਕੀਤਾ ਜਾਵੇ ਤਦ ਪਾਠਕ ਦੇ ਪੱਲੇ ਪਵੇਗਾ 'ਕਲੀਆਂ ਵਲੋਂ, ਪਿਆਰੇ ਕਵੀ ਰਤਨ ਸ੍ਰੀਮਾਨ ਦੁਖੀ ਜੀਉ, ਜੀਉ ਆਇਆਂ ਨੂੰ, ਕਲੀਆਂ ਦਾ ਹਾਰ ਆਪ ਦੀ ਭੇਟ ਹੈ।' ਇਸ ਉਸਤਾਦੀ ਨੂੰ ਪਾਠਕਾਂ ਨਾਲ ਸਾਂਝਿਆਂ ਕਰਨ ਖਾਤਰ ਇਹ ਪੂਰੇ ਦਾ ਪੂਰਾ ਹੀ ਹਾਜ਼ਰ ਹੈ :

ਕਵਿਤਾ ਵੇਖੀ ਜਦੋਂ, ਸ੍ਰੀ ਪਤ ਗਏ ਵਿਕ ।
ਲੀਤਾ ਆ ਕੇ ਰੂਪ, ਮਾਨੁਖੀ ਧਰ ਤਲੀ ।
ਆਂਦਾ ਕਾਵਯ ਕਮਾਨ, ਕਾਨੀਆਂ ਚਲੀਆਂ ।
ਵੱਜਦਾ ਜਿਸ ਨੂੰ, ਦੁਖੀ ਵਿਥਯਾ ਦਸਦਾ ।
ਲੋਕਾਂ ਲਈ ਹੋ ਦੁਖੀ, ਕਾਵਯਨੂੰ ਪਾ ਰਿਹਾ ।
ਪਯਾਸਾ ਸਿਰਫ ਸੁ "ਜੋ" ਪੀਵੇ ਕਾਵਯ ਸਾਰ ।
ਰੇਸ਼ਮ ਛਡੇ, ਜੀਉ ਨ ਪੱਟੀਂ ਰੀਝਿਆ ।
ਕਵਿਤਾ ਕੇਵਲ ਜੀ, ਜਾਣ ਕੇ ਲਯਾ ਝੰਪ ।
ਵੀਰ ਪੰਧਾਰੇ ਦੁਖੀਆ, ਵੇਦਨ ਦੁਖ ਦੀ ।
ਰਖੀ ਬਾਪ ਸੁਆਇ, ਰਿੜ ਦਾਸ ਭੋ ।
ਤਲੋਂ ਮੱਢੀ ਹੋ ਕੇ, ਆਂਵਣ ਜਾਗ ਛੱਟ ।
ਨ 'ਪ੍ਰਕਾਸ਼' ਤੁਸਾਨੂੰ, ਆਉਂਦੀ ਤੋਟ ਹੈ ।[1]

ਅਗਲਾ ਸਨਮਾਨ 14 ਅਕਤੂਬਰ 1951 ਨੂੰ ਨੈਰੋਬੀ (ਪੂਰਬੀ ਅਫਰੀਕਾ) ਵਿਚ ਕਾਵਯ ਫੁਲਵਾੜੀ ਵਲੋਂ ਕੀਤਾ ਗਿਆ। ਇਸ ਮੌਕੇ ਤੇ ਭੇਟ ਕੀਤੇ ਗਏ ਸਨਮਾਨ ਪੱਤਰ ਵਿਚ ਆਪ ਦੇ ਜੀਵਨ ਸਿਧਾਂਤਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਸੀ, "ਦੁਨੀਆਂ ਇਹ ਕਹਿ ਕੇ ਕਵੀ ਦਾ ਮਖੌਲ ਉਡਾਇਆ ਕਰਦੀ ਹੈ ਕਿ ਕਵੀ ਨਿਰਾ ਸ਼ਿੰਗਾਰ ਰਸ, ਅਕਾਸ਼ ਉਡਾਰੀਆਂ ਤੇ ਲੋਕਾਂ ਨੂੰ ਉਭਾਰਨ ਵਾਲੀਆਂ ਬੀਰ ਰਸੀ ਕਵਿਤਾਵਾਂ ਹੀ ਲਿਖਦਾ ਹੈ ਪਰ ਆਪ ਉਤੇ ਅਮਲ ਨਹੀਂ ਕਰਦਾ। ਆਪ ਨੇ ਉਸ ਖੁਦਗਰਜ਼ ਦੁਨੀਆਂ ਨੂੰ ਦਸ ਕੇ ਉਸ ਦਾ ਇਹ ਖਿਆਲ ਗਲਤ ਕਰ ਦਿਤਾ ਹੈ ਕਿ ਨਹੀਂ, ਕਵੀ, ਸਚਾ ਕਵੀ, ਜੋ ਕੁਝ ਲਿਖਦਾ ਹੈ ਉਸ ਤੇ ਖੁਦ ਵੀ ਅਮਲ ਕਰਨ ਲਈ ਲਿਖਦਾ ਹੈ, ਦਿਲ ਪਰਚਾਵੇ ਲਈ ਨਹੀਂ।..........ਆਪਣੀ ਜੁਆਨੀ ਦਾ ਉਹ ਹਿਸਾ ਜਿਸ ਨੂੰ ਸੋਨੇ ਨਾਲ ਤੋਲਿਆਂ ਵੀ ਵਧ ਨਿਕਲੇਗਾ, ਆਪਣੇ ਦੇਸ ਦੀ ਖਾਤਰ, ਅਮਰੀਕਾ ਜੈਸੇ ਧਨਾਢ ਮੁਲਕ ਵਿਚ ਜਾ ਕੇ (ਜਿਸ ਮੁਲਕ ਵਿਚ ਇਨਸਾਨ ਦੇ ਪੈਰਾਂ ਥੱਲੇ ਸੋਨਾ ਰੁਲਦਾ ਕਿਹਾ ਜਾਂਦਾ ਹੈ) ਸੋਨੇ ਨੂੰ ਪੈਰ ਦੀ ਠੋਕਰ ਮਾਰ ਕੇ ਪਰ੍ਹੇ ਕਰ ਦਿਤਾ ਤੇ ਦੇਸ ਦੀ ਮਿਟੀ ਨੂੰ ਕਰੋੜਾਂ ਗੁਣਾਂ ਵਧ ਜਾਤਾ।.........."

ਦੂਜੀ ਬਦੇਸ਼ ਯਾਤਰਾ ਦੇ ਅੰਤ ਤੇ ਵਿਕਟੋਰੀਆ (ਕੈਨੇਡਾ) ਵਿਚੋਂ ਦੇਸ ਲਈ ਰਵਾਨਾ ਹੋਣ ਸਮੇਂ ਖਾਲਸਾ ਦੀਵਾਨ ਸੁਸਾਇਟੀ ਤੇ ਵਿਕਟੋਰੀਆ ਦੀ ਸਾਰੀ ਸੰਗਤ ਵਲੋਂ

1. ਮਾਸਕ 'ਕਵੀ', ਕਲਕੱਤਾ, ਜਿਲਦ 5, ਅੰਕ 6, ਪੰਨਾ 406, 7.

Sri Satguru Jagjit Singh Ji Elibrary NamdhariElibrary@gmail com

6 ਜੁਲਾਈ 1958 ਨੂੰ ਇਕ ਸਨਮਾਨ ਪੱਤਰ ਭੇਟ ਕੀਤਾ ਗਿਆ। ਸੋਨੇ ਦੇ ਇਕ ਤਮਗੇ ਅਤੇ ਪਾਰਕਰ ਦੀ ਕਲਮ ਦੇ ਨਾਲ ਭੇਟ ਕੀਤੇ ਗਏ ਇਸ ਸਨਮਾਨ ਪੱਤਰ ਵਿਚ ਸਥਾਨਕ ਸਨੇਹੀਆਂ ਉਪਰ ਆਪ ਦੀ ਸੰਗਤ ਦੇ ਪਏ ਪ੍ਰਭਾਵ ਨੂੰ ਪ੍ਰਗਟਾਉਣ ਦਾ ਜਤਨ ਕੀਤਾ ਗਿਆ ਜਾਪਦਾ ਹੈ :

"ਦੋ ਕੁ ਮਹੀਨੇ ਘਟ ਛੇ ਸਾਲ ਦਾ ਸੁਹਣਾ ਸਮਾਂ ਜੋ ਆਪ ਜੀ ਨੇ ਹੁਣ ਸਾਡੇ ਵਿਚ ਗੁਜ਼ਾਰਿਆ ਹੈ ਇਹ ਸਾਡੇ ਜੀਵਨ ਤਖਤਿਆਂ ਤੋਂ ਜਲਦੀ ਨਾਲ ਮਿਟਾਇਆ ਜਾਣ ਵਾਲਾ ਨਹੀਂ।.........ਇਸ ਛੋਟੇ ਜਿਹੇ ਸੁਹਾਵਣੇ ਸਮੇਂ ਨੇ ਤੁਹਾਡੇ ਸਾਥੀਆਂ ਜ਼ਬਾਨੀ ਸੁਣੇ ਹੋਏ ਤੁਹਾਡੇ ਪੁਰਾਣੇ ਖਿਆਲ, ਲੈਕਚਰ, ਕਵਿਤਾਵਾਂ, ਜੋਸ਼ ਤੇ ਦੇਸ਼ਪ੍ਰੇਮ ਭਰੇ ਵਲਵਲਿਆਂ ਦੇ ਨਿਰਭਉ, ਨਿਧੜਕ ਤੇ ਜਾਂ ਨਸਾਰੀ ਦੇ ਹਾਲਾਤ ਪ੍ਰਤੱਖ ਅੱਖਾਂ ਅਗੇ ਲਿਆ ਦਿਤੇ ਹਨ। ਤੁਸੀਂ ਧੰਨ ਹੋ ਅਸੀਂ ਭੀ ਤੁਹਾਡੇ ਪ੍ਰੇਮ ਮਿਲਾਪ ਨਾਲ ਧੰਨ ਹੋ ਗਏ ਹਾਂ।'

ਜਦੋਂ ਆਪ ਬਦੇਸ ਯਾਤਰਾ ਪੂਰੀ ਕਰ ਕੇ ਵਾਪਸ ਬੰਬਈ ਪੁਜੇ ਤਦ ਬੰਬੇ ਸਿਖ ਐਸੋਸੀਏਸ਼ਨ ਵਲੋਂ ਖਾਲਸਾ ਕਾਲਜ ਬੰਬਈ ਵਿਚ 28 ਸਤੰਬਰ 1958 ਨੂੰ ਆਪ ਨੂੰ ਸਨਮਾਨਤ ਕੀਤਾ ਗਿਆ ਸੀ :

"ਇਹ ਗਲ ਬਹੁਤਿਆਂ ਇਨਕਲਾਬੀਆਂ ਦੇ ਹੀ ਹਿਸੇ ਆਈ ਹੈ ਕਿ ਆਪਣੀ ਮਾਤਭੂਮੀ ਦੇ ਸੰਕਟ ਨਵਿਰਤ ਕਰਨ ਦੀਆਂ ਸਰਗਰਮੀਆਂ ਖਾਤਰ ਸਿਰਫ ਦੇਸ਼ ਵਿਚ ਹੀ ਨਹੀਂ ਸਗੋਂ ਪ੍ਰਦੇਸ਼ਾਂ ਵਿਚ ਵੀ ਸਮੇਂ ਦੀਆਂ ਸਰਕਾਰਾਂ ਆਪ ਜੀ ਨੂੰ ਗ੍ਰਿਫਤਾਰ ਕਰਦੀਆਂ ਰਹੀਆਂ ਹਨ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਜਦ ਕਿ ਉਹ ਬੜੀ ਔਕੜ ਵਿਚ ਫਸੇ ਹੋਏ ਸਨ ਤੇ ਜਹਾਜ਼ ਕਿਨਾਰੇ ਨਹੀਂ ਸੀ ਲਗਣ ਦਿਤਾ ਗਿਆ ਤਾਂ ਆਪ ਜੀ ਦੀਆਂ ਅਣਥਕ ਘਾਲਣਾਂ ਨਾਲ ਪਾਣੀ ਵਿਚ ਘਿਰੇ ਹੋਏ ਮੁਸਾਫਰਾਂ ਨੂੰ ਸਹਾਇਤਾ ਪੁਜੀ ਸੀ।........."

ਕੁਝ ਸਨਮਾਨ ਅਜਿਹੇ ਵੀ ਸਨ ਜਿਨ੍ਹਾਂ ਦਾ ਕਿਸੇ ਨਾ ਕਿਸੇ ਥਾਂ ਜ਼ਿਕਰ ਕੀਤਾ ਮਿਲਦਾ ਹੈ, ਬਹੁਤਾ ਵਿਸਥਾਰ ਸਹਿਤ ਵਰਨਣ ਨਹੀਂ ਤੇ ਕੁਝ ਸਨਮਾਨ ਅਜਿਹੇ ਵੀ ਹੋ ਸਕਦੇ ਹਨ ਜਿਹੜੇ ਅਣਗੋਲੇ ਹੀ ਰਹਿ ਗਏ। 'ਦੁਖੀ' ਜੀ ਜਦੋਂ 1952 ਵਿਚ ਕੈਨੇਡਾ ਗਏ ਤਾਂ ਉਥੇ ਪੁਜਣ ਸਮੇਂ ਆਪ ਦੇ ਪੁਰਾਣੇ ਸਾਥੀ ਗੁਰਦਿਤ ਸਿੰਘ ਖਿਲਗਾ ਨੇ ਆਪਣੇ ਸਨੇਹੀਆਂ ਸਹਿਤ ਵੈਨਕੂਵਰ ਦੇ ਗੁਰਦਵਾਰੇ ਵਿਚ ਆਪ ਦਾ ਸਨਮਾਨ ਕੀਤਾ ਸੀ ਜਿਸ ਵਿਚ ਭੇਟ ਕੀਤੇ ਗਏ ਇਕ ਮਾਨ ਪੱਤਰ ਦੇ ਨਾਲ ਸੋਨੇ ਦਾ ਇਕ ਤਮਗਾ ਵੀ ਸੀ। ਇਸੇ ਤਰਾਂ ਜਦੋਂ ਆਪ ਅਮਰੀਕਾ ਦੀ ਰਿਆਸਤ ਕੈਲੇਫੋਰਨੀਆ ਵਿਚ ਗਏ ਤਾਂ ਪੈਰਿਵਿਲ (ਯੂਬਾਸਿਟੀ) ਵਿਚ ਵੀ ਇਸੇ ਤਰ੍ਹਾਂ ਆਪ ਦੇ ਪ੍ਰਸ਼ੰਸਕਾਂ ਨੇ ਆਪ ਨੂੰ ਇਕ ਥੈਲੀ ਭੇਟ ਕਰਨ ਦੇ ਨਾਲ ਨਾਲ ਇਕ ਮਾਨ ਪੱਤਰ ਨਾਲ ਸਨਮਾਨਤ ਕੀਤਾ ਸੀ। ਇਥੇ ਹੀ, ਲਿਜਨ ਹਾਲ ਵਿਚ ਆਪ ਨੇ ਲਗਾਤਾਰ ਤਿੰਨ ਘੰਟੇ ਤਕਰੀਰ ਕੀਤੀ ਸੀ।[1]

1. ਮੁਨਸ਼ਾ ਸਿੰਘ 'ਦੁਖੀ', 'ਦੁਖੀ ਜੀਵਨ' ਮਾਸਕ ਸਾਹਿਤ ਤੇ ਕਲਾ-ਦਿਲੀ, ਅਕਤੂਬਰ 1968, ਪੰਨਾ 12.

Sri Satguru Jagjit Singh Ji Elibrary NamdhariElibrary@gmail.com

ਸਨਮਾਨ ਵਿਚ ਮਿਲਣ ਵਾਲੀ ਰਕਮ ਨਾਲ ਭਾਵੇਂ ਨਾ ਤਾਂ ਕਾਲ ਕਟਿਆ ਜਾ ਸਕਦਾ ਹੈ ਤੇ ਨਾ ਹੀ ਉਹ ਆਰਥਿਕ ਖੁਸ਼ਹਾਲੀ ਲਿਆਉਣ ਵਿਚ ਕੋਈ ਵਿਸ਼ੇਸ਼ ਅਰਥ ਰਖਦੀ ਹੁੰਦੀ ਹੈ. ਪਰ ਫਿਰ ਵੀ ਸਨਮਾਨ ਕਾਰਨ ਮਿਲਿਆ ਮਾਨਸਕ ਉਤਸ਼ਾਹ ਕਿਸੇ ਵਿਅਕਤੀ ਨੂੰ ਆਪਣੇ ਚੁਣੇ ਹੋਏ ਰਸਤੇ ਤੇ, ਜੋ ਬਿਖੜਾ ਵੀ ਹੋ ਸਕਦਾ ਹੈ, ਉਮਰ ਭਰ ਤਕ ਤੋਰੀ ਰਖਣ ਵਿਚ ਸਹਾਈ ਜ਼ਰੂਰ ਹੁੰਦਾ ਹੈ। 'ਦੁਖੀ' ਜੀ ਨੂੰ ਮਿਲਣ ਵਾਲੇ ਸਨਮਾਨਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਬਹਾਨੇ ਪ੍ਰਾਪਤ ਹੋਈ ਰਕਮ ਨੇ ਆਪ ਦੇ ਸਰੀਰਕ ਦੁਖਾਂ ਨੂੰ ਘਟਾਉਣ ਵਿਚ ਚਾਹੇ ਕੋਈ ਹਿਸਾ ਪਾਇਆ ਮਲੂਮ ਨਹੀਂ ਵੀ ਹੁੰਦਾ, ਪਰ ਆਪ ਨੂੰ ਅੰਤਮ ਸਵਾਸਾਂ ਤਕ ਕਲਮ ਫੜਾਈ ਰਖਣ ਵਿਚ ਇਨ੍ਹਾਂ ਵਲੋਂ ਪਾਏ ਗਏ ਮਹਤਵਪੂਰਨ ਹਿਸੇ ਨੂੰ ਅਖੋਂ ਉਹਲੇ ਵੀ ਨਹੀਂ ਕੀਤਾ ਜਾ ਸਕਦਾ।

Sri Satguru Jagjit Singh Ji Elibrary NamdhariElibrary@gmail com

## ਅਧਿਆਇ ਦੂਜਾ

## ਸਾਹਿਤਕ ਰਚਨਾਵਾਂ ਦਾ ਸਰਵੇਖਣ

ਪੰਜਾਬੀ ਦੇ ਇਕ ਪੁਰਾਣੇ ਕਿੱਸਾਕਾਰ ਅਹਿਮਦਯਾਰ ਨੇ ਪੰਜਾਬੀ ਕਿੱਸਾ ਸਾਹਿਤ ਨੂੰ ਅਮੀਰ ਕਰਨ ਵਿਚ ਬੜਾ ਵਡਾ ਹਿੱਸਾ ਪਾਇਆ ਹੈ। ਆਪਣੇ ਇਸ ਯੋਗਦਾਨ ਦਾ ਵੇਰਵਾ ਉਹਨੇ ਦੋਹਰਫੀ ਗੱਲ ਕਰ ਕੇ ਇਉਂ ਦਿਤਾ ਹੈ :

> ਜਿੰਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਮੈਂ ਜੋੜੇ।
> ਗਿਣਨ ਲਗਾਂ ਤਾਂ ਯਾਦ ਨ ਆਵਣ, ਜੋ ਦਸਾਂ ਸੋ ਥੋੜ੍ਹੇ।[1]

'ਦੁਖੀ' ਜੀ ਵਲੋਂ ਰਚੇ ਗਏ ਪੰਜਾਬੀ ਸਾਹਿਤ ਦੀ ਮਾਤਰਾ ਤੇ ਵੀ ਅਹਿਮਦਯਾਰ ਦੀਆਂ ਤੁਕਾਂ ਪੂਰੀ ਤਰ੍ਹਾਂ ਢੁਕਦੀਆਂ ਹਨ। ਆਪ ਨੇ ਵੀ 'ਮਣਾ ਮੂੰਹੀਂ' ਨਜ਼ਮ ਤੇ ਨਸਰ ਲਿਖਣ ਦਾ ਦਾਅਵਾ ਕੀਤਾ ਹੈ।[2] ਆਪਣੀਆਂ ਰਚਨਾਵਾਂ ਦੀ ਗਿਣਤੀ ਕਰਨ ਸਮੇਂ ਕਈ ਵਾਰੀ ਉਨ੍ਹਾਂ ਤੋਂ ਆਪਣੀਆਂ ਰਚਨਾਵਾਂ ਵੀ ਗਿਣਤੀ ਤੋਂ ਬਾਹਰ ਰਹਿ ਜਾਂਦੀਆਂ ਸਨ। ਆਪ ਦੀਆਂ ਕਈ ਰਚਨਾਵਾਂ ਅਜਿਹੀਆਂ ਵੀ ਸਨ ਜਿਨ੍ਹਾਂ ਦੀ ਨਕਲ ਜਾਂ ਪ੍ਰਤੀ ਆਪ ਦੇ ਪਾਸ ਨਹੀਂ ਸੀ। ਰਚਨਾ ਰਚੀ ਤੇ ਛਪਣ ਹਿਤ ਪ੍ਰੈਸ ਨੂੰ ਭੇਜ ਦਿਤੀ ਗਈ ਪਰ ਮੁੜ ਕੇ ਉਸ ਦੀ ਖਬਰ ਸਾਰ ਵੀ ਲੈਣੀ ਨਸੀਬ ਨਾ ਹੋਈ। ਨਵ-ਜੰਮੇ ਬੱਚੇ ਵਾਂਗ ਕਈ ਰਚਨਾਵਾਂ ਦੇ ਤਾਂ ਆਪ ਅਜੇ ਨਾਂ ਵੀ ਨਹੀਂ ਸਨ ਰਖ ਸਕੇ।

'ਦੁਖੀ' ਜੀ ਦੀਆਂ ਰਚਨਾਵਾਂ ਦੇ ਵਖ ਵਖ ਪਖਾਂ ਤੇ ਵਿਸਤੀਰਤ ਵਿਚਾਰ ਕਰਨ ਤੋਂ ਪਹਿਲਾਂ ਆਪ ਵਲੋਂ ਰਚੇ ਗਏ ਸਮੁਚੇ ਸਾਹਿਤ ਦਾ ਸਰਵੇਖਣ ਪਾਠਕਾਂ ਲਈ ਲਾਭਦਾਇਕ ਹੋਵੇਗਾ। ਆਪ ਦੀ ਸਾਹਿਤਕ ਰਚਨਾ ਨੂੰ ਮੁਖ ਤੌਰ ਤੇ ਕਵਿਤਾ ਅਤੇ ਵਾਰਤਕ, ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

### ਕਾਵਿ ਰਚਨਾਵਾਂ

**1. ਪ੍ਰੇਮ ਸਾਂਗਾਂ :**

'ਦੁਖੀ' ਜੀ ਦਾ ਇਹ ਕਾਵਿ ਸੰਗ੍ਰਹਿ ਆਪ ਵਲੋਂ ਮੁਲਤਾਨ ਜੇਲ੍ਹ ਵਿਚ ਕੱਟੀ ਕੈਦ ਸਮੇਂ ਰਚਿਆ ਗਿਆ ਸੀ ਜੋ ਅਜੇ ਖਰੜੇ ਦੇ ਰੂਪ ਵਿਚ ਹੀ ਹੈ। ਇਸ ਵਿਚ ਕੇਵਲ ਤਿੰਨ ਰਚਨਾਵਾਂ ਦਰਜ ਹਨ। ਖਰੜੇ ਦਾ ਆਰੰਭ, ਰਾਜਾ ਸਰ ਦਲਜੀਤ ਸਿੰਘ ਵਲੋਂ ਬ੍ਰਿਜ ਭਾਸ਼ਾ ਵਿਚ ਆਪ ਵਲ ਲਿਖੇ ਪਤਰਾਂ ਦੇ ਉਸੇ ਭਾਸ਼ਾ ਵਿਚ ਆਪ ਵਲੋਂ ਲਿਖੇ ਉਤਰਾਂ ਨਾਲ ਹੁੰਦਾ ਹੈ। ਦੋ ਸੀਹਰਫੀਆਂ ਉਰਦੂ ਅਖਰ ਕ੍ਰਮ ਨਾਲ ਲਿਖੀਆਂ ਗਈਆਂ

---

1. ਅਹਿਮਦ ਯਾਰ, ਹੀਰ (ਸੰਪਾਦਕ ਡਾ: ਗੋਬਿੰਦ ਸਿੰਘ ਲਾਂਬਾ) ਪਟਿਆਲਾ, 1982 ਪੰਨਾ 270.
2. 'ਮੁਨਸ਼ਾ ਸਿੰਘ 'ਦੁਖੀ', ਦੁਖੀ ਜੀਵਨ, ਮਾਸਕ ਸਾਹਿਤ ਦੇ ਕਲਾ, ਦਿੱਲੀ, ਅਕਤੂਬਰ 1968, ਪੰਨਾ 12

Sri Satguru Jagjit Singh Ji Elibrary NamdhariElibrary@gmail.com

ਹਨ ਜਿਨ੍ਹਾਂ ਦਾ ਮੁਖ ਵਿਸ਼ਾ ਦੇਸ਼ ਭਗਤੀ ਹੈ। ਇਕ ਹੋਰ ਸਿਰਲੇਖ ਰਹਿਤ ਕਵਿਤਾ ਹੈ ਜੋ ਇਕ ਅਕਾਲੀ ਬੀਰ ਦੇ ਜੇਲ੍ਹੋਂ ਰਿਹਾ ਹੋਣ ਤੇ ਜੇਲ੍ਹ ਅਧਿਕਾਰੀਆਂ ਦੀਆਂ ਧੱਕੇ-ਸ਼ਾਹੀਆਂ ਅਤੇ ਦੇਸ਼ ਭਗਤਾਂ ਦੀ ਸਹਿਣਸ਼ੀਲਤਾ ਤੋਂ ਪ੍ਰਭਾਵਤ ਹੋ ਕੇ ਲਿਖੀ ਗਈ ਹੈ। ਖਰੜੇ ਦੇ ਕੁਲ 41 ਪੰਨੇ ਹਨ ਪਰ ਕੁਝ ਵਾਧੂ ਪੰਨਿਆਂ ਤੇ ਉਰਦੂ ਵਿਚ ਲਿਖੀਆਂ ਦੋ ਕਵਿਤਾਵਾਂ ਵੀ ਇਸ ਖਰੜੇ ਦਾ ਹਿਸਾ ਹਨ ਜਿਨ੍ਹਾਂ ਬਾਰੇ ਕਵੀ ਦੀ ਯੋਜਨਾ ਦਾ ਕੋਈ ਸੰਕੇਤ ਤਾਂ ਨਹੀਂ ਮਿਲਦਾ ਪਰ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕਵੀ ਦੇ ਦਿਮਾਗ ਵਿਚ ਕੋਈ ਪੁਸਤਕ ਉਰਦੂ ਭਾਸ਼ਾ ਵਿਚ ਛਪਾਉਣ ਦੀ ਯੋਜਨਾ ਵੀ ਉਨ੍ਹੀ ਦਿਨੀਂ ਬਣੀ ਹੋਵੇਗੀ। 'ਪ੍ਰੇਮ ਸਾਂਗਾਂ' ਆਪ ਦਾ ਪਹਿਲਾ ਕਾਵਿ ਸੰਗ੍ਰਹਿ ਹੈ।

### 2. ਪ੍ਰੇਮ ਕਾਂਗਾਂ :

'ਦੁਖੀ' ਜੀ ਰਚਿਤ ਦੂਜਾ ਕਾਵਿ ਸੰਗ੍ਰਹਿ 'ਪ੍ਰੇਮ ਕਾਂਗਾਂ' ਆਪ ਵਲੋਂ ਹੀ ਅੰਮ੍ਰਿਤਸਰੋਂ ਛਪਵਾਇਆ ਗਿਆ ਸੀ ਜਿਸ ਦੀ ਛਪਣ ਮਿਤੀ 1922 ਹੈ।[1] ਇਸ ਸੰਗ੍ਰਹਿ ਵਿਚ, ਹਜ਼ਾਰੀ ਬਾਗ਼ ਦੀ ਕੇਂਦਰੀ ਜੇਲ੍ਹ ਵਿਚ ਰਚੀਆਂ ਗਈਆਂ ਕਵਿਤਾਵਾਂ ਦਾ ਮੁਖ ਹਿਸਾ ਹੈ। ਪੁਸਤਕ ਆਕਾਰ ਦੇ 67 ਪੰਨੇ ਹਨ। ਬਹੁਤੀਆਂ ਕਵਿਤਾਵਾਂ ਦੇ ਸਿਰਲੇਖ ਦੇਣ ਦੀ ਥਾਂ ਛੰਦਾਂ ਦੇ ਨਾਂ ਲਿਖ ਕੇ ਹੀ ਕੰਮ ਸਾਰਿਆ ਹੋਇਆ ਹੈ ਜਿਵੇਂ ਘਨਕਲਾ ਛੰਦ, ਕਬਿੱਤ ਆਦਿ। ਦੋ ਬਾਰਾਂ ਮਾਹੇ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਕਵਿਤਾਵਾਂ ਦੇ ਵਿਸ਼ੇ ਫੁਟਕਲ ਹਨ। ਬਹੁਤੀਆਂ ਰਚਨਾਵਾਂ ਆਪ ਦੀ ਧਾਰਮਕ ਭਾਵਨਾ ਨੂੰ ਉਜਾਗਰ ਕਰਦੀਆਂ ਹਨ।

### 3. ਪ੍ਰੇਮ ਤਾਂਘਾਂ:

ਇਸ ਕਾਵਿ ਸੰਗ੍ਰਹਿ ਦੇ 74 ਪੰਨਿਆਂ ਤੇ ਛਪੀਆਂ, ਆਪ ਦੀਆਂ ਛੋਟੀਆਂ ਮੋਟੀਆਂ 30-32 ਕਵਿਤਾਵਾਂ ਵਿਚੋਂ ਬਹੁਤੀਆਂ ਰਚਨਾਵਾਂ ਹਜ਼ਾਰੀ ਬਾਗ਼ ਜੇਲ੍ਹ ਨਾਲ ਹੀ ਸਬੰਧਤ ਹਨ। ਫੁਟਕਲ ਕਵਿਤਾਵਾਂ ਵਿਚ, ਭਾਈ ਰਣਧੀਰ ਸਿੰਘ ਅਤੇ ਹੋਰਨਾਂ ਸਜਣਾਂ ਸਨੇਹੀਆਂ ਨਾਲ ਕਵਿਤਾ ਵਿਚ ਹੋਏ ਚਿੱਠੀ ਪੱਤਰ, ਸਿਹਰੇ ਅਤੇ ਸਿਖਿਆ ਆਦਿ ਰਚਨਾਵਾਂ ਸ਼ਾਮਲ ਹਨ। ਇਨ੍ਹਾਂ ਤੋਂ ਬਿਨਾਂ ਦੋ ਸੀਹਰਫੀਆਂ, ਜੋ ਉਰਦੂ ਅਖਰ ਕ੍ਰਮ ਨਾਲ ਹੀ ਲਿਖੀਆਂ ਗਈਆਂ ਹਨ, ਵਿਚ ਮਾਤਾ ਅਤੇ ਭੈਣ ਨਾਲ, ਜੇਲ੍ਹ ਜੀਵਨ, ਉਥੋਂ ਦੇ ਵਾਤਾਵਰਣ ਅਤੇ ਦੁਖਾਂ ਨੂੰ ਸਾਂਝਿਆਂ ਕੀਤਾ ਗਿਆ ਹੈ। 'ਯਾਰਾਂ ਦੀ ਜੁਦਾਇਗੀ ਦੀ ਸਟ' ਨਾਂ ਦੀ ਕਵਿਤਾ ਇਕ ਸਜਨ ਤ੍ਰਿਲੋਕੀ ਨਾਥ ਵਾਸਤੇ ਉਸ ਦੇ ਸਜਣਾਂ ਦੇ ਵਿਛੋੜੇ ਦੇ ਦੁਖਾਂ ਨੂੰ ਪ੍ਰਗਟ ਕਰਨ ਲਈ ਲਿਖੀ ਗਈ ਸੀ।

### 4. 'ਦੁਖੀ' ਦੀਆਂ ਪ੍ਰੇਮ ਬਾਂਗਾਂ :

ਆਪ ਦੀਆਂ ਕਵਿਤਾਵਾਂ ਦੇ ਇਸ ਸੰਗ੍ਰਹਿ ਵਿਚ ਲਗਪਗ ਡੇਢ ਦਰਜਨ ਕਵਿਤਾਵਾਂ ਦਰਜ ਹਨ ਜੋ 'ਸਤਿਗੁਰਾਂ ਦੇ ਪਵਿਤ੍ਰ ਗੁਰਪੁਰਬ ਦਿਹਾੜਿਆਂ ਪੁਰ ਦੁਖੀ ਦਿਲ 'ਚੋਂ ਨਿਕਲੀਆਂ ਹੋਈਆਂ ਪ੍ਰੇਮ ਦੀਆਂ ਬਾਂਗਾਂ' ਹੀ ਹਨ। ਲਗਪਗ ਅਧੀਆਂ ਕਵਿਤਾਵਾਂ ਦਾ

---

1. ਉਨੀ ਸੌ ਬਾਈਸ, ਸੰਮਤ ਦੋਸਰੋ। ਪਾਂਡਵ ਰਿਖੀ ਮਿਲਾਇ ਬਿਕ੍ਰਮਜੀਤ ਹੈ।
(ਮੁਨਸ਼ਾ ਸਿੰਘ 'ਦੁਖੀ', ਪ੍ਰੇਮ ਕਾਂਗਾਂ, ਅੰਮ੍ਰਿਤਸਰ, ਪੰਨਾ 67)

Sri Satguru Jagjit Singh Ji Elibrary NamdhariElibrary@gmail.com

ਸਬੰਧ ਦਸਮੇਸ਼ ਪੁਰਬ ਨਾਲ ਹੈ ਅਤੇ ਅਧੀਆਂ ਦਾ ਗੁਰੂ ਨਾਨਕ ਅਵਤਾਰ ਪੁਰਬ ਨਾਲ। ਇਕ ਦੋ ਰਚਨਾਵਾਂ ਖਾਲਸਾ ਪੰਥ ਬਾਰੇ ਵੀ ਹਨ। ਹਜ਼ਾਰੀਬਾਗ ਜੇਲ੍ਹ ਵਿਚ ਸੁਤਿਆਂ ਪਿਆ ਦੇਖਿਆ 'ਅਦਭੁਤ ਸੁਫਨਾ' ਇਸੇ ਸੰਗ੍ਰਹਿ ਵਿਚ ਸ਼ਾਮਲ ਹੈ ਕਿਉਂ ਜੁ ਇਸ ਲੰਬੀ ਕਵਿਤਾ ਦਾ ਸਬੰਧ 1699 ਈ: ਦੀ ਵੈਸਾਖੀ ਦੇ ਦਿਨ ਅਨੰਦਪੁਰ ਵਿਚ ਜੁੜੇ ਮਹਾਨ ਇਤਿਹਾਸਕ ਇਕੱਠ ਅਤੇ ਉਸ ਵਿਚ ਗੁਰੂ ਸਾਹਿਬ ਵਲੋਂ ਚੁਕੇ ਗਏ ਕ੍ਰਾਂਤੀਕਾਰੀ ਕਦਮਾਂ ਨਾਲ ਹੈ।

### 5. ਦੁਖ ਹਰਨ ਪ੍ਰਕਾਸ਼ :

ਦੇਸ਼ ਸੇਵਕ ਬੁਕ ਏਜੰਸੀ ਜਲੰਧਰ ਵਲੋਂ 1921 ਵਿਚ ਛਪੀ ਇਸ ਕਾਵਿ ਪੁਸਤਕ ਵਿਚ ਨੀਤੀ ਗਰੰਥਾਂ ਵਾਂਗ ਵਖੋ ਵਖ ਵਿਸ਼ਿਆਂ ਉਪਰ ਤੇ ਵਖੋ ਵਖ ਛੰਦਾਂ ਵਿਚ ਰਚੀਆਂ ਗਈਆਂ ਕਵਿਤਾਵਾਂ ਹਨ ਜਿਨ੍ਹਾਂ ਵਿਚੋਂ ਲਗਪਗ ਸਾਰੀਆਂ ਹੀ ਹਜ਼ਾਰੀਬਾਗ ਜੇਲ੍ਹ ਵਿਚ ਰਚੀਆਂ ਗਈਆਂ ਜਾਪਦੀਆਂ ਹਨ। ਗੁਰਸਿੱਖੀ ਮਹਿਮਾ, ਨਾਰੀ ਮੰਡਨ, ਮਿਤ੍ਰ ਭੇਦ, ਪੁਤ੍ਰ ਭੇਦ, ਵਿਦਿਆ, ਧਨ, ਜਗ ਬਿਖਮਤਾ ਆਦਿ ਵਿਸ਼ਿਆਂ ਨੂੰ ਆਮ ਪਾਠਕਾਂ ਦੇ ਦਿਮਾਗ ਵਿਚ ਬੈਠਾਉਣ ਦੇ ਮਨੋਰਥ ਨਾਲ ਕਈ ਥਾਂਈਂ ਪੰਜਾਬੀ ਵਿਚ ਪ੍ਰਚਲਤ ਕਥਾਵਾਂ ਦਾ ਸਹਾਰਾ ਵੀ ਲਿਆ ਹੈ।

### 6. ਸਾਕਾ ਅਨੰਦਪੁਰ :

ਆਪ ਦੀ ਇਸ ਕਾਵਿ ਰਚਨਾ ਨੂੰ ਪੰਜਾਬੀ ਰਚਨਾਂਵਾਂ ਵਿਚ ਗਿਣਨ ਸਮੇਂ ਕੁਝ ਝਿਝਕ ਮਹਿਸੂਸ ਹੁੰਦੀ ਹੈ ਕਿਉਂਕਿ 16 ਕਿਤਾਬੀ ਪੰਨਿਆਂ ਤੇ ਦਰਜ ਇਕੋ ਇਕ ਸੰਪੂਰਨ ਕਵਿਤਾ ਦੇ ਅਖਰ ਤਾਂ ਪੰਜਾਬੀ ਹਨ ਪਰ ਬੋਲੀ ਉਰਦੂ। ਇਹ ਟਰੈਕਟ ਪਹਿਲਾਂ 1930 ਵਿਚ 'ਦਸ਼ਮੇਸ਼ ਤਲਵਾਰ' ਦੇ ਨਾਂ ਹੇਠ ਛਪਿਆ ਸੀ ਪਰ ਉਸ ਵਿਚ 'ਤਲਵਾਰ ਸੀ' ਦੀ ਸਮਸਿਆ ਪੂਰਤੀ ਕੀਤੀ ਗਈ ਸੀ ਜਿਸ ਵਿਚ ਹੋਰਨਾਂ ਕਵੀਆਂ ਦੀਆਂ ਰਚਨਾਵਾਂ ਵੀ ਅੰਕਤ ਸਨ। ਦੂਜੀ ਵਾਰ ਇਹੋ ਕਵਿਤਾ ਰਣਬੀਰ ਸਿੰਘ ਪ੍ਰਦੇਸੀ, ਮੀਆਂ ਚੰਨੂ (ਮੁਲਤਾਨ) ਵਲੋਂ ਉਦੋਂ ਛਪਵਾਈ ਗਈ ਸੀ ਜਦੋਂ 'ਦੁਖੀ' ਜੀ ਉਥੋਂ ਨਿਕਲਦੇ ਮਾਸਕ 'ਵਿਹਾਰ ਸੁਧਾਰ' ਦੇ ਸੰਪਾਦਕ ਹੁੰਦੇ ਸਨ। ਫਿਰ 1951 ਵਿਚ ਇਸੇ ਰਚਨਾ ਨੂੰ 'ਬੀਰ ਬਚਨ' ਨਾਂ ਹੇਠ ਕੌਮੀ ਸਭਾ ਫਗਵਾੜਾ ਨੇ ਵੀ ਪ੍ਰਕਾਸ਼ਤ ਕੀਤਾ। ਇਸ ਵਿਚ ਸ਼ਾਹੀ ਫੌਜ ਵਲੋਂ ਅਨੰਦਪੁਰ ਘੇਰੇ ਜਾਣ ਦੀ ਘਟਨਾ ਤੋਂ ਲੈ ਕੇ, ਦਸਮੇਸ਼ ਅਤੇ ਉਸ ਦੇ ਸਿਖਾਂ ਵਿਚਕਾਰ ਹੋਏ ਤਕਰਾਰਾਂ ਤਕ ਦੀਆਂ ਘਟਨਾਵਾਂ ਨੂੰ ਬੀਰ ਰਸ ਵਿਚ ਬਿਆਨਿਆ ਗਿਆ ਹੈ।

### 7. ਕਲਗੀ ਵਾਲਾ :

61 ਪੰਨਿਆਂ ਦਾ ਇਹ ਟਰੈਕਟ ਕਵੀ ਕੁਟੀਆ ਕਲਕੱਤਾ ਵਲੋਂ ਦਸਮੇਸ਼ ਪੁਰਬ ਦੇ ਸਬੰਧ ਵਿਚ ਹੀ ਛਾਪਿਆ ਗਿਆ ਸੀ। 'ਦੁਖੀ' ਜੀ ਨੇ ਕਈ ਥਾਈਂ ਇਸ ਨੂੰ ਆਪਣੀਆਂ ਕਿਰਤਾਂ ਵਿਚ ਗਿਣਿਆ ਤਾਂ ਹੈ ਪਰ ਆਪ ਦੀ ਕੇਵਲ ਇਕੋ ਕਵਿਤਾ 'ਵਾਹਿਗੁਰੂ' ਇਸ ਦੇ ਮੁਢ ਵਿਚ ਛਪੀ ਮਿਲਦੀ ਹੈ। ਅਸਲ ਵਿਚ ਇਹ ਆਪ ਵਲੋਂ ਸੰਪਾਦਤ ਰਚਨਾ ਆਖੀ ਜਾ ਸਕਦੀ ਹੈ। 'ਕਲਗ਼ੀ ਵਾਲਿਆ ਵੇ' ਦੀ ਸਮਸਿਆ ਤੇ

ਲਿਖੀਆਂ ਹੋਰਨਾਂ ਕਵੀਆਂ ਦੀਆਂ ਕਵਿਤਾਵਾਂ ਨੂੰ ਪੰਜਾਬੀ ਤੇ ਉਰਦੂ ਭਾਗਾਂ ਵਿਚ ਵੰਡਿਆ ਗਿਆ ਹੈ। ਅਸਲ ਸਮਸਿਆ ਤੇ ਲਿਖੀਆਂ ਕਵਿਤਾਵਾਂ ਦੀ ਗਿਣਤੀ ਆਟੇ ਵਿਚ ਲੂਣ ਵਾਂਗ ਹੈ।

8. ਬੀਰ ਪ੍ਰਕਾਸ਼ :

ਇਹ ਟਰੈਕਟ ਵੀ, ਖਾਲਸਾ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਕਲਕੱਤਾ ਦੀ 'ਨਿਮਾਣੀ ਕਵੀ ਕੁਟੀਆ' ਵਲੋਂ ਪ੍ਰਕਾਸ਼ਤ ਕੀਤਾ ਗਿਆ ਸੀ ਇਸ ਵਿਚ ਸੰਕਲਿਤ ਕਵਿਤਾਵਾਂ ਤਿੰਨ ਤਰ੍ਹਾਂ ਦੀਆਂ ਹਨ। ਪਹਿਲੀ ਕਿਸਮ ਹੈ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਵਿਸ਼ਿਆਂ ਤੇ ਰਚੀਆਂ ਕਵਿਤਾਵਾਂ ਦੀ। ਦੂਜੀ ਕਿਸਮ ਹੈ ਖੁਲ੍ਹੀਆਂ ਕਵਿਤਾਵਾਂ ਦੀ ਅਤੇ ਤੀਜੀ ਕਿਸਮ ਵਿਚ ਹਨ ਸਮਸਿਆ ਨਾਲ ਸਬੰਧਤ ਕਵਿਤਾਵਾਂ। ਇਸ ਟਰੈਕਟ ਵਿਚ ਦੋਂਹ ਸਮਸਿਆਵਾਂ ਦੀ ਪੂਰਤੀ ਕੀਤੀ ਗਈ ਹੈ—'ਬਾਰ ਦੇ' ਅਤੇ 'ਤੇਗ ਦੀ ਧਾਰ 'ਚੋਂ'। ਇਨ੍ਹਾਂ ਨੂੰ ਵੀ ਅਗੋਂ ਫਿਰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੀ ਕਿਸਮ ਵਿਚ ਬੀਬੀ ਦਇਆ ਕੌਰ ਦੇ ਪ੍ਰਸੰਗ ਨਾਲ ਸਬੰਧਤ ਰਚਨਾ, 'ਸੁਫਨਾ' ਅਤੇ ਵੈਸਾਖੀ ਆਦਿ ਕਵਿਤਾਵਾਂ ਰਖੀਆਂ ਜਾ ਸਕਦੀਆਂ ਹਨ। ਦੂਜੀ ਸ਼੍ਰੇਣੀ ਵਿਚ ਬਹਾਦਰ ਬਣਨ ਦੀ ਪ੍ਰੇਰਨਾ ਦੇਣ ਵਾਲੀਆਂ ਕਵਿਤਾਵਾਂ ਹਨ ਜਿਵੇਂ ਬਜਬਜ ਘਾਟ ਦਾ ਖੂਨੀ ਸਾਕਾ, ਦੇਸ਼ ਭਗਤ ਦੀ ਯਾਦ ਆਦਿ। ਚਾਹੇ ਇਸ ਟਰੈਕਟ ਵਿਚ ਵੀ 'ਦੁਖੀ' ਜੀ ਨੇ ਕਾਫੀ ਥਾਂ ਮੱਲੀ ਹੋਈ ਹੈ ਪਰ ਇਸ ਨੂੰ ਵੀ ਆਪ ਦੀ ਸੰਪਾਦਤ ਰਚਨਾ ਕਹਿਣਾ ਵਧੇਰੇ ਢੁਕਵਾਂ ਜਾਪਦਾ ਹੈ।

9. ਕਲਗੀਧਰ ਨੂਰ :

ਇਸ ਟਰੈਕਟ ਦੇ ਕਰਤਾ ਵੀ 'ਦੁਖੀ' ਜੀ ਹਨ ਤੇ ਇਹ ਦਸੰਬਰ 1951 ਵਿਚ ਪ੍ਰਕਾਸ਼ਤ ਹੋਇਆ ਸੀ ਭਾਵੇਂ ਇਸ ਦੀ ਛਪਣ ਮਿਤੀ, ਪ੍ਰਕਾਸ਼ਨ ਸਥਾਨ ਜਾਂ ਪ੍ਰਕਾਸ਼ਕ ਦਾ ਕੋਈ ਥਹੁ ਪਤਾ ਨਹੀਂ ਦਿਤਾ ਗਿਆ। 'ਦੁਖੀ' ਜੀ ਇਸ ਸਮੇਂ ਮਾਸਕ 'ਜੀਵਨ' ਬੰਬਈ ਵਿਚ ਹੁੰਦੇ ਸਨ। ਕਿਆਸ ਇਹੋ ਹੈ ਕਿ ਇਸ ਨੂੰ ਜੀਵਨ ਪ੍ਰਕਾਸ਼ਨ ਵਲੋਂ ਹੀ ਪ੍ਰਕਾਸ਼ਤ ਕੀਤਾ ਗਿਆ ਸੀ। ਇਸ ਦੇ ਵਿਸ਼ੇ ਵਸਤੂ ਦਾ ਪਤਾ ਇਸ ਦੇ ਨਾਂ ਤੋਂ ਹੀ ਲਗ ਜਾਂਦਾ ਹੈ। ਇਸ ਵਿਚ ਲਗਪਗ 20 ਕੁ ਰਚਨਾਵਾਂ ਹਨ। ਇਕ ਦੋ ਥਾਈਂ ਇਕ ਦੋ ਪੰਨੇ ਵਾਰਤਕ ਦੇ ਦੇ ਕੇ ਮਿਸ ਵੀ ਪਾਈ ਹੋਈ ਹੈ। ਕੁਝ ਕਵਿਤਾਵਾਂ ਸਿਰਲੇਖ ਘੇਰੇ ਤੋਂ ਬਾਹਰ ਦੀਆਂ ਵੀ ਹਨ ਜਿਵੇਂ 'ਬਦਨਾਮੀਆਂ ਲਈ', 'ਜੀਵਨ ਤੱਤ' ਆਦਿ।

10. ਸੁਭਾਗ ਵੈਸਾਖੀ :

1936 ਵਿਚ ਅੰਮ੍ਰਿਤਸਰੋਂ ਛਪਵਾਏ ਗਏ ਇਸ ਟਰੈਕਟ ਵਿਚ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਕਵਿਤਾਵਾਂ ਹਨ। ਵਾਰਤਕ ਰੂਪ ਵਿਚ ਤਿੰਨ ਲੇਖ ਵੀ ਇਸ ਵਿਚ ਸ਼ਾਮਲ ਹਨ ਜਿਨ੍ਹਾਂ ਵਿਚੋਂ ਇਕ ਤਾਂ ਕਵਿਤਾ ਅਤੇ ਵਾਰਤਕ ਦਾ ਮਿਲਗੋਭਾ ਕਿਹਾ ਜਾ ਸਕਦਾ ਹੈ। ਹੋਰਨਾਂ ਟਰੈਕਟਾਂ ਵਿਚ 'ਸੁਫਨਾ' ਦੇ ਸਿਰਲੇਖ ਹੇਠ ਛਪੀ ਪ੍ਰਸਿਧ ਕਵਿਤਾ ਇਥੇ 'ਸੀਸਭੇਟ' ਦੇ ਰੂਪ ਵਿਚ ਹਾਜ਼ਰ ਹੈ। ਇਸੇ ਨਾਂ ਦਾ ਇਕ ਟਰੈਕਟ ਮਾਸਕ ਜੀਵਨ, ਬੰਬਈ ਦੇ ਪ੍ਰਬੰਧਕਾਂ ਵਲੋਂ 1951 ਵਿਚ ਵੀ ਪ੍ਰਕਾਸ਼ਤ ਕੀਤਾ ਗਿਆਹੈ ਜੋ ਪਹਿਲੇ ਦੀ ਇੰਨ ਬਿੰਨ ਨਕਲ ਹੈ।

Sri Satguru Jagjit Singh Ji Elibrary NamdhariElibrary@gmail.com

11. ਰੱਬੀ ਨੂਰ :

ਦਸੰਬਰ 1951 ਵਿਚ ਮਾਸਕ ਜੀਵਨ ਬੰਬਈ ਵਲੋਂ ਹੀ ਪ੍ਰਕਾਸ਼ਤ ਇਹ ਟਰੈਕਟ ਮੁਖ ਰੂਪ ਵਿਚ ਗੁਰੂ ਨਾਨਕ ਪੁਰਬ ਲਈ ਹੀ ਲਿਖਿਆ ਗਿਆ ਹੈ। ਨਿਰੰਕਾਰੀ ਜੋਤ ਨਾਲ ਸਬੰਧਤ ਕਵਿਤਾਵਾਂ ਚੋਖੀ ਗਿਣਤੀ ਵਿਚ ਹਨ। ਸਾਈਂ ਬੁਢਣਸ਼ਾਹ ਅਤੇ 'ਮਜ਼ਲੂਮਾਂ ਦੀ ਢਾਲ' ਨਾਂ ਦੀਆਂ ਦੋ ਵਾਰਤਕ ਰਚਨਾਵਾਂ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਮਗਰਲੇ ਲੇਖ ਦਾ ਸਬੰਧ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨਾਲ ਸਾਂਝਾ ਹੈ।

12. ਵੈਸਾਖੀ :

40 ਪੰਨਿਆਂ ਦਾ ਇਹ ਟਰੈਕਟ ਵੀ ਮਾਸਕ ਜੀਵਨ, ਬੰਬਈ ਦੇ ਪ੍ਰਬੰਧਕਾਂ ਵਲੋਂ ਹੀ ਅਪ੍ਰੈਲ 1952 ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਇਸ ਦੇ ਮੁਢ ਵਿਚ 'ਸੰਭਲੋ' ਨਾਂ ਦੀ ਕਵਿਤਾ ਸਿਖਾਂ ਨੂੰ ਸਾਵਧਾਨ ਕਰਨ ਵਾਲਾ ਉਪਦੇਸ਼ ਆਪਣੇ ਵਿਚ ਸਮੋਈ ਬੈਠੀ ਹੈ। ਬਾਕੀਆਂ ਵਿਚੋਂ ਬਹੁਤੀਆਂ ਕਵਿਤਾਵਾਂ ਧਾਰਮਕ ਰੰਗਣ ਵਾਲੀਆਂ ਹਨ ਪਰ ਵੈਸਾਖੀ ਨਾਲ ਉਨ੍ਹਾਂ ਦਾ ਸਬੰਧ ਹੋਣਾ ਕੋਈ ਜ਼ਰੂਰੀ ਨਹੀਂ। ਅਕਾਲੀ ਲਹਿਰ ਅਤੇ ਜਲ੍ਹਿਆਂ ਵਾਲੇ ਬਾਗ ਨਾਲ ਸਬੰਧਤ ਕੁਝ ਪੰਨੇ ਵਾਰਤਕ ਰਚਨਾ ਦੇ ਇਸ ਟਰੈਕਟ ਵਿਚ ਵੀ ਮੌਜੂਦ ਹਨ। ਇਕ ਕਵਿਤਾ 'ਖਾਲਸੇ ਦੇ ਅੰਗ ਸੰਗ ਗੁਰੂ ਕਲਗੀ ਵਾਲਾ ਹੈ' ਦੀ ਸਮਸਿਆ ਤੇ ਵੀ ਦਰਜ ਹੈ।

13. ਜੀਵਨ ਲਹਿਰਾਂ :

200 ਤੋਂ ਉਪਰ ਰੁਬਾਈਆਂ ਦਾ ਇਹ ਸੰਗ੍ਰਹਿ 'ਦੁਖੀ' ਜੀ ਨੇ ਪ੍ਰਕਾਸ਼ਤ ਕਰਨ ਦਾ ਉਦਮ ਤਾਂ ਕੀਤਾ ਸੀ ਪਰ ਸਿਹਤ ਦੇ ਸਾਥ ਨਾ ਦੇਣ ਕਾਰਨ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਇਹ ਪੁਸਤਕ ਛਪ ਕੇ ਪ੍ਰੈਸ ਵਿਚ ਹੀ ਖਤਮ ਹੋ ਗਈ ਜਾਪਦੀ ਹੈ।[1] ਪੁਸਤਕ ਦੇ ਆਦਿ ਵਿਚ ਕਰਤਾ ਦਾ ਸੰਖੇਪ ਜੀਵਨ ਇਤਿਹਾਸ ਹੈ ਤੇ ਫਿਰ ਪਿੰਗਲ ਅਤੇ ਰੁਬਾਈ ਬਾਰੇ ਇਕ ਪੰਨੇ ਦੀ ਜਾਣਕਾਰੀ ਦੇਣ ਪਿਛੋਂ, ਪਿਤਾ ਅਤੇ ਮਾਤਾ ਨੂੰ ਰੁਬਾਈ ਰੂਪ ਵਿਚ ਹੀ ਪੁਸਤਕ ਭੇਟਾ ਕੀਤੇ ਜਾਣ ਨਾਲ ਪੁਸਤਕ ਅਗੇ ਤੁਰ ਪੈਂਦੀ ਹੈ। ਹਰ ਰੁਬਾਈ ਦਾ ਵਿਸ਼ਾ ਆਪੋ ਆਪਣਾ ਹੁੰਦਾ ਹੈ। ਆਮ ਕਰਕੇ ਇਕ ਰੁਬਾਈ ਵਿਚ ਇਕੋ ਖਿਆਲ ਬੰਨ੍ਹਿਆ ਜਾਂਦਾ ਹੈ ਪਰ ਇਸ ਪੁਸਤਕ ਵਿਚ ਕਈ ਥਾਈਂ ਇਕ ਖਿਆਲ ਨੂੰ ਕਈ ਰੁਬਾਈਆਂ ਵਿਚ ਪੇਸ਼ ਕੀਤਾ ਗਿਆ ਵੀ ਮਿਲਦਾ ਹੈ। ਹਰ ਰੁਬਾਈ ਦਾ ਰਚਨਾ ਕਾਲ ਵਖ ਵਖ ਹੈ।

14. ਸ਼ਹੀਦ :

ਇਸ ਨਾਂ ਹੇਠ ਛਪਣ ਲਈ ਤਿਆਰ ਕੀਤਾ ਪਿਆ ਖਰੜਾ ਆਪਣੇ ਆਪ ਵਿਚ ਮਹਤਵਪੂਰਨ ਰਚਨਾ ਹੈ ਜਿਸ ਵਿਚ ਦੇਸ਼ ਤੋਂ ਤਨ, ਮਨ ਤੇ ਧਨ ਕੁਰਬਾਨ ਕਰਨ ਵਾਲੇ ਨਵੇਂ ਪੁਰਾਣੇ ਸੂਰਬੀਰਾਂ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਹਨ। ਲਗਪਗ 30 ਸ਼ਹੀਦਾਂ ਦੇ ਜੀਵਨ ਵਖੋ ਵਖ ਛੰਦਾਂ ਵਿਚ ਵਰਨਣ ਕੀਤੇ ਗਏ ਹਨ।

---

1. ਇਸ ਪੁਸਤਕ ਦੇ ਪ੍ਰੈਸ ਵਿਚੋਂ ਆਏ ਹੋਏ ਪਰੂਫਾਂ ਦੀ ਇਕ ਪ੍ਰਤੀ 'ਦੁਖੀ' ਜੀ ਦੇ ਨਿਜੀ ਕਾਗਜ਼ਾਂ ਵਿਚੋਂ ਮਿਲਣੀ ਇਸ ਗਲ ਦੀ ਪ੍ਰੋੜ੍ਹਤਾ ਕਰਦੀ ਹੈ।

**15, 16 ਨਾਂ ਰਹਿਤ ਖਰੜੇ :**

ਆਪ ਦੀਆਂ ਕਵਿਤਾਵਾਂ ਦੇ ਦੋ ਖਰੜੇ ਅਜਿਹੇ ਵੀ ਹਨ ਜਿਨ੍ਹਾਂ ਦੇ ਅਜੇ ਤਕ ਕਰਤਾ ਵਲੋਂ ਕੋਈ ਨਾਂ ਨਹੀਂ ਸਨ ਰਖੇ ਗਏ ਕਿ ਉਪਰੋਂ ਬੀਮਾਰੀ ਨੇ ਆ ਦਬਾਇਆ। ਦੋਹਾਂ ਖਰੜਿਆਂ ਵਿਚ ਹੀ ਧਾਰਮਕ, ਸਮਾਜਕ ਤੇ ਦੇਸ ਭਗਤਕ ਕਵਿਤਾਵਾਂ ਦਰਜ ਹਨ। ਦੂਜੇ ਖਰੜੇ ਵਿਚ ਕੁਝ ਸਿਖਿਆਦਾਇਕ ਤੇ ਰਾਜਨੀਤੀ ਨਾਲ ਸਬੰਧਤ ਰਚਨਾਵਾਂ ਸ਼ਾਮਲ ਕਰ ਕੇ ਵਾਧਾ ਕੀਤਾ ਗਿਆ ਹੈ। ਇਸ ਵਿਚ ਬਹੁਸੰਖਿਆ ਰੁਬਾਈਆਂ ਦੀ ਹੈ। ਇਨ੍ਹਾਂ ਰਚਨਾਵਾਂ ਵਿਚ ਮੁਖ ਨਿਸ਼ਾਨਾ ਨੌਜੁਆਨ ਪੀੜ੍ਹੀ ਨੂੰ ਬਣਾਇਆ ਗਿਆ ਹੈ ਜਿਸ ਵਿਚ ਸਦਗੁਣਾਂ ਦਾ ਸੰਚਾਰ ਕਰਨ ਲਈ ਕਵੀ ਜੀ ਸਾਰੀ ਉਮਰ ਹੀ ਜਤਨਸ਼ੀਲ ਰਹੇ ਹਨ।

**17. ਗ਼ਦਰ ਗੂੰਜਾਂ :**

ਉਪਰ ਦਿਤੀਆਂ ਗਈਆਂ ਪੁਸਤਕਾਂ ਅਤੇ ਖਰੜਿਆਂ ਤੋਂ ਬਿਨਾਂ 'ਦੁਖੀ' ਜੀ ਦੀਆਂ ਹੋਰ ਵੀ ਕਵਿਤਾਵਾਂ ਹਨ। ਗ਼ਦਰ ਆਸ਼ਰਮ ਸਨਫਰਾਂਸਿਸਕੋ (ਅਮਰੀਕਾ) ਵਲੋਂ ਛਪੇ 'ਗ਼ਦਰ ਗੂੰਜਾਂ' ਨਾਂ ਦੇ ਕਾਵਿ ਸੰਗ੍ਰਹਿਆਂ ਵਿਚ, ਗ਼ਦਰੀ ਕਵੀਆਂ ਦੁਆਰਾ ਰਚੀਆਂ ਗਈਆਂ ਇਨਕਲਾਬੀ ਤੇ ਅਗ-ਵਰ੍ਹਾਊ ਕਵਿਤਾਵਾਂ ਛਾਪੀਆਂ ਜਾਂਦੀਆਂ ਸਨ। ਇਨ੍ਹਾਂ ਵਿਚ 'ਦੁਖੀ' ਜੀ ਦਾ ਹਿਸਾ ਕੋਈ ਘਟ ਨਹੀਂ ਸਗੋਂ ਕਈ ਅੰਕਾਂ ਦੇ ਪ੍ਰਧਾਨ ਕਵੀ ਹੀ ਆਪ ਹਨ। ਇਨ੍ਹਾਂ ਕਵਿਤਾਵਾਂ ਦਾ ਵਿਸ਼ਾ ਅੰਗਰੇਜ਼ ਵਿਰੁਧ ਜੰਗ ਤੇ ਦੇਸ ਦੀ ਆਜ਼ਾਦੀ ਨਾਲ ਸਬੰਧਤ ਹੈ। ਇਹ 'ਗੂੰਜਾਂ' ਹੁਣ ਦੁਰਲਭ ਵਸਤਾਂ ਬਣ ਚੁਕੀਆਂ ਹਨ।

## ਵਾਰਤਕ ਰਚਨਾਵਾਂ

**18. ਗੋਰੇਸ਼ਾਹੀ ਜ਼ੁਲਮ :**

ਗ਼ਦਰ ਆਸ਼ਰਮ ਸਨਫਰਾਂਸਿਸਕੋ (ਅਮਰੀਕਾ) ਵਲੋਂ 1913 ਵਿਚ ਭਾਰੀ ਗਿਣਤੀ ਵਿਚ ਛਾਪ ਕੇ ਵੰਡਿਆ ਗਿਆ ਇਹ ਕਿਤਾਬਚਾ 'ਦੁਖੀ' ਜੀ ਦੀ ਪਹਿਲੀ ਵਾਰਤਕ ਰਚਨਾ ਹੈ ਜਿਸ ਵਿਚ ਕੈਨੇਡਾ ਵਿਚੋਂ ਧੋਖੇ ਅਤੇ ਧੱਕੇ ਨਾਲ, ਅੰਗਰੇਜ਼ ਅਫਸਰਾਂ ਵਲੋਂ ਇਕ ਦੇਸ਼ ਭਗਤ, ਭਾਈ ਭਗਵਾਨ ਸਿੰਘ ਗਿਆਨੀ ਨੂੰ ਕੱਢੇ ਜਾਣ ਦਾ ਵਰਨਣ ਬੜੀ ਗਰਮ ਭਾਸ਼ਾ ਵਿਚ ਕੀਤਾ ਗਿਆ ਹੈ।

**19. ਦੁਸ਼ਮਣ ਦੀ ਖੋਜ ਭਾਲ :**

ਕੈਨੇਡਾ ਵਿਚ ਹੀ ਰਚੀ ਗਈ ਇਸ ਪੁਸਤਕ ਦੇ ਸਹਿ ਲੇਖਕ ਸਨ ਕਰਤਾਰ ਸਿੰਘ 'ਚੰਦ'। ਇਸ ਦਾ ਵਿਸ਼ਾ ਜਾਸੂਸੀ ਕਲਾ ਨਾਲ ਸਬੰਧਤ ਸੀ। "ਗ਼ਦਰੀਆਂ ਨੂੰ ਜਾਸੂਸਾਂ ਤੇ ਦੁਸ਼ਮਨਾਂ ਦੇ ਹਥ-ਕੰਡਿਆਂ ਤੋਂ ਬਚਾਉਣ ਲਈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਲੁਕੋ ਕੇ ਦੁਸ਼ਮਣ ਨੂੰ ਨੰਗਿਆਂ ਕਰਨ ਬਾਰੇ ਇਸ ਵਿਚ ਸੈਂਕੜੇ ਅਮਲੀ ਸੁਝਾਉ ਸਨ।"[1] ਇਸ ਪੁਸਤਕ ਨੂੰ ਪੰਜਾਬ ਪਹੁੰਚਣਾ ਨਸੀਬ ਨਾ ਹੋ ਸਕਿਆ।

**20. ਜੀਵਨ ਭਾਈ ਅਮਰ ਸਿੰਘ :**

31 ਪੰਨਿਆਂ ਦਾ ਇਹ ਟਰੈਕਟ 'ਕਵੀ ਕੁਟੀਆ ਕਲਕੱਤਾ' ਵਲੋਂ ਪ੍ਰਕਾਸ਼ਤ ਕੀਤਾ

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 80।

Sri Satguru Jagjit Singh Ji Elibrary NamdhariElibrary@gmail com

ਗਿਆ ਜਾਪਦਾ ਹੈ ਜਿਸ ਵਿਚ ਆਪ ਨੇ ਇਕ ਦੁਆਬੀਏ ਕਿਰਤੀ ਅਮਰ ਸਿੰਘ ਦੇ ਗਰੀਬੀ ਦੀ ਹਾਲਤ ਵਿਚੋਂ ਉਠ ਕੇ ਆਪਣੀ ਲਗਨ ਤੇ ਮਿਹਨਤ ਸਦਕਾ ਧਨਵਾਨ ਬਣਨ ਦੀ ਚਰਚਾ ਕਰ ਕੇ ਹੋਰਨਾਂ ਨੂੰ ਪਰੇਰਨ ਦਾ ਜਤਨ ਕੀਤਾ ਹੈ। ਢੁਕਵੇਂ ਥਾਵਾਂ ਤੇ ਕਾਵਿ ਟੁਕੜੀਆਂ ਵੀ ਦਿਤੀਆਂ ਗਈਆਂ ਹਨ।

**21. ਜੀਵਨ ਭਾਈ ਮੋਹਨ ਸਿੰਘ ਵੈਦ :**

'ਦੁਖੀ' ਜੀ ਦੀਆਂ ਵਾਰਤਕ ਰਚਨਾਵਾਂ ਵਿਚੋਂ ਇਹ ਇਕ ਮਹੱਤਵਪੂਰਨ ਕਿਰਤ ਹੈ ਜਿਸ ਦੇ 808 ਪੰਨੇ ਹਨ। ਬੜੀ ਮਿਹਨਤ ਨਾਲ ਆਪ ਨੇ ਇਸ ਪੁਸਤਕ ਨੂੰ ਵੈਦ ਜੀ ਦੀਆਂ ਡਾਇਰੀਆਂ ਅਤੇ ਨੋਟਾਂ ਦੇ ਆਧਾਰ ਤੇ ਤਿਆਰ ਕੀਤਾ ਸੀ। ਇਸ ਨੂੰ ਉਹ ਆਪਣੀ ਉਤਮ ਵਾਰਤਕ ਰਚਨਾ ਮੰਨਦੇ ਸਨ। ਇਸ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਕ ਸਾਧਾਰਨ ਪਰ ਜਨਤਾ ਵਿਚ ਪ੍ਰਭਾਵਸ਼ਾਲੀ ਵਿਅਕਤੀ ਦਾ ਜੀਵਨ ਲਿਖਣ ਦੇ ਨਾਲ ਨਾਲ, ਪੰਜਾਬ ਦਾ ਲਗਪਗ 40 ਵਰ੍ਹਿਆਂ ਦਾ ਧਾਰਮਕ, ਰਾਜਸੀ ਤੇ ਸਮਾਜਕ ਇਤਿਹਾਸ ਵੀ ਇਸ ਪੁਸਤਕ ਵਿਚ ਅੰਕਤ ਕਰਨ ਦਾ ਜਤਨ ਕੀਤਾ ਗਿਆ ਹੈ।

**22. ਸ਼ਹੀਦੀ ਜੀਵਨ :**

ਲਗਪਗ 30 ਦੇਸ਼ ਭਗਤ, ਗ਼ਦਰੀ ਤੇ ਇਨਕਲਾਬੀ ਸ਼ਹੀਦਾਂ ਦੇ ਜੀਵਨ ਵੀ ਆਪ ਨੇ ਲਿਖੇ ਹਨ ਜਿਨ੍ਹਾਂ ਬਾਰੇ ਬੜੀ ਕੀਮਤੀ, ਇਤਿਹਾਸਕ ਤੇ ਦੁਰਲਭ ਜਾਣਕਾਰੀ ਦਿਤੀ ਹੋਈ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨਾਲ ਕਰਤਾ ਦੇ ਆਪਣੇ ਸੰਪਰਕ ਰਹੇ ਹੋਣ ਕਾਰਨ ਕਈ ਅਜਿਹੀਆਂ ਗੱਲਾਂ ਦਾ ਵਰਨਣ ਵੀ ਆਪ ਨੇ ਕੀਤਾ ਹੈ ਜੋ ਕਿਸੇ ਹੋਰ ਸਰੋਤ ਤੋਂ ਪ੍ਰਾਪਤ ਹੋ ਸਕਣੀਆਂ ਸ਼ਾਇਦ ਅਸੰਭਵ ਹੁੰਦੀਆਂ। ਇਹ ਜੀਵਨ ਵਖੋ ਵਖ ਪੰਜਾਬੀ ਰਸਾਲਿਆਂ ਦੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਤਾਂ ਹੋ ਚੁਕੇ ਹਨ ਪਰ ਕਿਤਾਬੀ ਰੂਪ ਧਾਰਨ ਨਹੀਂ ਕਰ ਸਕੇ।

**23. ਸੱਚੇ ਸਿੱਖ ਬਣੋ :**

ਸਾਧੂ ਸਿੰਘ ਜਮਸ਼ੇਦਪੁਰੀ ਦੇ ਨਾਂ ਤੇ ਅਤੇ ਕਵੀ ਪ੍ਰੈਸ ਕਲਕੱਤਾ ਵਲੋਂ ਛਾਪਿਆ ਗਿਆ ਇਹ ਵਾਰਤਕ ਟਰੈਕਟ 16 ਪੰਨਿਆਂ ਦਾ ਹੈ ਜਿਸ ਵਿਚ ਬਾਬਾ ਗੁਰਦਿਤ ਸਿੰਘ (ਕਾਮਾਗਾਟਾ ਮਾਰੂ) ਵਲੋਂ ਦੋ ਬਰਾਦਰੀਆਂ ਵਿਚ ਫੁਟ ਪਾਉਣ ਦੇ ਜਤਨ ਨਾਲ ਲਿਖੇ ਗਏ 20 ਪੰਨਿਆਂ ਦੇ ਟਰੈਕਟ 'ਸੱਚੇ ਸਿਖ ਬਣੋ' ਦਾ ਉਤਰ ਦਿਤਾ ਗਿਆ ਹੈ। ਬਾਬਾ ਜੀ ਨਾਲ 'ਦੁਖੀ' ਜੀ ਦੇ ਵੀ ਚੰਗੇ ਸਬੰਧ ਹੁੰਦੇ ਸਨ ਸ਼ਾਇਦ ਇਸੇ ਲਈ ਇਸ ਟਰੈਕਟ ਤੇ 'ਦੁਖੀ' ਜੀ ਨੇ ਆਪਣੇ ਸ਼ਗਿਰਦ ਦਾ ਨਾਂ ਦੇ ਦਿਤਾ ਹੋਵੇ। ਟਰੈਕਟ ਦੀ ਇਕ ਪ੍ਰਤੀ ਉਪਰ 'ਦੁਖੀ' ਜੀ ਨੇ ਇਸ ਦੇ ਕਰਤਾ ਹੋਣ ਦਾ ਸੰਕੇਤ ਦਿਤਾ ਹੋਇਆ ਹੈ।

**24. ਜੀਵਨ ਭਾਈ ਸੋਭਾ ਸਿੰਘ :**

ਭਾਈ ਜੀ ਆਪ ਦੇ ਵਿਦਿਆ ਗੁਰੂ ਸਨ। ਉਨ੍ਹਾਂ ਬਾਰੇ ਜਾਣਕਾਰੀ ਭਰਪੂਰ ਇਹ ਰਚਨਾ ਵੀ ਕਿਤਾਬੀ ਰੂਪ ਵਿਚ ਪਾਠਕਾਂ ਸਾਹਮਣੇ ਨਹੀਂ ਆ ਸਕੀ ਭਾਵੇਂ ਪੰਜਾਬੀ ਪਾਠਕ ਇਸ ਨੂੰ ਵੀ ਪੱਤਰਾਂ ਰਾਹੀਂ ਪੜ੍ਹ ਚੁਕੇ ਹਨ।

Sri Satguru Jagjit Singh Ji Elibrary NamdhariElibrary@gmail.com

**25. ਜੀਵਨ ਜਾਚ :**

ਵਖ ਵਖ ਪੱਤਰਾਂ ਵਿਚ ਵਖ ਵਖ ਵਿਸ਼ਿਆਂ ਤੇ ਛਪ ਚੁਕੇ 'ਦੁਖੀ' ਜੀ ਦੇ ਲੇਖ ਇਕਤਰ ਕੀਤੇ ਪਏ ਹਨ ਜਿਨ੍ਹਾਂ ਨੂੰ ਇਸ ਨਾਂ ਹੇਠ ਪੁਸਤਕ ਰੂਪ ਦੇਣ ਦੀ ਯੋਜਨਾ ਆਪ ਨੇ ਉਲੀਕੀ ਹੋਈ ਤਾਂ ਸੀ ਪਰ ਅਧੂਰੀ ਹੀ ਰਹਿ ਗਈ।

**26. ਨੌਂ ਰਸ :**

'ਦੁਖੀ' ਜੀ ਰਚਿਤ ਮੌਲਿਕ ਕਹਾਣੀਆਂ ਦਾ ਇਹ ਸੰਗ੍ਰਹਿ ਮਾਰਚ 1951 ਵਿਚ ਜੀਵਨ ਪ੍ਰਕਾਸ਼ਨ ਬੰਬਈ ਵਲੋਂ ਪ੍ਰਕਾਸ਼ਤ ਕੀਤਾ ਗਿਆ ਸੀ ਜਿਸ ਵਿਚ ਆਪ ਦੀਆਂ ਸਮਾਜ ਸੁਧਾਰਕ ਨੌਂ ਕਹਾਣੀਆਂ ਹਨ। ਇਨ੍ਹਾਂ ਵਿਚੋਂ ਵੀ ਬਹੁਤੀਆਂ ਕਹਾਣੀਆਂ ਕਦੀ ਸਮਕਾਲੀ ਪੱਤਰਾਂ ਵਿਚ ਛਪ ਚੁਕੀਆਂ ਸਨ। ਕੁਝ ਕਹਾਣੀਆਂ ਦਾ ਸਬੰਧ 'ਦੁਖੀ' ਪਰਵਾਰ ਨਾਲ ਹੈ ਤੇ ਕੁਝ ਦਾ ਆਲੇ ਦੁਆਲੇ ਨਾਲ। ਕੁਝ ਕਹਾਣੀਆਂ ਸਿਖਿਆਦਾਇਕ ਤੇ ਹਾਸਰਸ ਪ੍ਰਧਾਨ ਵੀ ਹਨ।

**27. ਤ੍ਰੈਗੁਣ :**

'ਦੁਖੀ' ਜੀ ਰਚਿਤ ਤਿੰਨ ਮੌਲਿਕ ਕਹਾਣੀਆਂ ਦਾ ਇਹ ਸੰਗ੍ਰਹਿ ਵੀ ਜੀਵਨ ਪ੍ਰਕਾਸ਼ਨ ਬੰਬਈ ਵਲੋਂ ਹੀ 1951 ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਇਸ ਵਿਚ ਦਰਜ ਕਹਾਣੀਆਂ ਵਿਚੋਂ 'ਵਾਰ ਦਾ ਮੁਲ' ਮਹਾਰਾਜਾ ਰਣਜੀਤ ਸਿੰਘ ਦੇ ਸਿਖੀ ਚਰਿਤਰ ਦਾ ਪ੍ਰਦਰਸ਼ਨ ਕਰਦੀ ਹੈ। 'ਹੈਦਰਖਾਨ' ਆਪ ਦੇ ਪਿਤਾ ਜੀ ਦੀ ਹਡਬੀਤੀ ਹੈ ਜਿਸ ਵਿਚ ਕਰਤਾ ਨੇ ਸਿਖੀ ਚਰਿਤਰ ਤੇ ਬਹਾਦਰੀ ਨੂੰ ਪ੍ਰਗਟਾਉਣ ਦਾ ਜਤਨ ਕੀਤਾ ਹੈ। 'ਸ਼ਹੀਦਾਂ ਦੇ ਦਰਸ਼ਨ' ਦੇਸ਼ ਭਗਤ ਤੇ ਸੂਰਬੀਰਾਂ ਨਾਲ ਸਬੰਧਤ ਹੈ।

**28. ਜੀਵਨ ਸੱਧਰਾਂ :**

1960 ਵਿਚ 'ਦੁਖੀ' ਜੀ ਵਲੋਂ ਛਪਵਾਈ ਗਈ ਇਸ ਪੁਸਤਕ ਵਿਚ ਆਪ ਦੀਆਂ ਨਿਕੀਆਂ ਵਡੀਆਂ 14 ਕਹਾਣੀਆਂ ਸ਼ਾਮਲ ਹਨ ਇਨ੍ਹਾਂ ਦਾ ਵਿਸ਼ਾ ਮੁਖ ਤੌਰ ਤੇ ਸਮਾਜ ਸੁਧਾਰਕ ਹੈ। ਬਹੁਤੀਆਂ ਕਹਾਣੀਆਂ ਦੁਆਬੇ ਦੀ ਧਰਤੀ ਤੇ ਵਾਪਰੀਆਂ ਯਥਾਰਥਕ ਘਟਨਾਵਾਂ ਤੇ ਅਧਾਰਤ ਹਨ ਪਰ ਕੁਝਕੁ ਦਾ ਸਬੰਧ ਬੰਗਾਲ ਤੇ ਕੈਨੇਡਾ ਨਾਲ ਵੀ ਜੁੜਦਾ ਹੈ ਕਿਉਂਕਿ ਲੇਖਕ ਜੀ ਆਪ ਇਨ੍ਹਾਂ ਇਲਾਕਿਆਂ ਵਿਚ ਰਹਿੰਦੇ ਰਹੇ ਹਨ।

**29. ਖਾਲਸਈ ਸ਼ਾਨ :**

ਇਹ ਛੋਟਾ ਜਿਹਾ ਕਹਾਣੀ ਸੰਗ੍ਰਹਿ ਹੈ ਜੋ ਆਪ ਨੇ ਉਦੋਂ ਅੰਮ੍ਰਿਤਸਰੋਂ ਪ੍ਰਕਾਸ਼ਤ ਕਰਵਾਇਆ ਸੀ ਜਦੋਂ ਆਪ ਦਾ ਨਿਵਾਸ ਖਾਲਸਾ ਕਾਲਜ ਦੇ ਨਾਲ ਹੁੰਦਾ ਸੀ। ਇਹ ਕਿਤਾਬਚਾ ਅਸਲ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਦੇ ਸਬੰਧ ਵਿਚ ਲਿਖਿਆ ਗਿਆ ਸੀ। ਗੁਰੂ ਸਾਹਿਬ ਦੀ ਅਦੁਤੀ ਸ਼ਹੀਦੀ ਬਾਰੇ ਇਕ ਕਵਿਤਾ ਨਾਲ ਇਸ ਦਾ ਮੁਢ ਬਝਣ ਪਿਛੋਂ ਖਾਲਸਾ ਰਾਜ ਨਾਲ ਸਬੰਧਤ ਕਹਾਣੀਆਂ ਸ਼ੁਰੂ ਹੋ ਜਾਂਦੀਆਂ ਹਨ ਜੋ ਅਕਸਰ ਪਹਿਲਾਂ ਕਿਸੇ ਨਾ ਕਿਸੇ ਪੱਤਰ ਵਿਚ ਵੀ ਛਪ ਚੁਕੀਆਂ ਹਨ। ਇਨ੍ਹਾਂ ਪੰਜਾਂ ਕਹਾਣੀਆਂ ਦਾ ਮੰਤਵ ਹੈ—ਸਿਖ ਰਾਜ ਪ੍ਰਬੰਧ ਤੇ ਸਿਖ ਚਰਿਤਰ ਨੂੰ ਉਜਾਗਰ ਕਰਨਾ ਅਤੇ ਅੰਗਰੇਜ਼ਾਂ ਵਿਰੁਧ ਹਿੰਦ ਵਾਸੀਆਂ ਵਿਚ ਘਿਰਣਾ ਨੂੰ ਪ੍ਰਚੰਡ ਕਰਨਾ।

Sri Satguru Jagjit Singh Ji Elibrary NamdhariElibrary@gmail com

30. ਅਨੁਵਾਦਤ ਕਹਾਣੀਆਂ :

'ਦੁਖੀ' ਜੀ ਨੇ ਕੁਝ ਕਹਾਣੀਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ । ਇਨ੍ਹਾਂ ਵਿਚ ਮੁਖ ਤੌਰ ਤੇ ਤਿੰਨ ਲੰਬੀਆਂ ਕਹਾਣੀਆਂ ਹਨ—'ਬਹਾਦਰ ਗੱਰਾਰਡ', 'ਲੋਹੇ ਦੇ ਪਰਦੇ ਪਿਛਲੀ ਕਹਾਣੀ' ਅਤੇ 'ਨਿਰਦੋਸ਼ ਖੂਨੀ' । ਇਹ ਸਾਰੀਆਂ ਕਹਾਣੀਆਂ ਮੁਖ ਤੌਰ ਤੇ, ਗੁਲਾਮੀ ਦੀ ਗੂੜ੍ਹੀ ਨੀਂਦੇ ਸੁਤੇ ਪੰਜਾਬੀਆਂ ਨੂੰ ਜਗਾਉਣ ਦੇ ਮਨੋਰਥ ਨਾਲ ਉਲਥਾਈਆਂ ਗਈਆਂ ਜਾਪਦੀਆਂ ਹਨ; ਵਿਸ਼ੇਸ਼ ਕਰ ਕੇ ਪਹਿਲੀਆਂ ਦੋਂਹ ਬਾਰੇ ਤਾਂ ਇਹ ਕਿਆਸ ਬੇਝਿਝਕ ਕੀਤਾ ਜਾ ਸਕਦਾ ਹੈ। ਤੀਜੀ ਵਿਚ ਜਾਸੂਸੀ ਤੱਤ ਵਧੇਰੇ ਪ੍ਰਧਾਨ ਹੈ ਤੇ ਇਸ ਤੱਤ ਦੇ ਗਿਆਨ ਨੂੰ ਵੀ ਆਪ ਦੇਸ਼ ਭਗਤਾਂ ਲਈ ਬਹੁਤ ਜ਼ਰੂਰੀ ਸਮਝਦੇ ਸਨ।

31. ਦੇਸ਼ ਭਗਤੀ (ਨਾਵਲ) :

ਇਹ ਨਾਵਲ ਆਪ ਦੀ ਮੌਲਿਕ ਰਚਨਾ ਨਹੀਂ ਸਗੋਂ ਮਹਾਨ ਬੰਗਾਲੀ ਲੇਖਕ, ਬੰਕਮ ਚੰਦਰ ਚੈਟਰਜੀ ਦੇ ਪ੍ਰਸਿੱਧ ਨਾਵਲ 'ਆਨੰਦ ਮਠ' ਦਾ ਪੰਜਾਬੀ ਅਨੁਵਾਦ ਹੈ ਜੋ 1927 ਵਿਚ ਕਲਕੱਤਾ ਤੋਂ ਹੀ ਪ੍ਰਕਾਸ਼ਤ ਕੀਤਾ ਗਿਆ ਸੀ। ਇਸ ਨਾਵਲ ਦਾ ਵਿਸ਼ਾ ਨਿਰੋਲ ਦੇਸ਼ ਭਗਤੀ ਹੈ ਜਿਸ ਵਿਚ ਅੰਗਰੇਜ਼ਾਂ ਵਿਰੁਧ ਸੰਨਿਆਸੀ ਵਿਦਰੋਹ ਦਾ ਵਰਨਣ ਬਹੁਤ ਰੌਚਕ ਢੰਗ ਨਾਲ ਕੀਤਾ ਗਿਆ ਹੈ। ਇਤਿਹਾਸਕ ਹੁੰਦਾ ਹੋਇਆ ਵੀ ਇਹ ਇਤਿਹਾਸ ਵਾਂਗ ਖੁਸ਼ਕ ਨਹੀਂ। ਇਹ ਕਿਰਤ ਹੁਣ ਦੁਰਲਭ ਹੋ ਚੁਕੀ ਹੈ।

32. ਪਰਾਧੀਨ ਜੀਵਨ :

'ਦੁਖੀ' ਜੀ ਵਲੋਂ 1928 ਵਿਚ ਅਨੁਵਾਦੇ ਗਏ ਇਸ ਅੰਗਰੇਜ਼ੀ ਨਾਵਲ ਦੀਆਂ ਕਿਸ਼ਤਾਂ 'ਚਾਚੇ ਤਿਲੌਕੇ ਦੀ ਝੁਗੀ' ਦੇ ਰੂਪ ਵਿਚ ਸਪਤਾਹਿਕ ਸਿੰਡੀਕੇਟ ਕਲਕੱਤਾ ਵਿਚ ਵੀ ਛਪ ਚੁਕੀਆਂ ਸਨ। ਪਿਛੋਂ ਇਸ ਨੂੰ ਕਿਤਾਬੀ ਰੂਪ ਦੇਣ ਵੇਲੇ ਇਸ ਦਾ ਨਾਂ ਬਦਲ ਦਿਤਾ ਗਿਆ। ਸ੍ਰੀਮਤੀ ਸਟੋਵ ਦੇ ਪ੍ਰਸਿੱਧ ਅਮਰੀਕੀ ਨਾਵਲ 'ਅੰਕਲ ਟੌਮਜ਼ ਕੈਬਿਨ' ਦਾ ਇਹ ਸੁਤੰਤਰ ਅਨੁਵਾਦ ਹੈ। ਮੂਲ ਲਿਖਤ ਅਮਰੀਕਨ ਨੀਗਰੋ ਲੋਕਾਂ ਉਪਰ ਦੱਖਣੀ ਗੋਰਿਆਂ ਦੇ ਅਕਹਿ ਜ਼ੁਲਮਾਂ ਦੀ ਦਰਦ ਭਰੀ ਕਹਾਣੀ ਹੈ ਪਰ ਅਨੁਵਾਦ ਦੀ ਸੁਤੰਤਰਤਾ ਕਾਰਨ ਇਹ ਮੌਲਿਕ ਪੰਜਾਬੀ ਨਾਵਲ ਜਾਪਦਾ ਹੈ।

33. ਤੁਰਕੀ ਹੂਰ :

1952 ਵਿਚ ਮਾਸਕ ਜੀਵਨ ਬੰਬਈ ਵਲੋਂ ਪ੍ਰਕਾਸ਼ਤ ਇਹ ਨਾਵਲ ਉਰਦੂ ਦੇ ਇਕ ਨਾਵਲ ਦਾ ਪੰਜਾਬੀ ਰੂਪ ਹੈ ਜਿਸ ਵਿਚ ਦਸਿਆ ਗਿਆ ਹੈ ਕਿ ਕਿਵੇਂ ਇਕ ਤੁਰਕੀ ਲੜਕੀ ਜ਼ੈਨਾਨ ਨੇ, ਕਮਾਲਪਾਸ਼ਾ ਨੂੰ ਕਤਲ ਕਰਨ ਲਈ ਅੰਗਰੇਜ਼ਾਂ ਵਲੋਂ ਭੇਜੇ ਗਏ ਜਾਸੂਸ ਮੁਸਤਫਾ ਸਗੀਰ ਨੂੰ ਅਜਾਸ਼ੀ ਵਿਚ "ਤੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਭੇਦ ਲਏ ਤੇ ਕਿਵੇਂ ਆਪਣੇ ਦੇਸ਼ ਤੇ ਕੌਮ ਨੂੰ ਬਰਬਾਦੀ ਤੋਂ ਬਚਾ ਲਿਆ।"[1]

ਇਨ੍ਹਾਂ ਤੋਂ ਬਿਨਾਂ ਆਪ ਦੀਆ ਹੋਰ ਵੀ ਕਈ ਰਚਨਾਵਾਂ ਹਨ ਜਿਨ੍ਹਾਂ ਸਬੰਧੀ ਕਿਤੇ

---

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ, 1965 ਪੰਨਾ 82.

Sri Satguru Jagjit Singh Ji Elibrary NamdhariElibrary@gmail com

ਨਾ ਕਿਤੇ ਜ਼ਿਕਰ ਤਾਂ ਕੀਤਾ ਗਿਆ ਮਿਲਦਾ ਹੈ ਪਰ ਉਨ੍ਹਾਂ ਦੀ ਕੋਈ ਪ੍ਰਤੀ ਅਜੇ ਤਕ ਦੇਖਣ ਨੂੰ ਵੀ ਨਸੀਬ ਨਹੀਂ ਹੋ ਸਕੀ ਕਿਉਂਕਿ ਇਨ੍ਹਾਂ ਵਿਚੋਂ ਬਹੁਤੀਆਂ ਗਦਰ ਆਸ਼ਰਮ ਅਮਰੀਕਾ ਵਲੋਂ ਹੀ ਛਾਪੀਆਂ ਤੇ ਵੰਡੀਆਂ ਗਈਆਂ ਸਨ ਤੇ ਉਨ੍ਹਾਂ ਦਾ ਪੰਜਾਬ ਆ ਸਕਣਾ ਜਾਂ ਆ ਕੇ ਖੁਲ੍ਹੇ ਰੂਪ ਵਿਚ ਰਹਿ ਸਕਣਾ ਅਸੰਭਵ ਸੀ। ਇਨ੍ਹਾਂ ਵਿਚ 'ਕਾਮਾਗਾਟਾ ਮਾਰੂ ਦੇ ਪੈਸੰਜਰ', 'ਜੁਬਲੀ ਦੀ ਗੱਪ ਸ਼ੱਪ' ਤੇ 'ਹਾਰਡਿੰਗ ਡਾਕੂ' ਆਦਿ ਕਾਵਿ ਪੁਸਤਕਾਂ ਗਿਣੀਆਂ ਜਾ ਸਕਦੀਆਂ ਹਨ। 'ਜੁਬਲੀ ਦੀ ਗੱਪ ਸ਼ੱਪ' ਦਾ ਇਕ ਹਥ ਲਿਖਤ ਖਰੜਾ ਆਪ ਦੇ ਕਾਗਜ਼ਾਂ ਵਿਚੋਂ ਪ੍ਰਾਪਤ ਹੋਇਆ ਹੈ। ਇਸ ਵਿਚ ਬਰਤਾਨਵੀ ਸਾਮਰਾਜ ਵਲੋਂ ਪਹਿਲੇ ਮਹਾਂ ਜੁਧ ਵਿਚ ਜਿੱਤ ਪ੍ਰਾਪਤੀ ਦੀ ਖੁਸ਼ੀ ਵਿਚ ਮਨਾਏ ਗਏ ਜਸ਼ਨਾਂ ਅਤੇ ਉਸੇ ਸਬੰਧ ਵਿਚ ਕੈਦੀਆਂ ਦੀ ਕੀਤੀ ਗਈ ਰਿਹਾਈ ਦਾ ਵਰਨਣ ਕੀਤਾ ਗਿਆ ਹੈ। 'ਹਾਰਡਿੰਗ ਡਾਕੂ' ਵਿਚ ਲਾਰਡ ਹਾਰਡਿੰਗ ਦੇ ਵਾਇਸਰਾਇ ਬਣ ਕੇ ਹਿੰਦ ਆਉਣ ਬਾਰੇ ਪ੍ਰਸੰਗ ਹੈ। 'ਕਾਮਾਗਾਟਾ ਮਾਰੂ ਦੇ ਪੈਸੰਜਰ' ਵਿਚ ਇਸ ਨਾਂ ਦੇ ਜਹਾਜ਼ ਦੇ ਮੁਸਾਫਰਾਂ ਵਲੋਂ ਝਲੇ ਗਏ ਕਸ਼ਟਾਂ ਦਾ ਵਰਨਣ ਕੋਰੜਿਆਂ ਵਿਚ ਕੀਤਾ ਗਿਆ ਸੀ। ਵਾਰਤਕ ਰਚਨਾ 'ਦੁਸ਼ਮਣ ਦੀ ਖੋਜ ਭਾਲ' ਦੀ ਵੀ ਕੋਈ ਪ੍ਰਤੀ ਪੰਜਾਬ ਵਿਚ ਨਹੀਂ ਮਿਲ ਰਹੀ। ਇਸ ਕਰ ਕੇ ਅਜਿਹੀਆਂ ਰਚਨਾਵਾਂ ਬਾਰੇ ਸਵਿਸਥਾਰ ਵਿਚਾਰ ਅਸੰਭਵ ਹੈ।

ਕੇਵਲ ਇਥੇ ਹੀ ਬਸ ਨਹੀਂ 'ਦੁਖੀ' ਜੀ ਨੇ ਕਈ ਪੱਤਰਾਂ ਦੀ ਸੰਪਾਦਕੀ ਕੀਤੀ ਅਤੇ ਅਣਗਿਣਤ ਪੱਤਰਾਂ ਵਿਚ ਉਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਰਹੀਆਂ। ਇਨ੍ਹਾਂ ਵਿਚੋਂ ਬਹੁਤੇ ਤਾਂ ਖਿਲਰੇ ਪਤਰੇ ਪਏ ਹਨ ਤੇ ਬਹੁਤਿਆਂ ਦਾ ਨਾਮ ਨਿਸ਼ਾਨ ਲਭਣਾ ਵੀ ਔਖਾ ਹੋ ਗਿਆ ਹੈ; ਕਿਉਂਕਿ ਬਹੁਤੀਆਂ ਚੀਜ਼ਾਂ ਬਰਤਾਨਵੀ ਸਰਕਾਰ ਵਲੋਂ ਕਬਜ਼ੇ ਕਰ ਲਈਆਂ ਜਾਂਦੀਆਂ ਸਨ। ਇਸ ਤਰ੍ਹਾਂ ਭਾਵੇਂ ਕੁਝ ਪੱਤਰਾਂ ਵਿਚੋਂ ਆਪ ਦੀਆਂ ਰਚਨਾਵਾਂ ਦੇ ਹਵਾਲੇ ਅਗਲੇ ਪੰਨਿਆਂ ਤੇ ਦਿਤੇ ਵੀ ਗਏ ਹਨ ਫਿਰ ਵੀ ਕਾਫ਼ੀ ਕਾਵਿ ਤੇ ਵਾਰਤਕ ਰਚਨਾ ਇਸ ਵਿਚਾਰ ਘੇਰੇ ਤੋਂ ਬਾਹਰ ਰਹਿ ਗਈ ਹੈ।

Sri Satguru Jagjit Singh Ji Elibrary NamdhariElibrary@gmail com

## ਅਧਿਆਇ ਤੀਜਾ

## ਕਵੀ ਮੁਨਸ਼ਾ ਸਿੰਘ 'ਦੁਖੀ'

ਸਵਰਗੀ ਮੁਨਸ਼ਾ ਸਿੰਘ 'ਦੁਖੀ' ਪੰਜਾਬੀ ਦੇ ਮਹਾਨ ਸਾਹਿਤਕਾਰ ਸਨ। ਸਗੋਂ ਜੇ ਇੰਜ ਕਹਿ ਲਿਆ ਜਾਵੇ ਕਿ ਕਈ ਮਹਾਨ ਸਾਹਿਤਕਾਰਾਂ ਤੇ ਪ੍ਰਸਿਧੀ ਪ੍ਰਾਪਤ ਕਰਨ ਵਾਲੇ ਪੰਜਾਬੀ ਸਾਹਿਤ ਸੇਵਕਾਂ ਨੂੰ ਪੈਦਾ ਕਰਨ ਵਾਲੇ ਸਨ ਤਦ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਪਰ ਆਪਣੇ ਸਮਕਾਲੀ ਲੇਖਕਾਂ-ਕਵੀਆਂ ਤੋਂ ਮਗਰਲੀ ਪੀੜ੍ਹੀ ਵਿਚੋਂ ਆਪ ਨੂੰ ਜਾਣਨ ਵਾਲੇ ਵਿਅਕਤੀਆਂ ਦੀ ਗਿਣਤੀ ਨਿਰਾਸ਼ਾ-ਜਨਕ ਹੀ ਰਹਿ ਗਈ ਹੈ। ਸਾਡੇ ਜਾਚੇ ਇਸ ਦੇ ਤਿੰਨ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਹੋ ਸਕਦਾ ਹੈ 'ਦੁਖੀ' ਜੀ ਦਾ ਨਿਰਮਾਣ, ਸ਼ਰੀਫ ਤੇ ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਵਿਸ਼ਵਾਸ ਰਖਣ ਵਾਲੇ ਵਿਅਕਤੀਆਂ ਵਰਗਾ ਸੁਭਾਉ ਜਿਸ ਕਾਰਨ ਆਪ ਨੇ ਕਦੇ ਕਿਸੇ ਸਰਕਾਰੀ ਵਿਭਾਗ ਅਗੇ ਵੀ ਆਪਣੀ ਹੋਂਦ ਸ਼ਾਇਦ ਹੀ ਪ੍ਰਗਟ ਕੀਤੀ ਹੋਵੇ। ਇਸ ਭਾਵਨਾ ਅਧੀਨ ਉਹ ਕਿਸੇ ਅਗੇ ਆਪਣੀ ਵਿਦਵਤਾ ਦੇ ਰਾਗ ਅਲਾਪਣੇ ਪਸੰਦ ਨਹੀਂ ਸਨ ਕਰਦੇ। ਉਨ੍ਹਾਂ ਵਲੋਂ ਸਾਰੀ ਉਮਰ ਚੁੱਪ ਸਾਧੀ ਰਖਣ ਦਾ ਵੀ ਇਹੋ ਮੁਖ ਕਾਰਨ ਸੀ। ਸਿੱਟਾ ਇਹ ਨਿਕਲਿਆ ਕਿ ਸਮਕਾਲੀ ਤੇ ਹਾਣੀ ਸਾਹਿਤ ਪ੍ਰੇਮੀਆਂ ਦੇ ਹੌਲੀ ਹੌਲੀ ਇਸ ਸੰਸਾਰ ਤੋਂ ਕੂਚ ਕਰਦੇ ਜਾਣ ਨਾਲ ਆਪ ਸਬੰਧੀ ਆਮ ਲੋਕਾਂ ਵਿਚ ਜਾਣਕਾਰੀ ਘਟਦੀ ਘਟਦੀ ਘਟ ਗਈ।

ਦੂਜਾ ਕਾਰਨ ਹੋ ਸਕਦਾ ਹੈ ਆਪ ਦੇ ਦਰਜਨਾਂ ਸ਼ਾਗਿਰਦਾਂ ਦੀ ਉਦਾਸੀਨਤਾ। ਆਪ ਨੇ ਪੰਜਾਬੀ ਸਾਹਿਤ-ਵਾੜੀ ਵਿਚ ਕਈ ਅਜਿਹੇ ਫੁਲ ਲਾਏ ਜਿਨ੍ਹਾਂ ਦੀ ਮਹਿਕ ਤੇ ਭਾਰਤ ਨੂੰ ਮਾਣ ਹੈ। ਉਹ 'ਦੁਖੀ' ਜੀ ਪ੍ਰਤੀ ਆਪਣੀ ਕ੍ਰਿਤੱਗਤਾ ਤਾਂ ਪ੍ਰਗਟਾਉਂਦੇ ਪਰ ਉਨ੍ਹਾਂ ਨੂੰ ਆਮ ਜਨਤਾ ਸਾਹਮਣੇ ਲਿਆਉਣ ਦਾ ਉਪਰਾਲਾ ਇਨ੍ਹਾਂ ਵਲੋਂ ਨਾ ਹੋਣ ਦੇ ਬਰਾਬਰ ਹੀ ਕੀਤਾ ਗਿਆ ਜਾਪਦਾ ਹੈ।

ਤੀਜਾ ਕਾਰਨ ਹੋ ਸਕਦਾ ਹੈ—ਮਿਹਨਤ ਤੋਂ ਜੀ ਚੁਰਾਉਣ ਵਾਲੇ ਕਵੀਆਂ ਦਾ ਕਾਵਿ-ਖੇਤਰ ਵਿਚ ਪਰਵੇਸ਼। 'ਦੁਖੀ' ਜੀ ਪਿੰਗਲ ਦੇ ਨੇਮਾਂ ਵਿਚ ਬੱਝ ਕੇ ਰਚੀ ਹੋਈ ਰਚਨਾ ਨੂੰ ਹੀ ਕਵਿਤਾ ਮੰਨਦੇ ਸਨ। ਇਸ ਲੀਹ ਵਿਚ ਕਵੀ ਬਣਨ ਦੇ ਚਾਹਵਾਨ ਨੂੰ ਪਹਿਲਾਂ ਉਸਤਾਦ ਧਾਰਨ ਦੀ ਲੋੜ ਪੈਂਦੀ ਸੀ ਜੋ ਸ਼ਗਿਰਦ ਨੂੰ ਛੰਦ ਸ਼ਾਸਤਰ ਦੀ ਲੋੜੀਂਦੀ ਜਾਣਕਾਰੀ ਵੀ ਦਿੰਦਾ ਸੀ ਤੇ ਛੰਦ ਰਚਨਾ ਦਾ ਅਭਿਆਸ ਵੀ ਕਰਵਾਉਂਦਾ ਸੀ; ਪਰ ਨਵੀਂ ਪੀੜ੍ਹੀ ਵਿਚ ਬਹੁ-ਗਿਣਤੀ ਅਜਿਹੇ ਕਵੀਆਂ ਦੀ ਹੋ ਗਈ ਤੇ ਹੋ ਰਹੀ ਹੈ ਜੋ ਪਿੰਗਲ ਦੇ ਨੇਮਾਂ ਨੂੰ ਇਸ ਲਈ ਹੀ ਘਿਰਣਾ ਕਰਦੇ ਹਨ ਕਿ ਇਸ ਛੰਦ ਰਚਨਾ ਤੇ ਮਿਹਨਤ ਵਧੇਰੇ ਕਰਨੀ ਪੈਂਦੀ ਹੈ। ਇਸ ਗਲ ਦੀ ਪ੍ਰੋੜ੍ਹਤਾ ਕਰਦੇ ਹੋਏ ਡਾਕਟਰ ਜੋਗਿੰਦਰ ਸਿੰਘ ਲਿਖਦੇ ਹਨ ਕਿ ਲੋਕੀਂ ਖੁਲ੍ਹੀ ਕਵਿਤਾ ਨੂੰ ਅਪਣਾਉਂਦੇ ਹੀ ਇਸ ਕਰ ਕੇ

Sri Satguru Jagjit Singh Ji Elibrary NamdhariElibrary@gmail.com

ਹਨ "ਕਿਉਂ ਜੋ ਪਿੰਗਲ ਦੇ ਬਝਵੇਂ ਨਿਯਮਾਂ ਦੀ ਪਾਲਣਾ ਕਰਨ ਤੇ ਵਜ਼ਨ ਦੀਆਂ ਹੋਰ ਬਰੀਕੀਆਂ ਨੂੰ ਨਿਭਾਉਣ ਤੋਂ ਅਸਮਰਥ ਹੋਣ ਕਾਰਨ ਉਨ੍ਹਾਂ ਲਈ ਪੜਚੋਲਕਾਰਾਂ ਦੀ ਨੋਕਾਝੋਕੀ ਤੋਂ ਬਚਣ ਲਈ ਇਸ ਤੋਂ ਚੰਗਾ ਹੋਰ ਕੋਈ ਰਾਹ ਨਹੀਂ ਸੀ।"[1] ਪਰ ਪ੍ਰੋ: ਪਿਆਰ ਸਿੰਘ ਦੇ ਇਸ ਦਾਅਵੇ ਵਿਚ ਦਲੀਲੀ ਵਜ਼ਨ ਦੀ ਬਹੁਲਤਾ ਹੈ ਕਿ "ਜਿਸ ਛੰਦ ਬੱਧ ਕਵਿਤਾ ਹੀ ਨਹੀਂ ਲਿਖੀ, ਉਹ ਖੁਲ੍ਹੀ ਕਵਿਤਾ ਵੀ ਨਹੀਂ ਲਿਖ ਸਕਦਾ।"[2] "ਪ੍ਰਯੋਗਵਾਦੀ ਕਵੀਆਂ ਨੇ ਕਵਿਤਾ ਨੂੰ ਵਾਰਤਕਮਈ ਬਣਾਉਣ ਵਿਚ ਕੋਈ ਕਸਰ ਨਹੀਂ ਛਡੀ। ਰੂਪਕ ਬਦਲੀ ਨੂੰ ਨਵੀਨਤਾ ਤੇ ਵਿਚਾਰ-ਬਦਲੀ ਨੂੰ ਪ੍ਰਯੋਗ ਦਾ ਨਾਂ ਦਿਤਾ ਗਿਆ ਹੈ।"[3] ਵਰਤਮਾਨ ਪੀੜ੍ਹੀ ਜਾਂ ਨਵੇਂ ਕਵੀਆ ਵਲੋਂ ਕਿਸੇ ਨਾ ਕਿਸੇ ਬਹਾਨੇ ਲਈ ਜਾਂਦੀ ਖੁਲ੍ਹ ਅਤੇ ਉਸ ਦੇ ਫਲਸਰੂਪ ਪੰਜਾਬੀ ਕਾਵਿ ਦੀ ਹੋ ਰਹੀ ਦੁਰਗਤੀ ਸਬੰਧੀ ਪ੍ਰੋ: ਪਿਆਰ ਸਿੰਘ ਨੇ ਬੜੀ ਕੋਰੀ ਗੱਲ ਕਰਦਿਆਂ ਕਿਹਾ ਸੀ, "ਨੌਜਵਾਨ ਲਿਖਾਰੀ ਆਪਣੇ ਜ਼ਿਹਨੀ ਖਬਤ ਨੂੰ ਪੂਰਾ ਕਰਨ ਲਈ 'ਆਤਮ ਅਭਿਵਿਅੰਜਨਾ' ਦੇ ਨਾਂ ਤੇ ਅਜੇਹੀਆਂ ਖੁਲ੍ਹਾਂ ਲੈਂਦੇ ਹਨ ਕਿ ਉਹਨਾਂ ਦੀ ਕ੍ਰਿਤ ਨੂੰ ਸਾਹਿਤ ਦੇ ਘੇਰੇ ਵਿਚ ਰਖਣ ਤੋਂ ਸ਼ਰਮ ਆਉਂਦੀ ਹੈ। ਖੁਲ੍ਹੀ ਕਵਿਤਾ ਜਿਸ ਦੇ ਲਿਖਣ ਦਾ ਉਹ ਦਮ ਭਰਦੇ ਹਨ ਬੇਰਸ, ਬੇਜੋੜ, ਨਿਰਾਰਥਕ ਸ਼ਬਦਾਂ ਦਾ ਪਲੰਦਾ ਹੁੰਦੀ ਹੈ। ਉਸ ਵਿਚ ਨਾ ਕੋਈ ਰਾਗ, ਨਾ ਕੋਈ ਖਿਆਲ, ਨਾ ਹੀ ਜਜ਼ਬਾ ਤੇ ਨਾ ਹੀ ਰਵਾਨੀ ਦਿਸ ਆਉਂਦੀ ਹੈ। ਸਿਟਾ ਇਹ ਕਿ ਬਹੁਤ ਸਾਰੀ ਅਜੇਹੀ ਕਵਿਤਾ ਛਪਣ ਤੋਂ ਪਹਿਲਾਂ ਜਾਂ ਛੇਤੀ ਪਿਛੋਂ ਰੱਦੀ ਦੀ ਟੋਕਰੀ ਦਾ ਸ਼ਿੰਗਾਰ ਬਣਦੀ ਹੈ।"[4]

ਖੁਲ੍ਹ ਲੈਣ ਦੀ ਇਸ ਲਹਿਰ ਅਧੀਨ ਕੁਝ ਲੋਕ ਤੁਕਬੰਦੀ ਕਰਨ ਨਾਲ ਗੁਜ਼ਾਰਾ ਕਰਨ ਵਲ ਰੁਝ ਗਏ ਤੇ ਕੁਝ ਖੁਲ੍ਹੀ ਕਵਿਤਾ ਲਿਖਣ ਦੇ ਸ਼ੁਕਾ ਨੇ ਪਿੰਗਲ ਤੋਂ ਮੁਕਤ ਕਰ ਦਿਤੇ। ਇਹ ਗਲ ਵਖਰੀ ਹੈ ਕਿ ਡਾ: ਜੋਗਿੰਦਰ ਸਿੰਘ ਦੇ ਸ਼ਬਦਾਂ ਵਿਚ "ਖੁਲ੍ਹੀ ਕਵਿਤਾ...ਪੰਜਾਬੀ ਵਿਚ ਇਤਨੀ ਪਰਫੁਲਤ ਨਹੀਂ ਹੋ ਸਕੀ ਕਿਉਂ ਜੋ ਜਕੜ-ਬੰਦਾਂ ਤੋਂ ਖੁਲ੍ਹ ਮਾਣਨ ਵਾਲੇ ਕਵੀ ਉਨ੍ਹਾਂ ਕਵੀਆਂ ਤੋਂ, ਜੋ ਛੰਦ ਬੱਧ ਕਵਿਤਾ ਰਚਦੇ ਹਨ, ਵਧੇਰੇ ਚੰਗਾ ਸਾਹਿਤ ਪੈਦਾ ਨਹੀਂ ਕਰ ਸਕੇ।"[5] ਫਿਰ ਵੀ ਹੁਣ ਨਾ ਤਾਂ ਛੰਦ ਸ਼ਾਸਤਰ ਸਬੰਧੀ ਜਾਣਕਾਰੀ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ ਤੇ ਨਾ ਹੀ ਉਸ ਨੂੰ ਸਮਝਾਉਣ ਵਾਲੇ ਵਿਅਕਤੀ ਦੀ। ਇਹ ਦਾਅਵਾ ਤਾਂ ਨਹੀਂ ਕੀਤਾ ਜਾ ਸਕਦਾ ਕਿ 'ਦੁਖੀ' ਜੀ ਇਕਲੇ ਹੀ ਪੰਜਾਬੀ ਸਨ ਜੋ ਇਸ ਤਰ੍ਹਾਂ ਦੇ ਪਥ ਪ੍ਰਦਰਸ਼ਨ ਲਈ ਸਮਰੱਥ ਸਨ ਪਰ ਇਹ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਹੋ ਸਕਦਾ ਕਿ ਉਹ ਆਪਣੇ ਸਮੇਂ ਵਿਚ

1. ਜੋਗਿੰਦਰ ਸਿੰਘ, ਪਿੰਗਲ ਤੇ ਅਰੂਜ਼, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1960, ਪੰਨਾ 12।
2. ਉਹੀ, ਪੰਨਾ ਅ।
3. ਰਘਬੀਰ ਸਿੰਘ ਭਰਤ, 'ਆਧੁਨਿਕ ਪੰਜਾਬੀ ਕਵਿਤਾ ਦਾ ਸਫ਼ਰ', ਮਾਸਕ ਜਾਗ੍ਰਤੀ, ਚੰਡੀਗੜ੍ਹ, ਨਵੰਬਰ 1975, ਪੰਨਾ 9।
4. ਜੋਗਿੰਦਰ ਸਿੰਘ, ਪਿੰਗਲ ਤੇ ਅਰੂਜ਼, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਅਕਤੂਬਰ, 1960 ਪੰਨਾ ੳ।
5. ਉਹੀ ਪੰਨਾ 4।

Sri Satguru Jagjit Singh Ji Elibrary NamdhariElibrary@gmail.com

ਕੁਛ ਕੁ ਚੰਗੇ ਕਾਵਿ ਉਸਤਾਦਾਂ ਵਿਚੋਂ ਇਕ ਤਾਂ ਜ਼ਰੂਰ ਸਨ। ਇਨ੍ਹਾਂ ਤਿੰਨਾਂ ਕਾਰਨਾਂ ਕਰਕੇ, ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਸਿਰਲੱਥ ਤੇ ਸਿਰਕੱਢ ਕਵੀਆਂ ਦੀ ਕਤਾਰ ਵਿਚ ਖੜ੍ਹੇ ਹੋਣ ਵਾਲੇ 'ਦੁਖੀ' ਜੀ ਆਪਣੇ ਅੰਤਮ ਸਵਾਸ ਲਗਪਗ ਗੁਮਨਾਮੀ ਦੀ ਅਵਸਥਾ ਵਿਚ ਲੈ ਕੇ ਸਾਥੋਂ ਵਿਛੜਨ ਲਈ ਮਜਬੂਰ ਹੋ ਗਏ।

ਕਈ ਵਾਰੀ ਕੁਛ ਲੋਕੀ ਇਹ ਗਲਾਂ ਕਰਦੇ ਵੀ ਸੁਣੇ ਜਾਂਦੇ ਹਨ ਕਿ ਕਾਰਖਾਨਿਆਂ ਵਿਚ ਤਿਆਰ ਕੀਤੀਆਂ ਜਾਂਦੀਆਂ ਬਾਕੀ ਚੀਜ਼ਾਂ ਵਾਂਗ ਹੀ ਲੇਖਕ ਤੇ ਕਵੀ ਵੀ ਬਣਾਏ ਜਾ ਸਕਦੇ ਹਨ ਪਰ ਭਾਰਤੀ ਸੰਸਕ੍ਰਿਤੀ ਅਤੇ ਕਾਵਿ ਸ਼ਾਸਤਰ ਵਿਚ ਵਿਸ਼ਵਾਸ ਰਖਣ ਵਾਲੇ ਲੋਕ ਇਸ ਗੱਲ ਨੂੰ ਨਹੀਂ ਮੰਨਦੇ। ਇਹ ਵਿਚਾਰ ਪੱਛਮ ਵਾਲਿਆਂ ਲਈ ਠੀਕ ਹੋਵੇ ਤਾਂ ਹੋਵੇ, ਸਾਡੇ ਲਈ ਨਹੀਂ। ਕਾਵਿ ਵਿਦਵਾਨਾਂ ਦੀ ਬਹੁ-ਸੰਖਿਆ ਤਾਂ ਇਹ ਗਲ ਮੰਨਦੀ ਹੈ ਕਿ ਕਵਿਤਾ ਲਿਖਣ ਦਾ ਸ਼ੋਕ ਤੇ "ਖਿਆਲਾਂ ਨੂੰ ਲੈ-ਆਤਮਕ ਬਿਆਨ ਦੀ ਸ਼ਕਤੀ ਕੁਦਰਤ ਦੀ ਇਕ ਵਿਸ਼ੇਸ਼ ਦੇਣ ਹੁੰਦੀ ਹੈ."[1] ਕਾਵਿ ਨਿਪੁੰਨਤਾ ਤਾਂ ਉਸ ਤੋਂ ਅਗਲੀ ਗੱਲ ਹੈ।

ਕੇਵਲ ਭਾਰਤੀ ਹੀ ਨਹੀਂ ਸਗੋਂ ਪੱਛਮੀ ਵਿਦਵਾਨਾਂ ਤੇ ਪ੍ਰਸਿੱਧ ਕਵੀਆਂ ਦੀ ਸੰਮਤੀ ਵੀ ਇਸ ਗੱਲੇ ਹੀ ਹੈ। ਆਪਣੇ ਇਕ ਲੇਖ ਵਿਚ[2] ਸ਼ੈਲੇ (Shellay) ਲਿਖਦਾ ਹੈ, 'ਕੋਈ ਮਨੁਖ ਇਹ ਨਹੀਂ ਕਹਿ ਸਕਦਾ 'ਮੈਂ ਕਵਿਤਾ ਲਿਖਾਂਗਾ' ਇਹ ਕਹਿਣਾ ਇਕ ਭੁਲ ਹੈ, ਕਿ ਕਵਿਤਾ ਮਿਹਨਤ ਤੇ ਅਧਿਐਨ ਨਾਲ ਪੈਦਾ ਕੀਤੀ ਜਾ ਸਕਦੀ ਹੈ।" ਇਸ ਤੋਂ ਵੀ ਵਧੇਰੇ ਸਪਸ਼ਟ ਗਲ ਕਰਦਾ ਹੋਇਆ ਕੀਟਸ (Keats) ਕਹਿੰਦਾ ਹੈ, "ਕਵਿਤਾ ਉਵੇਂ ਹੀ ਕੁਦਰਤੀ ਤੌਰ ਤੇ ਫੁਟਣੀ ਚਾਹੀਦੀ ਹੈ ਜਿਵੇਂ ਦਰਖਤ ਨੂੰ ਪੱਤੇ।"[3] 'ਦੁਖੀ' ਜੀ ਇਸੇ ਵਿਚਾਰ ਦੇ ਕਵੀ ਸਨ।

ਪੁਰਾਤਨ ਸਾਹਿਤ ਸ਼ਾਸਤ੍ਰਕਾਰ ਭਾਮਾਹ[*4] ਨਾਲ ਸੰਮਤੀ ਪ੍ਰਗਟਾਉਂਦਿਆਂ 'ਦੁਖੀ' ਜੀ ਇਸ ਵਿਸ਼ਵਾਸ਼ ਦੇ ਧਾਰਨੀ ਸਨ ਕਿ ਕਵਿਤਾ ਦਾ ਬੀਜ ਕਿਸੇ ਦੇ ਅੰਦਰ ਕੁਦਰਤ ਵਲੋਂ ਹੀ ਬੀਜਿਆ ਗਿਆ ਹੁੰਦਾ ਹੈ। ਜਦੋਂ ਉਸ ਦੇ ਪੁੰਗਰਨ ਦਾ ਸਮਾਂ ਆਉਂਦਾ ਹੈ ਤਦ ਕਵਿਤਾ ਇਕ ਸੋਮੇ ਵਾਂਗ ਆਪ ਮੁਹਾਰੇ ਹੀ ਉਸ ਦੇ ਅੰਦਰੋਂ ਫੁਟ ਨਿਕਲਦੀ ਹੈ। ਇਹ ਠੀਕ ਹੈ ਕਿ ਬਿਨਾਂ ਉਚੇਚੇ ਜਤਨ ਦੇ ਲਿਖੀ ਹੋਈ, ਪਿੰਗਲ ਅਨੁਸਾਰੀ ਛੰਦਬੱਧ ਰਚਨਾ ਹੀ ਕਵਿਤਾ ਅਖਵਾਉਣ ਦੀ ਹੱਕਦਾਰ ਸਮਝੀ ਜਾਂਦੀ ਹੈ ਪਰ ਉਹ ਸਦਾਚਾਰ ਤੇ ਸਭਿਆਚਾਰ ਤੋਂ ਵੀ

1. ਦੀਪਕ ਜੈਤੋਈ, 'ਕਾਵਿਕਲਾ ਅਤੇ ਲੈ-ਆਤਮਕ ਪਾਬੰਦੀਆਂ', ਮਾਸਕ ਜਾਗ੍ਰਤੀ ਚੰਡੀਗੜ੍ਹ, ਨਵੰਬਰ 1974 ਪੰਨਾ 46।
2. ਸ਼ੈਲੇ—ਡੀਫੈਂਸ ਆਫ ਪੋਇਟਰੀ।
3. ਹਵਾਲਾ ਮਾਸਕ ਪੰਜਾਬੀ ਦੁਨੀਆਂ, ਪਟਿਆਲਾ, ਦਸੰਬਰ 1961, ਪੰਨਾ 61।
4. ਪ੍ਰਕਾਸ਼ ਸਿੰਘ, ਕਾਵਿ ਦੇ ਕਾਰਣ', ਮਾਸਕ ਆਲੋਚਨਾ, ਲੁਧਿਆਣਾ, ਨਵੰਬਰ 1959, ਪੰਨਾ 1।

* ਭਾਮਹ, ਭਰਤਮੁਨੀ ਤੋਂ ਪਿਛੋਂ ਦੂਜੇ ਕਾਵਿ ਆਚਾਰੀਆ ਸਨ ਜੋ ਕਸ਼ਮੀਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਉਘੀ ਕਿਰਤ 'ਕਾਵਿਆਲੰਕਾਰ' ਕਾਵਿ ਸ਼ਾਸਤਰ ਦੀ ਪਹਿਲੀ ਕਿਰਤ ਹੈ।
(ਮੰਮਟ, ਕਾਵਿ ਪ੍ਰਕਾਸ਼, ਅਨੁਵਾਦਕ ਰਾਜਿੰਦਰ ਸਿੰਘ ਸ਼ਾਸਤਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1981 ਪੰਨਾ 5।

Sri Satguru Jagjit Singh Ji Elibrary NamdhariElibrary@gmail.com

ਫੁਟਣ ਨਹੀਂ ਹੋਣੀ ਚਾਹੀਦੀ। ਜਿਵੇਂ ਬੀਜ ਦੇ ਫੁਟਣ ਪਿਛੋਂ, ਉਸ ਨੂੰ ਪੁੰਗਰਨ ਤੇ ਵਧਣ ਫੁਲਣ ਲਈ ਯੋਗ ਵਾਤਾਵਰਣ ਦੀ ਲੋੜ ਹੁੰਦੀ ਹੈ; ਜਿਵੇਂ ਬੂਟੇ ਦੀਆਂ ਬੇ-ਲੋੜੀਆਂ ਟਾਹਣੀਆਂ ਨੂੰ ਕਟ ਕੇ, ਗੰਦੇ ਤੇ ਸੁਕੇ ਪੱਤਿਆਂ ਨੂੰ ਛਾਂਟਣ ਅਤੇ ਵੇਲੇ ਸਿਰ ਹਰ ਤਰ੍ਹਾਂ ਦੀ ਦੇਖ ਭਾਲ ਸਮੇਤ ਖੁਰਾਕ ਆਦਿ ਦੇ ਪ੍ਰਬੰਧ ਲਈ ਇਕ ਸੁਯੋਗ ਮਾਲੀ ਦੀ ਆਵਸ਼ਕਤਾ ਹੁੰਦੀ ਹੈ ਤਿਵੇਂ ਹੀ ਅੰਦਰੋਂ ਆਪ ਮੁਹਾਰੇ ਫੁਟੀ ਹੋਈ ਕਵਿਤਾ ਨੂੰ ਮਾਂਜ ਸਵਾਰ ਕੇ ਲਿਸ਼ਕਾਉਣ-ਪੁਸ਼ਕਾਉਣ ਲਈ ਮਿਹਨਤ ਦੀ ਲੋੜ ਹੁੰਦੀ ਹੈ। ਕਾਰਖਾਨੇ ਵਿਚ ਤਿਆਰ ਕੀਤਾ ਮਾਲ ਵੀ ਤਾਂ ਅਜਿਹੀ ਮਿਹਨਤ ਅਤੇ ਦੇਖ ਭਾਲ ਦੀ ਮੰਗ ਕਰਦਾ ਹੀ ਹੈ। ਜਿੰਨਾ ਅਨੁਭਵੀ, ਸੂਝ-ਬੂਝ ਵਾਲਾ ਤੇ ਗਿਆਨਵਾਨ ਕਵੀ ਹੋਵੇਗਾ ਉਨੀ ਹੀ ਉਸ ਨੂੰ ਇਹ ਮਿਹਨਤ ਘਟ ਕਰਨੀ ਪਵੇਗੀ। ਕਾਵਿ ਵਿਦਵਾਨਾਂ ਦੀ ਜਿੰਨੀ ਵਧੇਰੇ ਉਹ ਸੰਗਤ ਕਰੇਗਾ ਉਨਾਂ ਹੀ ਵਧੇਰੇ ਉਸ ਵਿਚ ਇਨ੍ਹਾਂ ਗੁਣਾਂ ਦਾ ਸੰਚਾਰ ਹੋਵੇਗਾ। ਇਸੇ ਵਾਸਤੇ ਹੀ ਨਵੇਂ ਕਵੀ ਨੂੰ ਉਸਤਾਦਾਂ ਦੀ ਮਾਰ ਖਾਣੀ ਪੈਂਦੀ ਸੀ ਤੇ ਖਾਣੀ ਚਾਹੀਦੀ ਵੀ ਹੈ। 'ਦੁਖੀ' ਜੀ ਮੁਢ ਤੋਂ ਹੀ ਇਸ ਵਿਚਾਰਧਾਰਾ ਦੇ ਸਨ।

ਕੁਦਰਤ ਜਿਸ ਤੇ ਦਿਆਲੂ ਹੋਵੇ ਉਸ ਨੂੰ ਅਜਿਹੀ ਸੂਝ ਆ ਜਾਂਦੀ ਹੈ ਕਿ ਉਹ ਬਿਨਾਂ ਕਿਸੇ ਪਾਠਸ਼ਾਲਾ ਜਾਂ ਵਿਸ਼ਵ-ਵਿਦਿਆਲੇ ਦੇ ਦਰਸ਼ਨ ਕੀਤਿਆਂ ਅਜਿਹੀਆਂ ਰਚਨਾਵਾਂ ਨੂੰ ਜਨਮ ਦੇ ਦਿੰਦਾ ਹੈ ਜੋ ਪਿਛੋਂ ਜਾ ਕੇ ਇਨ੍ਹਾਂ ਸੰਸਥਾਵਾਂ ਦਾ ਜ਼ਰੂਰੀ ਅੰਗ ਬਣ ਜਾਂਦੀਆਂ ਹਨ। ਸ੍ਰੀ ਦਸਮੇਸ਼ ਦੇ ਇਕ ਸਾਧਾਰਨ ਸਿਖ, ਧੰਨਾ ਸਿੰਘ ਵਲੋਂ ਉਚ ਕੋਟੀ ਦਾ ਸਵਯਾ ਰਚ ਕੇ ਮਹਾਨ ਦਰਬਾਰੀ ਕਵੀਆਂ ਨੂੰ ਮਾਤ ਪਾ ਦੇਣ ਦੀ ਗਲ ਆਮ ਪੰਜਾਬੀ ਲੋਕਾਂ ਵਿਚ ਚਰਚਿਤ ਹੈ। ਨਾਲੇ ਜੇ ਕਵੀ ਬਣਾਏ ਜਾ ਸਕਦੇ ਹੁੰਦੇ ਤਾਂ ਫਿਰ ਭਾਰਤ ਵਿਚ ਕਾਲੀਦਾਸ, ਟੈਗੋਰ ਤੇ ਪੰਜਾਬ ਵਿਚ ਵਾਰਸ ਤੇ ਬੁਲ੍ਹੇਸ਼ਾਹ ਨੂੰ ਲੋਕ ਕਾਹਨੂੰ ਤਰਸਦੇ ? ਅੰਗਰੇਜ਼ੀ ਵਾਲੇ ਵੀ ਮਿਲਟਨ ਤੇ ਵਰਡਜ਼ਵਰਥ ਵਰਗੀਆਂ ਕਾਵਿ ਪ੍ਰਤਿਭਾ ਦੀਆਂ ਮਾਲਕ ਹਸਤੀਆਂ ਨੂੰ ਤਰਸਣ ਤੋਂ ਬਚ ਜਾਂਦੇ।

ਰਹੀ ਗਲ ਵਿਦਵਤਾ ਦੀ। ਪੜ੍ਹ ਲਿਖ ਕੇ ਕੋਈ ਬੰਦਾ ਵਿਦਵਾਨ ਤਾਂ ਬਣ ਸਕਦਾ ਹੈ; ਪਰ ਇਹ ਜ਼ਰੂਰੀ ਨਹੀਂ ਕਿ ਉਹ ਕਵੀ ਵੀ ਤੇ ਉਹ ਵੀ ਉਤਮ ਦਰਜੇ ਦਾ ਕਵੀ ਬਣ ਸਕੇ। ਵਿਦਵਾਨ ਦੇ ਨਾਲ ਨਾਲ ਉਚ ਕੋਟੀ ਦੇ ਕਵੀ ਹੋਣਾ ਕੋਈ ਸਾਧਾਰਨ ਗੱਲ ਨਹੀਂ, ਕੁਦਰਤ ਦਾ ਮਹਾਨ ਕ੍ਰਿਸ਼ਮਾ ਹੀ ਹੋ ਸਕਦਾ ਹੈ। ਕਈ ਵਾਰੀ ਬਹੁਤੇ ਵਿਦਵਾਨ ਪੁਰਸ਼ ਕਵਿਤਾ ਤੇ ਹੱਥ ਅਜ਼ਮਾਉਣ ਲਗ ਜਾਂਦੇ ਹਨ। ਇਹ ਕਵਿਤਾ ਛੰਦ-ਬੱਧ ਵੀ ਹੋ ਸਕਦੀ ਹੈ। ਤੁਕਾਂਤ ਤੇ ਅਲੰਕਾਰ ਆਦਿ ਦੀਆਂ ਸ਼ਰਤਾਂ ਵੀ ਪੂਰੀਆਂ ਕਰ ਸਕਦੀ ਹੈ। ਫਿਰ ਵੀ ਕਾਵਿ-ਉਸਤਾਦ ਉਸ ਨੂੰ ਕਵਿਤਾ ਨਹੀਂ ਮੰਨਦੇ; ਕਿਉਂਕਿ ਉਸ ਵਿਚ ਰਸ ਤੇ ਲੈ ਆਦਿ ਦਾ ਅਭਾਵ ਹੁੰਦਾ ਹੈ। "ਕਾਵਿ ਦੀ ਆਤਮਾ ਰਸ ਹੈ। ਇਹ ਕਾਵਿ ਦੀ ਅਗਲੀ ਗਲ ਹੈ। ਭਾਰਤੀ ਆਲੋਚਨਾ ਪ੍ਰੰਪਰਾ ਦਾ ਸਾਰਾ ਤ੍ਰਾਣ ਇਸੇ ਗਲ ਤੇ ਲਾਇਆ ਗਿਆ ਲਗਦਾ ਹੈ ਕਿ ਸ੍ਰੇਸ਼ਟ ਕਾਵਿ ਦੀ ਪਹਿਲੀ ਤੇ ਬੁਨਿਆਦੀ ਨਿਸ਼ਾਨੀ ਉਸ ਦਾ ਰਸਾਤਮਕ ਹੋਣਾ ਹੈ। ਵਿਸ਼ਵਨਾਥ ਨੇ ਤਾਂ ਆਪਣੇ 'ਸਾਹਿਤਯ ਦਰਪਣ' ਵਿਚ ਮੁਕਦੀ ਗਲ ਹੀ ਕਰ ਦਿਤੀ ਹੈ ਕਿ ਰਸਾਤਮਕ ਵਾਕ ਹੀ ਕਾਵਿ ਹੈ।[1] ਪਰ ਵਿਦਵਾਨਾਂ ਦੀ ਰਚੀ ਹੋਈ

1. ਪੰਜਾਬੀ ਯੂਨੀਵਰਸਿਟੀ ਪਟਿਆਲਾ, 'ਆਲੋਚਨਾ ਦੀਆਂ ਪ੍ਰਣਾਲੀਆਂ', ਪੰਨਾ 11।

Sri Satguru Jagjit Singh Ji Elibrary NamdhariElibrary@gmail.com

ਕਵਿਤਾ ਵਿਚ ਰਸ ਦੀ ਥਾਂ ਵਿਦਵਤਾ ਨੇ ਮੱਲੀ ਹੋਈ ਹੁੰਦੀ ਹੈ। ਅਜਿਹੀ ਕਵਿਤਾ ਤਾਂ ਸਗੋਂ ਵਿਦਵਤਾ ਦੇ ਭਾਰ ਹੇਠਾਂ ਦੱਬੀ ਹੀ ਰਹਿ ਜਾਂਦੀ ਹੈ।

'ਦੁਖੀ' ਜੀ ਇਸੇ ਵਿਚਾਰ ਦੇ ਧਾਰਨੀ ਸਨ। ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਵੀਰ ਸਿੰਘ ਸਿਖ ਜਗਤ ਵਿਚ ਤੇ ਪੰਜਾਬੀ ਸਾਹਿਤਕਾਰਾਂ ਵਿਚ ਉਚ ਕੋਟੀ ਦੇ ਵਿਦਵਾਨ ਮੰਨੇ ਗਏ ਹਨ। ਇਨ੍ਹਾਂ ਨੇ ਕਾਵਿ ਰਚਨਾ ਵੀ ਕੀਤੀ ਹੈ ਜੋ ਪਿੰਗਲ ਦੀਆਂ ਬਹੁਤੀਆਂ ਸ਼ਰਤਾਂ ਤੇ ਪੂਰੀ ਵੀ ਉਤਰਦੀ ਹੈ ਪਰ 'ਦੁਖੀ' ਜੀ ਦਸਿਆ ਕਰਦੇ ਸਨ ਕਿ ਉਹ ਦੋਹਾਂ ਵਿਦਵਾਨਾਂ ਨੂੰ ਹੀ ਕਵੀ ਨਹੀਂ ਸਨ ਮੰਨਦੇ।[1] ਵਿਦਵਾਨ ਹੋਣ ਕਾਰਨ ਉਨ੍ਹਾਂ ਦੀ ਕਵਿਤਾ ਵਿਚ ਪੰਡਤਾਈ ਪ੍ਰਦਰਸ਼ਨ ਵਧੇਰੇ ਹੁੰਦਾ ਸੀ। ਇਸੇ ਕਾਰਨ ਹੀ ਉਹ ਭਾਈ ਕਾਹਨ ਸਿੰਘ 'ਨਾਭਾ' ਜੀ ਨੂੰ ਤਾਂ ਕਵਿਤਾ ਨਾ ਲਿਖਣ ਦਾ ਸੁਝਾਉ ਵੀ ਕਈ ਵਾਰ ਦੇ ਚੁਕੇ ਸਨ।

'ਦੁਖੀ' ਜੀ ਮੁਖ ਤੌਰ ਤੇ ਕਵੀ ਸਨ। ਆਪ ਦੀ ਸਾਹਿਤ ਰਚਨਾ ਤੇ ਵਿਚਾਰ ਕਰਨ ਸਮੇਂ ਪਹਿਲਾਂ ਕਾਵਿ ਰਚਨਾ ਨੂੰ ਲਿਆ ਜਾਣਾ ਹੀ ਠੀਕ ਰਹੇਗਾ।

ਕਵਿਤਾ ਦਾ ਬੀਜ ਤਾਂ 'ਦੁਖੀ' ਜੀ ਦੇ ਅੰਦਰ ਵੀ ਜਮਾਂਦਰੂ ਸੀ ਪਰ ਉਸ ਦੀ ਪ੍ਰਫੁੱਲਤਾ ਵਾਸਤੇ ਦੋ ਵਡੇ ਭਰਾਵਾਂ ਦੀ ਸੰਗਤ ਨੇ ਢੁਕਵਾਂ ਮਹੌਲ ਪੈਦਾ ਕਰ ਦਿਤਾ। ਭਾਵੇਂ ਇਨ੍ਹਾਂ ਦੋਹਾਂ ਭਰਾਵਾਂ—ਬਾਵਾ ਸਿੰਘ ਤੇ ਪਾਲਾ ਸਿੰਘ ਦੀ ਕਿਸੇ ਕਾਵਿ ਰਚਨਾ ਦਾ ਨਮੂਨਾ ਸਾਡੇ ਤਕ ਨਹੀਂ ਪੁਜਾ ਪਰ 'ਦੁਖੀ' ਜੀ ਦੇ ਆਪਣੇ ਦਸਣ ਅਨੁਸਾਰ, ਇਹ ਦੋਵੇਂ ਭਰਾ ਚੰਗੀ ਕਵਿਤਾ ਰਚ ਲੈਂਦੇ ਸਨ। ਦੂਜੇ ਸ਼ਬਦਾਂ ਵਿਚ ਆਪ ਨੂੰ ਕਾਵਿ ਰਚਨਾ ਦੀ ਚੇਟਕ ਆਪਣੇ ਇਨ੍ਹਾਂ ਭਰਾਵਾਂ ਕੋਲੋਂ ਲਗ ਚੁਕੀ ਸੀ। ਛੋਟੀ ਉਮਰੇ ਡੰਗਰ ਚਾਰਦਿਆਂ ਤੇ ਮੇਲਿਆਂ ਵਿਚ ਹਾਣੀਆਂ ਨਾਲ ਰਲ ਕੇ ਬੋਲੀਆਂ ਪਾਉਣ ਅਤੇ ਵਾਢੀਆਂ ਦੇ ਦਿਨੀਂ ਦੋਹੇ ਲਾਉਣ ਤੋਂ ਹੁੰਦਾ ਹੋਇਆ ਇਹ ਸ਼ੌਕ ਬੋਲੀਆਂ ਜੋੜਨ ਤਕ ਜਾ ਪੁਜਾ ਸੀ। ਕਾਵਿ ਰਚਨਾ ਦਾ ਮੁਢ ਬੰਨ੍ਹਣ ਵਿਚ ਇਹ ਬੋਲੀਆਂ ਆਦਿ ਕੁਝ ਹਦ ਤਕ ਸਹਾਈ ਤਾਂ ਭਾਵੇਂ ਹੋਈਆਂ ਹੋਣ ਪਰ ਅਜ ਉਨ੍ਹਾਂ ਦਾ ਸਾਹਿਤਕ ਮੁਲ ਕੋਈ ਨਹੀਂ ਰਹਿ ਗਿਆ। ਇਸ ਤੋਂ ਅਗੇ, ਜਿਵੇਂ ਅਸੀਂ ਪਹਿਲਾਂ ਵੇਖ ਚੁਕੇ ਹਾਂ, 'ਦੁਖੀ' ਜੀ ਨੂੰ ਸੰਤਾਂ ਦੀ ਸੰਗਤ ਜੁੜ ਗਈ ਜਿਸ ਕਾਰਨ ਮਨ ਕੁਝ ਚਿਰ ਉਪਰਾਮ ਵੀ ਰਿਹਾ। ਇਹ ਉਮਰ ਦੇ ਉਹੀ ਵਰ੍ਹੇ ਸਨ ਜਦੋਂ ਮਨੋਬ੍ਰਿਤੀ ਦੇ ਝੁਕਾਉ ਕਾਰਨ ਆਪ ਦਾ ਰੁਝਾਨ ਦੋਹੇ ਤੇ ਬੋਲੀਆਂ ਜੋੜਨ ਵਲੋਂ ਹਟ ਕੇ ਵੈਰਾਗਮਈ ਤੁਕਾਂ ਜੋੜਨ ਵਲ ਹੋ ਗਿਆ ਸੀ।

ਬਹੁਤ ਸਾਰੇ ਹੋਰਨਾਂ ਸਾਹਿਤਕਾਰਾਂ ਵਾਂਗ, 'ਦੁਖੀ' ਜੀ ਨੇ ਵੀ ਆਪਣੇ ਸਾਹਿਤਕ ਜੀਵਨ ਦਾ ਮੁਢ ਕਵਿਤਾ ਤੋਂ ਹੀ ਬੰਨ੍ਹਿਆ। ਉਨ੍ਹਾਂ ਦੇ ਆਪਣੇ ਦਸਣ ਅਨੁਸਾਰ, ਉਨ੍ਹਾਂ ਦੀ ਪਹਿਲੀ ਕਾਵਿ ਰਚਨਾ, ਪਿੰਡ ਜੰਡਿਆਲਾ (ਜਲੰਧਰ) ਦੇ ਨੰਬਰਦਾਰ ਦੇ ਖੂੰਡੇ ਬਾਰੇ ਸੀ ਜਿਸ ਦੀ ਸਿਫਤ ਕਰਨ ਲਈ ਉਨ੍ਹਾਂ ਨੇ ਬੈਂਤ ਛੰਦ ਅਤੇ ਸੀਹਰਫੀ ਦੀ ਵਰਤੋਂ ਕੀਤੀ ਸੀ। ਹੋਰ ਕਿਸੇ ਪ੍ਰਸੰਗ ਨੂੰ ਚੁਣਨ ਦੀ ਥਾਂ, ਪਿੰਡ ਦੇ ਮੁਖੀ ਬੰਦੇ ਦੇ ਖੂੰਡੇ ਦੀ ਸਿਫਤ ਨੂੰ ਆਪਣੀ ਕਾਵਿ ਰਚਨਾ ਦਾ ਵਿਸ਼ਾ ਬਣਾਉਣਾ 'ਦੁਖੀ' ਜੀ ਦੇ

---

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ ਸਤੰਬਰ 1965, ਪੰਨਾ 77।

Sri Satguru Jagjit Singh Ji Elibrary NamdhariElibrary@gmail.com

ਅੰਦਰਲੇ ਕਾਵਿ ਸਰੋਵਰ ਦਾ ਅਨੁਮਾਨ ਲਾਉਣ ਵਿਚ ਸਾਡੀ ਮਦਦ ਕਰਦਾ ਹੈ। ਉਸ ਸੀਹਰਫੀ ਦਾ ਕੇਵਲ ਹੇਠਲਾ ਇਕੋ ਬੰਦ ਹੀ ਆਪ ਨੂੰ ਜ਼ਬਾਨੀ ਯਾਦ ਰਹਿ ਗਿਆ ਸੀ :

ਹੇ-ਹੱਥਾਂ ਨਾਲ ਮੁਛਾਂ ਨੂੰ ਤਾਅ ਦੇ ਕੇ, ਰਖੇ ਮੋਢਿਆਂ ਤੇ ਨੰਬਰਦਾਰ ਖੂੰਡਾ।<br>
ਰੜਕ ਕਢਦਾ ਵਿਗੜਿਆਂ ਤਿਗੜਿਆਂ ਦੀ, ਦਿੰਦਾ ਪਲਾਂ ਵਿਚ ਭੁਗਤ ਸਵਾਰ ਖੂੰਡਾ।<br>
ਆਉਣ ਤਰੇਲੀਆਂ ਲੁਚਿਆਂ ਗੁੰਡਿਆਂ ਨੂੰ, ਪਾਵੇ ਹਥ ਵਿਚ ਜਦੋਂ ਘੁਮਕਾਰ ਖੂੰਡਾ।<br>
ਜਿਥੇ ਵਾਹਰ ਵੱਜੇ ਘੁੱਘਰ ਖੋਲ੍ਹ ਦਿੰਦਾ, ਕਰਦਾ ਭੀਮ ਦੇ ਗੁਰਜ ਦੀ ਮਾਰ ਖੂੰਡਾ।

ਜਦੋਂ ਨੰਬਰਦਾਰ ਗੁਰਬਚਨ ਸਿੰਘ ਨੇ ਆਪਣੇ ਖੂੰਡੇ ਦੀ ਸਿਫ਼ਤ ਸੁਣੀ ਤਦ ਉਸ ਨੇ ਖੁਸ਼ ਹੋ ਕੇ ਨਵੇਂ ਪੁੰਗਰਦੇ ਕਵੀ ਨੂੰ ਥਾਪੀ ਵੀ ਦਿਤੀ ਤੇ ਇਕ ਰੁਪਿਆ ਇਨਾਮ ਵੀ। 'ਦੁਖੀ' ਜੀ ਉਦੋਂ ਸਤਾਰ੍ਹਵੇਂ ਸਾਲ ਵਿਚ ਸਨ। ਇਕ ਰੁਪਏ ਦਾ ਉਦੋਂ ਬਹੁਤ ਮੁਲ ਹੁੰਦਾ ਸੀ। ਇਕ ਧੇਲੇ ਨਾਲ ਤਾਂ ਮੁੰਡਾ ਮੇਲਾ ਦੇਖ ਆਉਂਦਾ ਸੀ। ਇਸ ਉਤਸ਼ਾਹ ਵਰਧਕ ਇਨਾਮ ਨੇ ਕਾਵਿ ਰਚਨਾ ਲਈ 'ਦੁਖੀ' ਜੀ ਦਾ ਝਕ ਖੋਲ੍ਹਣ ਵਿਚ ਨਿਸਚੇ ਹੀ ਬਹੁਤ ਸਹਾਇਤਾ ਕੀਤੀ।

ਉਕਤ ਘਟਨਾ ਤੋਂ ਛੇਤੀ ਹੀ ਪਿਛੋਂ ਆਪ ਨੇ, ਮਾਪਿਆਂ ਵਲੋਂ ਰਚੇ ਜਾ ਰਹੇ ਵਿਆਹ ਨੂੰ ਜਿਵੇਂ ਕਿਵੇਂ ਵਿਚੇ ਛੱਡ ਕੇ ਭਰਾਵਾਂ ਕੋਲ ਕਲਕੱਤੇ ਜਾਣ ਦੀ ਤਿਆਰੀ ਕਰ ਲਈ। ਪਿੰਡ ਪਹਿਲੀ ਵਾਰ ਛਡਿਆ ਸੀ। "ਪਿੰਡੋਂ ਕਲਕੱਤੇ ਗਿਆ ਤਾਂ ਖੋਹ ਪਈ ਤੇ ਕਲਕੱਤੇ ਤੋਂ ਬਦੇਸਾਂ ਵਲ ਤੁਰਿਆ ਤਾਂ ਵੀ ਇਕ ਉਬਾਲ ਆਇਆ।" ਇਸ ਉਬਾਲ ਦੇ ਪ੍ਰਭਾਵ ਹਿਠ ਚਾਰ ਸੀਹਰਫੀਆਂ ਵਿਚ ਲਿਖ ਮਾਰੇ ਜਿਨ੍ਹਾਂ ਵਿਚੋਂ ਤਿੰਨ ਤਾਂ ਯਾਦ-ਝਰੋਖੇ ਵਿਚੋਂ ਗੁੰਮ ਹੋ ਗਈਆਂ ਤੇ ਇਹੋ ਇਕੋ ਯਾਦ ਰਹਿ ਗਈ—

ਬੇ-ਬੁਧ ਚੰਗੇ ਦਿਨ ਸੁਧ ਤੁਰਿਆ, ਘਰੋਂ ਸਭ ਗੁਸੇ ਮਾਈ ਬਾਪ ਮੇਰੇ।<br>
ਦਿਲੀਂ ਸ਼ੌਕ ਕਿ ਉਡ ਕੇ ਚਲਾ ਜਾਵਾਂ, ਮੁਲਕ ਦੇਖਣੇ ਦਾ ਦਿਲ ਨੂੰ ਤਾਪ ਮੇਰੇ।<br>
ਬੈਠਾ ਵਿਚ ਕੁਰਾਇਆਂ ਤੋਂ ਰੇਲ ਦੇ ਮੈਂ, ਜੁਦਾ ਸਭ ਹੋਏ ਮਾਈ ਬਾਪ ਮੇਰੇ।<br>
ਪਹੁੰਚਾ ਵਿਚ ਕਲਕੱਤੇ ਦੇ ਦਿਨ ਚੋਥੇ, ਮਿਲੇ ਸਿੰਘ, ਭਾਈ, ਸਜਣ ਆਪ ਮੇਰੇ।

ਕਲਕੱਤੇ ਪੁਜਣ ਪਿਛੋਂ, ਭਾਈ ਸੋਭਾ ਸਿੰਘ ਜੀ ਵਲੋਂ ਦਿਤੀ ਗਈ ਦੇਸ਼ ਭਗਤੀ ਦੀ ਗੁੜ੍ਹਤੀ ਰੰਗ ਲਿਆਉਣ ਲਗੀ। ਸ਼ਾਇਦ ਇਸੇ ਕਾਰਨ ਹੀ ਕਾਵਿ ਰਚਨਾ ਵਲ ਇਥੇ ਧਿਆਨ ਨਹੀਂ ਦਿਤਾ ਜਾ ਸਕਿਆ। ਇਕ ਪਾਸੇ ਦੇਸ ਭਗਤੀ ਦੀ ਲਗਨ, ਦੂਜੇ ਪਾਸੇ ਪੈਸੇ ਕਮਾਉਣ ਦੀ ਇਛਾ, ਦੋਹਾਂ ਗਲਾਂ ਨੇ ਹੀ ਸਾਲ ਭਰ ਪਿਛੋਂ ਅਗਲੇ ਸਫਰ ਤੇ ਤੋਰ ਦਿਤਾ। ਇਸ ਸਫਰ ਦੀਆਂ ਕਠਨਾਈਆਂ ਨੇ ਵੀ ਕਵਿਤਾ ਨੂੰ ਜਿਵੇਂ ਅੰਦਰ ਹੀ ਘੁਟੀ ਰਖਿਆ ਹੋਵੇ। ਕੈਨੇਡਾ ਦੀ ਰਾਜਧਾਨੀ ਵੈਨਕੂਵਰ ਪੁਜਣ ਦੇ ਸਮੇਂ ਤਕ ਆਪ ਦੀਆਂ ਅਗਲੀਆਂ ਕਾਵਿ ਰਚਨਾਵਾਂ ਦੀ ਕੋਈ ਸੂਹ ਨਹੀਂ ਮਿਲਦੀ।

ਉਧਰ, ਅਮਰੀਕਾ ਵਿਚ ਸਥਾਪਤ ਗ਼ਦਰ ਪਾਰਟੀ ਨੇ ਪਹਿਲੀ ਨਵੰਬਰ 1913 ਨੂੰ ਸਾਨਫਰਾਂਸਿਸਕੋ ਸਥਿਤ ਗ਼ਦਰ ਆਸ਼ਰਮ ਤੋਂ 'ਗਦਰ' ਸਪਤਾਹਿਕ ਕਢਣਾ ਆਰੰਭ ਦਿਤਾ ਸੀ। 'ਦੁਖੀ' ਜੀ ਦੇ ਜੀਵਨ ਵਿਚ ਇਹ ਵੀ ਇਕ ਅਹਿਮ ਘਟਨਾ ਸੀ; ਕਿਉਂਕਿ 'ਗਦਰ' ਨੇ ਆਪ ਦਾ ਧਿਆਨ ਇਕ ਦਮ ਆਪਣੇ ਵਲ ਖਿਚ ਲਿਆ। ਹੁਣ ਆਪ ਇਸ ਪਰਚੇ

Sri Satguru Jagjit Singh Ji Elibrary NamdhariElibrary@gmail.com

ਲਈ ਅਗ-ਵਰ੍ਹਾਊ ਇਨਕਲਾਬੀ ਕਵਿਤਾਵਾਂ ਰਚਣ ਵਿਚ ਡੂੰਘੀ ਦਿਲਚਸਪੀ ਲੈਣ ਲਗ ਪਏ। ਇਥੋਂ ਤਕ ਕਿ ਹਫਤੇ ਵਿਚ ਦੋ ਦੋ ਕਵਿਤਾਵਾਂ ਦੀ ਰਚਨਾ ਹੋਣ ਲਗ ਪਈ, ਜਿਨ੍ਹਾਂ ਵਿਚੋਂ ਇਕ 'ਗਦਰ' ਵਿਚ ਛਪਣ ਵਾਸਤੇ ਹੁੰਦੀ ਸੀ।[1] ਜਿਹੜਾ ਧਿਆਨ ਹੁਣ ਤਕ ਕੰਮ ਕਾਜ ਵਲ ਕੇਂਦਰਤ ਸੀ ਵੀ, ਉਹ ਵੀ 'ਗਦਰ' ਅਖਬਾਰ ਤੇ ਕਰਾਂਤੀਕਾਰੀ ਕਵਿਤਾਵਾਂ ਨੇ ਗਲਵਕੜੀ ਵਿਚ ਲੈ ਲਿਆ। ਕਵਿਤਾਵਾਂ ਲਿਖਣ ਤੋਂ ਬਿਨਾਂ ਉਹ ਲਿਥੋ ਉਪਰ ਛਪਦੇ 'ਗਦਰ' ਅਤੇ ਆਸ਼ਰਮ ਦੀਆਂ ਹੋਰ ਪ੍ਰਕਾਸ਼ਨਾਵਾਂ ਦੀ ਲਿਖਾਈ ਦਾ ਕੰਮ ਵੀ ਕਰਦੇ। ਇਸੇ ਆਸ਼ਰਮ ਤੋਂ, ਪਿਛੋਂ ਜਾ ਕੇ, ਕਿੱਸਿਆਂ ਵਾਲੇ ਆਕਾਰ ਵਿਚ 'ਗਦਰ ਗੂੰਜ' ਤੇ 'ਆਜਾਦੀ ਦੀ ਗੂੰਜ' ਨਾਂ ਦੇ ਕਿਤਾਬਚੇ ਵੀ ਕਈ ਵਰ੍ਹਿਆਂ ਤਕ ਛਪਦੇ ਰਹੇ ਜਿਨ੍ਹਾਂ ਵਿਚ ਆਮ ਕਰ ਕੇ ਅਮਰੀਕਾ ਕੈਨੇਡਾ ਵਿਚ ਵਸਦੇ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਹੀ ਹੁੰਦੀਆਂ ਸਨ ਜੋ "ਇਨਕਲਾਬੀ ਦਿਲਾਂ ਦੀਆਂ ਡੂੰਘਾਈਆਂ ਵਿਚੋਂ ਨਿਕਲੀਆਂ ਹੋਣ ਕਰ ਕੇ ਮੁਰਦਾ ਦਿਲਾਂ ਵਿਚ ਆਜ਼ਾਦੀ ਦਾ ਜੋਸ਼ ਭਰ ਦੇਂਦੀਆਂ ਸਨ।"[2] ਇਸੇ ਕਰ ਕੇ ਹੀ 'ਗਦਰ ਗੂੰਜ' ਦੇ ਪੜ੍ਹਨ ਤੇ ਇੰਨੀ ਸਖਤ ਪਾਬੰਦੀ ਸੀ ਕਿ "ਜਿਥੇ ਕਿਤੇ 'ਗਦਰ ਗੂੰਜ' ਦੀ ਕੋਈ ਕਾਪੀ ਮਿਲਦੀ, ਜ਼ਬਤ ਕਰ ਲਈ ਜਾਂਦੀ ਤੇ ਜਿਸ ਪਾਸੋਂ ਫੜੀ ਜਾਂਦੀ ਉਸ ਨੂੰ ਕੈਦ ਦੀ ਸਜ਼ਾ ਮਿਲਦੀ।"[3] ਇੰਨੀਆਂ ਸਰਕਾਰੀ ਸਖਤੀਆਂ ਦੇ ਬਾਵਜੂਦ ਵੀ 'ਗਦਰ ਗੂੰਜਾਂ' ਤੇ ਗਦਰ ਆਸ਼ਰਮ ਵਲੋਂ ਛਪਿਆ ਹੋਰ ਕਰਾਂਤੀਕਾਰੀ ਸਾਹਿਤ ਜਿਵੇਂ ਕਿਵੇਂ ਸਿੰਘਾਪੁਰ, ਮਲਾਇਆ, ਬਰਮਾ ਅਤੇ ਹਿੰਦ ਵਿਚ ਪੁਜਦਾ ਤੇ ਮੁਫਤ ਵੰਡਿਆ ਜਾਂਦਾ ਸੀ।

ਸਰਕਾਰੀ ਸਖਤੀਆਂ ਦੇ ਪਰਣਾਮਸਰੂਪ, 'ਗੂੰਜਾਂ' ਦੇ ਕਵੀ ਆਮ ਕਰ ਕੇ ਜਾਂ ਤਾਂ ਗੁਮਨਾਮ ਕਵਿਤਾਵਾਂ ਲਿਖਦੇ ਤੇ ਜਾਂ ਫਿਰ ਉਪਨਾਮ ਅਧੀਨ। ਪੂਰਾ ਨਾ ਤਾਂ ਕੋਈ ਸਿਰਲੱਥ ਸੂਰਮਾ ਹੀ ਦਿੰਦਾ ਸੀ। ਇਹੋ ਕਾਰਨ ਹੈ ਕਿ 'ਗਦਰ ਗੂੰਜਾਂ' ਵਿਚ ਛਪੇ ਬਹੁਤੇ ਕਵੀਆਂ ਨੇ ਭਾਵੇਂ ਸਿਰ ਤਲੀ ਤੇ ਰਖਣ ਦੀ ਬਹਾਦਰੀ ਦਿਖਾ ਕੇ ਦੇਸ਼ ਸੇਵਾ ਤੇ ਸਾਹਿਤ-ਸੇਵਾ ਜਹੇ ਦੋਹਾਂ ਕਠਨ ਕੰਮਾਂ ਦਾ ਸੁਮੇਲ ਕੀਤਾ ਸੀ ਪਰ ਸਾਹਿਤਕ ਖੇਤਰ ਵਿਚ ਉਨ੍ਹਾਂ ਦੀ ਬਹੁਤੀ ਜਾਣ ਪਛਾਣ ਨਹੀਂ। ਅਜ ਪੰਜਾਬੀ ਗਦਰੀ ਸਾਹਿਤ ਸਬੰਧੀ ਲਿਖਣ ਵਿਚ ਵਡਾ ਅੜਿਕਾ ਇਸੇ ਗਲ ਦਾ ਹੁੰਦਾ ਹੈ। 'ਗਦਰ ਗੂੰਜਾਂ' ਵਿਚ ਛਪੀਆਂ 'ਦੁਖੀ' ਜੀ ਦੀਆਂ ਕੁਝ ਕਵਿਤਾਵਾਂ, ਵਿਸ਼ੇਸ਼ ਕਰ ਕੇ ਪਹਿਲੀਆਂ ਰਚਨਾਵਾਂ, ਗੁਮਨਾਮ ਹਨ ਜਿਸ ਕਰ ਕੇ ਉਨ੍ਹਾਂ ਨੂੰ ਹੋਰਨਾਂ ਕਵੀਆਂ ਦੀਆਂ ਕਿਰਤਾਂ ਵਿਚੋਂ ਛਾਂਟ ਸਕਣਾ ਆਮ ਬੰਦੇ ਦੇ ਵਸ ਦਾ ਰੋਗ ਨਹੀਂ ਰਹਿ ਗਿਆ।

ਪਹਿਲਾਂ ਪਹਿਲ 'ਦੁਖੀ' ਜੀ ਨੇ ਸੀਹਰਫੀ ਤੇ ਹੱਥ ਅਜ਼ਮਾਇਆ ਜੋ ਆਮ ਕਰ ਕੇ ਬੈਂਤ ਵਿਚ ਹੀ ਲਿਖੀ ਜਾਂਦੀ ਰਹੀ ਹੈ। ਇਸ ਤੋਂ ਪਿਛੋਂ 'ਗਦਰ' ਵਾਸਤੇ ਲਿਖੀਆਂ

---

1. ਪ੍ਰੇਮ ਸਿੰਘ ਬਜਾਜ, 'ਮੁਨਸ਼ਾ ਸਿੰਘ 'ਦੁਖੀ'', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965, ਪੰਨਾ 69।
2. ਸੋਹਣ ਸਿੰਘ ਜੋਸ਼, 'ਜੀਵਨ ਸੰਗਰਾਮ', ਯੁਵਕ ਕੇਂਦਰ੍ਰ ਜਲੰਧਰ, 1968, ਪੰਨਾ 45।
3. ਹੀਰਾ ਸਿੰਘ ਦਰਦ, 'ਪੰਜਾਬੀ ਕਾਵਿ ਇਤਿਹਾਸ ਵਿਚ ਗਦਰ ਗੂੰਜਾਂ ਦਾ ਸਥਾਨ', ਮਾਸਕ ਪੰਜਾਬੀ ਦੁਨੀਆ, ਪਟਿਆਲਾ, ਫਰਵਰੀ 1960, ਪੰਨਾ 13।

Sri Satguru Jagjit Singh Ji Elibrary NamdhariElibrary@gmail.com

ਜਾਂ 'ਗਦਰ ਗੂੰਜਾਂ' ਵਿਚ ਛਪੀਆਂ ਕਵਿਤਾਵਾਂ ਨੂੰ ਅਸੀਂ ਆਪ ਦੇ ਮੁਢਲੇ ਕਾਵਿ ਕਾਲ ਵਿਚ ਰਖ ਸਕਦੇ ਹਾਂ ਕਿਉਂ ਜੁ ਇਹ ਉਹ ਸਮਾਂ ਸੀ ਜਦੋਂ ਆਪ ਨੇ ਨਾ ਤਾਂ ਵਿਧੀਵਤ ਕੋਈ ਕਾਵਿ ਗਿਆਨ ਹੀ ਪ੍ਰਾਪਤ ਕੀਤਾ ਸੀ ਤੇ ਨਾ ਹੀ ਕਾਵਿ ਅਭਿਆਸ। ਇਸ ਦੇ ਬਾਵਜੂਦ, ਜੋ ਇਤਿਹਾਸਕ ਤੇ ਆਮ ਜਾਣਕਾਰੀ ਉਨ੍ਹਾਂ ਦੀਆਂ, ਇਨ੍ਹਾਂ ਕਵਿਤਾਵਾਂ ਵਿਚੋਂ ਮਿਲਦੀ ਹੈ, ਇਕ ਪੰਜਵੀਂ ਪਾਸ ਵਿਦਿਆਰਥੀ ਕੋਲੋਂ ਉਹਦੀ ਆਸ ਕਰਨੀ ਬਣਦੀ ਨਹੀਂ। ਸਪਸ਼ਟ ਹੈ ਕਿ ਇਹ ਸਾਰਾ ਗਿਆਨ ਉਨ੍ਹਾਂ ਨੇ ਬੰਗਾਲ ਦੇ ਇਨਕਲਾਬੀਆਂ ਦੀ ਸੰਗਤ ਕਰ ਕੇ ਅਤੇ ਉਸ ਦੇ ਫਲਸਰੂਪ ਬਦੇਸ਼ੀ ਇਨਕਲਾਬੀਆਂ ਸਬੰਧੀ ਪੜ੍ਹੇ ਸਾਹਿਤ ਵਿਚੋਂ ਹੀ ਪ੍ਰਾਪਤ ਕੀਤਾ ਸੀ ਤੇ ਜਾਂ ਫਿਰ ਪ੍ਰਦੇਸ਼ ਯਾਤਰਾਵਾਂ ਦੌਰਾਨ ਹੋਏ ਨਿਜੀ ਅਨੁਭਵਾਂ ਸਦਕਾ।

### ਵਿਸ਼ਾ ਵਿਸਤੂ :

'ਦੁਖੀ' ਜੀ ਦੀਆਂ ਕਵਿਤਾਵਾਂ ਦਾ ਵਿਸ਼ਾ ਵਸਤੂ ਉਹੀ ਸੀ ਜੋ ਹੋਰਨਾਂ ਦੇਸ਼ ਭਗਤ ਕੇ ਕਰਾਂਤੀਕਾਰੀ ਕਵੀਆਂ ਦੀਆਂ ਰਚਨਾਵਾਂ ਦਾ ਅਰਥਾਤ ਅੰਗਰੇਜ਼ ਦੇ ਬਦੇਸ਼ੀ ਰਾਜ ਵਿਰੁਧ ਆਮ ਹਿੰਦੁਸਤਾਨੀ ਜਨਤਾ ਵਿਚ ਨਫ਼ਰਤ ਫੈਲਾਉਣ ਲਈ, ਉਸ ਵਲੋਂ ਕੀਤੀ ਜਾਂਦੀ ਲੁਟ ਖਸੁਟ ਨੂੰ ਜਨਤਾ ਵਿਚ ਨੰਗਿਆਂ ਕਰਨਾ, ਦੇਸ ਤੋਂ ਮਰ ਮਿਟਣ ਵਾਲੇ ਇਨਕਲਾਬੀਆਂ ਦੇ ਕਾਰਨਾਮੇ ਉਜਾਗਰ ਕਰ ਕੇ ਸਧਾਰਨ ਲੋਕਾਂ ਵਿਚ ਵੀ ਸੁਤੰਤਰਤਾ ਯੁਧ ਵਿਚ ਕੁਦਣ ਲਈ ਰੂਹ ਫੂਕਣੀ ਅਤੇ ਉਨ੍ਹਾਂ ਵਿਚ ਕੌਮੀ ਭਾਵਨਾ ਪੈਦਾ ਕਰਨੀ ਆਦਿ। ਨਿਰਸੰਦੇਹ, ਇਹ ਸਾਰੀਆਂ ਗੱਲਾਂ ਕਰਨ ਦੇ ਢੰਗ ਹਰੇਕ ਕਵੀ ਦੇ ਆਪੋ ਆਪਣੇ ਹੀ ਸਨ।

'ਗਦਰ' ਸਪਤਾਹਿਕ ਜਾਂ 'ਗਦਰ ਗੂੰਜਾਂ' ਵਿਚ ਛਪੀਆਂ ਇਨ੍ਹਾਂ ਕਵਿਤਾਵਾਂ ਦੇ ਪਿਛੋਕੜ ਵਿਚ ਵਖਰੀ ਸਥਿਤੀ, ਵਖਰਾ ਮਨੋਰਥ ਤੇ ਅਲੋਕਿਕ ਇਤਿਹਾਸ ਹੈ ਜਿਸ ਨੂੰ, ਇਨ੍ਹਾਂ ਕਵਿਤਾਵਾਂ ਤੇ ਟੀਕਾ ਟਿਪਣੀ ਕਰਨ ਸਮੇਂ ਸਾਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ। 'ਗਦਰ ਗੂੰਜਾਂ' ਦੇ ਰਚਣ ਤੇ ਪ੍ਰਕਾਸ਼ਨ ਕਰਨ ਦਾ ਆਸ਼ਾ ਸਪਸ਼ਟ ਤੌਰ ਤੇ ਭਾਰਤ-ਵਾਸੀਆਂ ਨੂੰ ਤਿਆਰ ਕਰ ਕੇ, ਸ਼ਸਤ੍ਰਬਧ ਇਨਕਲਾਬ ਦੁਆਰਾ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਾਣਾ ਸੀ। ਅਜਿਹੀਆਂ ਕਵਿਤਾਵਾਂ ਦਾ ਲਿਖਣਾ, ਪ੍ਰਕਾਸ਼ਤ ਕਰਨਾ ਅਤੇ ਪੜ੍ਹਨਾ ਤੇ ਪਰਚਾਰਨਾ ਬਰਤਾਨਵੀ ਕਾਨੂੰਨ ਮੁਤਾਬਿਕ ਜੁਰਮ ਸੀ। ਇਸ ਕਰ ਕੇ ਸਾਫ ਜ਼ਾਹਰ ਹੈ ਕਿ ਇਹ ਰਚਨਾਵਾਂ ਧਨ ਕਮਾਉਣ, ਇਨਾਮ ਤੇ ਸਨਮਾਨ ਪ੍ਰਾਪਤ ਕਰਨ ਲਈ ਨਹੀਂ ਸਗੋਂ ਆਪਣੀਆਂ ਜਾਨਾਂ ਦੀ ਅਹੁਤੀ ਪਾ ਕੇ ਆਪਣਾ ਜਨਮ ਸਫਲਾ ਕਰਨ ਲਈ ਦੇਸ਼ ਦੀ ਆਜ਼ਾਦੀ ਖਾਤਰ ਲਿਖੀਆਂ ਗਈਆਂ ਸਨ। ਇਸ ਕਰ ਕੇ ਇਨ੍ਹਾਂ ਦਾ ਪੂਰਾ ਪੂਰਾ ਮੁਲ ਪਾਉਣਾ ਸੌਖਾ ਨਹੀਂ।"[1]

1857 ਦੇ ਗਦਰ ਨੂੰ ਹਿੰਦ ਦੀ ਸੁਤੰਤਰਤਾ ਦੀ ਪਹਿਲੀ ਲੜਾਈ ਸਮਝਿਆ ਜਾਂਦਾ ਹੈ ਪਰ "ਸਿਖਾਂ ਨੇ ਰਾਜਪਾਟ ਗਵਾ ਕੇ ਅੰਗਰੇਜ਼ੀ ਸਰਕਾਰ ਦੀ ਵਫ਼ਾਦਾਰੀ ਦਾ

1. ਹੀਰਾ ਸਿੰਘ ਦਰਦ, 'ਪੰਜਾਬੀ ਕਵਿਤਾ ਵਿਚ ਗਦਰ ਗੂੰਜਾਂ', ਮਾਸਕ ਪੰਜਾਬੀ ਦੁਨੀਆ, ਪਟਿਆਲਾ, ਜੁਲਾਈ 1960, ਪੰਨਾ 9।

Sri Satguru Jagjit Singh Ji Elibrary NamdhariElibrary@gmail com

ਜੋ ਸਬੂਤ ਦਿਤਾ ਉਸ ਦੀ ਮਿਸਾਲ ਸਾਰੀ ਦੁਨੀਆਂ ਤੇ ਮਿਲਨੀ ਕਠਿਨ ਹੈ, ਐਥੋਂ ਤਕ ਕਿ 1857 ਦੇ ਸਮੇਂ ਤੇ 'ਅੰਗਰੇਜ਼ੀ ਰਾਜ ਦੀ ਜੈ' ਦੇ ਨਾਹਰੇ ਲਾ ਕੇ ਉਨ੍ਹਾਂ ਦੀ ਉਹ ਮਦਦ ਕੀਤੀ ਕਿ ਅਜ ਤਕ ਸਿਖ ਕੌਮ ਹੀ ਨਹੀਂ ਸਗੋਂ ਭਾਰਤਵਰਸ਼ ਵਿਚ ਮਸ਼ਹੂਰ ਹੈ........ । ਧਿਆਨ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਜਿਥੇ ਸਿੰਘ ਸਭਾ ਲਹਿਰ ਨੇ ਸਿਖ ਕੌਮ ਤੇ ਇਤਨਾ ਉਪਕਾਰ ਕੀਤਾ ਉਥੇ ਇਹ ਇਕ ਸਿਖ ਕੌਮ ਤੇ ਅਜਿਹਾ ਕਲੰਕ ਦਾ ਟਿਕਾ ਲਗਾ ਦਿਤਾ ਜੋ ਕਦੇ ਵੀ ਉਤਰਨਾ ਅਸੰਭਵ ਹੈ।"[1] ਦੇਸ ਭਗਤ ਇਨਕਲਾਬੀਆਂ ਨੇ ਗਦਰ ਨੂੰ ਦਬਾਉਣ ਵਿਚ ਸਿਖਾਂ ਵਲੋਂ ਪਾਏ ਗਏ ਇਸ ਹਿਸੇ ਨੂੰ ਬਹੁਤ ਕੋਸਿਆ ਹੈ। 'ਦੁਖੀ' ਜੀ ਉਨ੍ਹਾਂ ਇਨਕਲਾਬੀਆਂ ਵਿਚੋਂ ਹੀ ਸਨ। ਆਪ ਨੇ ਬੜੇ ਖੁਲ੍ਹੇ ਜਿਗਰੇ ਨਾਲ ਇਸ ਕਲੰਕੀ ਹਿਸੇ ਤੇ ਕੁੜੀਆਂ ਤੇ ਮਿਠੀਆਂ ਚੋਟਾਂ ਲਾਈਆਂ :

ਚੜ੍ਹੇ ਜੋਸ਼ ਮਨ ਨੂੰ ਪਿਆ ਸਾਡੇ ਤਨ ਨੂੰ, ਕਿਸੇ ਨੇਕ ਰਸਤੇ ਜੋਸ਼ ਲਾ ਲਈਏ।
ਮਤਾਂ ਵਾਂਗ ਸਤਵੰਜਾ ਦੇ ਉਲਟ ਜਾਵੇ, ਕਚੇ ਦਿਲਾਂ ਨੂੰ ਹੋਰ ਪਕਾ ਲਈਏ।
ਇਕ ਦਮ ਜੋਸ਼ ਆਉਣਾ ਇਕ ਦਮ ਨਰਮ ਹੋਣਾ, ਭੋਲੇ ਦਿਲਾਂ ਨੂੰ ਜ਼ਰਾ ਸਮਝਾ ਲਈਏ।
ਮਤਾਂ ਫੇਰ ਆਪੋ ਵਿਚ ਪਾਟ ਪਈਏ, ਆਪਸ ਵਿਚ ਪਯਾਰ ਵਧਾ ਲਈਏ।
ਮਤਾਂ ਲਗ ਜਾਈਏ ਆਖੇ ਦੁਸ਼ਮਣਾਂ ਦੇ, ਅਤੇ ਆਪਣਾ ਆਪ ਗਵਾ ਲਈਏ।

ਅਤੇ

ਲੋਕੀ ਆਖਦੇ ਸਿੰਘ ਇਹ ਬੜੇ ਭੈੜੇ, ਗਦਰ ਦਿੱਲੀ ਵਾਲਾ ਦਿਤਾ ਮੋੜ ਕਾਹਨੂੰ ?
ਹੁਣ ਨੂੰ ਮੁਲਕ ਆਜ਼ਾਦੀ ਚਿ ਖੇਲ੍ਹਣਾ ਸੀ, ਇਨ੍ਹਾਂ ਘਤਿਆ ਸੀ ਐਡਾ ਰੋੜ੍ਹ ਕਾਹਨੂੰ ?
ਹਿੰਦੁਸਤਾਨ ਦੇ ਤੀਹ ਕਰੋੜ ਬੰਦੇ, ਕਰਦੇ ਰਾਜ ਏਹ ਚਾਰ ਕਰੋੜ ਕਾਹਨੂੰ ?[2]

ਇਨ੍ਹਾਂ ਕਵਿਤਾਵਾਂ ਵਿਚ 'ਦੁਖੀ' ਜੀ ਨੇ ਆਪਣੀ ਇਨਕਲਾਬੀ ਇਤਿਹਾਸਕ ਜਾਣਕਾਰੀ ਦਾ ਪ੍ਰਦਰਸ਼ਨ ਵੀ ਕੀਤਾ ਹੈ ਤੇ ਕੌਮਾਂਤਰੀ ਇਤਿਹਾਸਕ ਘਟਨਾਵਾਂ ਦਾ ਵਰਨਣ ਵੀ :

ਪੈਹਲੇ ਗਦਰ ਅੰਦਰ ਜਿਨ੍ਹਾਂ ਕੰਮ ਕੀਤਾ, ਨਾਨਾ ਸਾਹਿਬ ਅਲੀ ਨਕੀ ਖਾਨ ਹੋ ਗਏ।
ਰਾਣੀ ਲਖਸ਼ਮੀ ਮੌਲਵੀ ਸ਼ਾਹ ਐਹਮਦ, ਤੋਪ ਤਾਂਤੀਆਂ ਬੀਰ ਬਲਵਾਨ ਹੋ ਗਏ।
ਬੁਢਾ ਤਿਲਕ ਤੇ ਲਿਆਕਤ ਹੁਸੈਨ ਦੋਵੇਂ, ਦੇਖ ਹਾਲ ਸਾਡਾ ਪਰੇਸ਼ਾਨ ਹੋ ਗਏ।
ਸਠ ਸਾਲ ਦੇ ਜੇਲ੍ਹ ਸਾਵਰਕਰ ਜੀ, ਲਿਖ ਕੇ ਗਦਰ ਤਾਰੀਖ ਰਵਾਨ ਹੋ ਗਏ।
ਮੈਡਮ ਕਾਮਾ ਤੇ ਸ਼ਾਮ ਜੀ ਕ੍ਰਿਸ਼ਨ ਵਰਮਾ, ਪੈਰਸ ਵਿਚ ਬੈਠੇ ਬੁਢੀ ਜਾਨ ਹੋ ਗਏ।

ਅਤੇ

ਜਾਪਾਨ ਜਾ ਬਲਗੇਰੀਆ ਛੇੜ ਛੇੜੀ, ਗੁਝੇ ਤੌਰ ਜ਼ਾਲਮ ਇੰਗਲਿਸਤਾਨ ਚੜ੍ਹ ਗਈ।
ਪੈਹਲਾਂ ਮਲ ਇਟਲੀ ਲਈ ਟਿਰੀਪੋਲੀ, ਦੂਜੇ ਪਾਸਿਓਂ ਜਾ ਬਲਕਾਨ ਚੜ੍ਹ ਗਈ...।

---

1. ਡਾਕਟਰ ਜਗਜੀਤ ਸਿੰਘ, ਮਾਸਕ ਦੁਖ ਨਿਵਾਰਨ, ਤਰਨਤਾਰਨ, ਜੁਲਾਈ 1941, ਪੰਨਾ 56, 57।
2. ਗਦਰ ਗੂੰਜ ਨੰਬਰ 1, ਪੰਨਾ 6, 15।

Sri Satguru Jagjit Singh Ji Elibrary NamdhariElibrary@gmail.com

ਮਲ ਲਿਆ ਅਡਰੀਆਨੋਪਲ ਫੇਰ ਮੁੜ ਕੇ,
ਫੌਜ ਤੁਰਕ ਦੀ ਜਦੋਂ ਬਲਵਾਨ ਚੜ੍ਹ ਗਈ ।
ਖੁਦਾ ਨਹੀਂ ਜਰਨੈਲ ਜੋ ਹਾਰ ਜਾਸੀ, ਅਨਵਰ ਬੇਗ ਦੇ ਹੱਥ ਕਮਾਨ ਚੜ੍ਹ ਗਈ ।[1]

ਨਾਮਧਾਰੀਆਂ ਵਲੋਂ 1871-72 ਵਿਚ ਕੀਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਅਤੇ 'ਗਦਰ' ਦੀ ਪਰੇਰਨਾ ਨੇ ਗੁਲਾਮੀ ਦੀ ਗੂੜ੍ਹੀ ਨੀਂਦੇ ਸੁਤੇ ਦੇਸ਼-ਵਾਸੀਆਂ ਨੂੰ ਜਾਗ੍ਰਤ ਵਿਚ ਲਿਆਂਦਾ ਤੇ ਦੇਸ਼ ਭਗਤਾਂ ਨੂੰ ਝੰਜੋੜਿਆ । ਜੇ ਇਹ ਕਹਿ ਲਿਆ ਜਾਵੇ ਕਿ ਨਾਮਧਾਰੀ ਲਹਿਰ ਦਾ ਪ੍ਰਤੀਕਰਮ ਗਦਰ ਪਾਰਟੀ ਰਾਹੀਂ ਪ੍ਰਗਟ ਹੋਇਆ ਤਾਂ ਵੀ ਕੋਈ ਅਣਹੋਣੀ ਗਲ ਨਹੀਂ ਹੋਵੇਗੀ । ਗਦਰ ਤੋਂ ਪਹਿਲਾਂ ਪੈਦਾ ਹੋਣ ਵਾਲੀ ਇਸ ਲਹਿਰ ਦੇ ਸੇਵਕਾਂ ਨੇ ਬਹੁਤੀ ਪ੍ਰਸਿੱਧੀ ਜਨਵਰੀ 1872 ਵਿਚ, ਮਲੇਰ ਕੋਟਲਾ (ਜ਼ਿਲ੍ਹਾ ਲੁਧਿਆਣਾ) ਦੇ ਪਰੇਡ ਮੈਦਾਨ ਵਿਚ ਚਲੀਆਂ ਤੋਪਾਂ ਦੇ ਸਾਹਮਣੇ ਛਾਤੀਆਂ ਡਾਹ ਕੇ ਹੀ ਪ੍ਰਾਪਤ ਕੀਤੀ ਸੀ । ਇਹ ਕੁਰਬਾਨੀਆਂ ਗਦਰੀ ਅਤੇ ਦੇਸ਼ ਭਗਤ ਹਿੰਦੀਆਂ ਦੇ ਮਨਾਂ ਉਤੇ ਉਕਰੀਆਂ ਪਈਆਂ ਸਨ । 'ਦੁਖੀ' ਜੀ ਇਸ ਪ੍ਰਭਾਵ ਤੋਂ ਨਵੇਕਲੇ ਕਿਵੇਂ ਰਹਿ ਸਕਦੇ ਸਨ ? ਗਦਰ ਲਹਿਰ, ਸਪਤਾਹਿਕ ਗਦਰ ਅਤੇ ਕੂਕਾ ਲਹਿਰ ਦਾ ਜ਼ਿਕਰ ਸਾਨੂੰ ਉਨ੍ਹਾਂ ਦੀਆਂ ਰਚਨਾਵਾਂ ਵਿਚ ਉਘੜਵੇਂ ਰੂਪ ਵਿਚ ਮਿਲਦਾ ਹੈ :

ਹੋਕਾ ਫੇਰਿਆ ਗਦਰ ਅਖਬਾਰ ਸਾਰੇ, ਅਖਾਂ ਖੁਲ੍ਹੀਆਂ ਲੋਕ ਹੈਰਾਨ ਹੋ ਗਏ ।
ਸਾਰਾ ਖੁਲ੍ਹਿਆ ਪਾਜ ਫਰੰਗੀਆਂ ਦਾ, ਦਰਸ਼ਨ ਗਦਰ ਅਖਬਾਰ ਦੇ ਆਣ ਹੋ ਗਏ ।
ਦਿਤੀ ਸਿਟ ਗੁਲਾਮੀ ਦੀ ਛੱਟ ਪਿਛਾਂ, ਜਦੋਂ ਸ਼ੇਰਾਂ ਨੂੰ ਆਣ ਗਿਆਨ ਹੋ ਗਏ ।[2]

ਅਤੇ

ਕੀਤਾ ਕੂਕਿਆਂ ਕਠ ਪੰਜਾਬ ਅੰਦਰ, ਰਾਮ ਸਿੰਘ ਮੋਹਰੀ ਹਾਦੀ ਆਣ ਹੋ ਗਏ ।
ਬੰਦੋਬਸਤ ਉਨ੍ਹਾਂ ਸਾਰਾ ਠੀਕ ਕੀਤਾ, ਗਦਰ ਕਰਨ ਦੇ ਠੀਕ ਸਾਮਾਨ ਹੋ ਗਏ...।
ਐਪਰ ਹੁਕਮ ਹਰਾਮ ਦੀ ਪੇਟ ਪਾਲੂ, ਖੁਫੀਆ ਪੁਲਸ ਦੇ ਪੁਤ ਸ਼ੈਤਾਨ ਹੋ ਗਏ ।
ਬੱਚੇ, ਔਰਤਾਂ, ਕਈ ਹਜ਼ਾਰ ਕੂਕੇ, ਖਾਤਰ ਦੇਸ ਦੀ ਲਹੂ ਲੁਹਾਣ ਹੋ ਗਏ ।

ਕਾਵਿ 'ਦੁਖੀ' ਜੀ ਦੇ ਅੰਦਰੋਂ ਫੁਟਦਾ ਸੀ ਤੇ ਇਸ ਨੂੰ ਪਾਣੀ ਦਿੰਦੇ ਸਨ ਭਰਾ ਜਿਨ੍ਹਾਂ ਵਿਚੋਂ ਇਕ ਇਥੇ ਕੈਨੇਡਾ ਵਿਚ ਹੀ ਸੀ। ਫਿਰ ਆਪ ਦੇ ਅੰਦਰ ਅਗੇ ਵਧਣ ਅਤੇ ਨਿਪੁੰਨਤਾ ਪ੍ਰਾਪਤ ਕਰਨ ਦੀ ਚੇਸ਼ਟਾ ਵੀ ਮੌਜੂਦ ਸੀ ਭਾਵੇਂ ਦੂਜੇ ਪਾਸੇ ਆਪ ਨੂੰ ਇਹ ਵੀ ਪਤਾ ਨਹੀਂ ਸੀ ਕਿ ਦੇਸ਼ ਦੀ ਖਾਤਰ ਜਿੰਦ ਦੀ ਬਾਜ਼ੀ ਕਿਹੜੇ ਸਮੇਂ ਲਾਉਣੀ ਪੈ ਜਾਣੀ ਹੈ ? ਫਿਰ ਵੀ, ਉਹ ਨਿਰਾਸ਼ਾਵਾਦੀ ਨਹੀਂ ਸਨ। ਜੇ ਕਣੀ ਮਾਤਰ ਨਿਰਾਸ਼ਾਵਾਦ ਵੀ ਆਪ ਦੇ ਅੰਦਰ ਹੁੰਦਾ ਤਦ ਨਿਸਚੇ ਹੀ ਆਪ ਨਾ ਤਾਂ ਇੰਨੇ ਅਗੇ ਹੀ ਵਧ ਸਕਦੇ ਤੇ ਨਾ ਹੀ ਪੰਜਾਬੀ ਸਾਹਿਤ ਨੂੰ ਇੰਨੀਆਂ ਅਗ-ਵਰ੍ਹਾਉ ਰਚਨਾਵਾਂ ਭੇਟ ਕਰ ਸਕਦੇ । ਸਚ ਪੁਛੋ ਤਾਂ ਆਪ ਦੇ ਆਸ਼ਾਵਾਦ ਨੇ ਵੀ ਆਪ ਦੇ ਬੌਧਿਕ ਤੇ ਕਾਵਿ ਵਿਕਾਸ ਵਿਚ ਹਿਸਾ ਪਾਇਆ । ਇਸ ਵਾਸਤੇ ਦੁਖਦਾ ਵਾਤਾਵਰਣ ਪੈਦਾ ਕੀਤਾ ਦੇਸ਼

1. ਗਦਰ ਦੀ ਗੂੰਜ ਨੰਬਰ 1, ਸ਼ੇ'ਰ ਨੰ: 10।
2. ਗਦਰ ਦੀ ਗੂੰਜ ਨੰਬਰ 1, ਸ਼ੇ'ਰ ਨੰ: 21।

ਭਗਤਕ ਲਹਿਰ, ਗਦਰ ਪਾਰਟੀ ਅਤੇ ਗਦਰ ਅਖਬਾਰ ਨੇ। ਇਨ੍ਹਾਂ ਤਿੰਨਾਂ ਦੇ ਪਰਣਾਮ-ਸਰੂਪ ਜਿੰਨਾ ਆਪ ਨੂੰ ਉਤਸ਼ਾਹ ਮਿਲਦਾ ਗਿਆ ਉਨੀ ਹੀ ਆਪ ਦੀਆਂ ਰਚਨਾਵਾਂ ਦੀ ਗਿਣਤੀ ਵਧਦੀ ਗਈ ਤੇ ਰਚਨਾਵਾਂ ਦੇ ਇਸ ਵਾਧੇ ਨੇ ਕਾਵਿ ਅਭਿਆਸ ਵਿਚ ਵਾਧਾ ਕਰ ਕੇ ਰਚਨਾਵਾਂ ਵਿਚ ਹੋਰ ਜਾਨ ਪਾਉਣ ਦੀ ਸ਼ਕਤੀ ਪ੍ਰਦਾਨ ਕੀਤੀ :

ਹੋ—ਹਾਲ ਹੋਇਆ ਮੇਰਾ ਅਤ ਭੈੜਾ, ਕਿਹਾ ਪਿਆ ਬਦਤੁਖਮ ਥੀਂ ਵਾਹ ਮੈਨੂੰ।
ਕੁਫਰ ਬੈਠ ਫਰੰਗ ਨੇ ਦਗਾ ਕੀਤਾ, ਮਾਰੀ ਛੁਰੀ ਸੀਨੇ ਕੀਤਾ ਘਾਹ ਮੈਨੂੰ।
ਮੇਰੇ ਲਾਡਲੇ ਪਾੜ ਬ੍ਰਬਾਦ ਕੀਤੇ, ਲਗਾ ਜਿਗਰ ਜੁਦਾਈ ਦਾ ਦਾਹ ਮੈਨੂੰ।
ਹੱਥੀਂ ਬਾਝ ਕਰਾਰਿਆਂ ਕਹੇ ਮਾਤਾ, ਮੁਸ਼ਕਲ ਆ ਵਸੀ ਸੁਖਾਂ ਦਾ ਸਾਹ ਮੈਨੂੰ।[1]

ਵਿਸ਼ੇ ਵਸਤੂ ਦੇ ਪਖੋਂ, ਪਾਠਕ ਤੇ ਸਰੋਤੇ ਵਿਚ ਅਣਖ ਉਤੇ ਲੜ ਮਰਨ ਦਾ ਜਜ਼ਬਾ ਭਰਨ ਲਈ, ਇਹ ਕਾਵਿ ਟੁਕੜੀ ਆਪ ਦੀਆਂ ਉਤਮ ਕਾਵਿ ਰਚਨਾਵਾਂ ਵਿਚੋਂ ਗਿਣੀ ਜਾ ਸਕਦੀ ਹੈ :

ਛਿਤ੍ਰ ਮਾਰ ਫਰੰਗ ਨੂੰ ਘਰੋਂ ਕਢੋ, ਕਾਹਨੂੰ ਤੜਫਦੇ ਹੋ ਨੀਮ ਜਾਨ ਵਾਲੇ।
ਜਿਉਂਦੀ ਕੌਮ ਜਹਾਨ ਦੇ ਵਿਚ ਹੋਈਏ, ਸਾਰੇ ਜਗ ਅੰਦਰ ਧੱਕੇ ਖਾਣ ਵਾਲੇ।[2]

ਅਤੇ

ਗੋਰੇ ਗਲ ਕੀਹ ਏ, ਜਦੋਂ ਉਠ ਬੈਠੇ, ਏਨਾ ਬਾਂਦਰਾਂ ਤੋਂ ਖੌਫ ਖਾਵਨਾ ਕੀ ?
ਅਸੀਂ ਲੜਾਂਗੇ, ਕਰਾਂਗੇ ਗਦਰ ਜਲਦੀ, ਖਬਰਦਾਰ ਹੋ, ਚਿਤ ਭੁਲਾਵਨਾ ਕੀ ?[3]

ਅਤੇ

ਜੇਕਰ ਜੀਵੀਏ ਜੀਵੀਏ ਮਰਦ ਹੋ ਕੇ, ਐਵੇਂ ਡੰਗ ਟਪਾਉਣ ਦੀ ਲੋੜ ਕੀ ਏ ?
ਜੇਕਰ ਅਸੀਂ ਮਰਦਾਂ ਵਾਲੇ ਕੰਮ ਕਰੀਏ,
ਤਾਂ ਫਿਰ ਕੁਲੀ ਕਹਿਲਾਉਣ ਦੀ ਲੋੜ ਕੀ ਏ ?
ਮੁਲਕੋਂ ਪੈਣ ਧੱਕੇ, ਲਾਂਭੇ ਹੱਕ ਮੰਗੋ, ਮੁਫਤ ਲੁਡੀਆਂ ਪਾਉਣ ਦੀ ਲੋੜ ਕੀ ਏ ?
ਛਾਕੇ ਮਾਰੀਏ ਚਲ ਕੇ ਗੋਰਿਆਂ ਦੇ, ਓਏ ਗੁਲਾਮ ਅਖਵੌਣ ਦੀ ਲੋੜ ਕੀ ਏ ?[4]

ਸਭ ਗਦਰੀ ਲੇਖਕ ਤੇ ਕਵੀ 1857 ਦੇ ਗਦਰ ਨੂੰ ਹਿੰਦ ਦੀ ਸੁਤੰਤਰਤਾ ਦਾ ਪਹਿਲਾ ਜੁਧ ਤਾਂ ਮੰਨਦੇ ਹੀ ਸਨ। ਇਸ ਦੀ ਯਾਦ ਵਿਚ ਤੇ ਇਸ ਨੂੰ ਸਮਰਪਤ ਆਪ ਦੀਆਂ ਕਈ ਕਵਿਤਾਵਾਂ ਮਿਲਦੀਆਂ ਹਨ। ਅਜਿਹੀ ਇਕ ਕਵਿਤਾ ਵਿਚ, ਰਾਣੀ ਝਾਂਸੀ ਦੀ, ਜੁਧ ਖੇਤਰ ਵਿਚ ਅੰਗਰੇਜ਼ਾਂ ਨਾਲ ਹੋਈ ਡਟਵੀਂ ਲੜਾਈ ਦਾ ਚਿਤਰ ਖਿਚ ਕੇ ਰਾਣੀ ਦੀ ਬਹਾਦਰੀ ਨੂੰ ਪ੍ਰਗਟ ਕੀਤਾ ਗਿਆ ਹੈ :

ਦੋਹਾਂ ਪਾਸਿਆਂ ਦੇ ਦਲ ਆਣ ਢੁਕੇ, ਖੂਬ ਜੰਗ ਹੋਯਾ ਘਲੂਘਾਰ ਭੀ ਸੀ।
ਮਾਰ ਮਾਰ ਫਰੰਗ ਦੇ ਘਾਣ ਲਾਹੇ, ਖਾਲੀ ਜਾਂਵਦਾ ਨਾ ਕੋਈ ਵਾਰ ਭੀ ਸੀ।

1. ਗਦਰ ਦੀ ਗੂੰਜ ਨੰ: 2, 'ਭਾਰਤ ਮਾਤਾ ਦੀ ਪੁਕਾਰ' ਪੰਨਾ 3।
2. ਗਦਰ ਦੀ ਗੂੰਜ ਨੰ: 3, ਬੈਂਤ 10।
3. ਉਹੀ, ਬੈਂਤ ਨੰ: 17।
4. ਉਹੀ, ਬੈਂਤ ਨੰ: 2।

Sri Satguru Jagjit Singh Ji Elibrary NamdhariElibrary@gmail com

ਮਾਰ ਮੁਚੀਆਂ ਦੇ ਸੋਹਣੇ ਘਾਣ ਲਾਹੇ, ਦਿਤੀ ਲੱਥ ਤੇ ਲੱਥ ਉਸਾਰ ਭੀ ਸੀ ।
ਹੱਥ ਪਕੜ ਤਲਵਾਰ ਮੈਦਾਨ ਆਈ, ਬੋਲੇ ਦੁਸ਼ਮਣਾਂ ਤਾਈਂ ਵੰਗਾਰ ਭੀ ਸੀ ।
ਆਓ ਵਿਚ ਮੈਦਾਨ ਦੇ ਹਥ ਵੇਖੋ, ਨਾਲੇ ਕਰੋ ਰੋਕੋ ਮੇਰਾ ਵਾਰ ਭੀ ਸੀ ।
ਜਿਊਂਦੀ ਜਾਨ ਨਾ ਪਿਛਾਂ ਨੂੰ ਮੂੰਹ ਕੀਤਾ, ਉਹ ਸਪੁਤ੍ਰੀ ਹਿੰਦ ਦੁਲਾਰ ਭੀ ਸੀ ।[1]

ਰਾਜਨੀਤੀ ਵਿਚ ਅੰਗਰੇਜ਼ ਦਾ ਮੁਖ ਹਥਿਆਰ ਸੀ 'ਪਾੜੋ ਤੇ ਰਾਜ ਕਰੋ' ਦੀ ਕੂਟਨੀਤੀ । ਇਸੇ ਨੀਤੀ ਦੇ ਆਸਰੇ ਅੰਗਰੇਜ਼ 1857 ਦੇ ਗਦਰ ਸਮੇਂ, ਜਦੋਂ ਕਰਨਾਲ ਤੋਂ ਦਿੱਲੀ ਤਕ ਲਗਪਗ ਸਾਰਾ ਇਲਾਕਾ ਉਸ ਦੇ ਪੈਰਾਂ ਹੇਠੋਂ ਨਿਕਲ ਕੇ ਬਗਾਵਤੀ ਕੂਕਾਂ ਮਾਰ ਰਿਹਾ ਸੀ, ਹਿੰਦੀਆਂ ਨੂੰ ਦਬਾਉਣ ਵਿਚ ਸਫਲ ਹੋ ਗਿਆ ਸੀ । ਗਦਰੀ ਕਵੀ ਸਮਝਦੇ ਸਨ ਕਿ ਹਿੰਦ ਵਿਚ ਮਜ਼੍ਹਬਾਂ ਅਤੇ ਫਿਰਕਿਆਂ ਦੇ ਨਾਂ ਤੇ ਫੁਟ ਛੇਤੀ ਭੜਕਾਈ ਜਾ ਸਕਦੀ ਹੈ । ਉਹ ਕੇਵਲ ਕੌਮੀ ਤੇ ਫਿਰਕੂ ਏਕਤਾ ਵਾਸਤੇ ਹੀ ਜ਼ੋਰ ਨਹੀਂ ਸਨ ਲਾਉਂਦੇ ਸਗੋਂ ਆਂਢ-ਗੁਆਂਢ ਵਸਦੀਆਂ ਕੌਮਾਂ ਨਾਲ ਵੀ ਮਿਤਰਤਾ ਦੇ ਚਾਹਵਾਨ ਸਨ । 'ਦੁਖੀ' ਜੀ ਦੀਆਂ ਇਸ ਕਾਲ ਦੀਆਂ ਕਵਿਤਾਵਾਂ ਇਸ ਤੱਤ ਤੋਂ ਵੀ ਸਖਣੀਆਂ ਨਹੀਂ ਹਨ :

ਮੁਦਾ ਕੁਲ ਹਿੰਦੁਸਤਾਨੀ ਮਿਲੋ ਜਲਦੀ, 'ਦੁਖੀ' ਮਿਲੇ ਬਾਝੋਂ ਸੁਖ ਪਾਉਗੇ ਨਾ ।[2]

ਅਤੇ

ਬੜੀ ਜਲਦ ਚੀਨੇ ਉਠੇ ਚਾਹੁੰਦੇ ਨੇ, ਬਚਣਾ ਤੁਸੀਂ ਨਾ ਕਿਤੇ ਫਸਾ ਜਾਵੇ ।
ਵੀਰੋ ਚੀਨਿਆਂ ਨਾਲ ਨਾ ਮੂਲ ਲੜਨਾ, ਵੈਰੀ ਦਗੇ ਥੀਂ ਮਤਾਂ ਲੜਾ ਜਾਵੇ ।
ਸਦਾ ਪਾੜ ਕੇ ਮਾਰਦਾ ਸਕੇ ਭਾਈਆਂ, ਏਹੀ ਚਾਲ ਨਾ ਕਿਤੇ ਚਲਾ ਜਾਵੇ ।
ਚੀਨੇ ਭਾਈ ਹਨ ਵੀਰਨੋਂ ਏਸ਼ੀਆ ਦੇ, ਭਾਈਆਂ ਨਾਲ ਨਾ ਕਿਤੇ ਫਸਾ ਜਾਵੇ ।[3]

ਕਾਮਾਗਾਟਾ ਮਾਰੂ ਜਹਾਜ਼ ਬਾਰੇ ਪਿਛਲੇ ਪੰਨਿਆਂ ਤੇ ਜ਼ਿਕਰ ਕੀਤਾ ਜਾ ਚੁਕਾ ਹੈ । 'ਦੁਖੀ' ਜੀ ਨੇ, ਸੰਕਟ ਸਥਿਤੀ ਵਿਚ, ਜਹਾਜ਼ ਦੇ ਮੁਸਾਫਰਾਂ ਦੀ ਮਦਦ ਕੀਤੀ ਸੀ । ਉਨ੍ਹਾਂ ਨੂੰ ਹੌਸਲਾ ਤੇ ਹੱਲਾ ਸ਼ੇਰੀ ਦੇਣ ਦੇ ਮਨੋਰਥ ਨਾਲ ਲਿਖੀ ਇਕ ਕਵਿਤਾ ਦੀਆਂ ਕੁਝ ਸਤਰਾਂ ਵੇਖਣ ਯੋਗ ਹਨ :

ਸਾਡੇ ਵੀਰਨੋ, ਤੁਸਾਂ ਬੇਖਤਰ ਰਹਿਣਾ, ਅਸੀਂ ਆਪਣੇ ਹਥ ਦਿਖਾ ਦਿਆਂਗੇ ।
ਚੁਪ ਚਾਪ ਨਹੀਂ ਬੈਠਦੇ, ਵੇਖ ਲੈਣਾ, ਆਫਤ ਕੋਈ ਨਾ ਕੋਈ ਲਿਆ ਦਿਆਂਗੇ ।
ਅਸੀਂ ਤਲੀ ਪਰ ਰਖਿਆ ਸੀਸ ਆਪਣਾ, ਕੇਹਾ ਹਿੰਦ ਵਿਚ ਗਦਰ ਮਚਾ ਦਿਆਂਗੇ ।
ਜਿਊਂਦੀ ਜਾਨ ਨਹੀਂ ਹਟਦੇ ਪਿਛਾਂ ਕਦੇ, ਜਿੰਨਾ ਜ਼ੋਰ ਲਗੂ ਵਾਹ ਲਾ ਦਿਆਂਗੇ ।
ਜਿੰਨਾ ਅਜ ਅਸਾਡੇ ਨਾਲ ਜ਼ੁਲਮ ਹੋਇਆ,
ਗਿਣ ਗਿਣ ਦੂਣਿਆਂ ਨੂੰ ਥਿੰਦੇ ਲਾ ਦਿਆਂਗੇ ।
'ਦੁਖੀ' ਮਿਟਣ ਵਾਲੇ ਨਹੀਂ ਦਾਗ ਸਾਡੇ, ਕਦੇ ਮੁਖਨ ਜਹਾਨੋਂ ਮਿਟਾ ਦਿਆਂਗੇ ।[4]

---

1. ਗਦਰ ਦੀ ਗੂੰਜ ਬੰਦ ਨੰ: 7 ।
2. ਗਦਰ ਦੀ ਗੂੰਜ ਨੰ: 3, ਬੰਦ ਨੰ: 8 ।
3. ਉਹੀ, ਬੰਦ ਨੰ: 11 ।
4. ਗਦਰ ਦੀ ਗੂੰਜ ਨੰ; 2, ਪੰਨਾ 15 ।

Sri Satguru Jagjit Singh Ji Elibrary NamdhariElibrary@gmail com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 1699 ਈ: ਦੀ ਵੈਸਾਖੀ ਦੇ ਮੌਕੇ ਤੇ ਆਨੰਦਪੁਰ ਵਿਚ ਬੁਲਾਏ ਗਏ ਇਕੱਠ ਅਤੇ ਦਸਮੇਸ਼ ਜੀ ਵਲੋਂ ਚੁਕੇ ਗਏ ਕਰਾਂਤੀਕਾਰੀ ਕਦਮਾਂ ਸਬੰਧੀ ਰਚੀਆਂ ਰਚਨਾਵਾਂ ਦੀ ਇਨਕਲਾਬੀ ਤੇ ਬੀਰ-ਰਸੀ ਸਾਹਿਤ ਵਿਚ ਬੜੀ ਮਹਾਨਤਾ ਹੈ। ਇਕ ਸਾਲ ਹਜ਼ਾਰੀਬਾਗ ਜੇਲ੍ਹ ਦੀ ਕਾਲ ਕੋਠੜੀ ਵਿਚ ਦਸਮੇਸ਼ ਪੁਰਬ ਦੇ ਮੌਕੇ ਤੇ ਸੁਤਿਆਂ ਪਿਆਂ 'ਦੁਖੀ' ਜੀ ਨੇ ਸੁਪਨੇ ਵਿਚ ਉਕਤ ਇਕੱਠ ਦਾ ਜਿਸ ਤਰ੍ਹਾਂ ਨਜ਼ਾਰਾ ਦੇਖਿਆ ਉਸ ਨੂੰ ਕਵਿਤਾ ਵਿਚ ਉਸੇ ਤਰ੍ਹਾਂ ਬਿਆਨਿਆ ਹੈ। ਮਨੋਰਥ ਇਥੇ ਵੀ ਇਹੋ ਕੁਝ ਦਰਸਾਉਣ ਦਾ ਹੈ ਕਿ ਮਰੇ ਹੋਏ ਹਿੰਦੀਆਂ ਵਿਚ ਉਦੋਂ ਦਸਮੇਸ਼ ਜੀ ਨੇ ਕਿਵੇਂ ਤੇ ਕਿਉਂ ਜਾਨ ਪਾਈ। ਇਸ ਘਟਨਾ-ਚਿਤਰ ਰਾਹੀਂ ਹੁਣ ਅੰਗਰੇਜ਼ਾਂ ਵਿਰੁਧ ਲੜਨ ਲਈ ਵੀ ਉਸੇ ਤਰ੍ਹਾਂ ਦੇ ਕੁਰਬਾਨੀ ਦੇ ਜਜ਼ਬੇ ਦੀ ਲੋੜ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਗੁਰੂ ਜੀ ਵਲੋਂ ਸੀਸ ਮੰਗੇ ਜਾਣ ਤੇ, ਦਰਬਾਰ ਵਿਚ ਸਨਾਟਾ ਛਾ ਜਾਣ ਪਿਛੋਂ ਇਕ ਵਿਅਕਤੀ ਵਲੋਂ ਅਰਜ਼ ਕਰਨ ਦਾ ਬਿਆਨ ਹਾਜ਼ਰ ਹੈ :

ਬਖਸ਼ੋ ਮੈਂ ਭੁਲਿਆ ਹਾਂ, ਅਣਜਾਣ ਭੁਲ੍ਹਿਆ ਹਾਂ,
ਸੁਣ ਕੇ ਹੁਕਮ ਗੁਰੂ ਜੀ, ਪਾਪੀ ਮੈਂ ਚਿਰ ਲਗਾਯਾ।
ਸਿਰ, ਮਾਲ੍ਹ, ਧਨ ਤੁਸਾਂ ਦਾ, ਮੂਰਖ ਮੈਂ ਲਾਯਾ ਆਢਾ,
ਬਖਸ਼ੋ ਬਿਰਦ ਤੁਹਾਡਾ ਸਿਖ ਆਪ ਦਾ ਸਦਾਯਾ।
ਹਾਜ਼ਰ ਹੈ ਸੀਸ ਨਾਥਾ, ਜਲਦੀ ਉਤਾਰ ਮਾਥਾ,
ਆਪਣੀ ਅਮਾਨ ਲੀਜੇ, ਕੀਜੈ ਅਧਾਰ ਦਾਯਾ।
ਚਿਹਰੇ ਤੇ ਨੂਰ ਛਾਯਾ, ਆਤਰ ਅਗਾਂਹ ਧਾਯਾ,
ਚਰਨਾਂ ਤੇ ਸੀਸ ਨਯਾਯਾ, ਤਤਕਾਲ ਗੁਰ ਉਠਾਯਾ।[1]

ਹਜ਼ਾਰੀਬਾਗ ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਲਿਖੀਆਂ ਕਵਿਤਾਵਾਂ ਨੂੰ ਵਿਸ਼ੇ ਵਸਤੂ ਦੇ ਪਖੋਂ ਮੁਖ ਤੌਰ ਤੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਦੇਸ਼ ਭਗਤਕ ਕਵਿਤਾਵਾਂ ਅਤੇ ਸ਼ਹੀਦਾਂ ਦੇ ਜੀਵਨ, ਧਾਰਮਕ, ਸਮਾਜ ਸੁਧਾਰਕ ਅਤੇ ਨਿਜੀ ਜੀਵਨ ਨਾਲ ਸਬੰਧਤ। ਅਗੋਂ ਇਨ੍ਹਾਂ ਵਿਚੋਂ ਹਰ ਇਕ ਤੇ ਵਖੋ ਵਖ ਵਿਚਾਰ ਕੀਤੀ ਜਾਏਗੀ।

**ਦੇਸ਼ ਭਗਤਕ ਕਵਿਤਾਵਾਂ :**

ਦੇਸ਼ ਭਗਤੀ ਤਾਂ 'ਦੁਖੀ' ਜੀ ਦਾ ਮੁਖ ਅਤੇ ਪਿਆਰਾ ਵਿਸ਼ਾ ਸੀ। ਉਹ ਇਹ ਗਲ ਅਕਸਰ ਕਿਹਾ ਕਰਦੇ ਸਨ; ਤੇ ਇਸ ਗਲ ਦਾ ਉਨ੍ਹਾਂ ਨੂੰ ਮਾਣ ਵੀ ਸੀ, ਕਿ ਭਾਵੇਂ ਉਹ ਕਾਵਿ ਦੇ ਨੌਂ ਦੇ ਨੌਂ ਰਸਾਂ ਵਿਚ ਹੀ ਰਚਨਾ ਕਰ ਸਕਣ ਲਈ ਸਮਰਥ ਸਨ ਪਰ ਉਨ੍ਹਾਂ ਨੇ ਸਾਹਿਤਕ ਜੀਵਨ ਦੇ ਮੁਢ ਤੋਂ ਲੈ ਕੇ ਅਖੀਰ ਤਕ ਮੁਖ ਤੌਰ ਤੇ ਬੀਰ ਰਸ ਨੂੰ ਹੀ ਨਿਭਾਇਆ ਹੈ।[2] ਕਾਵਿ ਵਿਚ ਬੀਰ ਰਸ ਨੂੰ ਇਕ ਨਵੇਕਲਾ ਸਥਾਨ ਪ੍ਰਾਪਤ ਹੈ। 'ਸਾਹਿਤਯ ਦਰਪਣ' ਦੇ ਰਚਤਾ ਅਚਾਰਯ ਵਿਸ਼ਵਨਾਥ ਨੇ ਤਾਂ ਵੀਰ ਰਸ ਨੂੰ ਸ਼ਿਰੋਮਣੀ ਰਸ ਮੰਨਿਆ ਹੈ; ਕਿਉਂਕਿ ਸ਼ਿੰਗਾਰ, ਹਾਸਯ ਆਦਿ ਰਸ ਸ਼ਾਂਤੀ ਜਾਂ ਵਿਹਲ ਦੇ ਸਮੇਂ ਦੇ ਰਸ ਹਨ। ਵੀਰ ਰਸ ਦਾ ਸਥਾਈ ਭਾਵ 'ਉਤਸ਼ਾਹ' ਹੋਣ ਕਾਰਨ ਜਦੋਂ ਤਕ ਕਿਸੇ ਕਰਮ ਜਾਂ ਭਾਵ ਦੇ ਮੂਲ

1. ਮੁਨਸ਼ਾ ਸਿੰਘ 'ਦੁਖੀ', ਸੁਭਾਗ ਵੈਸਾਖੀ, ਲੇਖਕ, 1936, ਪੰਨਾ 21..
2. ਬਖਸ਼ੀ ਸਿੰਘ 'ਆਦਿਲ', ਸਾਡੇ ਲਾਲ, ਲੇਖਕ, ਬਟਾਲਾ, 1975, ਪੰਨਾ 298,

Sri Satguru Jagjit Singh Ji Elibrary NamdhariElibrary@gmail com

ਵਿਚ ਉਤਸ਼ਾਹ ਦੇ ਬੀਜ ਨਹੀਂ ਹਨ ਤਦ ਤਕ ਉਥੇ ਵੀਰ ਰਸ ਦੀ ਉਚਿਤ ਸੰਪੂਰਣਤਾ ਸੰਭਵ ਨਹੀਂ। ਇਸ ਲਈ ਵੀਰ ਰਸ ਹੀ ਸਭ ਰਸਾਂ ਦਾ ਮੂਲ ਰਸ ਹੈ।"[1] ਦੇਸ਼ ਭਗਤਕ ਜੀਵਨ ਵਿਚ ਕਿਸੇ ਸਰਕਾਰ ਨਾਲ ਲੜਾਈ ਹੁੰਦੀ ਹੈ ਤੇ ਜੁਧ ਵਰਨਣ ਜਾ ਜੁਧ ਦੀ ਤਿਆਰੀ ਬੀਰ ਰਸੀ ਕਵਿਤਾਵਾਂ ਨਾਲ ਹੀ ਹੁੰਦੀ ਹੈ।

ਸ਼ਿੰਗਾਰ ਰਸ ਤੋਂ ਆਪ ਕੁਝ ਹਿਰਕਚਾਉਂਦੇ ਸਨ। ਅਸਲ ਗਲ ਤਾਂ ਇਹ ਹੈ ਕਿ ਇਹ ਰਸ, ਪ੍ਰੇਮੀ-ਪ੍ਰੇਮਕਾਵਾਂ ਦੇ ਵਰਨਣ ਲਈ ਵਰਤਿਆ ਜਾਂਦਾ ਹੈ ਪਰ ਆਪ ਤਾਂ ਆਜ਼ਾਦੀ-ਪ੍ਰੇਮ ਤੋਂ ਬਿਨਾਂ ਕਿਸੇ ਹੋਰ ਚਕਰ ਵਿਚ ਪਏ ਹੀ ਨਹੀਂ ਤਾਂ ਇਸ ਰਸ ਦੀ ਵਰਤੋਂ ਕਿਵੇਂ ਤੇ ਕਦੋਂ ਕਰਨੀ ਸੀ? ਇਸ ਦੇ ਉਲਟ, ਦੇਸ਼ ਭਗਤੀ ਆਪ ਦੇ ਖੂਨ ਵਿਚ ਰਚੀ ਹੋਈ ਸੀ। ਇਸ ਸਚਿਆਈ ਨੂੰ ਬਿਆਨਦੀ ਉਨ੍ਹਾਂ ਦੀ ਇਕ ਕਵਿਤਾ ਹੈ, 'ਬਾਗੀ ਦਾ ਚਸਕਾ' ਜਿਸਨੂੰ ਆਪ ਇੰਨੀ ਪਿਆਰੀ ਰਚਨਾ ਸਮਝਦੇ ਸਨ ਕਿ ਬੁਢੇਪੇ ਵਿਚ ਵੀ ਤਰੰਨਮ ਨਾਲ ਗਾ ਕੇ ਇਸ ਦਾ ਆਨੰਦ ਮਾਣਦਿਆਂ ਆਪ ਨੂੰ ਦੇਖਿਆ ਜਾ ਸਕਦਾ ਸੀ। ਕ੍ਰਿਸ਼ੇ ਦੂਜੇ ਵਿਅਕਤੀ ਨੂੰ ਇਹ ਕਵਿਤਾ ਪੜ੍ਹ ਕੇ ਸੁਣਾਉਣ ਸਮੇਂ ਆਪ ਦੀਆਂ ਅਖਾਂ ਚੰਗਿਆੜੇ ਛਡਣ ਲਗ ਜਾਂਦੀਆਂ, ਬੁਲ੍ਹ ਫਰਕਣ ਲਗ ਜਾਂਦੇ ਤੇ ਪੁੜਪੁੜੀਆਂ ਦੀਆਂ ਨਾੜਾਂ ਉਭਰ ਆਉਂਦੀਆਂ ਅਤੇ ਸਾਰੇ ਚਿਹਰੇ ਤੇ ਲਾਲੀ ਦੌੜ ਜਾਂਦੀ ਸੀ।[2] ਇਸ ਕਵਿਤਾ ਵਿਚ ਆਪ ਦੀ ਆਪਣੇ ਬਾਰੇ ਕੀਤੀ ਹੋਈ ਭਵਿਖਬਾਣੀ ਬਿਲਕੁਲ ਸਚੀ ਸਿੱਧ ਹੋਈ। ਇਹ ਪੂਰੀ ਦੀ ਪੂਰੀ ਕਵਿਤਾ ਪੁਸਤਕ ਦੇ ਅੰਤ ਤੇ ਦਿਤੀ ਜਾ ਰਹੀ ਹੈ।

ਆਪ ਦੀਆਂ ਇਸੇ ਸ਼੍ਰੇਣੀ ਵਿਚ ਰਖੀਆਂ ਜਾ ਸਕਣ ਵਾਲੀਆਂ ਅਨੇਕ ਰਚਨਾਵਾਂ ਵਿਚੋਂ ਹੀ ਇਕ ਹੋਰ ਕਵਿਤਾ ਹੈ 'ਪਾਗਲ'। ਇਸ ਵਿਚ ਆਪ ਨੇ ਆਪਣੀ ਬੇਕਦਰ ਕੌਮ ਤੇ ਵਿਅੰਗ ਵੀ ਕੀਤਾ ਹੈ ਤੇ ਦਿਲ ਦੀ ਭੜਾਸ ਵੀ ਕਢੀ ਹੈ। 'ਮਿਤਰਾਂ ਨੂੰ ਨਿਹੋਰੇ, ਆਪਣੇ ਮਨ ਦੀ ਅਚਿਲਤਾ, ਅਡਿਗਤਾ ਅਤੇ ਸਾਮਰਾਜੀ ਸਰਕਾਰ ਦੇ ਵਹਿਸ਼ੀਆਨਾ ਵਰਤਾਓ ਦਾ ਕਿੱਡਾ ਸਾਫ ਤੇ ਨਿਖਰਿਆ ਦ੍ਰਿਸ਼ ਪੇਸ਼ ਕੀਤਾ ਹੈ। ਜਦੋਂ ਇਹ ਕਵਿਤਾ ਕਲਕੱਤੇ ਦੇ ਜਲਸੇ ਵਿਚ ਪੜ੍ਹੀ ਗਈ ਸੀ ਤਾਂ ਅਧਿਆਂ ਨਾਲੋਂ ਵਧ ਸਰੋਤੇ ਰੋ ਰਹੇ ਸਨ। ਕਈਆਂ ਦੀਆਂ ਆਹਾਂ ਸੁਣੀਆਂ ਜਾ ਰਹੀਆਂ ਸਨ।[3] ਖੁਲ੍ਹੇ ਜਲਸੇ ਵਿਚ ਬੋਲੀ ਜਾਣ ਕਾਰਨ ਸਰਕਾਰ ਨੇ ਇਸ ਨੂੰ ਬੜੀ ਗੰਭੀਰਤਾ ਨਾਲ ਲਿਆ ਸੀ। ਇਸ ਦਾ ਇਕ ਬੰਦ ਹੈ :

ਉਸ ਨੇ ਕਿਹਾ ਜਿਸ ਲਗੀਆਂ ਜਾਣਦਾ ਸੋ,
ਆਉਂਦੀ ਨੀਂਦ ਭੀ ਨਾ ਭਰ ਕੇ ਨੈਣ ਮੈਨੂੰ।
ਦੇਖ ਦੇਖ ਕੇ ਵਤਨ ਦੀ ਦੁਰਦਸ਼ਾ ਨੂੰ, ਛਾਂਦੇ ਸੱਲ ਸੀਨੇ ਅੰਦਰ ਪੈਣ ਮੈਨੂੰ।
ਦਰਦ ਭਰੇ ਦੁਖ ਦੀਆਂ ਸਰਦ ਆਹੀਂ, ਦੇਣ ਚੈਨ ਦਿਨ ਰੈਣ ਨ ਲੈਣ ਮੈਨੂੰ।
ਸੀਨਾ ਫਟਦਾ ਕਾਲਜੇ ਭੋਬ ਪੈਂਦੇ, ਸੁਣਦੇ ਜਦੋਂ ਮਜ਼ਲੂਮਾਂ ਦੇ ਵੈਣ ਮੈਨੂੰ।

---

1. ਡਾ: ਰਤਨ ਸਿੰਘ ਜੱਗੀ, ਜੰਗ ਨਾਮਾ ਸਿੰਘਾਂ ਤੇ ਫਰੰਗੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982, ਪੰਨਾ XLII
2. ਸੂਬਾ ਸਿੰਘ, 'ਮੁਨਸ਼ਾ ਸਿੰਘ 'ਦੁਖੀ'-ਇਨਕਲਾਬੀ ਕਵੀ', ਮਾਸਕ ਜਾਗ੍ਰਤੀ, ਚੰਡੀਗੜ੍ਹ, ਮਈ 1967, ਪੰਨਾ 28
3. ਬਖਸ਼ੀ ਸਿੰਘ 'ਆਦਿਲ'; ਸਾਡੇ ਲਾਲ, ਲੇਖਕ, ਬਟਾਲਾ, 1975, ਪੰਨਾ 299.

Sri Satguru Jagjit Singh Ji Elibrary NamdhariElibrary@gmail.com

ਮੈਂ ਇਹ ਕਿਸੇ ਨੂੰ ਭਲਾ ਕੀ ਦੋਸ਼ ਦੇਵਾਂ ? ਕਰਦੇ ਵੀਰ ਹੀ ਨਹੀਂ ਜੋ ਮਾਣ ਮੇਰਾ ?
ਮੈਂ ਤਾਂ ਆਪਣੇ ਠਰਕ ਵਿਚ ਗਰਕ ਫਿਰਦਾ,
ਕੋਈ ਕਿਸੇ ਸਿਰ ਨਹੀਂ ਅਹਿਸਾਨ ਮੇਰਾ ।

ਸਾਰੇ ਇਨਕਲਾਬੀ ਕਵੀ ਇਸ ਗਲ ਦੇ ਪਰਚਾਰਕ ਸਨ ਕਿ ਹਿੰਦੁਸਤਾਨ, ਅੰਗਰੇਜ਼ਾਂ ਦਾ ਨਹੀਂ, ਸਾਡਾ ਹੈ ਤੇ ਅੰਗਰੇਜ਼ਾਂ ਨੂੰ ਇਥੋਂ ਕਢ ਕੇ ਅਸੀਂ ਇਸ ਦੇ ਫਿਰ ਮਾਲਕ ਬਣਨਾ ਹੈ । 'ਗਦਰ ਗੂੰਜਾਂ' ਦੇ ਇਕ ਕਵੀ ਦਾ ਇਹ ਹੋਕਾ ਕਿ ਅੰਗਰੇਜ਼ ਨਾਲ ਜੁਧ ਵਿਚ :

ਜਿਉਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ, ਮਰ ਗਏ ਤਾਂ ਜਸ ਜਹਾਨ ਵੀਰੋ ।

ਇਸੇ ਭਾਵਨਾ ਦਾ ਪ੍ਰਤੀਕ ਸੀ । ਮੁਲਤਾਨ ਜੇਲ੍ਹ ਵਿਚ ਲਿਖੀ[1] ਆਪ ਦੀ ਇਕ ਸੀਹਰਫੀ ਦਾ ਇਹ ਇਕ ਬੰਦ ਇਸ ਖਿਆਲ ਦੇ ਕਿੰਨਾ ਨੇੜੇ ਹੈ :

ਡਾਲ-ਡੋਲਦੇ ਨਾ ਲਖਾਂ ਮੁਸ਼ਕਲਾਂ ਤੋਂ, ਜਾਨ ਸਚ ਥੀਂ ਘੋਲ ਘੁਮਾਣ ਵਾਲੇ ।
ਪਿਛਾਂ ਪਰਤਨਾਂ ਕੀ ਨਕ ਵਟਦੇ ਨਾ, ਸੂਰਬੀਰ ਮੂੰਹ ਤੇ ਫਟ ਖਾਣ ਵਾਲੇ ।
ਹਥੀਂ ਲਾਇ ਮਹਿੰਦੀ ਗਾਨੇ ਬੰਨ੍ਹ ਆਉਂਦੇ, ਗਾਜ਼ੀ ਨਹੀਂ ਹੁੰਦੇ ਡਰ ਜਾਨ ਵਾਲੇ ।
ਤਿਵੇਂ ਸਾਫ ਆਖੋ, 'ਦੁਖੀ' ਲੁਕ ਕਾਹਦਾ ? ਅਸੀਂ ਹਿੰਦ ਵਾਸੀ ਹਿੰਦੁਸਤਾਨ ਵਾਲੇ ।

ਸ਼੍ਰੇਣੀ ਵੰਡ ਦੇ ਇਸ ਖੇਤਰ ਵਿਚ ਆਉਂਦੀਆਂ 'ਦੁਖੀ' ਰਚਨਾਵਾਂ ਵਿਚ ਕੇਵਲ ਆਪ ਦੇ ਆਪਣ ਜੀਵਨ ਚਰਿਤਰ ਅਤੇ ਸੁਭਾਉ ਦਾ ਬਿਆਨ ਹੀ ਨਹੀਂ, ਸਗੋਂ ਦੇਸ ਤੋਂ ਘਰ ਘਾਟ ਨਿਛਾਵਰ ਕਰਨ ਵਾਲੇ ਹੋਰਨਾਂ ਸੂਰਿਆਂ ਦੇ ਜੀਵਨਾਂ ਸਬੰਧੀ ਵੀ ਰੌਂਗਟੇ ਖੜੇ ਕਰਨ ਵਾਲੀਆਂ ਕਵਿਤਾਵਾਂ ਰਾਹੀਂ, ਗਾਫਲੀ ਦੀ ਨੀਂਦੇ ਸੁਤੀ ਕੌਮ ਨੂੰ ਹਲੂਣਾ ਦੇਣ ਦਾ ਜਤਨ ਵੀ ਕੀਤਾ ਗਿਆ ਹੈ । ਕੌਮ ਖਾਤਰ ਸ਼ਹੀਦ ਹੋਏ ਬੀਰਾਂ ਦੇ ਜੀਵਨਾਂ ਦੀ ਲੜੀ[2] ਰਾਹੀਂ ਆਪ ਪੰਜਾਬੀ ਬੀਰ ਰਸੀ ਸਾਹਿਤ ਨੂੰ ਕਾਫੀ ਕੁੱਝ ਦੇ ਗਏ ਹਨ ।

ਸ਼ਹੀਦ ਭਗਤ ਸਿੰਘ ਦੇ ਚਾਚੇ, ਸਰਦਾਰ ਅਜੀਤ ਸਿੰਘ ਤੋਂ 'ਦੁਖੀ' ਜੀ ਬਹੁਤ ਪ੍ਰਭਾਵਤ ਸਨ । ਇਸ ਸਰਦਾਰ ਦੀ 1907 ਵਿਚ ਹੋਈ ਗ੍ਰਿਫਤਾਰੀ ਦੇ ਦਿਨ ਹੀ ਤਾਂ ਉਨ੍ਹਾਂ ਅੰਦਰ ਲੁਪਤ ਦੇਸ਼-ਭਗਤੀ ਦੀ ਜਵਾਲਾ ਪ੍ਰਦੀਪਤ ਹੋਈ ਸੀ । ਆਪਣੇ ਇਸ ਅਦੁਤੀ ਪਰੇਰਨਾ ਸ੍ਰੋਤ ਬਾਰੇ ਲਿਖੀਆਂ ਸਤਰਾਂ ਵਿਚ ਆਪ ਨੇ ਸਰਦਾਰ ਦਾ ਵਿਅਕਤੀਤਵ ਕਿਵੇਂ ਉਘਾੜਨ ਦਾ ਯਤਨ ਕੀਤਾ ਹੈ :

ਮਾਈ ਬਾਪ ਭਾਈ ਸੁਤ, ਨਾਰਿ ਘਰ ਬਾਰ ਤਯਾਗ,
ਲਖਾਂ ਦੁਖ ਝੱਲੇ ਸੀਸ ਕੌਮ ਦੇ ਪਸਾਰ ਮੇਂ ।
ਜ਼ਾਲਮਾਂ ਡਰਾਯਾ ਤੇ ਸਤਾਯਾ ਬੰਨ੍ਹ ਜੇਲ੍ਹ ਪਾਯਾ,
ਡੋਲਿਆ ਨਾ ਚਿਤ ਸਗੋਂ ਤੇਜ਼ ਹੋਇਆ ਕਾਰ ਮੇਂ ।
ਕੰਬਦਾ ਸਰੀਰ ਚਿਤ ਬੰਨ੍ਹਦਾ ਨਾ ਧੀਰ ਜਦੋਂ,
ਆਵੇ ਯਾਦ ਜਿੰਕੂ ਰਾਤਾਂ ਕਟੀਆਂ ਤੁਸਾਰ* ਮੇਂ ।

---

1. ਇਹ ਖਰੜਾ ਇਸ ਵੇਲੇ ਲੇਖਕ ਕੋਲ ਸਾਂਭਿਆ ਪਿਆ ਹੈ ।
2. ਮੁਨਸ਼ਾ ਸਿੰਘ 'ਦੁਖੀ', ਸ਼ਹੀਦ (ਖਰੜਾ)
* ਬਰਫ ਵਿਚ

Sri Satguru Jagjit Singh Ji Elibrary NamdhariElibrary@gmail.com

ਰਹੂ ਨਾਮ ਚਮਕਦਾ ਅਜੀਤ ਸਿੰਘ ਸੂਰਮੇ ਦਾ,
ਦਮਕਦਾ ਹਮੇਸ਼ਾ ਹਿੰਦੀ ਹੀਰਿਆਂ ਦੇ ਹਾਰ ਮੇਂ ।[1]

ਇਹ ਹੇਠ ਦਿਤੀ ਜਾ ਰਹੀ ਵੰਨਗੀ, 1939 ਵਿਚ, ਸ਼ੇਰੇ ਪੰਜਾਬ ਰਣਜੀਤ ਸਿੰਘ ਦੀ ਸ਼ਤਾਬਦੀ ਦੇ ਸਬੰਧ ਵਿਚ ਲਿਖੀ ਗਈ ਕਵਿਤਾ ਵਿਚੋਂ ਲਈ ਗਈ ਹੈ :

ਮਚ ਗਈ ਤਰਥੱਲੀ ਜਿਧਰ ਨਜ਼ਰ ਭਵਾਈ ਸੀ ਤੈਂ ।
ਧਰਤਿ ਭੀ ਸੀ ਹੱਲੀ, ਜਿਧਰ ਅਖ ਦਿਖਾਈ ਸੀ ਤੈਂ ।
ਝਾਲ ਨਾ ਗਈ ਝੱਲੀ, ਜਿਧਰ ਕੀਤੀ ਚੜ੍ਹਾਈ ਸੀ ਤੈਂ ।
ਮੌਤ ਖਬਰ ਘੱਲੀ, ਜਿਧਰ ਉਂਗਲ ਉਠਾਈ ਸੀ ਤੈਂ ।
ਸੀਨੇ 'ਚ ਕਿਸ ਬੀਰ ਦੇ ਨਹੀਂ ਉਕਰੀ ਹੁਈ ਯਾਦ ਤਿਰੀ ?
ਦੇਂਦਾ ਰਹੂ ਹਰਿਕ 'ਦੁਖੀ', ਜੀਵਨ ਦੀ ਦਾਦ ਤਿਰੀ ।[2]

'ਦੁਖੀ' ਜੀ ਦੇ ਆਪਣੇ ਅੰਦਰ ਸੂਰਬੀਰਤਾ ਤੇ ਦੇਸ਼ ਭਗਤੀ ਕੁਟ ਕੁਟ ਕੇ ਭਰੀ ਹੋਈ ਸੀ । ਕੁਦਰਤੀ ਗਲ ਸੀ ਕਿ ਉਹ ਸੂਰਬੀਰਾਂ ਨੂੰ ਯਾਦ ਕਰ ਕੇ ਉਨ੍ਹਾਂ ਦੀ ਬਹਾਦਰੀ ਰੌਸ਼ਨ ਕਰਨ ਹਿਤ ਆਪਣੀ ਕਲਮ ਦੀ ਵਰਤੋਂ ਕਰਦੇ । ਕੁਝ ਸੂਰਮਿਆਂ ਅਤੇ ਸੁਤੰਤਰਤਾ ਜੁਧ ਦੇ ਸ਼ਹੀਦਾਂ ਬਾਰੇ ਲਿਖੀਆਂ ਆਪ ਦੀਆਂ ਕਵਿਤਾਵਾਂ ਵੀ ਪ੍ਰਸੰਸਾ ਦੀ ਮੰਗ ਕਰਦੀਆਂ ਹਨ । ਬਹੁਤੀਆਂ ਲੰਬੀਆਂ ਕਵਿਤਾਵਾਂ ਵਿਚੋਂ ਇਕ ਹੈ ਸੇਨ ਗੁਪਤਾ ਬਾਰੇ, ਜਿਸ ਵਿਚੋਂ ਆਪ ਦੇ ਦਿਲ ਵਿਚ ਗੁਪਤਾ ਪ੍ਰਤੀ ਭਰੇ ਪ੍ਰੇਮ ਤੇ ਸ਼ਰਧਾ ਦਾ ਪ੍ਰਗਟਾਵਾ ਕਿਵੇਂ ਟਪਕਦਾ ਹੈ :

ਸੇਵਾ ਦੇ ਮੈਦਾਨ ਚਿ ਕੁਦਿ ਦਿਲ ਨ ਕਦੇ ਉਦਰਾਯਾ ।
ਕੌਮੀ ਘਮਸਾਨ ਚਿ ਵੜਿ, ਪੈਰ ਨਾ ਪਿਛਾਂ ਹਟਾਯਾ ।
ਵੈਰੀ ਦੇ ਹਸਿ ਵਾਰ ਸਹੇ, ਜੀ ਨ ਜ਼ਰਾ ਘਬਰਾਯਾ ।
ਧੜਕਿਆ ਨਾ, ਥਿੜਕਿਆ ਨਾ, ਅਗਾਂਹ ਹੀ ਕਦਮ ਵਧਾਯਾ ।
ਧਨ ਤਨ ਕੁਰਬਾਨ ਕੀਤਾ, ਕੌਮੀ ਆਨ ਬਾਨ ਉਤੇ ।
ਸਰਬੰਸ ਹੀ ਵਾਰ ਦਿਤਾ, ਭਾਰਤ ਦੀ ਸ਼ਾਨ ਉਤੇ ।
ਖੂਨ ਭਬਕ ਉਠਦੇ ਸਨ ਸੁਣ ਕੇ ਭਭਕਾਰ ਤੇਰੀ ।
ਡੌਲੇ ਫੜਕ ਉਠਦੇ ਸਨ, ਸੁਣ ਕੇ ਲਲਕਾਰ ਤੇਰੀ ।
ਬੀਰ ਕੜਕ ਉਠਦੇ ਸਨ, ਸੁਣ ਕੇ ਜੈਕਾਰ ਤੇਰੀ ।
ਯਾਦ ਰਹੂ ਬੰਗਾਲਣੀ ਓ ਕੌਮ ਦੇ ਸਰਦਾਰ ਤੇਰੀ ।
ਵੈਰੀ ਜਿਦ੍ਹੋਂ ਕੰਬਦੇ ਸਨ, ਦੇਸ਼ ਦਾ ਉਹ ਸ਼ੇਰ ਸੈਂ ਤੂੰ ।
ਅਰਸ਼ੀ ਜਿਹਨੂੰ ਪਾਣ ਸੀ, ਕੌਮ ਦੀ ਸ਼ਮਸ਼ੇਰ ਸੈਂ ਤੂੰ ।[3]

---

1. ਮੁਨਸ਼ਾ ਸਿੰਘ 'ਦੁਖੀ', ਸ਼ਹੀਦ (ਖਰੜਾ)
2. ਮੁਨਸ਼ਾ ਸਿੰਘ 'ਦੁਖੀ', 'ਸ਼ੇਰੇ ਪੰਜਾਬ', ਮਾਸਕ ਪੰਜਾਬੀ ਦੁਨੀਆਂ, ਪਟਿਆਲਾ, ਦਸੰਬਰ 1960, ਪੰਨਾ 79 ।
3. ਰੋਜ਼ਾਨਾ ਦੇਸ਼ ਦਰਪਣ, ਕਲਕੱਤਾ, 6 ਅਗਸਤ 1933 ।

Sri Satguru Jagjit Singh Ji Elibrary NamdhariElibrary@gmail.com

11 ਨਵੰਬਰ 1933 ਨੂੰ ਆਪਣੇ ਮਿਤਰ ਮਹਾਂ ਸਿੰਘ ਕਮਲਾ ਦੇ ਚਲਾਣਾ ਕਰ ਜਾਣ ਤੇ ਲਿਖੀ ਕਵਿਤਾ ਵਿਚ 'ਕਮਲਾ' ਦੇ ਚਰਿਤਰ ਨੂੰ ਕਿਵੇਂ ਇਤਿਹਾਸਕ ਉਪਮਾਵਾਂ ਦੇ ਕੇ ਉਘੇੜਨ ਦਾ ਯਤਨ ਕੀਤਾ ਹੈ ! ਇਸ ਦਾ ਅਨੁਮਾਨ ਇਸ ਤੱਥ ਤੋਂ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਉਹ ਹਰ ਗੱਲੇ ਦੇਸ਼ ਦੀ ਵਡਿਆਈ ਕਰਦਾ ਹੋਇਆ ਇਹ ਕਹਿਣ ਦਾ ਆਦੀ ਹੋ ਗਿਆ ਸੀ ਕਿ ਹਿੰਦ ਵਰਗਾ ਹੋਰ ਕੋਈ ਦੇਸ਼ ਇਸ ਦੁਨੀਆਂ ਵਿਚ ਨਹੀਂ ਹੈ :

ਮਿਸਰੀ ਜੇ ਹੁੰਦਾ ਤਾਂ 'ਕਮਾਲ' ਤੋਂ ਕਮਾਲ ਹੁੰਦਾ,
ਪੂਜਾ ਹੁੰਦੀ ਜੇ ਤੂੰ ਕਿਤੇ ਜੰਮਦਾ ਜਾਪਾਨ ਵਿਚ।
ਰੂਸ ਵਿਚ ਹੁੰਦਾ ਲੋਕੀ ਰੱਬ ਤੈਨੂੰ ਮੰਨ ਲੈਂਦੇ,
ਔਲੀਆ ਕਹੋਂਦਾ ਕਿਤੇ ਹੁੰਦਾ ਜੇ ਈਰਾਨ ਵਿਚ।
ਭੈੜੇ ਭਾਰਤੀਆਂ ਤੇਰੀ ਕੀਤੀ ਨਾ ਕਦਰ ਕੁਛ,
ਹੀਰੇ ਦਾ ਕੀ ਮੁਲ ਪੈਣਾ ਚੀਣੇ ਦੀ ਦੁਕਾਨ ਵਿਚ।
ਹੋਊਗੀ ਕਦਰ ਇਨ੍ਹਾਂ ਬੋਲਾਂ ਤੇਰਿਆਂ ਦੀ ਕਦੇ,
"ਮੇਰੇ ਦੇਸ਼ ਜਿਹਾ ਕੋਈ ਦੇਸ਼ ਨ ਜਹਾਨ ਵਿਚ।"[1]

ਤੇ ਇਹ ਹੈ ਸਿੰਘ ਸਾਹਿਬ ਜੋਧ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਦਾ ਵਰਨਣ :

ਘਿਰ ਕੇ ਸ਼ੇਰੇ ਪੰਜਾਬ ਦੀ ਸਭਾ ਜਿਸ ਨੇ,
ਮਯਾਨੋ ਧੂਹ ਤਲਵਾਰ ਕਿਲਕਾਰ ਮਾਰੀ।
"ਆਓ ਗੀਦੀਓ, ਸਿੰਘ ਦਾ ਕਰੋ ਸੋਹਾਂ",
ਸਭ ਦੀ ਮਾਂ ਮਰੀ ਜਦੋਂ ਲਲਕਾਰ ਮਾਰੀ।
ਪਰਣਪਾਲ ਪੱਕਾ ਸਰਣਪਾਲ ਸੱਚਾ, ਹੈ ਪ੍ਰਸਿੱਧ ਜਿਸ ਦਾ ਪਯਾਰ ਮਿਲਨਸਾਰੀ।
ਜਿਦ੍ਹੀ ਬੀਰਤਾ ਧੀਰਤਾ ਚਾਤਰੀ ਨੂੰ, ਬਿਨਾਂ ਝਿਝਕ ਦੇ ਮੰਨਦੀ ਕੌਮ ਸਾਰੀ।
ਜਥੇਦਾਰ ਦਾ ਸ਼ੇਰ ਸਿਰਕਢ ਸੂਰਾ, ਸਿਦਕੀ ਸਿਖ ਦਸਮੇਸ਼ ਦਾ ਲਾਲ ਸੀ ਇਹ।
ਜਿਦ੍ਹੀ ਧਾਂਕ ਇਲਾਕੇ ਵਿਚ ਮਚੀ ਹੂਈ ਸੀ,
ਜੋਧ ਸਿੰਘ ਜੋਧਾ ਬੇਮਿਸਾਲ ਸੀ ਇਹ।[2]

ਜਗਰਾਉਂ ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਤੇ ਮਨੀਲਾ ਤੋਂ ਆਇਆ, ਹਾਫਜ਼ ਅਬਦੁਲਾ ਦਾ "ਚਾਲ ਚਲਨ ਅਤੀ ਪਵਿਤ੍ਰ ਤੇ ਖਿਆਲ ਥੋਰ ਸੂਫੀਆਂ ਫਕੀਰਾਂ ਜੇਹਾ" ਸੀ। ਆਪ ਦਾ ਮਜ਼ਬੀ ਖਿਆਲ ਮੁਲਕੀ ਖਿਆਲ ਵਿਚ ਅਜੇਹਾ ਲੀਨ ਹੋ ਗਿਆ ਸੀ ਕਿ ਆਪ ਸਦਾ ਹੀ ਮਹਾਤਮਾ ਸੰਤਧਾਰੀ ਦਾ "ਰਮਤਾ ਲਭ ਲਿਆ ਧਰਮ ਈਮਾਨ ਦਾ ਮੈਂ। ਹਿੰਦੁਸਤਾਨ ਮੇਰਾ, ਹਿੰਦੁਸਤਾਨ ਦਾ ਮੈਂ,' ਛੰਦ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ।"[3] ਸੁਦੇਸ਼ ਪ੍ਰੇਮ ਵਿਚ ਖੀਵੇ ਅਬਦੁਲੇ ਨੂੰ ਦੂਜੇ ਸਪਲੀਮੈਂਟਰੀ ਕਾਂਸਪ੍ਰੇਸੀ ਕੇਸ ਵਿਚ

1. ਰੋਜ਼ਾਨਾ ਦੇਸ਼ ਦਰਪਣ, ਕਲਕੱਤਾ, 19 ਨਵੰਬਰ 1933।
2. ਸਪਤਾਹਿਕ ਰਾਮਗੜ੍ਹੀਆ ਗਜ਼ਟ, ਸ਼ਿਮਲਾ, 1 ਅਕਤੂਬਰ 1942 ਦਾ ਵਿਸ਼ੇਸ਼ਾਂਕ।
3. ਮਾਸਕ ਕਿਰਤੀ, ਅੰਮ੍ਰਿਤਸਰ, ਜੂਨ 1927, ਪੰਨਾ 373।

Sri Satguru Jagjit Singh Ji Elibrary NamdhariElibrary@gmail.com

ਸਰਦਾਰ ਬਲਵੰਤ ਸਿੰਘ ਦੇ ਨਾਲ ਫਾਂਸੀ ਦਿਤੀ ਗਈ ਸੀ। ਉਸ ਦੇ ਵਿਛੋੜੇ ਵਿਚ ਲਿਖੀ ਕਵਿਤਾ ਦਾ ਅੰਤਮ ਬੰਦ ਹੈ :

ਅਜ ਤੇਰੇ ਸਾਥੀਆਂ ਦੀਆਂ ਛਾਤੀਆਂ 'ਚ ਤੀਰ ਲਗੇ.
ਦੇਸ਼ ਘਾਤੀਆਂ ਨੇ ਕੋਸ਼ ਲੁਟਿਆ ਕੁਬੇਰ ਦਾ।
ਅਜ ਨਰ ਨਾਰ ਅਵਾਚਾਰ ਬੇਕਰਾਰ ਹੋਏ,
ਦਿਸਦਾ ਲਾਚਾਰ ਦੁਖ ਪੈ ਗਿਆ ਚੁਫੇਰ ਦਾ।
ਸਾਥੀਆਂ ਦਾ ਸਾਥ ਫੜ ਸਾਥੀਆਂ ਦੇ ਸਾਥ ਹੋਯੋਂ,
ਸਾਥੀਆਂ ਦਾ ਸਾਥ ਬੁਰਾ ਛਡਣਾ ਕੁਥੇਰ ਦਾ।
ਵੀਰ ਅਬਦੁਲਾ, ਤੂੰ ਅਮੁਲਾ ਲਾਲ ਭਾਰਤ ਦਾ,
ਫਾਂਸੀ ਝੂਲ ਗਿਆ ਏਂ ਵਿਛੋੜਾ 'ਦੁਖੀ' ਸ਼ੇਰ ਦਾ।[1]

ਫੂਲਕੀਆਂ ਦੀ ਮਿਸਲ, ਸ਼ੇਰੇ ਪੰਜਾਬ ਦੇ ਜੀਵਨ ਕਾਲ ਵਿਚ ਹੀ ਅੰਗਰੇਜ਼ਾਂ ਦੀ ਝੋਲੀ ਪੈ ਗਈ ਸੀ। ਸਾਰੇ ਘਰਾਣੇ ਵਿਚੋਂ ਇਕੋ ਇਕ ਮਹਾਰਾਜਾ ਨਿਤਰਿਆ ਜਿਸ ਨੇ ਅੰਗਰੇਜ਼ਾਂ ਨਾਲ ਮੱਥਾ ਲਾਇਆ ਤੇ ਉਹ ਸੀ ਮਹਾਰਾਜਾ ਨਾਭਾ ਜਿਸ ਦੀ ਦੀਦਾ ਦਲੇਰੀ ਦੀ ਪ੍ਰਸੰਸਾ ਕਰਦੇ ਦੇਸ਼ ਭਗਤ ਥਕਦੇ ਨਹੀਂ ਸਨ। 'ਦੁਖੀ' ਜੀ ਨੇ ਉਸ ਦੀ ਬਹਾਦਰੀ ਨੂੰ ਵਡਿਆਈ ਹੀ ਹੈ, ਨਾਲ ਹੀ ਜਦੋਜਹਿਦ ਵਿਚ ਉਸ ਦੀ ਸਫਲਤਾ ਦੀ ਕਾਮਨਾ ਵੀ ਕੀਤੀ ਹੈ :

ਦੁਖਾਂ ਦੀ ਹਨੇਰੀ ਰਹੇ ਝੁਲਦੀ ਚੁਫੇਰੇ ਭਾਵੇਂ,
ਘੇਰੀ ਦਿਨੇ ਰਾਤ ਵੈਰੀ ਜਮਦੂਤ ਦੱਲ ਰਹੇ।
ਜ਼ੁਲਮ ਤੁਫਾਨ ਲਾ ਬਿਆਨ ਵਰੇ ਚੋਰੀਂ ਭਾਵੇਂ,
ਸਾਗਰ ਗਮਾਂ ਦੀ ਪੈਂਦੀ ਰੋੜ ਨਵੀਂ ਛੱਲ ਰਹੇ।
ਕਸ਼ਟ ਪਹਾੜ ਸਿਰ ਟੁਟਣ ਹਜ਼ਾਰ ਭਾਵੇਂ,
ਵਧਦੀ ਮੁਸੀਬਤਾਂ ਦੀ ਮਾਰ ਪਲ ਪਲ ਰਹੇ।
ਸੂਰਮੇ, ਹਠੀਲੇ, ਅਣਖੀਲੇ, ਦਸਮੇਸ਼ ਦੂਲੇ,
ਮਹਾਰਾਜੇ ਨਾਭਾ ਤੇਰਾ ਹੋਸਲਾ ਅਟੱਲ ਰਹੇ।[2]

ਹੇਠਲੀ ਕਾਵਿ ਵੰਨਗੀ ਵਿਚ ਆਪ ਨੇ ਆਪਣੇ ਜੀਵਨ ਉਦੇਸ਼ ਨੂੰ ਬਿਆਨਿਆ ਹੈ :

ਕੁਈ ਕਹੇ ਮੇਰੀ ਸ਼ਾਨ ਹੋਵੇ, ਅਜ਼ੋੜ ਜਗ ਵਿਚ ਤਰਾਨ ਹੋਵੇ।
ਘੁਮੰਡ ਹੋਵੇ ਗੁਮਾਨ ਹੋਵੇ, ਦਬਾਉ ਦਾ ਸਭ ਸਾਮਾਨ ਹੋਵੇ।
ਕਿਸੇ ਤੋਂ ਵੀ ਝੁਕਾਂ ਡਰਾਂ ਨਾ ਮੈਂ, ਜੋ ਜੀ ਚਿ ਆਵੇ ਸੋਈ ਕਰਾਂ ਮੈਂ।
ਸਵਨੀਂਦੇ ਸਵਾਂ ਸਵਨੀਂਦੇ ਜਾਗਾਂ, ਚੁਫੇਰ ਨੂੰ ਹੋਣ ਖੁਲ੍ਹੀਆਂ ਬਾਗਾਂ।
ਮੇਰਾ ਨਿਸ਼ਾਨਾ ਹੈ ਕੌਮ ਸੇਵਾ, ਧਰਮ ਦੀ ਸੇਵਾ ਵਤਨ ਦੀ ਸੇਵਾ।[3]

1. ਮਾਸਕ ਕਿਰਤੀ, ਅੰਮ੍ਰਿਤਸਰ, ਜੂਨ 1927, ਪੰਨਾ 374।
2. ਮੁਨਸ਼ਾ ਸਿੰਘ 'ਦੁਖੀ', ਸ਼ਹੀਦ (ਖਰੜਾ)
3. ਮੇਰਾ ਨਿਸ਼ਾਨਾ, ਸਪਤਾਹਿਕ ਦੇਸ਼ ਭਗਤ ਯਾਦਾਂ, ਜਲੰਧਰ, 28 ਜਨਵਰੀ 1966।

Sri Satguru Jagjit Singh Ji Elibrary NamdhariElibrary@gmail.com

ਇਸ ਗਦਰੀ ਕਵੀ ਜੀ ਨੂੰ ਦੇਸ਼ ਭਗਤੀ ਦੇ ਰਸਤੇ ਤੁਰਿਆਂ ਪੇਸ਼ ਆਉਣ ਵਾਲੀਆਂ ਕਠਨਾਈਆਂ ਦਾ ਪੂਰਬ ਗਿਆਨ ਤਾਂ ਹੈ ਹੀ ਸੀ ਜਿਸ ਕਰ ਕੇ ਉਹ ਆਪਣੇ ਰਸਤੇ ਤੋਂ ਕਦੇ ਵੀ ਥਿੜਕੇ ਭਟਕੇ ਨਹੀਂ। ਇਕ ਹੋਰ ਕਵਿਤਾ 'ਦੇਸ਼ ਭਗਤੀ' ਵਿਚ ਇਕ ਤਰ੍ਹਾਂ ਨਾਲ ਉਨ੍ਹਾਂ ਨੇ ਆਪਣੇ ਜੀਵਨ ਅਨੁਭਵ ਹੀ ਪੇਸ਼ ਕੀਤੇ ਹਨ :

ਬੇਕਸ ਦੁਖੀ ਜੀਵਨ ਦੀ ਕਹਾਣੀ ਅਜੀਬ ਹੈ,
ਸੁਣਨੀ ਫਿਰ ਉਸ ਦੀ ਆਪਣੀ ਜ਼ੁਬਾਨੀ ਅਜੀਬ ਹੈ।
ਸਾਗਰ ਪਹਾੜ ਬਰਫ਼ ਸ਼ੁਅਲੇ ਜਿਊਣ ਮਰਨ ਰੰਗ,
ਬਚਪਨ ਕਿਸ਼ੋਰ ਇਸ ਦੀ ਜਵਾਨੀ ਅਜੀਬ ਹੈ।
ਸਹਿ ਸਹਿ ਕੇ ਮੁਸ਼ਕਲਾਂ ਨੂੰ ਭੀ ਜਾਣਾ ਅਗਾਂਹ ਅਗਾਂਹ,
ਵਾਹ ਦੇਸ਼ ਭਗਤੀ ਕਸ਼ਟਰਸਾਨੀ ਅਜੀਬ ਹੈ।[1]

ਜਦੋਂ ਕੈਨੇਡਾ ਵਾਸੀ ਮਿਤਰਾਂ ਦੇ ਸੱਦੇ ਤੇ 'ਦੁਖੀ' ਜੀ ਉਸ ਦੇਸ਼ ਗਏ, ਤਦ ਦੋਸਤਾਂ ਮਿਤਰਾਂ ਵਲੋਂ ਨਿਘਾ ਸਨਮਾਨ ਦਿਤੇ ਜਾਣ ਸਮੇਂ ਜਿਹੜੀ ਬੀਰ ਰਸੀ ਕਵਿਤਾ ਆਪ ਨੇ ਉਥੇ ਵਡੇ ਇਕਠ ਸਾਹਮਣੇ ਪੜ੍ਹੀ ਸੀ, ਉਸ ਦੀ ਹਰ ਸਤਰ ਵਿਚ ਉਨ੍ਹਾਂ ਦਾ ਆਪਣਾ ਪਰਛਾਵਾਂ ਹੀ ਪਿਛਾ ਕਰਦਾ ਜਾਪਦਾ ਹੈ :

ਮੇਰੀ ਜੋਸ਼ੀਲੀ ਕੌਮ ਦੇ ਨੌਨਿਹਾਲੋ, ਸੁਣਨੇ ਗੌਰ ਦੇ ਨਾਲ ਖਿਆਲ ਮੇਰੇ।
ਕੌਮੀ ਦਰਦ ਦੀ ਕਰਦ ਦਾ ਕੁਠਿਆ ਹਾਂ, ਗੁਝੇ ਫਟ ਰਿਸਕਣ ਵਾਲ ਵਾਲ ਮੇਰੇ।
ਜੇਲ੍ਹੀਂ ਕੁਰਕੀਆਂ ਮਫਰੂਰੀਆਂ 'ਚ ਫਿਰ ਫਿਰ, ਬੁਰੇ ਹਾਲ ਲੰਘੇ ਚਾਲੀ ਸਾਲ ਮੇਰੇ।
ਦਰਦਾਂ ਗਮਾਂ ਫਿਕਰਾਂ ਰਾਣ ਸੁਟਿਆ ਹਾਂ, ਧੁਪੇ ਨਹੀਂ ਹੋ ਗਏ ਚਿਟੇ ਵਾਲ ਮੇਰੇ।
ਦਿਲ 'ਚ ਇਹੀ ਠਾਣੀ ਵਿਤੋਂ ਵਧ ਵਧ ਕੇ, ਕੌਮ ਲਈ ਕੁਰਬਾਨੀਆਂ ਕਰਾਂਗਾ ਮੈਂ।
'ਦੁਖੀ' ਦੇਸ਼ ਵਾਸਤੇ ਜੀਆਂਗਾ ਮੈਂ, ਅਤੇ ਦੇਸ਼ ਦੇ ਵਾਸਤੇ ਮਰਾਂਗਾ ਮੈਂ।[2]

## ਧਾਰਮਕ ਪੱਖ :

ਆਪ ਦੀ ਕਾਵਿ ਰਚਨਾ ਵਿਚ ਦੂਜਾ ਪ੍ਰਧਾਨ ਅੰਗ ਹੈ ਧਰਮ। ਇਨ੍ਹਾਂ ਰਚਨਾਵਾਂ ਵਿਚ ਹਿੰਦੂ ਤੇ ਸਿਖ ਧਰਮ ਨਾਲ ਸਬੰਧਤ ਆਪ ਦੀਆਂ ਉਹ ਕਵਿਤਾਵਾਂ ਸ਼ਾਮਲ ਹਨ ਜਿਨ੍ਹਾਂ ਵਿਚੋਂ ਆਪ ਦੀ ਧਰਮ ਪ੍ਰਤੀ ਆਸਥਾ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਕਾਨ੍ਹ ਸਿੰਘ ਨਾਭਾ ਜੇਹੇ ਸਿੰਘ ਸਭਾਈ ਵਿਦਵਾਨਾਂ ਨਾਲ ਆਪ ਦੇ ਬੜੇ ਗੂੜ੍ਹੇ ਸਬੰਧ ਸਨ ਫਿਰ ਵੀ ਆਪ ਉਪਰ ਉਨ੍ਹਾਂ ਦੀ 'ਹਮ ਹਿੰਦੂ ਨਹੀਂ' ਦੀ ਵਿਚਾਰਧਾਰਾ ਦੀ ਛਾਪ ਲਗੀ ਨਹੀਂ ਦਿਸਦੀ; ਸਗੋਂ ਉਸ ਦੇ ਉਲਟ, ਆਪ ਦੀ ਕਾਵਿ ਰਚਨਾ ਇਸ ਗਲ ਦੀ ਉਗਾਹੀ ਭਰਦੀ ਹੈ ਕਿ ਜਦੋਂ ਕਿਸੇ ਸੰਕਟ ਦੇ ਬਹਾਨੇ ਜਾਂ ਕਿਸੇ ਗੁਰਪੁਰਬ ਆਦਿ ਦੇ ਮੌਕੇ ਤੇ ਆਪ ਧਾਰਮਿਕ ਰਚਨਾ ਕਰਦੇ ਤਦ ਆਪ ਦਾ ਧਿਆਨ ਸਿਖ ਗੁਰੂ ਸਾਹਿਬਾਨ ਅਤੇ ਹਿੰਦੂ ਅਵਤਾਰਾਂ ਵਲ ਇਕੋ ਜਿਹਾ ਹੀ ਹੁੰਦਾ ਸੀ। ਜੇ ਕਦੇ ਉਹ ਆਪਣੇ ਗੁਨਾਹਾਂ ਦੀ ਬਖਸ਼ਸ਼ ਲਈ ਗੁਰੂ ਗੋਬਿੰਦ ਸਿੰਘ ਜੀ

1. 'ਦੇਸ਼ ਭਗਤੀ (ਕਵਿਤਾ)
2. 'ਸਨਮਾਨ (ਅਣਛਪੀ ਕਵਿਤਾ)

Sri Satguru Jagjit Singh Ji Elibrary NamdhariElibrary@gmail.com

ਦਾ ਦਰਵਾਜ਼ਾ ਖੜਕਾਉਂਦੇ ਸਨ ਤਦ ਕਿਸੇ ਹੋਰ ਮੌਕੇ ਆਪਣੇ ਮਨ ਦੀ ਮੌਜ ਵਿਚ ਆਪਣੀ ਸਹਾਇਤਾ ਲਈ ਭਗਵਾਨ ਕ੍ਰਿਸ਼ਨ ਨੂੰ ਵੀ ਆਵਾਜ਼ ਮਾਰ ਲੈਂਦੇ ਸਨ। ਕ੍ਰਿਸ਼ਨ ਦੀ ਬੰਸੁਰੀ ਬਾਰੇ ਲਿਖੀ ਆਪਣੀ ਕਵਿਤਾ ਨੂੰ ਤਾਂ ਉਹ ਅਕਸਰ ਪੜ੍ਹ ਕੇ ਇੰਨਾ ਅਨੰਦ ਅਨੁਭਵ ਕਰਦੇ ਸਨ ਕਿ ਉਨ੍ਹਾਂ ਨੂੰ ਆਪਣੇ ਕੋਲ ਬੈਠੇ ਕਿਸੇ ਦੂਜੇ ਵਿਅਕਤੀ ਦਾ ਖਿਆਲ ਵੀ ਨਹੀਂ ਸੀ ਰਹਿੰਦਾ। ਕਿਤੇ ਕਿਤੇ ਅਜਿਹੀਆਂ ਕਵਿਤਾਵਾਂ ਵਿਚ ਕਵੀਆਂ ਵਾਲਾ ਕਟਾਖਸ਼ ਵੀ ਵਰਤਿਆ ਹੈ।

ਆਪ ਦੇ ਧਾਰਮਿਕ ਕਾਵਿ ਵਿਚ ਵੀ ਕਈ ਉਪ ਪਖ ਹਨ। ਕਿਤੇ ਸ਼ਰਧਾ ਭਗਤੀ ਹੈ ਤੇ ਕਿਤੇ ਉਪਦੇਸ਼। ਕਿਤੇ ਕਿਤੇ ਆਲੋਚਨਾਤਮਕ ਤੱਤ ਵੀ ਮਿਲਦੇ ਹਨ। 'ਭੰਗ ਦੇ ਭਾੜੇ' ਬੀਤ ਗਈ ਉਮਰ ਤੇ ਅਫਸੋਸ ਕਰਦੇ ਹੋਏ ਆਪ ਕਹਿੰਦੇ ਹਨ :

ਐਵੇਂ ਸੁਤਿਆਂ ਬੀਤ ਗਈ ਉਮਰ ਮੇਰੀ, ਲਈ ਖਬਰ ਨਾ ਆਪਣੇ ਆਪ ਦੀ ਮੈਂ।
ਜਗਤ ਧੰਧਿਆਂ ਵਿਚ ਗਲਤਾਨ ਹੋਇਆ,
ਬੂਝਿ ਨ ਜੁਗਤ ਸਿਖੀ ਜਪ ਜਾਪ ਦੀ ਮੈਂ।
ਨਾ ਹੀ ਪੁੰਨ ਕੀਤਾ ਨਾ ਹੀ ਦਾਨ ਕੀਤਾ,
ਕੀਤੀ ਭਗਤਿ ਨਾ ਅਲਖ ਅਮਾਪ ਦੀ ਮੈਂ।
ਨਾ ਹੀ ਧਰਮ ਕੀਤਾ ਨ ਸ਼ੁਭ ਕਰਮ ਕੀਤਾ,
ਐਵੇਂ ਜਨਮ ਲੀਤਾ ਮਿਸਲ ਸਾਂਪ ਦੀ ਮੈਂ।[1]

ਇਕ ਜਗਿਆਸੂ ਵਾਲੀ ਕਾਫੀ ਲੰਬੀ 'ਜੋਦੜੀ' ਵਿਚ ਨਾਮ ਦੀ ਪ੍ਰਾਪਤੀ ਲਈ ਕੀਤੇ ਗਏ ਤਰਲੇ ਦੀ ਵੰਨਗੀ ਹਾਜ਼ਰ ਹੈ :

ਨ੍ਹੇਰੇ ਵਿਚ ਚਾਨਣ ਕਰ ਕੇ ਪਿਆ ਖੇਲਾਂ, ਬਖਸ਼ ਪ੍ਰੇਮ ਹਰਿਨਾਮ ਦੀ ਮਣੀ ਮੈਨੂੰ।
ਆਯਾਂ ਸ਼ਰਣ, ਹਾੜ੍ਹੇ! ਧੱਕਾ ਦੇ ਨਾਹੀਂ, ਸਖਤੀ ਅਜ ਡਾਢੀ ਆਣ ਬਣੀ ਮੈਨੂੰ।
ਲਗਾ ਜੰਗ ਆਈ ਜਾਨ ਤੰਗ ਮੇਰੀ, ਹੋਯਾ ਦੰਗ ਘੇਰੀ ਖੜ੍ਹੀ ਅਣੀ ਮੈਨੂੰ।
ਭੌਜਨ ਦੇਹ ਪਿਆਰਿਆ ਵਾਸਤਾ ਈ, ਲਗੀ ਭੁਖ ਹਰਿਨਾਮ ਦੀ ਘਣੀ ਮੈਨੂੰ।
ਰੋਗ ਕਟ ਬਾਬਾ ਸੋਗ ਹਟ ਜਾਵੇ, ਦਿਸੇਂ ਵੈਦ ਧਨੰਤਰੋਂ ਧਣੀ ਮੈਨੂੰ।[2]

ਭਗਵਾਨ ਕ੍ਰਿਸ਼ਨ ਦੀ ਮੁਰਲੀ ਬਾਰੇ ਸ੍ਰੀ ਦਸਮੇਸ਼ ਨੇ ਬਹੁਤ ਸੁੰਦਰ ਕਾਵਿ ਰਚਨਾ ਕੀਤੀ ਹੈ। ਮੁਰਲੀ ਬਾਰੇ ਹੀ, ਬ੍ਰਿਜ ਭਾਸ਼ਾ ਵਿਚ 'ਦੁਖੀ' ਜੀ ਦਾ ਲਿਖਿਆ ਇਹ ਕਬਿੱਤ ਹੁਣ ਵੀ ਕੰਨਾਂ ਵਿਚ ਮੁਰਲੀ ਦੀ ਆਵਾਜ਼ ਸੁਣਾ ਰਿਹਾ ਜਾਪਦਾ ਹੈ :

ਜਾਹਿੰ ਸੁਨਿ ਗਤਿ ਭੀ ਬਿਰਤ ਬ੍ਰਿਜਬਾਸਨ ਕੀ,
ਜਾਹਿੰ ਸੁਨਿ ਰਿਖੀ ਮੁਨੀ ਮੋਹੇ ਨਰਨਾਰਕੀ।
ਜਾਹਿੰ ਸੁਨਿ ਕਾਲੀ ਕੇਲ ਕਰਤ ਕਲਿੰਦੀ ਕੂਲ,
ਕਾਨ ਨ ਧਰਤ ਕਾਹੂ ਮਾਰੀ ਕੇ ਨਿਹਾਰ ਕੀ।
ਜਾਹਿੰ ਸੁਨਿ ਸੁਰਾਸੁਰ ਝੂਮੇ ਮਦਮਾਤੇ ਮਾਨੋ,
ਜਾਹਿੰ ਸੁਨਿ ਬਿਖਰੀ ਸੁਰਤਿ ਤ੍ਰਿਪੁਰਾਰਿ ਕੀ।

1. ਮੁਨਸ਼ਾ ਸਿੰਘ 'ਦੁਖੀ', 'ਪਛਤਾਵਾ' ਪ੍ਰੇਮ ਵਾਂਗਾਂ......ਪੰਨਾ 16।
2. ਉਹੀ, 'ਜੋਦੜੀ' ਪੰਨਾ 21।

Sri Satguru Jagjit Singh Ji Elibrary NamdhariElibrary@gmail.com

ਧਯਾਨਧਰਿ ਸੁਨਿ 'ਦੁਖੀ' ਅਜਹੂੰ ਸੁਨਾਈ ਦੇਤ,
ਸਾਈ ਧੁਨਿ ਮਧੁਰ ਸੁ ਮੁਰਲੀ ਮੁਰਾਰਿ ਕੀ ।[1]

ਕਵੀ ਨੇ ਭਗਵਾਨ ਕ੍ਰਿਸ਼ਨ ਅਗੇ ਬੇਨਤੀ ਕੀਤੀ ਹੈ ਕਿ ਉਹ ਕਵੀ ਦੇ ਹਿਰਦੇ ਵਿਚ ਆ ਕੇ ਵਸਣ ਪਰ ਇਥੇ ਕਾਵਿ ਕਟਾਖਸ਼ ਵਰਤਣ ਤੋਂ ਵੀ ਸੰਕੋਚ ਨਹੀਂ ਕੀਤਾ ਗਿਆ । ਭਗਵਾਨ ਦੇ ਪੀਲੇ ਹੋਣ ਦਾ ਸਬੰਧ ਰਾਧਕਾਂ ਕੋਲੋਂ ਉਸ ਦੀ ਹਾਰ ਨਾਲ ਜੋੜ ਕੇ ਭਗਵਾਨ ਨੂੰ ਵਿਚਾਰਾ ਵੀ ਬਣਾ ਦਿਤਾ ਹੈ :

ਮੈ ਨੇ ਸੁਨਯੋ ਘਨਸ਼ਾਮ ਹੁਏ ਬਦਨਾਮ ਆਪ,
ਪੀਅਰੋ ਪਰੇ ਹੈ ਤਨ ਰਾਧਿਕਾ ਸੇ ਹਾਰ ਖਾਇ ।
ਖੇਲ ਨ ਮਚਾਤੇ ਅਬ, ਰਾਸ ਨ ਰਚਾਤੇ ਕਹੂੰ,
ਬੈਨ ਨ ਬਜਾਤੇ ਸ਼ਰਮਾਤੇ ਫਿਰੇ ਹਾਇ ਹਾਇ ।
ਕਾਹੇ ਬਬਰਾਏ ਘਬਰਾਏ ਫਿਰੋ ਠੌਰ ਠੌਰ,
ਬ੍ਰਿਥਾ ਦੌਰ ਦੌਰ ਬ੍ਰਿਜ ਕੁੰਜਨ ਮੇ ਧਾਇ ਧਾਇ ।
ਸਯਾਮਤਾ ਚਢੈਗੀ ਦੂਨੀ, ਚੌਗੁਨੀ ਬਢੈਗੀ ਕਬੂੰ,
ਟਾਰੀ ਨ ਟਰੈਗੀ 'ਦੁਖੀ' ਹੀਏ ਮੈ ਬਸੋ ਤੋ ਆਇ ।[2]

'ਦੁਖੀ' ਜੀ ਨਿਰੋਲ ਅੰਧ ਵਿਸ਼ਵਾਸੀ ਧਰਮ ਪੁਜਾਰੀ ਨਹੀਂ ਸਨ । ਧਰਮ ਦੇ ਠੇਕੇਦਾਰਾਂ ਹਥੋਂ ਧਰਮ ਨੂੰ ਬਦਨਾਮ ਹੁੰਦਾ ਦੇਖ ਕੇ ਆਪ ਦੀ ਆਤਮਾ ਸਗੋਂ ਕੁਰਲਾ ਉਠਦੀ ਸੀ । ਸਿਖ ਨੂੰ ਗੁਰ ਆਸ਼ੇ ਦੇ ਵਿਰੁਧ ਕੰਮਾਂ ਵਿਚ ਪਰਵਿਰਤ ਹੋਇਆ ਦੇਖ ਕੇ ਤਾਂ ਆਪ ਬਿਹਬਲ ਹੀ ਹੋ ਉਠਦੇ ਸਨ । ਸਿਖ ਨੂੰ ਉਸ ਦੇ ਪਿਛੋ ਦਾ ਚੇਤਾ ਕਰਵਾ ਕੇ, ਅਗੋਂ ਵਾਸਤੇ ਸਹੀ ਰਸਤਾ ਅਪਣਾਉਣ ਦੀ ਪਰੇਰਨਾ ਦੇਣ ਦੀਆਂ ਉਦਾਹਰਣਾਂ ਦੀ, ਆਪ ਦੀਆਂ ਕਵਿਤਾਵਾਂ ਵਿਚ ਕੋਈ ਘਾਟ ਨਹੀਂ :

ਕੀ ਤੈਂ ਕੀ ਹੋਯਾ ? ਕਿਧਰ ਜਾ ਰਿਹਾ ਏਂ ?
ਸੋਚਿ ਦੇਖੁ ਹਿਰਦੇ ਝਾਤੀ ਮਾਰ ਸਿਖਾ ।
ਤੇਰਾ ਧਰਮ ਕੀ ਸੀ ? ਤੇਰਾ ਕਰਮ ਕੀ ਸੀ ?
ਸਿਖੀ ਮਰਮ ਕੀ ਸੀ ? ਇਹ ਵਿਚਾਰ ਸਿਖਾ ।
ਜ਼ਰਾ ਦੇਖ ਸਿਖੀ ਮੰਡਲ ਵਿਚ ਆ ਕੇ, ਬੇਗੁਮਾਨ ਸਿਖਾ ਤੇਰਾ ਮਾਨ ਕੀ ਸੀ ?
ਖਾਲਸਈ ਝੰਡੇ ਹੇਠ ਖੜਾ ਹੋ ਕੇ, ਜ਼ਰਾ ਸੋਚ ਸ਼ੇਰਾ ਤੇਰੀ ਸ਼ਾਨ ਕੀ ਸੀ ?
ਫੁਟ ਛੋਣ ਤੋਂ ਤੈਨੂੰ ਬਚਾਇਆ ਸੀ, ਹੋਯੋਂ ਉਸੇ ਦਾ ਮੁੜ ਕੇ ਸ਼ਿਕਾਰ ਸਿਖਾ ।
ਪਰੁਪਕਾਰ ਖਾਤਰ ਤੇਰਾ ਜਨਮ ਹੋਯਾ,
ਪਰ ਤੂੰ ਕਰ ਰਿਹਾ ਨਿਜੀ ਅਪਕਾਰ ਸਿਖਾ ।
ਸੇਵਾ, ਏਕਤਾ, ਭ੍ਰਾਤ੍ਰੀਪਨ, ਮਨੁਖਤਾ ਦੀ, ਉਚੀ ਗਜ ਕੇ ਮਾਰ ਲਲਕਾਰ ਸਿਖਾ ।
ਊਚ ਨੀਚ ਦੇ ਚਿਕੜੋਂ ਕਢ ਦੁਨੀਆਂ, ਚੋਟ ਪ੍ਰੇਮ ਨਗਾਰੇ ਤੇ ਮਾਰ ਸਿਖਾ ।[3]

1. ਅਣਛਪੀ ਰਚਨਾ ।
2. ਅਣਛਪੀ ਰਚਨਾ ।
3. ਸਪਤਾਹਿਕ ਸਿਖ ਜਥੇਬੰਦੀ, ਕਲਕੱਤਾ, 13 ਮਾਰਚ 1933 ।

Sri Satguru Jagjit Singh Ji Elibrary NamdhariElibrary@gmail com

ਸਤਿ

. ਮੇਰੇ ਬਹਾਦਰ ਅਮਰ ਸਿਪਾਹੀਆ, ਕਿਧਰ ਗਿਆ ਹੈ ਧਿਆਨ ਤੇਰਾ ?
ਬਦਲ ਗਿਆ ਕਿਉਂ ਨਿਸ਼ਾਨਾ ਤੇਰਾ ? ਹੈ ਥਿੜਕਦਾ ਕਿਉਂ ਈਮਾਨ ਤੇਰਾ ?
ਫਨਾ ਤੋਂ ਡਰ ਡਰ ਕੇ ਕੰਬਦੀ ਕਿਉਂ ? ਹੈ ਤੇਰੀ ਇਹ ਲਾਜਵਾਬ ਹਸਤੀ ?
ਤੂਫਾਨੀ ਬਿਜਲੀ ਦੇ ਪਹੁੰਚਿਆਂ ਤੋਂ, ਬੁਲੰਦ ਹੈ ਆਸ਼ਿਆਨ ਤੇਰਾ ..... ।[1]

ਧਰਮ ਸਬੰਧੀ ਆਪ ਦੀ ਸੋਚਣੀ ਕਿਸ ਤਰ੍ਹਾਂ ਦੀ ਸੀ, ਤੇ 'ਠੇਕੇਦਾਰਾਂ' ਨੂੰ ਆਪ ਕਿਸ ਤਰ੍ਹਾਂ ਕੋਸਦੇ ਸਨ, ਇਸ ਦੀ ਇਕ ਝਲਕ ਹੇਠਲੀ ਰੁਬਾਈ ਵਿਚੋਂ ਦੇਖੀ ਜਾ ਸਕਦੀ ਹੈ :

ਇਕ ਪਕਾ, ਨਿਤਨੇਮੀ ਪਰ ਕਰਦਾ ਕੁਕਰਮ ਹੈ।
ਇਕ ਭੇਖ ਦਾ ਪੁਜਾਰੀ ਐਪਰ ਦਿਸਦਾ ਬੇਸ਼ਰਮ ਹੈ।
ਇਹ ਕੁਛ ਭਿ ਨਹੀਂ ਵਹਿਮ ਹੈ ਭਰਮ ਹੈ 'ਦੁਖੀ'।
ਜੀਵਨ ਦੀ ਸਹੀ ਜਾਚ ਦਾ ਹੀ ਨਾਉਂ ਧਰਮ ਹੈ।[2]

ਇਸ ਵਿਸ਼ੇ ਤੇ ਆਪ ਦੀਆਂ ਰਚਨਾਵਾਂ ਦੇਖਣ ਲਈ ਦੁਖ ਹਰਣ ਪ੍ਰਕਾਸ਼, ਪ੍ਰੇਮ ਤਾਂਘਾਂ, ਬੀਰ ਬਚਨ, ਸੁਭਾਗ ਵੈਸਾਖੀ ਆਦਿ ਪ੍ਰਕਾਸ਼ਨਾਵਾਂ ਦੇ ਨਾਲ ਨਾਲ ਗੁਰਪੁਰਬਾਂ ਦੇ ਮੌਕਿਆਂ ਤੇ ਛਪੇ ਟਰੈਕਟਾਂ ਨੂੰ ਵੀ ਵਾਚਿਆ ਜਾ ਸਕਦਾ ਹੈ ਪਰ ਬਹੁਤੀਆਂ ਕਵਿਤਾਵਾਂ ਵਖੋ ਵਖ ਪੱਤਰਾਂ ਵਿਚ ਤੇ ਕਾਗਜ਼ ਦੇ ਪੁਰਜ਼ਿਆਂ ਉਪਰ ਵੀ ਖਿਲਰੀਆਂ ਪਈਆਂ ਹਨ।

**ਸਮਾਜ ਸੁਧਾਰਕ ਪੱਖ :**

'ਦੁਖੀ' ਜੀ ਨੇ ਮਹਿਸੂਸ ਕੀਤਾ ਕਿ ਸਾਡੇ ਸਮਾਜ ਦੇ ਪਤਨ ਦਾ ਇਕ ਕਾਰਨ ਸੀ— ਗਲਤ ਕਦਰਾਂ ਕੀਮਤਾਂ ਅਤੇ ਫੋਕੀਆਂ ਤੇ ਭੈੜੀਆਂ ਰਸਮਾਂ ਦਾ ਪ੍ਰਚੱਲਤ ਹੋਣਾ, ਜਿਨ੍ਹਾਂ ਦੀ ਜਿਲ੍ਹਣ ਵਿਚ ਫਸੇ ਲੋਕੀ ਸਮਾਜਕ, ਆਰਥਕ ਤੇ ਮਾਨਸਕ ਤੌਰ ਤੇ ਤਬਾਹ ਹੋ ਰਹੇ ਸਨ। ਉਨ੍ਹਾਂ ਨੂੰ ਇਸ ਜਿਲ੍ਹਣ ਵਿਚੋਂ ਕਢ ਕੇ ਖੁਸ਼ਹਾਲੀ ਦੇ ਰਸਤੇ ਤੇ ਤੋਰਨਾ ਵੀ ਤਾਂ ਕੌਮੀ ਸੇਵਾ ਹੀ ਸੀ। ਇਸ ਲਈ ਜਿਥੇ ਆਪ ਨੇ ਬਦੇਸ਼ੀ ਰਾਜ ਦੇ ਵਿਰੋਧ ਵਿਚ ਢੇਰ ਸਾਰੀ ਰਚਨਾ ਕੀਤੀ ਉਥੇ ਆਪ ਨੇ ਸਮਾਜ ਸੁਧਾਰ ਲਈ ਵੀ ਆਪਣੀ ਕਲਮ ਦਾ ਡਟ ਕੇ ਪ੍ਰਯੋਗ ਕੀਤਾ। ਆਪ ਵਲੋਂ ਚੁਣੇ ਅਤੇ ਅਪਣਾਏ ਗਏ ਇਹ ਦੋਵੇਂ ਵਿਸ਼ੇ ਅਜਿਹੇ ਸਨ ਜਿਨ੍ਹਾਂ ਲਈ ਆਮ ਜਨਤਾ ਅਜੇ ਮਾਨਸਕ ਤੌਰ ਤੇ ਤਿਆਰ ਨਹੀਂ ਸੀ। ਅਜਿਹੀ ਸਥਿਤੀ ਵਿਚ ਸੁਧਾਰ ਕਾਰਜ ਲਈ ਮੈਦਾਨ ਵਿਚ ਨਿਤਰਨਾ ਵੀ ਮਰਦਉਪੁਣੇ ਤੋਂ ਘਟ ਨਹੀਂ ਸੀ। ਆਪ ਦੇ ਰਚੇ ਹੋਏ ਵਾਰਤਕ ਸਾਹਿਤ ਵਿਚ ਇਸ ਵਿਸ਼ੇ ਤੇ ਭਾਵੇਂ ਬਹੁਤੀ ਸਮਗਰੀ ਮਿਲਦੀ ਹੈ ਪਰ ਤਾਂ ਵੀ ਕਾਵਿ ਖੇਤਰ ਵੀ ਇਸ ਤੋਂ ਬਿਲਕੁਲ ਸਖਣਾ ਨਹੀਂ ਆਖਿਆ ਜਾ ਸਕਦਾ। ਜੀਵਨ ਦੇ ਅੰਤਮ ਵਰ੍ਹਿਆਂ ਵਿਚ ਆਪ ਦਾ ਵਧੇਰੇ ਝੁਕਾਉ ਇਸ ਪਾਸੇ ਹੀ ਰਿਹਾ ਜਾਪਦਾ ਹੈ।

ਕੋਈ ਸਮਾਂ ਸੀ ਜਦੋਂ ਭਾਰਤੀ ਸਮਾਜ ਵਿਚ ਇਸਤਰੀ ਦੀ ਬੜੀ ਮਹਾਨਤਾ ਸੀ ਤੇ

1. 'ਦਸਮੇਸ਼ ਪੈਗਾਮ—ਆਦਰਸ਼ ਸਿਖ ਦੇ ਨਾਂ।
2. ਅਣਛਪੀ ਰਚਨਾ।

Sri Satguru Jagjit Singh Ji Elibrary NamdhariElibrary@gmail.com

ਉਸ ਨੂੰ ਉਚੀ ਪਦਵੀ ਪ੍ਰਾਪਤ ਸੀ ਪਰ ਪਿਛਲੀਆਂ ਕੁਝ ਕੁ ਸਦੀਆਂ ਤੋਂ ਉਸ ਨੂੰ ਪੈਰ ਦੀ ਜੁਤੀ ਸਮਝ ਕੇ ਦੁਰਕਾਰਿਆ ਫਿਟਕਾਰਿਆ ਜਾਣ ਲਗ ਪਿਆ ਸੀ। ਗੁਰੂ ਨਾਨਕ ਦੇਵ ਵਲੋਂ ਉਚਾਰੀ ਗਈ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ ?'[1] ਦੀ ਤੁਕ ਇਸੇ ਗਲ ਦੀ ਪ੍ਰੋੜ੍ਹਤਾ ਕਰਦੀ ਹੈ। 'ਦੁਖੀ' ਜੀ ਨੇ ਵੀ, ਇਸ ਨੂੰ ਸਮਾਜ ਲਈ ਹਾਨੀਕਾਰਕ ਝੁਕਾਉ ਸਮਝ ਕੇ ਆਪਣੇ ਵਿਤ ਅਨੁਸਾਰ ਇਸ ਦੇ ਵਿਰੋਧ ਵਿਚ ਆਵਾਜ਼ ਉਠਾਈ। 'ਦੁਖ ਹਰਣ ਪ੍ਰਕਾਸ਼' ਵਿਚ 'ਨਾਰੀ ਮੰਡਨ' ਦੇ ਸਿਰਲੇਖ ਹੇਠ ਕੀਤੀ ਕਾਵਿ ਰਚਨਾ ਦਾ ਭਾਵ ਪੰਜਾਬੀ ਮਨੁਖ ਨੂੰ ਇਸਤਰੀ ਜਾਤੀ ਦੇ ਗੁਣਾਂ ਤੇ ਉਪਕਾਰਾਂ ਤੋਂ ਜਾਣੂ ਕਰਵਾ ਕੇ ਸਮਾਜ ਵਿਚ ਉਸ ਦਾ ਯੋਗ ਆਦਰ ਸਤਿਕਾਰ ਕਾਇਮ ਕਰਨ ਵਾਲੇ ਪਾਸੇ ਕਦਮ ਪੁਟਣ ਦੀ ਪ੍ਰੇਰਨਾ ਦੇਣਾ ਹੀ ਹੈ :

ਛਪੈ ਛੰਦ : ਨਾਰਿ ਬਿਨਾਂ ਅਰਧੰਗ ਹੀਨ ਨਰ ਸੋਭ ਨ ਪਾਵੈ।
ਨਾਰਿ ਬਿਨਾਂ ਨਹਿੰ ਗ੍ਰਿਸਤ, ਗ੍ਰਿਸਤ ਬਿਨ ਨਰ ਨ ਸੁਹਾਵੈ।
ਨਾਰਿ ਬਿਨਾਂ ਧਨ, ਮਾਲ, ਭੂਮ, ਘਰ ਬਾਰ ਡਰਾਵੈ।
ਨਾਰਿ ਬਿਨਾਂ ਨਹਿੰ ਸਾਕ ਸਾਕ ਬਿਨ ਕੌਣ ਬੁਲਾਵੈ।
ਬਿਨ ਨਾਰਿ ਯਾਰ ਜੀਵਨ ਅਸੁਭ, ਸੁਖਨ ਸਾਰ ਜਗ ਨਾਰ ਬਿਨ।
ਵੁਹ ਸੁਰਗ ਬਸਤ ਹੈ ਜਗਤ ਮੇਂ, ਪਤਿਬ੍ਰਤਿ ਪਾਈ ਨਾਰਿ ਜਿਨ।[2]

ਐਬਾਂ ਵਿਚ ਫਸ ਕੇ ਜੀਵਨ ਬਾਜ਼ੀ ਹਾਰ ਜਾਣ ਦਾ ਦੁਖ ਇਸ ਕਾਵਿ ਟੁਕੜੀ ਵਿਚ ਕਿੰਨੇ ਸੁੰਦਰ ਢੰਗ ਨਾਲ ਬਿਆਨਿਆ ਹੈ :

ਕੀਤੇ ਐਬ ਤੇਰੇ ਤੇਰੇ ਪੇਸ਼ ਆਏ, ਤੇਰੀ ਬਦੀ ਤੇਰੇ ਲਈ ਆਫ਼ਾਤ ਹੋ ਗਈ।
ਤੇਰੇ ਪਾਪ ਦੇ ਪੁੰਜ ਬਣ ਘਟਾ ਕਾਲੀ, ਚਾਰੋਂ ਤਰਫ਼ ਛਾ ਗਏ ਦਿਨੇ ਰਾਤ ਹੋ ਗਈ।
ਦੁਨੀਆਂ ਚੜ੍ਹੇ ਤਰੱਕੀ ਦੇ ਮਹਿਲ ਉਤੇ, ਤੇਰੀ ਮੁਕ ਗਈ ਖੇਲ੍ਹ ਪ੍ਰਭਾਤ ਹੋ ਗਈ।
'ਦੁਖੀ' ਕੇਹੀ ਕੁਲੱਛਣੀ ਚਾਲ ਚੱਲੀ, ਮੁਹਰੇ ਖੜੇ ਰਹਿ ਗਏ, ਬਾਜ਼ੀ ਮਾਤ ਹੋ ਗਈ।[3]

'ਦੁਖੀ' ਜੀ ਵਲੋਂ ਜੀਵਨ ਦੇ ਪਿਛਲੇ ਵਰ੍ਹਿਆਂ ਵਿਚ ਰਚੀਆਂ ਗਈਆਂ ਰੁਬਾਈਆਂ ਦਾ ਵਿਸ਼ਾ ਵਸਤੂ ਬਹੁਤਾ ਇਸੇ ਪ੍ਰਕਰਣ ਨਾਲ ਹੀ ਸਬੰਧਤ ਹੈ। ਸਹੀ ਰਸਤਿਉਂ ਭਟਕੀ ਨੌਜੁਆਨ ਪੀੜ੍ਹੀ ਵਲੋਂ ਗ਼ਲਤ ਕਦਰਾਂ ਕੀਮਤਾਂ ਅਪਣਾਏ ਜਾਣ ਅਤੇ ਉਸ ਨੂੰ ਐਬਾਂ ਵਿਚ ਗਲਤਾਨ ਹੋਇਆ ਦੇਖ ਕੇ ਆਪ ਦਾ ਮਨ ਕੋਈ ਘਟ ਦੁਖੀ ਨਹੀਂ ਸੀ ਹੁੰਦਾ। ਉਨ੍ਹਾਂ ਨੇ ਆਪਣੇ ਵਤਨ ਖਾਤਰ ਆਪਾ ਲਾ ਦਿਤਾ ਸੀ। ਉਹ ਸਮਝਦੇ ਸਨ ਕਿ ਭਵਿਖ ਦੀ ਵਾਗ ਡੋਰ ਅਜ ਦੇ ਨੌਜੁਆਨਾਂ ਦੇ ਹਥ ਹੀ ਆਉਣੀ ਹੈ ਤੇ ਜੇ ਇਨ੍ਹਾਂ ਦਾ ਆਪਣਾ ਰਸਤਾ ਹੀ ਠੀਕ ਨਾ ਹੋਇਆ ਤਦ ਇਹ ਦੇਸ਼ ਕੌਮ ਦਾ ਕੁਝ ਸੰਵਾਰਨ ਦੀ ਥਾਂ ਉਸ ਨੂੰ ਸਗੋਂ ਹੋਰ ਵੀ ਡੂੰਘੇ ਖੂਹ ਵਿਚ ਲਿਜਾ ਸਿਟਣਗੇ। ਇਹੋ ਕਾਰਨ ਸੀ ਕਿ ਆਪ ਦਾ ਧਿਆਨ ਨੌਜੁਆਨਾਂ ਵਲ ਬਹੁਤਾ ਕੇਂਦਰਤ ਹੁੰਦਾ ਸੀ। ਬੁਢੇਪੇ ਵਿਚ ਰਚੀ ਗਈ ਰਚਨਾ ਦਾ ਚੰਗਾ ਚੋਖਾ ਹਿਸਾ ਆਪ ਨੇ ਸਮਾਜ ਦੇ ਇਸੇ ਵਰਗ ਨੂੰ ਇਸੇ ਕਰ ਕੇ ਹੀ ਸਮਰਪਤ ਕੀਤਾ ਹੈ। ਇਸ ਗੱਲ

1. ਗੁਰੂ ਨਾਨਕ ਦੇਵ, 'ਵਾਰ ਆਸਾ', ਆਦਿ ਗ੍ਰੰਥ ਸਾਹਿਬ, ਪੰਨਾ—473.
2. ਮੁਨਸ਼ਾ ਸਿੰਘ 'ਦੁਖੀ', ਦੁਖ ਹਰਣ ਪ੍ਰਕਾਸ਼. ਦੇਸ਼ ਸੇਵਕ ਬੁਕ ਏਜੰਸੀ, ਜਲੰਧਰ, 1921, ਪੰਨਾ 19.
3. ਮੁਨਸ਼ਾ ਸਿੰਘ 'ਦੁਖੀ', ਅਣਛਪੀ ਰਚਨਾ।

Sri Satguru Jagjit Singh Ji Elibrary NamdhariElibrary@gmail.com

ਦੀ ਪੌੜ੍ਹਤਾ ਲਈ ਹੇਠ ਲਿਖੀਆਂ ਰੁਬਾਈਆਂ ਹਾਜ਼ਰ ਹਨ :

ਵਤਨ ਦੀ ਅਟਾਰੀ ਅਣਖ ਆਨ ਨ ਢਾ।
ਕਦੀਮੀ ਚਮਕ ਸ਼ਾਨ ਤੇ ਖਾਕ ਨ ਪਾ।
ਓ ਭਾਰਤ ਦਿਆ ਕਮਲਿਆ ਨੌਜੁਆਨਾ।
'ਦੁਖੀ' ਦੇਸ਼ ਨੂੰ ਕੌਮ ਨੂੰ ਦਾਗ਼ ਨਾ ਲਾ।[1]

ਅਤੇ

ਜ਼ਮਾਨਾ ਕਿਵੇਂ ਬਦਲਦਾ ਜਾ ਰਿਹਾ ਏ ?
ਹਵਾਚਾਲ ਤੋਂ ਵੀ ਵਧੀ ਜਾ ਰਿਹਾ ਏ।
ਬਦਲਦੀ ਨਹੀਂ ਕਿਉਂ ਮੇਰੀ ਕੌਮ ਗਾਫਲ ?
'ਦੁਖੀ' ਬਸ ਇਹ ਗ਼ਮ ਫਿਕਰ ਖਾ ਰਿਹਾ ਏ।[2]

ਦੁਨੀਆਂ ਵਿਚ ਚੰਗੀਆਂ ਮੰਦੀਆਂ ਗਲਾਂ ਦੀ ਥੁੜ ਨਹੀਂ, ਪਰ ਚੰਗੇ ਬੰਦੇ ਸਦਾ ਚੰਗਿਆਈ ਨੂੰ ਹੀ ਅਪਣਾਉਂਦੇ ਹਨ। ਇਸ ਰੁਬਾਈ ਵਿਚ ਜੁਗਤੀ ਨਾਲ ਇਸੇ ਗਲ ਨੂੰ ਹੀ ਸਮਝਾਉਣ ਦਾ ਜਤਨ ਕੀਤਾ ਗਿਆ ਹੈ :

ਨਵੀਆਂ ਨਿੱਤ ਘਾੜਤਾਂ ਨਾ ਘੜਿਆ ਕਰ।
ਅੜਿਆ ਲੜਿਆ ਨ ਕੁੜਿਆ ਸੜਿਆ ਕਰ।
ਗਣਾਗੁਣ ਦਾ ਜਹਾਨ ਸਾਗਰ ਏ।
ਹੰਸ ਬਣ, ਛਡੀਆਂ ਨ ਫੜਿਆ ਕਰ।[3]

ਕੁਰੀਤਾਂ ਦੀ ਜਿਲ੍ਹਣ ਵਿਚ ਫਸੀ ਭੁਲੜ ਪੰਜਾਬੀ ਜਨਤਾ ਦੀ ਦੀਨ ਦੁਰਦਸ਼ਾ ਤੋਂ ਪ੍ਰਭਾਵਤ ਹੋ ਕੇ ਸ਼ੁਰੂ ਕੀਤੇ ਗਏ 'ਮਾਸਕ ਵਿਹਾਰ ਸੁਧਾਰ' ਵਿਚ ਛਪੀਆਂ ਆਪ ਦੀਆਂ ਕਵਿਤਾਵਾਂ ਪੰਜਾਬੀ ਸਮਾਜ ਉਸਾਰੀ ਵਿਚ ਵਿਸ਼ੇਸ਼ ਸਥਾਨ ਰਖਦੀਆਂ ਹਨ। ਆਪ ਦੀ ਵਾਰਤਕ ਰਚਨਾ ਵੀ ਇਸ ਗੱਲ ਦੀ ਸਾਖੀ ਭਰਦੀ ਹੈ ਕਿ ਇਸ ਜਿਲ੍ਹਣ ਵਿਚ ਫਸ ਕੇ ਤਬਾਹ ਹੋਏ ਸੈਂਕੜੇ ਪਰਵਾਰਾਂ ਦੀਆਂ ਉਦਾਹਰਣਾਂ ਆਪ ਦੇ ਸਾਹਮਣੇ ਸਨ। ਆਪ ਦੀ ਇਹ ਰਚਨਾ ਆਪਣੇ ਆਪ ਵਿਚ ਕਿੰਨਾ ਦਰਦ ਸਮੋਈ ਬੈਠੀ ਹੈ :

ਕੁਰੀਤਾਂ ਨੇ ਅਜਿਹੇ ਬੇਅਣਖ ਪਰੇਸ਼ਾਨ ਕੀਤੇ ਹਾਂ।
'ਦੁਖੀ' ਜਿਉਂਦੇ ਹਾਂ ਪਰ ਮੋਯਾਂ ਜਿਹੇ ਬੇਤ੍ਰਾਨ ਕੀਤੇ ਹਾਂ।
ਸੈਆਂ ਮੂੰਡੇ ਕੁੜੀ ਦੀ ਮੰਗਣੀ ਤੇ ਮੰਗਤੇ ਹੋ ਗਏ।
ਹਜ਼ਾਰਾਂ ਸ਼ਾਦੀਓਂ ਬਰਬਾਦੀਓਂ ਬੇਰੰਗਤੇ ਹੋ ਗਏ।
ਮਰਨ ਕਰਨੀ ਲਈ ਲਖਾਂ ਨਿਕਾਰੇ ਬੰਗਤੇ ਹੋ ਗਏ।
ਕਰੋੜਾਂ ਸਾਧ ਬੇਘਰ ਇਸ ਘਰੋਗੀ ਜੰਗ ਤੇ ਹੋ ਗਏ।
ਇਨ੍ਹਾਂ ਕੁਰੀਤਾਂ ਨੇ ਅਜਿਹੇ ਰਾਣ ਲੀਤੇ ਹਾਂ।
ਚੁਤਰਫੋਂ ਪੈਣ ਧੱਕੇ ਜਗਤ ਵਿਚ ਬਦਨਾਮ ਕੀਤੇ ਹਾਂ।

---

1. ਮੁਨਸ਼ਾ ਸਿੰਘ 'ਦੁਖੀ', 'ਦਾਗ਼ ਨਾ ਲਾ', ਜੀਵਨ ਲਹਿਰਾਂ (ਖਰੜਾ) ਪੰਨਾ 10.
2. ਉਹੀ, 'ਖਾ ਰਿਹਾਏ' ਪੰਨਾ 8।
3. ਮੁਨਸ਼ਾ ਸਿੰਘ 'ਦੁਖੀ', 'ਹੰਸ ਬਣ', ਅਣਛਪੀਆਂ ਰੁਬਾਈਆਂ।

Sri Satguru Jagjit Singh Ji Elibrary NamdhariElibrary@gmail com

ਮਰਨ ਵਾਲੇ ਮਰੇ ਜ਼ਿੰਦਾ ਮੁਕਾ ਛਡੇ ਮੁਕਾਣਾਂ ਨੇ।
ਵਿਅਰਥੇ ਰੋਣ ਪਿਟਣੇ ਵੈਣ ਸਥਾਂ ਔਣ ਜਾਣਾ ਨੇ।[1]

ਇਸੇ ਕਰਕੇ ਹੀ ਆਪ ਨੇ ਕੌਮ ਨੂੰ ਸਮਝਾਉਣ ਦਾ ਜਤਨ ਕੀਤਾ ਹੈ।

ਜੇ ਕੁਰੀਤਾਂ ਦਾ ਫਾਹਾ ਗਲ ਪਾਇੰਗਾ।
ਵਹਿਮ ਭਰਮਾਂ ਦੀ ਜ਼ਹਿਰ ਜੇ ਖਾਇੰਗਾ।
ਕਿੰਨੇ ਨਹੀਂ ਸੁਣਨੀ ਤੇਰੀ ਫਰਿਆਦ ਕੂਕ।
ਬਸ 'ਦੁਖੀ' ਫਿਰ ਰੋਂਦਿਆਂ ਮਰ ਜਾਇੰਗਾ।[2]

ਇਸ ਸਾਰੀ ਬੇਸ਼ਰਮੀ ਤੇ ਕੰਗਾਲੀ ਤੋਂ ਬਚਣ ਲਈ ਜੇ ਅਜੇ ਵੀ ਇਨ੍ਹਾਂ ਕੁਰੀਤਾਂ ਅਤੇ ਐਬਾਂ ਤੋਂ ਤੋਬਾ ਕਰ ਲਈ ਜਾਵੇ ਤਦ ਵੀ ਸਵੇਰ ਦੇ ਭੁਲੇ, ਹੋਏ ਬੰਦੇ ਦੇ ਸ਼ਾਮ ਨੂੰ ਘਰ ਪਰਤ ਆਉਣ ਵਾਂਗ ਭਲਾ ਹੀ ਹੋਇਗਾ :

ਗ਼ਫਲਤ ਦੀ ਨੀਂਦ ਵਿਚ ਰਹੇ ਬਦਮਸਤ ਹੋਏ,
ਸਮੇਂ ਚਾਲ ਨੂੰ ਅਸਾਂ ਸਮਝਿਆ ਕੁਝ ਨਾ।
ਦੁਨੀਆਂ ਕਿਤੇ ਦੀ ਕਿਤੇ ਲੰਘ ਗਈ,
ਚਾਲ ਢਾਲ ਢੰਗ ਅਸਾਂ ਬਦਲਿਆ ਕੁਝ ਨਾ।
ਉਹੀ ਥੌਤਲਾਂ ਉਹੀ ਕਚਹਿਰੀਆਂ ਨੇ,
ਉਹੀ ਡਾਂਗ ਛਵ੍ਹੀਆਂ ਪਿਛੇ ਛਿ ਪਿਆ ਕੁਝ ਨਾ।
'ਦੁਖੀ' ਅਜੇ ਵੀ ਜੇ ਅਸੀਂ ਸਮਝ ਜਾਈਏ,
ਬੇਰਾਂ ਡੁਲ੍ਹਿਆਂ ਦਾ ਤਾਂ ਫਿਰ ਗਿਆ ਕੁਝ ਨਾ।[3]

## ਨਿਜੀ ਜੀਵਨ ਨਾਲ ਸਬੰਧਤ ਕਵਿਤਾਵਾਂ :

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਤੇ 'ਦੁਖੀ' ਰਚਿਤ ਸਾਹਿਤ ਵਿਚੋਂ ਸਮਕਾਲੀ ਸਮਾਜ ਦੀ ਸਥਿਤੀ ਦਾ ਚਿਤ੍ਰਣ ਖੁਲ੍ਹੇ ਰੂਪ ਵਿਚ ਕੀਤਾ ਮਿਲਦਾ ਹੈ ਪਰ ਸਾਹਿਤ ਵਿਚੋਂ ਸਾਹਿਤਕਾਰ ਦੇ ਨਿਜੀ ਜੀਵਨ ਵਿਚ ਸਮੇਂ ਸਮੇਂ ਆਏ ਉਤਾਰ ਚੜ੍ਹਾਉ ਤੇ ਦੁਖ ਸੁਖ ਦਾ ਬਿਆਨ ਵੀ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਹੋਇਆ ਮਿਲ ਜਾਂਦਾ ਹੈ; ਕਿਉਂਕਿ ਸਾਹਿਤਕਾਰ ਵੀ ਤਾਂ ਅੰਤ ਸਮਾਜ ਦਾ ਇਕ ਜ਼ਰੂਰੀ ਤੇ ਮਹਤਵਪੂਰਨ ਅੰਗ ਹੀ ਤਾਂ ਹੁੰਦਾ ਹੈ। ਉਹ ਸਮਾਜ ਵਿਚ ਵਿਚਰਦਾ ਹੋਇਆ ਕਈ ਵਾਰ ਉਸ ਦੇ ਪ੍ਰਭਾਵ ਕਬੂਲਦਾ ਵੀ ਹੈ ਤੇ ਬਹੁਤੀ ਵਾਰੀ ਉਸ ਨੂੰ ਪ੍ਰਭਾਵਤ ਕਰਨ ਦੀ ਚੇਸ਼ਟਾ ਵੀ ਕਰਦਾ ਹੈ। ਉਸ ਪ੍ਰਤੀ ਸਮਾਜ ਦੇ ਪ੍ਰਤੀਕਰਮ ਉਤਸ਼ਾਹਵਰਧਕ ਵੀ ਹੋ ਸਕਦੇ ਹਨ ਤੇ ਕਦੇ ਕਦੇ ਨਿਰਾਸ਼ਾਜਨਕ ਵੀ। ਇਨ੍ਹਾਂ ਦੋਹਾਂ ਹਾਲਤਾਂ ਵਿਚ ਹੀ ਸਾਹਿਤ ਸਿਰਜਨਾ ਦੀ ਕਿਰਿਆ ਜਾਰੀ ਰਹਿੰਦੀ ਹੈ। ਅਜਿਹੀਆਂ ਹਾਲਤਾਂ ਵਿਚ ਹੀ ਲਿਖੀਆਂ ਕਵਿਤਾਵਾਂ ਕਈ ਵਾਰੀ ਉਸ ਦੀਆਂ ਉਤਮ ਰਚਨਾਵਾਂ ਦੀ ਗਿਣਤੀ ਵਿਚ ਆ ਜਾਂਦੀਆਂ ਹਨ।

'ਦੁਖੀ' ਜੀ ਨੇ ਜਦੋਂ ਤੋਂ ਹੀ ਕਵਿਤਾ ਲਿਖਣੀ ਸ਼ੁਰੂ ਕੀਤੀ ਉਦੋਂ ਤੋਂ ਹੀ ਘਰ-

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਜੂਨ 1935.
2. 'ਮਰ ਜਾਇੰਗਾ' ਅਣਛਪੀਆਂ ਰੁਬਾਈਆਂ।
3. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਅਗਸਤ, 1935.

Sri Satguru Jagjit Singh Ji Elibrary NamdhariElibrary@gmail com

ਘਾਟ ਨੂੰ ਤਿਲਾਂਜਲੀ ਦਿਤੇ ਜਾਣ ਕਾਰਨ ਜ਼ਿੰਦਗੀ ਦੇ ਕੌੜੇ ਮਿਠੇ ਅਨੁਭਵਾਂ ਨਾਲ ਆਪ ਨੂੰ ਦੋ ਚਾਰ ਹੋਣਾ ਪਿਆ। ਰਾਜਸੀ ਚਸਕਿਆਂ ਕਾਰਨ ਆਪ ਦੀ ਜ਼ਿੰਦਗੀ ਵਿਚ ਕਈ ਵਾਰੀ ਅਜਿਹੀਆਂ ਘੜੀਆਂ ਵੀ ਆਈਆਂ ਜਦੋਂ ਆਪ ਆਪਣੇ ਆਪ ਨੂੰ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਲਮਕਦਾ ਅਨੁਭਵ ਕਰਦੇ ਪਰ ਕਦੇ ਆਪ ਦਾ ਹੌਂਸਲਾ ਇੰਨਾ ਉਚਾ ਵੀ ਹੁੰਦਾ ਕਿ ਕੋਈ ਵੀ ਉਸ ਨੂੰ ਹਿਲਾ ਸਕਣ ਲਈ ਸਮਰਥ ਨਹੀਂ ਸੀ ਹੁੰਦਾ। ਕੈਦਾਂ ਕਟੀਆਂ, ਤਸੀਹੇ ਸਹੇ, ਘਰ ਦੇ ਜੀਆਂ ਦਾ ਵਿਛੋੜਾ ਝੱਲਿਆ; ਇਨ੍ਹਾਂ ਸਭ ਗਲਾਂ ਅਤੇ ਇਨ੍ਹਾਂ ਦੇ ਫਲਸਰੂਪ ਉਪਜੀਆਂ ਮਨਤਰੰਗਾਂ ਦੇ ਵਰਨਣ ਸਾਨੂੰ ਆਪ ਦੀਆਂ ਰਚਨਾਵਾਂ ਵਿਚੋਂ ਖੁਲ੍ਹੇ ਡੁਲ੍ਹੇ ਮਿਲ ਜਾਂਦੇ ਹਨ; ਭਾਵੇਂ ਕਈ ਥਾਈਂ ਇਹ ਵਰਨਣ ਅਪਰੋਖ ਰੂਪ ਵਿਚ ਵੀ ਕੀਤਾ ਗਿਆ ਹੈ।

ਹਜ਼ਾਰੀਬਾਗ ਦੀ ਕੇਂਦਰੀ ਜੇਲ੍ਹ ਵਿਚ ਕੈਦ ਕਟਣ ਦੇ ਸਮੇਂ ਅੰਕਤ ਕੀਤੇ ਅਨੁਭਵੀ ਵਰਨਣਾਂ ਵਿਚ, ਪ੍ਰਸਿੱਧ ਗੁਰਮਤ ਪ੍ਰਚਾਰਕ ਭਾਈ ਰਣਧੀਰ ਸਿੰਘ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਭਾਈ ਸਾਹਿਬ ਤੇ ਆਪ, ਪਹਿਲਾਂ ਮੁਲਤਾਨ ਜੇਲ੍ਹ ਵਿਚ ਵੀ ਸਾਲ ਭਰ ਇਕਠੇ ਰਹਿ ਚੁਕੇ ਸਨ। ਹਜ਼ਾਰੀਬਾਗ ਆ ਕੇ ਭਾਈ ਸਾਹਿਬ ਬੀਮਾਰ ਹੋ ਗਏ ਪਰ ਆਪ ਦਾ ਨਿਯਮ ਸੀ ਕਿ ਆਪ ਆਪਣੇ ਬਸਤਰ ਆਪਣੇ ਹੱਥੀਂ ਹੀ ਧੋਇਆ ਕਰਦੇ ਸਨ। ਹੁਣ ਬੁਖਾਰ ਕਾਰਨ ਇਹ ਨਿਯਮ ਨਿਭਾਉਣਾ ਔਖਾ ਸੀ। ਐਤਵਾਰ ਦੇ ਦਿਨ ਕੈਦੀਆਂ ਨੂੰ ਕਪੜੇ ਧੋਣ ਲਈ ਕੁਝ ਸਮੇਂ ਦੀ ਛੁਟੀ ਮਿਲੀ। ਹਰ ਕੋਈ ਚਾਹੁੰਦਾ ਸੀ ਕਿ ਭਾਈ ਸਾਹਿਬ ਦੇ ਬਸਤਰ ਧੋਣ ਦੀ ਸੇਵਾ ਦਾ ਮੌਕਾ ਉਸ ਨੂੰ ਮਿਲੇ। "ਮੇਰੇ ਦਿਲ ਵਿਚ ਉਮੰਗ ਉਠੀ ਕਿ ਸ੍ਰੀ ਜੀ ਦੇ ਬਸਤ੍ਰਾਂ ਵਿਚੋਂ ਕੁਝ ਧੋ ਕੇ......ਸੇਵਾ ਦਾ ਲਾਹਾ ਲਈਏ ਤੇ ਹੱਥਾਂ ਨੂੰ ਪਵਿਤ੍ਰ ਕਰੀਏ ਪਰ ਮੰਗੀਏ ਕਿਵੇਂ? ਭਾਈ ਸਾਹਿਬ ਤਾਂ ਸੇਵਾ ਕਰਵਾਉਂਦੇ ਹੀ ਬਹੁਤ ਘਟ ਹਨ। ਤਦ ਇਹ ਕਬਿਤ ਲਿਖਿਆ ਤੇ ਕਛਹਿਰਾ ਧੋਣ ਦੀ ਸੇਵਾ ਲਈ ਬੇਨਤੀ ਦਿਲ ਹੀ ਦਿਲ ਵਿਚ ਕੀਤੀ":

ਜੀਉ ਕ੍ਰਿਪਾਲੂ ਦਯਾਲੂ ਪਰਹਿਤ ਦੁਖ ਭਾਲੂ,
ਦੀਨਨ ਕੋ ਪਾਲੂ ਸੀਸ ਦੁਜਨ ਦੁਪਹਿਰਾ ਜੀਉ।
ਮਾਨਤਾ ਤਜੱਯਾ ਗੁਰ ਪਦ ਬਲ ਜੱਯਾ ਪ੍ਰੇਮ,
ਕੀਰਤਨ ਗਵੱਯਾ ਦਯਾ ਸਾਬਨ ਕੋ ਲਹਿਰਾ ਜੀਉ।
ਗੁਰਮਤ ਧਾਰੀ ਸਭ ਜਨ ਹਿਤਕਾਰੀ ਸਾਰੀ,
ਸੁੰਦਰ ਦੀਦਾਰੀ ਵਾਰੀ ਹਰਿ ਰੰਗੀ ਗਹਿਰਾ ਜੀਉ।
ਲਾਲਸਾ ਪੁਰੀਜੇ ਮੇਰੀ ਢੀਠਤਾਈ ਖਿਮਾ ਕੀਜੇ,
ਉਚਿਤ ਹਵੈ ਤੋ ਦੀਜੇ ਧੋਣ ਨੂੰ ਕਛਹਿਰਾ ਜੀਉ।[1]

ਕੇਂਦਰੀ ਜੇਲ੍ਹ ਲਾਹੌਰ ਵਿਚ ਇਕ ਵਾਰ 'ਦੁਖੀ' ਜੀ ਨੂੰ ਬੁਖਾਰ ਹੋ ਗਿਆ। ਉਥੇ ਹੀ ਇਕ ਭਾਈ ਰਾਜਿੰਦਰ ਸਿੰਘ ਜੀ ਵੀ ਸਨ; ਜਿਨ੍ਹਾਂ ਦਾ ਰੋਟੀ ਵਿਚ ਮਿਟੀ ਦੀ ਮਿਲਾਵਟ ਦੀ ਗਲੋਂ ਜੇਲ੍ਹ ਦੇ ਦਰੋਗ਼ੇ ਨਾਲ ਝਗੜਾ ਹੋ ਗਿਆ, ਜਿਸ ਕਰ ਕੇ ਉਨ੍ਹਾਂ ਨੇ ਜੇਲ੍ਹ ਵਿਚ ਹੀ ਭੁਖ ਹੜਤਾਲ ਕਰ ਦਿਤੀ। ਸਾਰੇ ਦਿਨ ਵਿਚ ਉਨ੍ਹਾਂ ਨੂੰ ਜਾਂ ਕੇਵਲ

1. ਮੁਨਸ਼ਾ ਸਿੰਘ 'ਦੁਖੀ', ਦੁਖੀ ਦੀਆਂ ਪ੍ਰੇਮ ਤਾਰਾਂ, ਪੰਨਾ 9, 10।

Sri Satguru Jagjit Singh Ji Elibrary NamdhariElibrary@gmail.com

ਲੱਸੀ ਤੇ ਜਾਂ ਅਧ ਸੇਰ ਦੁਧ ਹੀ ਦਿਤਾ ਜਾਂਦਾ ਸੀ। 'ਦੁਖੀ' ਜੀ ਦੀ ਬੀਮਾਰੀ ਦੀ ਗਲ ਸੁਣ ਕੇ ਉਨ੍ਹਾਂ ਨੇ ਅਧ ਸੇਰ ਦੁਧ ਆਪ ਲਈ ਹੀ ਭੇਜ ਦਿਤਾ ਤੇ ਆਪ ਨਿਰਾਹਾਰ ਹੀ ਰਹੇ। ਦੂਜੇ ਦਿਨ ਅਧਾ ਦੁਧ ਫੇਰ ਭੇਜ ਦਿਤਾ। ਅਸਲੀਅਤ ਦਾ ਪਤਾ ਲਗਣ ਤੇ ਆਪ ਨੇ ਰਸਾਵਲ ਛੰਦ ਵਿਚ ਇਕ ਬੇਨਤੀ ਲਿਖੀ ਜਿਸ ਵਿਚ ਆਪਣੇ ਆਪ ਨੂੰ ਨੀਚ ਤੇ ਪਾਪੀ ਤਸੱਵਰ ਕਰ ਕੇ ਰਾਜਿੰਦਰ ਸਿੰਘ ਹੋਰਾਂ ਨੂੰ ਅਗੋਂ ਤੋਂ ਅਜਿਹਾ ਨਾ ਕਰਨ ਲਈ ਅਰਜ਼ ਕੀਤੀ :

ਧੰਨ ਧੰਨ ਹੈ, ਧੰਨ ਧੰਨ ਉਪਕਾਰੀ ਹਿਰਦੇ,
ਮੇਰੇ ਜੈਸੇ ਨੀਚ ਪੇਟ ਹਿਤ ਤੌਂਦੇ ਫਿਰਦੇ।
ਕੀ ਲਿਖਾਂ ਕਿਵ ਲਿਖਾਂ ਲਿਖੇ ਬਿਨਾਂ ਰਿਹਾ ਨਾ ਜਾਂਦਾ।
ਐਡਾ ਭਾਰ ਪਹਾੜ ਵੀਰ ਜੀ, ਸਿਹਾ ਨਾ ਜਾਂਦਾ।
ਮੈਂ ਨੀਚਾਂ ਤੋਂ ਨੀਚ, ਨੀਚ ਪਿਖ ਛੱਜਨ ਮੈਨੂੰ।
ਮੈਂ ਦੁਸ਼ਟਾਂ ਤੋਂ ਦੁਸ਼ਟ, ਦੁਸ਼ਟ ਪਿਖ ਭੱਜਨ ਮੈਨੂੰ......।
ਅਤੀ ਨਿਮਾਣਾ ਹੋਇ ਮਾਣ ਇਹ ਦੇਵੋ ਮੈਨੂੰ।
ਖੇਚਲ ਕਰੋ ਨਾ ਅਗਾਂਹ ਦਾਨ ਇਹ ਦੇਵੋ ਮੈਨੂੰ।[1]

ਹਜ਼ਾਰੀਬਾਗ਼ ਜੇਲ੍ਹ ਵਿਚ ਹੀ 'ਦੁਖੀ' ਜੀ ਨੇ ਦੋ ਲੰਬੀਆਂ ਸੀਹਰਫੀਆਂ ਵੀ ਲਿਖੀਆਂ ਸਨ। ਭਾਵੇਂ ਇਨ੍ਹਾਂ ਦੇ ਪ੍ਰਕਾਸ਼ਨ ਸਮੇਂ, ਕਵੀ ਦੇ ਨਿਜੀ ਜੀਵਨ ਨਾਲ ਇਨ੍ਹਾਂ ਦੇ ਸਬੰਧਤ ਹੋਣ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਗਿਆ ਪਰ ਇਨ੍ਹਾਂ ਵਿਚੋਂ ਪਹਿਲੀ, 'ਦੁਖੀ' ਜੀ ਦੀ ਆਪਣੀ 'ਮਾਤਾ ਨੂੰ ਤੇ ਦੂਜੀ ਭੈਣ ਨੂੰ ਸੰਬੰਧਤ ਹੈ। ਦੋਹਾਂ ਵਿਚ ਹੀ ਜੇਲ੍ਹ ਜੀਵਨ ਦੇ ਚਿਤਰ ਤਾਂ ਪੇਸ਼ ਕੀਤੇ ਹੀ ਹਨ ਪਰ ਨਾਲ ਹੀ ਪਰਵਾਰ ਦੇ ਜੀਆਂ ਨੂੰ ਹੌਸਲੇ ਉੱਚੇ ਰਖ ਕੇ ਘਬਰਾਹਟ ਤੋਂ ਬਚਣ ਦੀ ਤਾਕੀਦ ਵੀ ਕੀਤੀ ਹੈ :

ਤੇ-ਤੂਧ ਨਾ ਮਾਤਾ ਜੀ ਫਿਕਰ ਕਰਨਾ, ਐਵੇਂ ਝੂਰਨਾ ਨਾ ਭੁਲ੍ਹੇ ਬੇਰਾਂ ਦੇ ਲਈ।
ਕੌਣ ਪੁਛਦਾ ਅੰਮੀਏ ਗਿਦੜਾਂ ਨੂੰ, ਅਬਸਰ ਪਿੰਜਰੇ ਬਣੇ ਨੇ ਸ਼ੇਰਾਂ ਦੇ ਲਈ।
ਭੁੱਖੀ ਕਪੜੇ ਠਗਦੇ ਟੁਕ ਖਾਤਰ, ਸੂਹੇ ਕੇਸਰੀ ਬਾਣੇ ਦਲੇਰਾਂ ਦੇ ਲਈ।
ਕੰਧ ਮੁਚ ਕਰੋਲਣੀ ਖੜੀ ਰਹਿੰਦੀ, ਮਾਤਾ ਬਣੇ ਮਿਆਨ ਸ਼ਮਸ਼ੇਰਾਂ ਦੇ ਲਈ।

ਅਤੇ

ਖੇ-ਖੰਵ ਨਾ ਮਾਤਾ ਕਰ ਇਕ ਰੱਤੀ, ਪੁਤਰ ਨਹੀਂ ਤੇਰਾ ਘਬਰੋਣ ਵਾਲਾ।
ਭਾਵੇਂ ਲਖ ਮੁਸੀਬਤਾਂ ਔਣ ਅਗੇ, ਨਹੀਂ ਲਾਡਲਾ ਚਿਤ ਉਦਰੋਣ ਵਾਲਾ।
ਪਈਆਂ ਜ਼ੁਲਮ ਅੰਧੇਰੀਆਂ ਵਰਸਨ ਸਿਰ ਤੇ,
ਲਾਲ ਨਹੀਂ ਜੇ ਰੰਗ ਬਦਲੌਣ ਵਾਲਾ।
ਪੁਰਜੇ ਸੀਸ ਹੋਵੇ ਰਤ ਰਹੇ ਨਾਹੀਂ, 'ਦੁਖੀ' ਕਦੇ ਨਾ ਹੌਸਲਾ ਢੌਣ ਵਾਲਾ।
ਦਾਲ-ਦੁਖ ਮੰਦੇ ਜੇਲ੍ਹਖਾਨਿਆਂ ਦੇ, ਜੀਊਂਦੀ ਜਾਨ ਹੋ ਕੇ ਮੁਰਦਾਰ ਰਹਿਣਾ।
ਇਕ ਭੁਖ ਸਹਿਣੀ ਦੂਜੀ ਕੁਟ ਸਹਿਣੀ, ਭਾਵੇਂ ਦੁਖ ਸਹਿਣੇ ਅਵਾਚਾਰ ਰਹਿਣਾ।

---

1. ਮੁਨਸ਼ਾ ਸਿੰਘ 'ਦੁਖੀ', ਦੀਆਂ ਪ੍ਰੇਮ ਤਾਰਾਂ, ਪੰਨਾ 10।

Sri Satguru Jagjit Singh Ji Elibrary NamdhariElibrary@gmail.com

ਦਿਲੋਂ ਤੰਗ ਰਹਿਣਾ ਮੂੰਹੋਂ ਬੰਦ ਰਹਿਣਾ, ਲਫਜ਼ ਬੋਲਣਾ ਨਾ ਬੇਕਰਾਰ ਰਹਿਣਾ ।
ਦਿਨੇ ਰਾਤ ਝੁਰਨਾ ਵਿਚੇ ਵਿਚ ਖੁਰਨਾ, ਵਿਚੇ ਵਿਚ ਰੋਂਦੇ ਜ਼ਾਰੋ ਜ਼ਾਰ ਰਹਿਣਾ ।[1]

ਇਸੇ ਜੇਲ੍ਹ ਵਿਚੋਂ ਹੀ ਭੈਣ ਵਲ ਲਿਖੀ ਚਿਠੀ ਰੂਪੀ ਸੀਹਰਫੀ ਦਾ ਵਿਸ਼ਾ ਵਸਤੂ ਭਾਵੇਂ ਲਗਪਗ ਉਹੀ ਹੈ ਪਰ ਬਿਆਨ ਤੇ ਸ਼ਬਦਾਵਲੀ ਵਿਚ ਕੁਝ ਵਖਰਾਪਨ ਹੈ । ਇਸ ਵਿਚ ਪ੍ਰਬੰਧਕੀ ਹਨੇਰਗਰਦੀ ਦਾ ਜ਼ਿਕਰ ਵੀ ਮਿਲਦਾ ਹੈ :

ਜ਼ੇ–ਜ਼ਹਿਰ ਪਿਲਾਉਂਦੇ ਘੋਲ ਹਥੀਂ, ਪਿਛੋਂ ਆਖਦੇ ਮਰ ਗਿਆ, ਮੌਤ ਆਈ ।
ਹੱਥੀਂ ਕੁਟ ਕੇ ਮਾਰ ਕੇ ਟੰਗ ਦਿੰਦੇ, ਪਿਛੋਂ ਕਹਿਣ ਫਾਸੀ ਇਸ ਨੇ ਆਪ ਪਾਈ ।
ਟੋਲਾ ਬੁਰਛਾਂ ਦਾ ਫਿਰੇ ਛੁਰੇ ਕਢੀ, ਕੋਈ ਦਾਦ ਫਰਿਆਦ ਨ ਸੁਣੇ ਰਾਈ ।
ਮੋਟਾ ਦੇਖ ਸ਼ਿਕਾਰ ਜਯੋਂ ਖੁਸ਼ੀ ਹੁੰਦੀ, ਧਨੀ ਫਸੇ ਤੇ ਓਸ ਦੀ ਮੌਤ ਆਈ ।

ਅਤੇ

ਸਵਾਦ-ਸਾਹਿਬ ਜੇਲ੍ਹਰ ਜਮਾਂਦਾਰ ਬਾਬੂ, ਨੰਬਰਦਾਰ ਸਭੇ ਲਾਗੂ ਖਾਣ ਦੇ ਨੇ ।
ਵਢੀ ਵਿਹੋ ਤੇ ਰਹੇ ਦਮਾਦ ਬਣ ਕੇ, ਨਹੀ ਧਰਮ ਈਮਾਨ ਨੂੰ ਜਾਣਦੇ ਨੇ ।
ਭਾਵੇਂ ਕਰੇ ਸਰਕਾਰ ਦਾ ਕੰਮ ਪੂਰਾ, ਪੈਸੇ ਬਾਝ ਨਾ ਮੂਲ ਸਿਆਣਦੇ ਨੇ ।
ਜਿਹੜੇ ਕੰਮ ਕਰਦੇ ਸੋਈ ਸੜਾ ਭਰਦੇ, ਦੰਮ ਭਰਨ ਵਾਲੇ ਮੌਜਾਂ ਮਾਣਦੇ ਨੇ ।[2]

ਕੈਨੇਡਾ ਵਾਸੀ ਪੰਜਾਬੀਆਂ ਨੂੰ 'ਦੁਖੀ' ਜੀ ਵਲੋਂ ਸੰਬੋਧਤ ਇਕ ਅਣਛਪੀ ਕਵਿਤਾ ਹੈ 'ਸਨਮਾਨ' ਜਿਸ ਵਿਚ ਕਵੀ ਨੇ ਆਪਣੇ ਵਲੋਂ ਸੁਤੰਤਰਤਾ ਜੁਧ ਵਿਚ ਪਾਏ ਗਏ ਹਿੱਸੇ ਅਤੇ ਉਸ ਦੇ ਪਰਣਾਮ ਸਰੂਪ ਖੱਟੀ ਆਰਥਕ ਕੰਗਾਲੀ ਦਾ ਜ਼ਿਕਰ ਬੜੇ ਦਰਦਨਾਕ ਸ਼ਬਦਾਂ ਵਿਚ ਕੀਤਾ ਹੈ :

ਭਾਵੇਂ ਦੇਸ਼ ਆਜ਼ਾਦੀ ਦਾ ਜੰਗ ਲੜ ਲੜ, ਬੂਹਾ ਆਪਣਾ ਚੌੜ ਕਰਵਾ ਲਿਆ ਮੈਂ ।
ਭਾਵੇਂ ਕੌਮ ਸੁਤੰਤਰਤਾ ਘੋਲ ਅੰਦਰ ਘੁਲਿ ਘੁਲਿ ਆਪਣਾ ਆਪ ਗਵਾ ਲਿਆ ਮੈਂ ।
ਭਾਵੇਂ ਦੇਸ਼ ਪਿਆਰ ਦੀ ਸ਼ਾਨ ਬਦਲੇ, ਆਨ ਸ਼ਾਨ ਗੁਮਾਨ ਮਿਟਾ ਲਿਆ ਮੈਂ ।
ਐਪਰ ਧੰਨ ਸਤਿਗੁਰ ਜਿਸ ਦੀ ਮਿਹਰ ਸਦਕਾ,
ਅਜ ਮਾਨ ਭਰਾਵਾਂ ਤੋਂ ਪਾ ਲਿਆ ਮੈਂ ।
ਮੈਨੂੰ ਪਤਾ ਮੈਂ ਨਿਬਲ ਨਿਆਸਰਾ ਹਾਂ, ਮਾਨ ਤਾਨ ਦੇ ਤੁਸੀਂ ਨਿਵਾਜਦੇ ਹ ।
ਮੈਂ ਹਾਂ ਟੁਟਿਆ ਤੰਦ ਰਬਾਬ ਵਿਚੋਂ, ਤੁਸੀਂ ਤਾਰ ਸੁੰਦਰ ਸੁਹਣੇ ਸਾਜ਼ ਦੇ ਹੋ ।[3]

ਬਜਬਜ ਘਾਟ ਕਲਕੱਤਾ ਦਾ ਖੂਨੀ ਸਾਕਾ, ਹਿੰਦ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਕਾਫੀ ਪ੍ਰਸਿਧ ਹੈ । ਇਹ ਘਟਨਾ ਗਦਰ ਲਹਿਰ ਦਾ ਸਿਖਰ ਸੀ । ਪਿਛੇ ਕੀਤੇ ਜਾ ਚੁਕੇ ਜ਼ਿਕਰ ਅਨੁਸਾਰ, ਕੈਨੇਡਾ ਤੋਂ ਖਾਲੀ ਹੱਥੀਂ ਵਾਪਸ ਆਏ ਕਾਮਾਗਾਟਾ ਮਾਰੂ ਜਹਾਜ਼ ਦੇ ਹਿੰਦੀ ਮੁਸਾਫਰਾਂ ਨੂੰ ਇਥ ਥਾਂ ਬਰਤਾਨਵੀ ਸਰਕਾਰ ਵਲੋਂ ਦਾਣਿਆਂ ਵਾਂਗ ਭੁੰਨਿਆ ਗਿਆ ਸੀ । ਇਸ ਦੁਖਦਾਈ ਸਾਕੇ ਦੀ ਖਬਰ ਸੁਣ ਕੇ 'ਦੁਖੀ' ਜੀ ਦੇ

1. ਮੁਨਸ਼ਾ ਸਿੰਘ 'ਦੁਖੀ', ਪ੍ਰੇਮ ਤਾਂਘਾਂ, ਕਵੀ ਕੁਟੀਆ, ਕਲਕੱਤਾ, ਪੰਨਾ 48-51 ।
2. ਉਹੀ, ਪੰਨਾ 66, 67 ।
3. ਸਨਮਾਨ (ਅਣਛਪੀ) ।

Sri Satguru Jagjit Singh Ji Elibrary NamdhariElibrary@gmail.com

ਦਿਲ ਵਿਚ ਵੀ ਉਬਾਲ ਉਠਿਆ। ਮਫਰੂਰੀ ਵਿਚ ਹੀ ਬਜਬਜ ਘਾਟ ਤੇ ਪੁਜਣ ਦਾ ਖਤਰਾ ਮੁਲ ਲੈ ਲਿਆ ਤੇ ਅੰਦਰਲੀ ਆਵਾਜ਼ ਨੂੰ ਦੇਸ਼ ਭਗਤਾਂ ਨਾਲ ਸਾਂਝਿਆ ਕਰਨ ਹਿਤ 'ਬਜਬਜ ਘਾਟ' ਸਿਰਲੇਖ ਹੇਠ ਇਕ ਕਵਿਤਾ ਲਿਖੀ :

ਸੀਨਾ ਕੰਬਿਆ ਅਖੀਆਂ ਡੁਲ੍ਹ ਗਈਆਂ, ਜਾ ਮੈਂ ਡਿਠੀ ਸ਼ਹੀਦਾਂ ਦੀ ਜਗ੍ਹਾ ਜਾ ਕੇ।
ਰੋਮ ਖੜ੍ਹੇ ਹੋਏ ਥਰ ਥਰ ਜਿਸਮ ਕੰਬਿਆ, ਉਹ ਬਹਿਸ਼ਤਮਈ ਧਰਤ ਦਾ ਦ੍ਰਸ ਪਾ ਕੇ।
ਸੀਸ ਝੁਕਿਆ ਦੇਖ ਕੇ ਦਿਵਯ ਦਰਸ਼ਨ, ਜਿਥੇ ਗਏ ਸ਼ਹੀਦੀ ਦਾ ਰੁਖ ਲਾ ਕੇ।
ਮੁੜ ਮੁੜ ਚੁੰਮਿਆ ਪਿਆਰੀ ਭੂਮ ਤਾਂਈਂ, ਧੰਨ ਧੰਨ ਹੋਯਾ 'ਦੁਖੀ' ਸੀਸ ਲਗਾ ਕੇ।[1]

## ਫੁਟਕਲ ਕਵਿਤਾਵਾਂ :

'ਦੁਖੀ' ਜੀ ਦੀਆਂ ਕੁਛ ਕਵਿਤਾਵਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਨੂੰ ਹੁਣ ਤਕ ਵਿਚਾਰੇ ਜਾ ਚੁਕੇ ਉਪ ਸਿਰਲੇਖਾਂ ਵਿਚ ਗਿਣਨਾ ਯੋਗ ਨਹੀਂ ਸਮਝਿਆ ਜਾ ਸਕਦਾ ਪਰ ਸਾਹਿਤ ਵਿਚ ਉਨ੍ਹਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੁੰਦਾ ਹੈ। ਇਨ੍ਹਾਂ ਵਿਚ ਵਖਰੇ ਸਾਹਿਤ ਰੂਪ ਵੀ ਹੋ ਸਕਦੇ ਹਨ ਤੇ ਕਾਵਿ ਕਲਾਤਮਕਤਾ ਵੀ। ਆਪ ਨੇ 'ਬਾਰਾਂ ਮਾਹੇ', ਸੀਹਰਫੀਆਂ ਤੇ ਗ਼ਜ਼ਲਾਂ ਆਦਿ ਦੀ ਰਚਨਾ ਵੀ ਕੀਤੀ ਹੈ। ਹੁਣ ਤਕ ਦੀ ਖੋਜ ਅਨੁਸਾਰ ਆਪ ਨੇ ਕੇਵਲ ਦੋ ਬਾਰਾਂਮਾਹੇ ਹੀ ਕਲਮਬੰਦ ਕੀਤੇ ਹਨ ਤੇ ਇਹ ਦੋਵੇਂ ਹੀ ਹਜ਼ਾਰੀਬਾਗ ਦੀ ਜੇਲ੍ਹ ਵਿਚ ਲਿਖੇ ਗਏ ਸਨ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁਕਾ ਹੈ, ਆਪ ਨੇ ਸ਼ਿੰਗਾਰ ਰਸੀ ਕਵਿਤਾ ਤਾਂ ਸ਼ਾਇਦ ਹੀ ਕਦੀ ਲਿਖੀ ਹੋਵੇ। ਫਿਰ ਜੇਲ੍ਹ ਦਾ ਭਿਆਨਕ ਵਾਤਾਵਰਣ ਅਤੇ ਕੈਦੀਆਂ ਨੂੰ ਮਿਲਦੇ ਤਸੀਹੇ ਤਾਂ ਕਹਿੰਦੇ ਕਹਾਉਂਦੇ ਸ਼ਿੰਗਾਰ ਰਸੀ ਕਵੀ ਦੀ ਵੀ ਸੁਧ ਬੁਧ ਭੁਲਾ ਛਡਦੇ ਹਨ। ਮੀਲਾਂ ਵਿਚ ਫੈਲੀ ਹੋਈ ਹਜ਼ਾਰੀ ਬਾਗ਼ ਦੀ ਜੇਲ੍ਹ ਦੀ ਸੁੰਨਮਸਾਨ, ਕੈਦੀ ਦਾ ਇਕੱਲਾਪਨ, ਪਰਵਾਰ, ਅੰਗ ਸਾਕ ਤੇ ਸਜਣ ਸਨੇਹੀਆਂ ਦਾ ਦਰਦਨਾਕ ਵਿਛੋੜਾ ਤਾਂ ਹੌਸਲੇ ਵਾਲੇ ਬੰਦਿਆਂ ਨੂੰ ਵੀ ਥਿੜਕਾ ਦਿੰਦੇ ਹਨ। 'ਦੁਖੀ' ਜੀ ਇਨ੍ਹਾਂ ਸਭ ਗਲਾਂ ਦੇ ਸ਼ਿਕਾਰ ਸਨ ਹੀ। ਸ਼ਾਇਦ ਇਸੇ ਕਰ ਕੇ ਹੀ ਆਪ ਨੇ ਉਕਤ ਦੋਹਾਂ ਬਾਰਾਂ-ਮਾਹਿਆਂ ਦਾ ਵਿਸ਼ਾ ਬਿਰਹਾ ਨੂੰ ਬਣਾਇਆ ਹੋਵੇ ਪਰ ਇਹ ਬਿਰਹਾ-ਵਰਨਣ ਕਮਾਲ ਦਾ ਹੈ। ਦੋਹਾਂ ਵਿਚ ਹੀ, ਬਿਰਹਨ ਇਸਤਰੀ, ਮੁਢ ਤੋਂ ਲੈ ਕੇ ਅੰਤ ਤਕ ਵਿਜੋਗਣ ਹੀ ਰਹਿੰਦੀ ਹੈ। ਪਤੀ ਸਿਰ ਤੇ ਨਾ ਹੋਣ ਦੇ ਫਲਸਰੂਪ ਬਿਰਹਨ ਨੂੰ ਘਰ ਵਿਚ ਜਿਹੜੇ ਦੁਖਾਂ, ਤਸੀਹਿਆਂ ਤੇ ਤਾਅਨੇ ਮਿਹਣਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਵੀ ਬਿਆਨਣ ਦਾ ਜਤਨ ਕਰ ਕੇ ਸਾਰੇ ਵਾਤਾਵਰਣ ਨੂੰ ਹੀ ਸੋਗੀ ਬਣਾ ਦਿਤਾ ਹੈ। ਇਹ ਗਲਾਂ ਵੀ ਬਿਰਹਨ ਦੇ ਪਤੀ-ਵਿਯੋਗ ਨੂੰ ਪ੍ਰਚੰਡ ਕਰਦੀਆਂ ਹਨ। ਇਹ ਹੈ ਪਹਿਲੇ[2] ਬਾਰਾਂਮਾਂਹੇ ਵਿਚੋਂ ਵੰਨਗੀ :

---

1. ਮੁਨਸ਼ਾ ਸਿੰਘ 'ਦੁਖੀ', ਬੀਰ ਪ੍ਰਕਾਸ਼, ਕਵੀ ਕੁਟੀਆ ਕਲਕਤਾ, ਪੰਨਾ 19.
2. ਪਹਿਲਾ ਦੂਜਾ ਕ੍ਰਮ ਅਸੀਂ ਉਸ ਨੂੰ ਗਿਣਿਆ ਹੈ ਜਿਸ ਕ੍ਰਮ ਨਾਲ ਇਹ ਬਾਰਾਂ ਮਾਹੇਂ ਹਜ਼ਾਰੀ ਬਾਗ ਜੇਲ੍ਹ ਵਾਲੀ ਕਾਪੀ ਵਿਚ ਲਿਖੇ ਮਿਲਦੇ ਹਨ। ਇਸੇ ਕ੍ਰਮ ਨਾਲ ਹੀ ਇਹ ਪਿਛੋਂ ਜਾ ਕੇ 'ਪ੍ਰੇਮ ਕਾਂਗਾਂ' ਵਿਚ ਪ੍ਰਕਾਸ਼ਤ ਕੀਤੇ ਗਏ ਸਨ।

Sri Satguru Jagjit Singh Ji Elibrary NamdhariElibrary@gmail.com

*ਸੁਣ ਜੇਠ ਸਖੀ, ਮਮ ਜੇਠੂਰ ਦੇਵਰ, ਬੋਲਤ ਹੈ ਪਗਲੀ ਪਗਲੀ।
ਕਬਹੂੰ ਰਿਸ ਮੈਂ ਕਹਿੰ, "ਜਾਨਤ ਹੈਂ ਹਮ, ਮਕਰ ਕਰੇ ਬਗਲੀ ਬਗਲੀ।
ਕਿਛ ਕਾਮ ਕਰੇ ਨਹਿੰ ਬੈਠ ਰਹੇ, ਸਿਰ ਧੰਨ ਲਗੀ ਕਗਲੀ ਕਗਲੀ।
ਹਮਰੇ ਘਰ ਨਹਿੰ ਤੋ ਹਿਤ ਖਾਣ ਕੋ, ਮਾਂਗ ਖਾਉ ਬਗਲੀ ਬਗਲੀ ."

ਅਤੇ

ਸਖੀ, ਕਾਤਕ ਕਾਠ ਭਯੋ ਤਨ ਸੁਖ, ਰਹਯੋ ਜਮ ਰੁਕ ਲਬੋਂ ਪਰ ਆ ਕੇ।
ਬਧਰੇ ਭਏ ਕਾਨ ਨ ਤ੍ਰਾਨ ਰਹਯੋ, ਸੇਤ ਭਏ ਕਰ ਵੇਸ ਵਟਾ ਕੇ।
ਬੁਧਿਆਇ ਗਈ ਅਖੀਆਂ ਕਟ ਕੁਬਰਿ, ਜੋਬਨ ਮੇਂ ਜਠਰਾਪਨ ਪਾ ਕੇ।
ਇਸ ਪ੍ਰੀਤ ਬਿਪ੍ਰੀਤ ਕੀ ਰੀਤ ਬੁਰੀ, ਰਤ.ਪੀਤ ਸਖੀ ਤਰਸਾ ਤਰਸਾ ਕੇ।[1]

ਇਹ ਹੈ ਦੂਜੇ ਬਾਰਾਮਾਹੇਂ ਵਿਚੋਂ ਇਕ ਨਮੂਨਾ :

ਹਾੜ੍ਹ ਹੈਰਾਨ ਪ੍ਰੇਸ਼ਾਨ ਹੋਈ ਰਿਹਾ ਤ੍ਰਾਣ ਨਾ, ਸੁਕਗੀ ਰਤ ਭੀ ਪੀਲੜੀ ਪਤ ਵੇ।
ਰੁਤਿ ਤਤੀ, ਦੂਜੀ ਆਪ ਤਤੀ ਤੀਜਾ ਤਤਿਆ, ਤੇਂਡੜਾ ਤਤ ਵਿਛੋਹ ਦਾ ਤਤ ਵੇ।
ਪੁਛਦੀ ਰਾਹੀਆਂ ਪਾਂਧੀਆਂ ਜਾਂਦਿਆ ਕੰਨ ਚੁਕਾਂ, ਹਿਲੇ ਪੱਤ ਬੇਰੀ ਭਈ ਮਤ ਵੇ।
ਵਤ ਜਾਸੀ ਸਮਾਂ ਵਤ ਵੇ ਪਤਿ, ਮੈਂ ਸਤ ਚੁਕੀ, ਕਰੀਂ ਗਤਿ ਮੋ ਤੇ ਘਰੀਂ ਘਤਿ ਵੇ।

ਅਤੇ

ਮਾਹ ਅਸੂ ਗਿਆ ਬੀਤ ਅਧਾ ਵਰ੍ਹਾ, ਅਖੀਆਂ ਨੇ ਲਗਾਤਾਰ ਲਗਾਈ ਰਖੀ ਝੜੀ।
ਮੀਤ ਨਾ ਚੀਤ ਹੈਂ ਪ੍ਰੀਤ ਮੈਂ ਕਰੇ, ਹਾਇ ਨੀ ਮਾਂ,
ਸੜੀ, ਬਾਹੜੀਂ, ਜਾਨ ਸੂਲੀ ਚੜ੍ਹੀ।
ਝਲੜੀ ਕਲਝੀ ਬੈਠ ਰੋਵਾਂ 'ਦੁਖੀ', ਝੱਲ ਨਾ ਸਕਦੀ, ਪੀ ਵਿਛੋੜਾ ਦੁਮੂਹੀਂ ਲੜੀ।
ਘਤੜੀ ਨਾ ਗਲੇ ਸਕੜੀ ਘੁਟ ਕੇ, ਲੁਟਿਆ ਨ ਪ੍ਰਿਯ ਰੰਗ, ਆਨੰਦ ਮੈਂ ਤੜਫੀ।[2]

---

* ਮੇਰੇ ਜੇਠ ਤੇ ਦਿਉਰ ਆਦਿ ਮੈਨੂੰ ਪਾਗਲ ਕਹਿੰਦੇ ਹਨ। ਕਦੇ ਕਦੇ ਗੁੱਸੇ ਵਿਚ ਆ ਕੇ ਇਉਂ ਵੀ ਕਹਿਣ ਲਗ ਜਾਂਦੇ ਹਨ, "ਅਸੀਂ ਜਾਣਦੇ ਹਾਂ ਇਹ ਬਗਲੀ (ਬਗਲੇ ਦਾ ਇਸਤਰੀ ਲਿੰਗ) ਜਾਣ ਕੇ ਮਕਰ ਕਰਦੀ ਹੈ। ਇਹ ਕੋਈ ਕੰਮ ਤਾਂ ਕਰਦੀ ਨਹੀਂ ਸਗੋਂ ਵਿਹਲੀ ਬੈਠੀ ਕੰਗਾਲਾਂ ਵਾਂਗ ਮੱਥੇ ਉਤੇ ਹੱਥ ਮਾਰਦੀ ਰਹਿੰਦੀ ਹੈ। ਤੇਰੇ ਖਾਣ ਵਾਸਤੇ ਸਾਡੇ ਘਰ ਵਿਚ ਕੁਝ ਨਹੀਂ ਹੈ। ਇਸ ਲਈ ਤੂੰ ਕੱਛ ਵਿਚ ਬਗਲੀ ਪਾ ਕੇ ਮੰਗ ਕੇ ਆਪਣਾ ਪੇਟ ਭਰ।"

ਕੱਤਕ ਵਿਚ ਸਰੀਰ ਸੁਕ ਕੇ ਲਕੜੀ ਬਣ ਗਿਆ ਹੈ। ਜਾਨ ਸਰੀਰ ਵਿਚੋਂ ਨਿਕਲ ਚੁਕੀ ਹੈ ਪਰ ਬੁਲ੍ਹਾਂ ਉਤੇ ਆ ਕੇ ਅੜੀ ਹੋਈ ਹੈ। ਕੰਨ ਬੋਲੇ ਹੋ ਗਏ ਹਨ ਮਰੀਜ਼ ਵਿਚ ਸਾਹ-ਸਤ ਕੋਈ ਨਹੀਂ ਰਿਹਾ। ਸਿਰ ਦੇ ਵਾਲ ਵੀ ਚਿਟੇ ਹੋ ਗਏ ਹਨ ਜਿਵੇਂ ਉਨ੍ਹਾਂ ਨੇ ਵੀ ਆਪਣਾ ਭੇਸ ਬਦਲ ਲਿਆ ਹੋਵੇ। ਜਵਾਨੀ ਵਿਚ ਹੀ ਬੁਢਾਪਾ ਆ ਜਾਣ ਨਾਲ ਅੱਖਾਂ ਅੰਨ੍ਹੀਆਂ ਹੋ ਗਈਆਂ ਹਨ ਤੇ ਲੱਕ ਕੁਬਾ ਹੋ ਗਿਆ ਹੈ। ਇਹ ਪਿਆਰ ਦੀ ਰੀਤ ਵੀ ਕਿਸ ਤਰ੍ਹਾਂ ਉਲਟੀ ਤੇ ਦੁਖਦਾਈ ਹੈ ਕਿ, ਹੇ ਸਖੀ, ਇਹ ਤਰਸਾ ਤਰਸਾ ਕੇ ਸਰੀਰ ਦੀ ਰੱਤ ਪੀਂਦਾ ਹੈ।"

1. ਮੁਨਸ਼ਾ ਸਿੰਘ 'ਦੁਖੀ' ਪ੍ਰੇਮ ਬਾਣਾਂ, ਪੰਨਾ 32.
2. ਮੁਨਸ਼ਾ ਸਿੰਘ 'ਦੁਖੀ', ਉਹੀ ਪੰਨਾ, 42.

Sri Satguru Jagjit Singh Ji Elibrary NamdhariElibrary@gmail com

'ਦੁਖੀ' ਜੀ ਜਿਸ ਸ੍ਰੇਣੀ ਤੇ ਪੀੜ੍ਹੀ ਦੇ ਕਵੀ ਸਨ ਇਸ ਨੂੰ ਕਾਵਿ ਵਿਚ ਕਲਾਤਮਕ ਤੱਤ ਪ੍ਰਦਰਸ਼ਨ ਕਰਨ ਦਾ ਸ਼ੌਕ ਵੀ ਬਹੁਤ ਹੁੰਦਾ ਸੀ। ਆਪ ਦੀਆਂ 'ਅਨਯੋਕਤੀਆਂ' ਵੀ ਅਜਿਹੀਆਂ ਰਚਨਾਵਾਂ ਹੀ ਜਾਪਦੀਆਂ ਹਨ। ਇਹ ਹੈ ਨਾਗ ਅਨਯੋਕਤੀ :

ਨਾਗਾ, ਚਕਚੂੰਧਰ ਫੜੀ, ਰਾਓ ਹੋਯਾ ਰੰਕ।
ਖਾਵੇਂ ਕੋੜ੍ਹੀ ਹੋ ਮਰੇਂ, ਛਡੇਂ ਲਗੇ ਕਲੰਕ।
ਨਾਗਾ, ਇਸ ਰੁਖੇ ਨਾ ਚੜ੍ਹ, ਇਹ ਆਂਡੇ ਨਾ ਛੇੜ।
ਇਹ ਮੋਰਾਂ ਦੇ ਆਲ੍ਹਣੇ, ਮੁਫਤ ਨ ਮੌਤ ਸਹੇੜ।
ਸਪਾ, ਦੁਧੀਂ ਪਾਲਿਆ, ਸਚਾ ਮਿਤਰ ਜਾਣ।
ਆਖਰ ਡੰਗ ਚਲਾ ਗਿਓਂ, ਗਈ ਨ ਖੋਟੀ ਬਾਣਿ।[1]

ਕਾਵਿ ਵਿਚ ਉਦੀਪਨ ਵਿਭਾਵ ਉਸ ਨੂੰ ਕਿਹਾ ਜਾਂਦਾ ਹੈ ਜਿਥੇ ਅਜਿਹੀਆਂ ਚੀਜ਼ਾਂ ਦਾ ਵਰਨਣ ਹੋਵੇ ਜੋ ਹੋਣ ਤਾਂ ਚੰਗੀਆਂ ਤੇ ਸੁਖਦਾਈ ਪਰ ਕਿਸੇ ਇਕ ਨੂੰ ਉਹ ਦੁਖ ਵੀ ਦਿੰਦੀਆਂ ਹੋਣ। ਹੇਠਾਂ ਦਿਤੇ ਜਾ ਰਹੇ ਉਦਪੀਨ ਵਿਭਾਵ ਵਿਚ ਫੁਲਾਂ ਦਾ ਫੁਲਣਾ, ਮੋਰਾਂ-ਚਕੋਰਾਂ ਦਾ ਬੋਲਣਾ ਆਦਿ ਗਲਾਂ ਭਾਵੇਂ ਆਮ ਲੋਕਾਂ ਲਈ ਹੁਲਾਸਮਈ ਗਿਣੀਆਂ ਗਈਆਂ ਹਨ ਪਰ ਪਤੀ ਦੇ ਵਿਜੋਗ ਵਿਚ ਕੁਠੀ ਵਿਜੋਗਣ ਲਈ ਇਹ ਉਲਟਾ ਪ੍ਰਭਾਵ ਰਖਦੀਆਂ ਹਨ ਕਿਉਂਜੁ ਇਹ ਉਸ ਦੇ ਪਤੀ ਵਿਛੋੜੇ ਨੂੰ ਹੋਰ ਵੀ ਚਮਕਾਉਂਦੀਆਂ ਹਨ :

ਚੇਤ ਮਹੀਨੇ ਦੇਖ ਨੀ ਅੰਮੀਏ, ਬੂਟਿਆਂ ਲਾਗਰਾਂ ਛਡੀਆਂ, ਕਢੀਆਂ ਵਡੀਆਂ।
ਫੁਲ ਖਿੜੇ ਕਈ ਖਿਲਦੇ ਨੇ ਆਹਾ, ਵੇਖ ਨੀ ਪਤੀਆਂ ਕਢੀਆਂ ਨਵੀਆਂ ਨਵੀਆਂ।
ਬੋਲਦੇ ਮੋਰ ਚੁਕੋਰ ਚਊਕਦੇ, ਕੋਇਲਾਂ ਪਾਉਂਦੀਆਂ ਲੁਡੀਆਂ, ਫਿਰਨ ਉਪਠੀਆਂ।
ਵਾਓ ਠੰਢੀ ਸੁਗੰਧੀ ਭਰੀ ਵਗਦੀ,
ਤਤੜੀ ਨੂੰ ਨਿਸਾ ਵਡੀਆਂ, ਜਾਣ ਨਾ ਕਢੀਆਂ।[2]

'ਦੁਖੀ' ਜੀ ਰਸਮੀ ਤੌਰ ਤੇ ਕਿਸੇ ਵੀ ਰਾਜਨੀਤਕ ਧੜੇ ਨਾਲ ਬਝੇ ਹੋਏ ਨਹੀਂ ਸਨ। ਦੇਸ਼ ਭਗਤਕ ਜੰਗ ਵਿਚ ਸਾਰੀ ਉਮਰ ਸਰਗਰਮ ਰਹੇ ਹੋਣ ਕਾਰਨ, ਕੌਮੀ ਤੇ ਕੌਮਾਂਤਰੀ ਰਾਜਨੀਤੀ ਵਿਚ ਥੋੜ੍ਹੀ ਬਹੁਤੀ ਦਿਲਚਸਪੀ ਜ਼ਰੂਰ ਰਖਦੇ ਸਨ। ਕੌਮਾਂਤਰੀ ਰਾਜਨੀਤੀ ਵਿਚ ਆਉਂਦੇ ਜਵਾਰ ਭਾਟੇ ਨੂੰ ਜਾਣਨ ਦੀ ਇਛਾ ਆਪ ਵਿਚ ਪ੍ਰਬਲ ਹੁੰਦੀ ਸੀ। ਭਾਵੇਂ ਸੰਪਾਦਕ ਤਾਂ ਆਪ ਕਈ ਪੱਤਰਾਂ ਦੇ ਰਹੇ ਸਨ ਪਰ ਰਾਜਨੀਤੀ ਬਾਰੇ ਲਿਖਣ ਤੋਂ ਆਮ ਕਰ ਕੇ ਪ੍ਰਹੇਜ਼ ਹੀ ਕਰਦੇ ਸਨ। ਫਿਰ ਵੀ ਆਪਣੇ ਵਤਨ ਦੀ ਆਜ਼ਾਦੀ ਤੇ ਇਸ ਨੂੰ ਪ੍ਰਭਾਵਤ ਕਰਨ ਵਾਲੀਆਂ ਤਾਕਤਾਂ ਪ੍ਰਤੀ ਉਹ ਇੰਨੇ ਅਵੇਸਲੇ ਵੀ ਨਹੀਂ ਸਨ ਹੁੰਦੇ। ਕਈ ਰਾਜਨੀਤਿਕ ਗੱਲਾਂ ਪ੍ਰਤੀ ਆਪ ਦੀ ਪਹੁੰਚ ਬੜੀ ਸੂਝ ਭਰੀ ਤੇ ਢੁਕਵੀਂ ਹੁੰਦੀ ਸੀ। ਅੰਗਰੇਜ਼ ਦੀ ਕੂਟਨੀਤੀ, ਅਮਰੀਕਾ ਵਲੋਂ ਪਾਕਿਸਤਾਨ ਨੂੰ ਸ਼ਹਿ ਦੇਣ ਦੀ ਚਾਲ, ਪਾਕਿਸਤਾਨ ਵਲੋਂ ਅਮਰੀਕੀ ਤਾਕਤ ਦੇ ਬਲ ਬੋਤੇ ਆਪਣੇ ਗਵਾਂਢੀ ਭਰਾ ਭਾਰਤ ਵਲ ਕੈਰੀ ਅੱਖੇ ਦੇਖਣ ਅਤੇ ਫਿਰ ਇਸ ਤੇ ਹਮਲਾ ਕਰਨ ਦੀਆਂ ਘਟਨਾਵਾਂ

1. ਮਾਸਕ ਕਵੀ, ਕਲਕੱਤਾ, ਮਈ 1928, ਪੰਨਾ 4।
2. ਮੁਨਸ਼ਾ ਸਿੰਘ 'ਦੁਖੀ', ਪ੍ਰੇਮ ਕਾਂਗਾ, ਪੰਨਾ 41।

Sri Satguru Jagjit Singh Ji Elibrary NamdhariElibrary@gmail com

ਅਜਿਹੀਆਂ ਗੱਲਾਂ ਸਨ ਜਿਨ੍ਹਾਂ ਬਾਰੇ ਆਪ ਚੁਪ ਸਾਧ ਕੇ ਨਹੀਂ ਬੈਠ ਸਕੇ। ਇਸ ਤਰ੍ਹਾਂ ਦੀਆਂ ਕੁਝ ਰਚਨਾਵਾਂ ਦੇ ਨਮੂਨੇ ਹੇਠਾਂ ਹਾਜ਼ਰ ਕੀਤੇ ਜਾ ਰਹੇ ਹਨ :

ਗੋਰਾ ਮਾਰੇ ਇਨਾਮ ਦਾ ਭਾਗੀ, ਕਾਲਾ ਰੋਕੇ ਭੀ ਤਾਂ 'ਮਹਾਂ ਬਾਗੀ।'
ਵਾਹ ਰੇ ਬੁਲ ਜਾਨ, ਤੇਰੀਆਂ ਚਾਲਾਂ, ਆਪੇ ਵਾਹਵਾ ਤੇ ਆਪ ਹੀ ਰਾਗੀ।[1]

ਹੇਠਲੀ ਰੁਬਾਈ ਅਮਰੀਕਾ ਨੂੰ ਸੰਬੋਧਤ ਹੈ। ਅਨੁਮਾਨ ਹੈ ਕਿ ਵੀਤਨਾਮੀ ਜੰਗ ਵਿਚ ਲੱਤ ਅੜਾ ਕੇ ਦੋਹਾਂ ਭਰਾਵਾਂ ਨੂੰ ਲੜਾ ਰਹੇ ਅਮਰੀਕਾ ਨੂੰ ਸਾਵਧਾਨ ਕੀਤਾ ਗਿਆ ਹੈ। ਇਸ ਵਿਚ ਕੀਤੀ ਗਈ ਲਕ ਤੁੜਵਾਉਣ ਵਾਲੀ ਭਵਿਖ ਬਾਣੀ ਇਸ ਜੰਗ ਦੇ ਅੰਤ ਤੇ ਕਿੰਨੀ ਸੱਚੀ ਸਿੱਧ ਹੋਈ :

ਵਾੜ ਟਪਦੇਂ, ਤੰਬੀ ਨ ਪੜਵਾ ਲਈਂ, ਅਗ ਬਾਲੇਂ, ਝੁਗੀ ਨ ਸੜਵਾ ਲਈਂ।
ਰੋਦਿਆ ਅਣਖ ਇਜ਼ਤ ਰੋਅਬ ਨੂੰ, ਨੱਕ ਰਖਦਾ ਲੱਕ ਨ ਤੁੜਵਾ ਲਈਂ।[2]

ਕਿਸੇ ਸਮੇਂ ਵਿਚ ਹਿੰਦੂ ਅਤੇ ਸਿਖਾਂ ਵਿਚ ਕੋਈ ਵਖਰੇਵਾਂ ਨਹੀਂ ਸੀ ਸਮਝਿਆ ਜਾਂਦਾ। ਇਨ੍ਹਾਂ ਦੋਹਾਂ ਨੂੰ ਇਕ ਤੇ ਮੁਸਲਮਾਨਾਂ ਨੂੰ ਦੂਜੀ ਕੌਮ ਗਿਣਿਆ ਜਾਂਦਾ ਸੀ। ਇਹ ਦੋਵੇਂ ਕੌਮਾਂ ਹਿੰਦ ਵਿਚ ਸਕੇ ਭਰਾਵਾਂ ਵਾਂਗ ਵਸਦੀਆਂ ਸਨ। ਕਵੀ ਸ਼ਾਹ ਮੁਹੰਮਦ ਨੇ ਇਸ ਸਚਿਆਈ ਨੂੰ ਬੜੇ ਸਪਸ਼ਟ ਸ਼ਬਦਾਂ ਵਿਚ ਬਿਆਨਿਆ ਹੈ ਪਰ 1947 ਵਿਚ ਪਾਕਿਸਤਾਨ ਦੇ ਹੋਂਦ ਵਿਚ ਆ ਜਾਣ ਨਾਲ ਦੋਹਾਂ ਭਰਾਵਾਂ ਦੇ ਖੂਨਾਂ ਵਿਚ ਪਾਣੀ ਪੈ ਗਿਆ ਤੇ ਰਾਜਨੀਤਿਕ ਖੇਤਰ ਵਿਚ ਉਹ ਇਕ ਦੂਜੇ ਲਈ ਓਪਰੇ ਬਣ ਬੈਠੇ। ਅਮਰੀਕਾ ਦੀ ਸ਼ਹਿ ਤੇ ਪਾਕਿਸਤਾਨ ਹਿੰਦ ਨਾਲ ਫਸਣ ਲਗ ਪਿਆ। ਆਪ ਦੇ ਹਿਰਦੇ ਵਿਚ ਬੈਠੇ ਕੌਮੀਪਨ ਨੇ ਉਬਾਲਾ ਖਾਧਾ। ਹੇਠਲੀਆਂ ਰੁਬਾਈਆਂ ਵਿਚ ਪਾਕਿਸਤਾਨ ਨੂੰ ਉਸ ਦਾ ਪਿਛਾ ਚੇਤੇ ਕਰਵਾ ਕੇ ਅਗੋਂ ਸਮਝ ਨਾਲ ਚਲਣ ਤੇ ਪ੍ਰੇਮ ਪਿਆਰ ਨਾਲ ਰਹਿਣ ਦੀ ਅਕਲ ਦੇਣ ਦਾ ਯਤਨ ਕੀਤਾ ਗਿਆ ਹੈ :

ਉਹ ਨਹੀਂ ਸਕਦਾ ਤੇਰੀ ਵਿਗੜੀ ਸਵਾਰ।
ਜਿਸ ਦੇ ਆਪਣੇ ਘਰ ਚਿ ਝਗੜੇ ਬੇਸ਼ੁਮਾਰ।
ਖੂਨ ਦੇ ਸਾਂਝੀ ਗੁਆਂਢੀ ਵੀਰ ਨੂੰ।
ਉਸ ਦੀ ਸ਼ਹਿ ਤੇ ਮੂਰਖਾ ਇਟਾਂ ਨਾ ਮਾਰ।[3]

ਅਤੇ

ਚੰਮ ਦੇ ਉਹ ਚਲਣੇ ਨਾ ਸਦਾ ਦੰਮ।
ਅਜੇ ਭੀ ਵੇਲਾ ਹੈ, ਸੰਭਲ, ਸੋਚ, ਥੰਮ।
ਟੁਟੀਆਂ ਬਾਂਹਾਂ ਭੀ, ਗਲ ਨੂੰ ਔਂਦੀਆਂ।
ਆਪਣੇ ਹੀ ਅੰਤ ਨੂੰ ਔਣੇ ਨੇ ਕੰਮ।[4]

---

1. 'ਬੁਲ ਜਾਨ' (ਅਣਛਪੀਆਂ ਰੁਬਾਈਆਂ)।
2. ਨੱਕ ਤੇ ਲੱਕ (ਅਣਛਪੀਆਂ ਰੁਬਾਈ)।
3. 'ਸ਼ਹਿ ਤੇ ਇਟਾਂ (ਅਣਛਪੀਆਂ ਰੁਬਾਈਆਂ)।
4. 'ਚੰਮ ਦੇ ਦੰਮ', ਉਹੀ।

Sri Satguru Jagjit Singh Ji Elibrary NamdhariElibrary@gmail.com

ਅਖੀਆਂ ਨੂੰ ਬੁਕ ਲਾ ਲਾ ਰੋ ਨਾਹੀਂ।
ਕੁਝ ਨਾ ਮਿਲਨਾ ਖਾਲੀ ਚਕੀ ਝੋ ਨਾਹੀਂ।
ਸ਼ਰਮ ਨਾ ਕਰ, ਡਰ ਨਾ, ਆ ਮਿਲ ਬੈਠੀਏ।
ਤੂੰ ਤੇ ਮੈਂ ਓ ਮੂਰਖਾ ਕੁਈ ਦੋ ਨਾਹੀਂ।[1]

ਆਪ ਨੇ ਕੌਮ ਖਾਤਰ ਸਹਾਰੇ ਦੁਖਾਂ ਦਾ ਕਦੇ ਵੀ ਮਿਹਣਾ ਨਹੀਂ ਸੀ ਮਾਰਿਆ। ਫਿਰ ਵੀ ਕੌਮੀ ਰਾਜਨੀਤੀ ਵਿਚ ਆਈ ਗਿਰਾਵਟ ਤੋਂ ਆਪ ਦੁਖੀ ਕਾਫ਼ੀ ਹੁੰਦੇ ਸਨ; ਕਿਉਂਕਿ ਇਹ ਉਨ੍ਹਾਂ ਦੀ ਇਕੱਲਿਆਂ ਦੀ ਗੱਲ ਨਹੀਂ ਸੀ ਸਗੋਂ ਸਮੁਚੀ ਕੌਮ ਲਈ ਹਾਨੀਕਾਰਕ ਵੀ ਸੀ ਤੇ ਕਲੰਕ ਵੀ। 1947 ਤੋਂ ਪਿਛੋਂ ਵੀ ਜਦੋਂ ਉਹੀ ਲੋਕ ਆਗੂ ਬਣ ਬੈਠੇ ਜੋ ਅੰਗਰੇਜ਼ਾਂ ਦੇ ਝੋਲੀ ਚੁਕ ਹੁੰਦੇ ਸਨ ਤਾਂ ਦੇਸ਼ ਭਗਤਾਂ ਨੂੰ ਨਿਰਾਸ਼ਾ ਹੋਣੀ ਕੁਦਰਤੀ ਗਲ ਸੀ। ਆਪ ਸਮਝਦੇ ਸਨ ਕਿ ਅਜਿਹੀ ਅਵਸਥਾ ਵਿਚ ਕਿਸੇ ਕੌਮ ਨੂੰ ਪਤਨ ਤੋਂ; ਰਬ ਹੀ ਭਾਵੇਂ ਬਚਾ ਸਕੇ, ਬੰਦੇ ਦੇ ਵਸ ਦਾ ਇਹ ਰੋਗ ਰਹਿ ਨਹੀਂ ਜਾਂਦਾ। ਆਪ ਨੇ ਇਸ ਸਥਿਤੀ ਤੇ ਅਫ਼ਸੋਸ ਜ਼ਰੂਰ ਪ੍ਰਗਟਾਇਆ ਹੈ:

ਜਿਹੜੇ ਸਾਨੂੰ ਹੀ ਊਜਾਂ ਲਾਉਂਦੇ ਸਨ।
ਮਾਰ ਦਿਉ ਬਾਗੀ ਹਨ, ਸੁਣਾਉਂਦੇ ਸਨ।
ਬਣ ਗਏ ਉਹੀ ਮੁੜ ਕੇ ਆਗੂ 'ਦੁਖੀ'।
ਜਿਹੜੇ ਸਾਡੇ ਹੀ ਖੂਨ ਨ੍ਹਾਉਂਦੇ ਸਨ।[2]
ਠਗ ਸੁਆਹ ਲਾ ਕੇ ਫ਼ਕੀਰ ਬਣ ਬੈਠੇ।
ਖੂਨੀ ਮੁਨਕਰ ਨਕੀਰ ਬਣ ਬੈਠੇ।
ਫਾਂਸੀਏ ਲਾ ਲਾ ਸੇਵਕਾਂ ਨੂੰ 'ਦੁਖੀ'।
ਝੋਲੀਚੁਕ ਮੁੜ ਵਜ਼ੀਰ ਬਣ ਬੈਠੇ।[3]

ਆਪ ਦੀਆਂ ਕੁਝ ਕੁ ਕਵਿਤਾਵਾਂ ਅਜਿਹੀਆਂ ਵੀ ਮਿਲਦੀਆਂ ਹਨ ਜੋ ਜਾਂ ਤਾਂ ਕਿਸੇ ਹੋਰ ਭਾਸ਼ਾ ਦੇ ਕਵੀ ਦੀ ਕਿਸੇ ਰਚਨਾ ਦੇ ਆਧਾਰ ਤੇ ਲਿਖੀਆਂ ਗਈਆਂ ਹਨ ਤੇ ਜਾਂ ਫਿਰ ਉਨ੍ਹਾਂ ਦਾ ਨਿਰੋਲ ਅਨੁਵਾਦ ਹਨ। ਹੇਠਾਂ ਦਿਤੀ ਜਾ ਰਹੀ ਕਾਵਿ ਟੁਕੜੀ ਦੇ ਮੂਲ ਬਾਰੇ ਕੋਈ ਸੰਕੇਤ ਨਹੀਂ, ਹੈ ਇਹ ਅਨੁਵਾਦ ਹੀ:

ਰਾਤੀਂ ਆ ਕੇ ਮੁੜ ਗਏ ਪ੍ਰੀਤਮ, ਤੂੰ ਸੀ ਨੀਂਦ ਭਰੀ ਅਲਸਾਈ।
ਰਹਿ ਕੇ ਬਹੁਤ ਕੋਲ ਜੀਵਨ ਭਰ, ਪ੍ਰੀਤਮ ਦੀ ਪਹਿਚਾਨ ਨ ਆਈ।
ਜੋਬਨ ਦੇ ਦਿਨ ਵਯਰਥ ਗਵਾਏ, ਨੀ ਤੈਂ ਜ਼ਰਾ ਵੀ ਨ ਸੁਧ ਧਾਈ।
ਕਦੇ ਨ ਹਿਰਦਯੋਂ ਹਸ ਕੇ ਬੋਲੀ, ਕਦੇ ਨਾ ਮਨ ਲਾ ਸੇਜ ਵਛਾਈ।
ਹਾਰ ਸ਼ਿੰਗਾਰ ਲਗਾ ਅਜ ਪਿਆਰੀ, ਕਰ ਲੈ ਪ੍ਰੀਤਮ ਦੀ ਪਹੁਨਾਈ।
ਹੁਣ ਦੇ ਵਿਛੁੜੇ ਫਿਰ ਨਾ ਮਿਲਣਗੇ, ਕਰ ਲੈ ਆਪਣੀ ਹੁਣੇ ਲਲਾਈ।

1. 'ਤੂੰ ਤੇ ਮੈਂ'', ਮਾਸਕ ਜੀਵਨ ਸੰਦੇਸ਼, ਜੁਲਾਈ 1955, ਪੰਨਾ 25।
2. 'ਉਹੀ ਆਗੂ' (ਮਾਸਕ ਦੇਸ਼ ਭਗਤ ਯਾਦਾਂ, ਜਲੰਧਰ) ਜਨਵਰੀ 1965, ਪੰਨਾ 10।
3. 'ਝੋਲੀ ਚੁਕ', ਉਹੀ।

Sri Satguru Jagjit Singh Ji Elibrary NamdhariElibrary@gmail com

ਭਰ ਭਰ ਨੇਤਰ ਘਰ ਬਾਹਰ, ਕਰ ਲੈ ਝਾੜ ਬੁਹਾਰ ਸਫਾਈ।
ਐਸੀ ਮਿਲ ਗਲਿ 'ਦੁਖੀ' ਨ ਹੋਵੇਂ, ਮੁੜ ਨ ਸਹਿਣੀ ਪਵੇ ਜੁਦਾਈ।[1]

ਤੇ ਇਹ ਹੈ ਬੀਰ ਸਤਸਈ ਵਿਚੋਂ ਅਨੁਵਾਦਤ ਕਵਿਤਾ :

ਜਿਹੜੇ ਲੋਭੀ ਸੀਸ ਦੇ ਸੋਈ ਸਦਾ ਅਧੀਨ।
ਬਿਨ ਵਾਰੇ ਸਿਰ ਦੇ ਭਲਾ, ਹੋਯਾ ਕੌਣ ਸਵਾਧੀਨ।
ਇਕ ਪਾਸੇ ਸਵਾਧੀਨਤਾ, ਸਿਰ ਦੂਜੀ ਵਲ ਜਾਣ।
ਜਿਹੜਾ ਚਾਹੇਂ ਸਾਂਭ ਲੈ, ਸੋਚ ਸਮਝ ਵਿਦਵਾਨ।[2]

'ਦੁਖੀ' ਰਚਿਤ ਕਾਵਿ ਦੀ ਇਕ ਅਜਿਹੀ ਵੰਨਗੀ ਵੀ ਹੈ ਜੋ ਨਾ ਪੂਰੀ ਤਰ੍ਹਾਂ ਨਾਲ ਕਵੀ ਦੀ ਜ਼ਿੰਦਗੀ ਨਾਲ ਸਬੰਧਤ ਹੈ ਤੇ ਨਾ ਹੀ ਉਸ ਤੋਂ ਵਖਰੀ। 'ਜੁਬਲੀ ਦੀ ਗਪ ਸ਼ਪ' ਅਜਿਹਾ ਹੀ ਇਕ ਟਰੈਕਟ ਹੈ। ਬਰਤਾਨਵੀ ਸਰਕਾਰ ਵਲੋਂ, ਪਹਿਲੇ ਵਿਸ਼ਵ ਜੁਧ ਵਿਚ ਫਤਹਿ ਪ੍ਰਾਪਤ ਕਰ ਲੈਣ ਪਿਛੋਂ 1919 ਵਿਚ ਮਨਾਏ ਗਏ ਜਸ਼ਨਾਂ ਦੇ ਫਲਸਰੂਪ ਰਿਹਾ ਹੋਣ ਦੀ ਸੰਭਾਵਨਾ ਵਿਚ ਰਾਜਸੀ ਕੈਦੀਆਂ ਵਿਚ ਦੌੜੀ ਖੁਸ਼ੀ ਦੀ ਲਹਿਰ ਅਤੇ ਜੇਲ੍ਹ ਦੇ ਵਾਤਾਵਰਣ ਵਿਚ ਇਕ ਦਮ ਆਏ ਹੁਲਾਸ ਨੂੰ ਪ੍ਰਗਟ ਕਰਨ ਹਿਤ ਲਿਖੇ ਗਏ ਇਸ ਟਰੈਕਟ ਵਿਚ ਕਚੇ ਪਿਲੇ ਦੇਸ਼ ਭਗਤਾਂ ਤੇ ਟਕੋਰਾਂ ਵੀ ਲਾਈਆਂ ਗਈਆਂ ਹਨ। ਇਸ ਹਿਸਾਬ, ਇਸ ਦਾ ਵਿਸ਼ਾ ਵਸਤੂ ਵੀ ਉਸੇ ਤਰ੍ਹਾਂ ਖਿਚੜੀ ਜਿਹਾ ਹੈ ਜਿਸ ਤਰ੍ਹਾਂ ਇਸ ਦਾ ਨਾਂ। ਇਸ ਵਿਚੋਂ ਲਈ ਗਈ ਵੰਨਗੀ ਵਿਚ ਧਵਨੀ ਵਰਨਣ ਕਿੰਨਾ ਪਿਆਰਾ ਲਗਦਾ ਹੈ :

ਸੌਣ ਦਾ ਮਹੀਨਾ ਬਿੰਡਿਆਂ ਨੇ ਸੁਰ ਛੇੜੀ,
ਡਡੂਆਂ ਨੇ ਛੇੜੇ ਕੌਣ, ਪੌਣ ਵਗੇ ਥਮਥਮ।
ਚਮਕੇਂਦੀ ਬਿਜਲੀ ਗਜੇਂਦੇ ਮੇਘ ਧਾੜ ਧਾੜ,
ਇਤ ਉਤ ਵਾਹੋਦਾਹੀ, ਭਜੇ ਜਾਨ ਦਮ ਦਮ।
ਕਾਲੀ ਬੋਲੀ ਰਾਤ ਚੰਦ ਦੇਵਤਾ ਵੀ ਛੁਪ ਬੈਠਾ,
ਭਾਨੁ ਮਹਾਰਾਜ ਭੀ ਦਿਖਾਲੀ ਦੇਂਦਾ ਕਮ ਕਮ।
ਬੋਲਦੇ ਪਪੀਹੇ ਪੰਛਾਂ ਮਖੀਆਂ ਚਲੌਣ ਢੰਗ,
ਕਦੇ ਘਮ ਘਮ ਕਦੇ ਪੈਣ ਬੂੰਦਾਂ ਛਮ ਛਮ।

ਅਤੇ

ਇਕ ਕਹੇ ਸੁਣੋ ਯਾਰੋ ਮੇਰੀ ਦੂਜੇ ਨੰਬ੍ਰ ਵਿਚ,
ਜਮਾਂਦਾਰ ਕ੍ਰਿਪਾਲ ਸਿੰਘ ਦੀ ਸੀ ਨੌਕਰੀ।
ਉਂਜ ਤਾਂ ਹੈ ਬੜਾ ਬੇਈਮਾਨ ਤੁਸੀਂ ਜਾਣਦੇ ਹੋ,
ਅਜ ਕਹੇ ਆਟੇ ਵਾਲੀ ਦੇਖਿ ਦੇਖ ਟੋਕਰੀ।
ਦੇਖੋ ਇਹ ਪੰਜਾਬੀਆਂ ਨੇ ਜੇਲ੍ਹ ਕਾਹਦੀ ਖੇਲ੍ਹ ਜਾਣੀ,
ਪੰਜ ਸੇਰ ਪੀਠਾ ਅਧਾ ਆਟਾ ਅਧੀ ਚੋਕਰੀ।

---

1. 'ਪ੍ਰੀਤਮ', ਮਾਸਕ ਕਵੀ, ਕਲਕੱਤਾ, ਅੰਕ 5, ਜਿਲਦ 2, ਪੰਨਾ 203।
2. 'ਸਿਰਦਾਰ', ਮਾਸਕ ਕਵੀ, ਕਲਕੱਤਾ, ਅਗਸਤ 1928, ਪੰਨਾ 160।

Sri Satguru Jagjit Singh Ji Elibrary NamdhariElibrary@gmail.com

ਵਡੇ ਸਾਹਿਬ ਦੀ ਕੀ ਗਲ ਜਰਨੈਲ ਥੀਂ ਨਾ ਖਾਂਦੇ ਖੌਫ,
ਸਾਡੀ ਗਲ ਕੀ ਹੈ ਕਹਿਣ ਜੇਲਰ ਨੂੰ ਛੋਕਰੀ ।[1]

ਜਿਨ੍ਹਾਂ ਰਚਨਾਵਾਂ ਦੇ ਹਵਾਲੇ ਹੁਣ ਤਕ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੇ ਗਏ ਹਨ ਜਾਂ ਜਿਨ੍ਹਾਂ ਬਾਰੇ ਵਿਚਾਰ ਕੀਤੀ ਜਾ ਚੁਕੀ ਹੈ ਉਨ੍ਹਾਂ ਤੋਂ ਬਿਨਾਂ ਆਪ ਦੀਆਂ ਹੋਰ ਵੀ ਕਈ ਰਚਨਾਵਾਂ ਹਨ ਪਰ ਉਨ੍ਹਾਂ ਵਿਚੋਂ ਬਹੁਤੀਆਂ ਸਮੇਂ ਦੇ ਹੇਰ ਫੇਰ ਅਤੇ ਗਦਰ ਪਾਰਟੀ ਦੇ ਖਿਲਰ ਪਤਰ ਜਾਣ ਕਾਰਨ ਅਪ੍ਰਾਪਤ ਹੋ ਚੁਕੀਆਂ ਹਨ । ਕੁਛ ਰਚਨਾਵਾਂ ਤਾਂ ਛਾਪੀਆਂ ਹੀ ਅਮਰੀਕਾ ਸਥਿਤ ਗਦਰ ਆਸ਼ਰਮ ਨੇ ਸਨ ਜਿਨ੍ਹਾਂ ਦੀ ਕੋਈ ਪ੍ਰਤੀ 'ਦੁਖੀ' ਜੀ ਦੇ ਆਪਣੇ ਪੁਸਤਕਾਲੇ ਵਿਚ ਵੀ ਨਹੀਂ ਸੀ । ਅਜਿਹੀਆਂ ਰਚਨਾਵਾਂ ਤੇ ਸਵਿਸਥਾਰ ਵਿਚਾਰ ਕਰਨੀ ਤਾਂ ਅਸੰਭਵ ਬਣ ਗਈ ਹੈ । ਫਿਰ ਵੀ, ਜੇ ਕਿਸੇ ਰਚਨਾ ਦਾ ਥੋੜ੍ਹਾ ਬਹੁਤਾ ਹਿਸਾ ਕਿਸੇ ਤਰ੍ਹਾਂ ਪ੍ਰਾਪਤ ਹੋ ਸਕਿਆ ਹੈ, ਉਸ ਨੂੰ ਪਾਠਕਾਂ ਦੀ ਅਖੋਂ ਉਹਲੇ ਨਹੀਂ ਰਖਿਆ ਗਿਆ । 'ਹਾਰਡਿੰਗ ਡਾਕੂ' ਜੁਬਲੀ ਦੀ ਗਪ ਸ਼ੱਪ' ਤੇ 'ਕਾਮਾਗਾਟਾ ਮਾਰੂ ਦੇ ਪੈਸੰਜਰ' ਆਦਿ ਕਾਵਿ ਰਚਨਾਵਾਂ ਇਸੇ ਸ਼੍ਰੇਣੀ ਵਿਚ ਸ਼ਾਮਲ ਹਨ ।

**ਕਲਾਤਮਕਤਾ :**

'ਦੁਖੀ' ਜੀ ਦੀਆਂ ਮੁਢਲੀਆਂ ਕਵਿਤਾਵਾਂ ਨੂੰ ਛਡ ਕੇ ਬਾਕੀ ਸਾਰੀ ਦੀ ਸਾਰੀ ਕਾਵਿ ਰਚਨਾ ਦਾ ਰੂਪਕ ਪਖ ਬੜਾ ਪ੍ਰਭਾਵਸ਼ਾਲੀ ਹੈ । 'ਗ਼ਦਰ' ਸਪਤਾਹਿਕ ਤੇ ਗਦਰ ਆਸ਼ਰਮ ਨਾਲ ਸਬੰਧਤ ਆਪ ਦੀਆਂ ਪਹਿਲੀਆਂ ਕਵਿਤਾਵਾਂ ਕਾਵਿ ਦ੍ਰਿਸ਼ਟੀ ਤੋਂ ·ਆਪ ਦੇ ਪਹਿਲੇ ਤਜਰਬੇ ਹੀ ਤਾਂ ਸਨ ਜਿਸ ਕਰਕੇ ਉਨ੍ਹਾਂ ਵਿਚ ਰੂਪਕ ਪਖ ਨਾ ਬਹੁਤਾ ਪਕਾ ਹੋ ਹੀ ਸਕਦਾ ਸੀ ਤੇ ਨਾ ਹੀ ਹੈ । ਇਹ ਤਾਂ, ਪਿੰਗਲ ਦੇ ਗਿਆਨ ਤੋਂ ਹੀਣ, ਮੁਛ ਫੁਟ ਪੰਜਾਬੀ ਗਭਰੂ ਦੀਆਂ ਰਚਨਾਵਾਂ ਹਨ ਜਦੋਂ ਉਂਜ ਵੀ ਮਨੁਖ ਵਿਚ ਹੋਸ਼ ਉਤੇ ਜੋਸ਼ ਭਾਰੂ ਹੁੰਦਾ ਹੈ । ਉਤੋਂ ਸੁਤੰਤਰ ਹੋਣ ਦੀ ਭਾਵਨਾ ਵਲੋਂ ਪ੍ਰਜਵਲਤ ਕੀਤੀ ਅਗਨੀ ਅਤੇ ਕਾਵਿ ਅਭਿਆਸ ਦੀ ਘਾਟ ਨੇ ਵੀ ਆਪਣਾ ਪ੍ਰਭਾਵ ਪ੍ਰਗਟ ਕਰਨਾ ਹੀ ਸੀ । ਦੰਡੀ* ਦਾ ਵਿਚਾਰ ਹੈ ਕਿ ਕਾਵਿ ਦੀ ਉਪਜ ਸਹਿਜ ਸੁਭਾ ਪ੍ਰਕ੍ਰਿਤੀ (ਕੁਦਰਤੀ) ਪ੍ਰਤਿਭਾ, ਵਿਉਤਪਤੀ ਅਤੇ ਲਗਾਤਾਰ ਅਭਿਆਸ ਉਪਰ ਨਿਰਭਰ ਹੈ ।[2] ਮੁਢਲੇ ਸਮੇਂ ਵਿਚ, 'ਦੁਖੀ' ਜੀ ਵਿਚ ਇਨ੍ਹਾਂ ਸਾਰੀਆਂ ਲੋੜਾਂ ਦੀ ਘਾਟ ਹੋਣ ਕਾਰਨ ਇਨ੍ਹਾਂ ਕਵਿਤਾਵਾਂ ਵਿਚ ਵਜ਼ਨ ਤੋਲ ਦਾ ਵਾਧਾ ਘਾਟਾ ਹੋਣਾ ਕੁਦਰਤੀ ਗਲ ਹੈ । ਰੂਪਕ ਪਖ ਦੀ ਇਸ ਕਚਿਆਈ ਦੀ ਗਲ ਕਰਦਿਆਂ 'ਦੁਖੀ' ਜੀ ਆਪ ਵੀ ਇਸ ਤਥ ਨੂੰ ਸਵੀਕਾਰ ਕਰਨ ਸਮੇਂ ਹਿਚਕਚਾਉਂਦੇ ਨਹੀਂ ਸਨ ।

---

1. ਇਹ ਬੋਲੀਆਂ ਹਥ ਲਿਖਤ ਖਰੜੇ ਵਿਚੋਂ ਲਈਆਂ ਗਈਆਂ ਹਨ ।

* ਦੰਡੀ—ਸੰਸਕ੍ਰਿਤ ਦੇ ਪ੍ਰਸਿਧ ਕਵੀ ਜਿਨ੍ਹਾਂ ਦੇ ਬਣਾਏ ਹੋਏ ਦੋ ਗ੍ਰੰਥ ਮਿਲਦੇ ਹਨ 'ਦਸਕੁਮਾਰਚਰਿਤ' ਅਤੇ 'ਕਾਵਿ ਆਦਰਸ਼' । ਅਜਿਹਾ ਪ੍ਰਸਿਧ ਹੈ ਕਿ ਦੰਡੀ ਨੇ ਤਿੰਨ ਗ੍ਰੰਥ ਲਿਖੇ ਪਰ ਤੀਸਰੇ ਦਾ ਪਤਾ ਅਜ ਕਲ੍ਹ ਨਹੀਂ ਲਗਦਾ । ਅਨੇਕ ਲੋਕਾਂ ਦਾ ਵਿਚਾਰ ਹੈ ਕਿ ਈਸਾ ਦੀ ਛੇਵੀਂ ਸਦੀ ਵਿਚ ਦੰਡੀ ਹੋਏ ਸਨ ।
(ਸ਼ਿਆਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ, ਕਾਸ਼ੀ ਨਾਗਰੀ ਪ੍ਰਚਾਰਣੀ ਸਭਾ, ਭਾਗ ਦੂਜਾ, 1920, ਪੰਨਾ 1489, 90).

2. ਪ੍ਰਕਾਸ਼ ਸਿੰਘ, 'ਕਵਿ ਦੇ ਕਾਰਣ', ਮਾਸਕ ਆਲੋਚਨਾ, ਲੁਧਿਆਣਾ, ਨਵੰਬਰ 1959, ਪੰਨਾ 1,

Sri Satguru Jagjit Singh Ji Elibrary NamdhariElibrary@gmail com

"ਇਹ ਮੇਰੀਆਂ ਚੜ੍ਹਦੀ ਜਵਾਨੀ ਵੇਲੇ ਕੀਤੀਆਂ ਕਰੇਰੀ ਉਮਰ ਦੀਆਂ ਰਚਨਾਵਾਂ ਹਨ। ਠਰ੍ਹੰਮਾਂ ਤਾਂ ਉਮਰ ਤੇ ਤਜਰਬੇ ਨਾਲ ਹੀ ਆਉਂਦਾ ਹੈ।"[1]

ਆਪ ਦੀਆਂ ਉਕਤ ਕਿਸਮ ਦੀਆਂ ਲਗਪਗ ਸਾਰੀਆਂ ਕਵਿਤਾਵਾਂ ਲਈ ਪ੍ਰਚਲਤ ਛੰਦ ਬੈਂਤ ਦੀ ਵਰਤੋਂ ਕੀਤੀ ਗਈ ਹੈ। ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਆਮ ਰਿਵਾਜ ਅਨੁਸਾਰ, 'ਦੁਖੀ' ਜੀ ਨੇ ਵੀ ਜਵਾਨੀ ਫੁਟਣ ਸਮੇਂ, ਬੈਂਤ ਵਿਚ ਲਿਖੇ ਹੋਏ ਕਿੱਸੇ ਜ਼ਰੂਰ ਪੜ੍ਹੇ ਹੋਏ ਸਨ ਜਿਸ ਕਰ ਕੇ ਬੈਂਤ ਦੇ ਬਹਿਰ ਤੇ ਹਥ ਟਿਕਣਾ ਸੌਖਾ ਹੋ ਗਿਆ ਹੋਵੇਗਾ। ਸਭ ਤੋਂ ਪਹਿਲਾਂ ਸੀਹਰਫੀ ਕਾਵਿਰੂਪ ਦੀ ਵਰਤੋਂ ਕੀਤੀ ਜਾਣੀ ਇਸ ਗਲ ਦੀ ਹੋਰ ਵੀ ਪ੍ਰੋੜ੍ਹਤਾ ਕਰਦੀ ਹੈ ਕਿਉਂਕਿ ਆਮ ਕਰ ਕੇ ਕਿੱਸਿਆਂ ਵਿਚ ਸੀਹਰਫੀਆਂ ਵੀ ਹੁੰਦੀਆਂ ਸਨ। ਦੋ ਦੁਰਲਭ ਰਚਨਾਵਾਂ ਲਈ ਜ਼ਰੂਰ ਕੋਰੜਾ ਛੰਦ ਦੀ ਵਰਤੋਂ ਕਰਨ ਦੇ ਸੰਕੇਤ ਮਿਲਦੇ ਹਨ।[2]

ਮਢਲੇ ਕਾਲ ਦੀਆਂ ਕਵਿਤਾਵਾਂ ਦੀ ਬੋਲੀ ਸਾਦਾ ਤੇ ਪੇਂਡੂ ਪੰਜਾਬੀ ਹੈ। ਜੋਸ਼ ਦੇ ਪ੍ਰਭਾਵ ਅਧੀਨ ਇਸ ਵਿਚ ਕਿਤੇ ਕਿਤੇ ਖਰ੍ਹਵਾਪਨ ਵੀ ਆ ਦਾਖਲ ਹੁੰਦਾ ਹੈ ਜਿਵੇਂ ਲਾਰਡ ਹਾਰਡਿੰਗ ਨੂੰ ਭੌਂਦੂ ਕਹਿਣਾ। ਸ਼ਬਦਾਵਲੀ ਵਿਚ ਟਾਵਾਂ ਟਾਵਾਂ ਸ਼ਬਦ ਉਰਦੂ ਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਵੀ ਪ੍ਰਯੋਗ ਕੀਤਾ ਮਿਲਦਾ ਹੈ ਜਿਵੇਂ (Aeroplane), ਡਰਟੀ (Durty), ਤੇ ਬਦਰੂਪਮ ਆਦਿ। ਉਰਦੂ ਸ਼ਬਦਾਂ ਦੀ ਦੇਣ ਤਾਂ ਮਦਰਸੇ ਦੀ ਅਤੇ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਬਦੇਸਾਂ ਵਿਚ ਵਿਚਰਨ ਦਾ ਸਿਟਾ ਹੋ ਸਕਦਾ ਹੈ ਕਿਉਂਕਿ ਬਦੇਸਾਂ ਵਿਚ ਵਸਦੇ ਪੰਜਾਬੀ ਹੁਣ ਤਕ ਅੰਗਰੇਜ਼ੀ ਤੇ ਪੰਜਾਬੀ ਦੀ ਖਿਚੜੀ ਬਣਾ ਕੇ ਵਰਤਣ ਵਿਚ ਕੋਈ ਹਰਜ ਨਹੀਂ ਸਮਝਦੇ ਸਗੋਂ ਇਹ ਉਨ੍ਹਾਂ ਦੇ ਸੁਭਾਉ ਦਾ ਹਿਸਾ ਬਣ ਚੁਕੀ ਸੁਭਾਵਕ ਗਲ ਹੀ ਹੁੰਦੀ ਹੈ। ਕਿਤੇ ਕਿਤੇ ਤੁਕਾਂ ਵਿਚ ਪੰਜਾਬੀ ਅਖਾਉਂਤਾਂ ਅਤੇ ਮੁਹਾਵਰੇ ਇਉਂ ਜੜ ਦਿਤੇ ਹਨ ਜਿਵੇਂ ਗਹਿਣੇ ਵਿਚ ਨਗ। ਉਦਾਹਰਣ ਵਜੋਂ ਮੁਛਾਂ ਨੂੰ ਤਾਅ ਦੇਣਾ, ਘੁਮਕਾਰ ਪਾਣੀ, ਸੀਨੇ ਸੱਲ ਪੈਣੇ, ਆਦਿ।

ਇਨ੍ਹਾਂ ਕਵਿਤਾਵਾਂ ਵਿਚ ਬਿਆਨ ਵਿਸਤਾਰ ਵਧੇਰੇ ਹੋਣ ਕਰ ਕੇ ਸੰਖੇਪਤਾ ਦਾ ਅਭਾਵ ਹੈ। ਇਸ ਦੇ ਦੋ ਕਾਰਨ ਸਮਝ ਪੈਂਦੇ ਹਨ। ਪਹਿਲਾ ਇਹ ਕਿ ਇਹ ਰਚਨਾਵਾਂ ਆਮ ਕਰ ਕੇ ਉਨ੍ਹਾਂ ਪੰਜਾਬੀਆਂ ਵਾਸਤੇ ਲਿਖੀਆਂ ਜਾਂਦੀਆਂ ਸਨ ਜੋ ਬਹੁਤਾ ਕਰ ਕੇ ਕਿੱਸਾ ਸਾਹਿਤ ਵਿਚ ਹੀ ਪਰਵਿਰਤ ਸਨ। ਕਿਸਿਆਂ ਵਿਚ ਕਿਸੇ ਗਲ ਨੂੰ ਬਹੁਤ ਵਧੇਰੇ ਵਿਸਤਾਰ ਦੇ ਕੇ ਬਿਆਨਿਆਂ ਹੁੰਦਾ ਹੈ। ਇਸੇ ਤਰਚ ਤੇ ਇਹ ਰਚਨਾਵਾਂ ਕੀਤੀਆਂ ਗਈਆਂ ਜਾਪਦੀਆਂ ਹਨ। ਫਿਰ ਅਨਪੜ੍ਹਤਾ ਦਾ ਜ਼ੋਰ ਹੋਣ ਕਾਰਨ ਵੀ ਆਮ ਲੋਕਾਂ ਨੂੰ ਕੋਈ ਗਲ ਸਮਝਾਉਣ ਲਈ ਉਸ ਨੂੰ ਕਈ ਵਾਰ ਦੁਹਰਾਉਣਾ ਜ਼ਰੂਰੀ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਆਮ ਲੋਕਾਂ ਕੋਲ ਵਕਤ ਵੀ ਬੜਾ ਖੁਲ੍ਹਾ ਹੁੰਦਾ ਸੀ ਜਿਸ ਕਰ ਕੇ ਇਨ੍ਹਾਂ ਕਵਿਤਾਵਾਂ ਵਿਚ ਕਿੱਸਿਆਂ ਦੇ ਢੰਗ ਤੇ ਹੀ ਵਿਸਤੀਰਤ ਬਿਆਨ ਮਿਲਦੇ ਹਨ। ਦੂਜਾ ਕਾਰਨ ਕਵੀ ਦਾ ਕਾਵਿ ਖੇਤਰ ਵਿਚ ਸਜਰਾ ਪਰਵੇਸ਼ ਵੀ ਸੀ ਜਿਸ ਵਿਚ ਅਜੇ

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965, ਪੰਨਾ 69.
2. 'ਬਾਮਾਗਾਟਾ ਮਾਰੂ ਦੇ ਪੰਸੰਜਰ' ਅਤੇ 'ਹਾਰਡਿੰਗ ਡਾਕੂ' ਰਚਨਾਵਾਂ ਵਿਚ।

Sri Satguru Jagjit Singh Ji Elibrary NamdhariElibrary@gmail.com

ਠਰੰਮਾ, ਸੰਪੇਖਤਾ ਤੇ ਵਿਦਵਤਾ ਦਾ ਅਭਾਵ ਹੋਣਾ ਕੋਈ ਵਡੀ ਗਲ ਨਹੀਂ ਸੀ।

ਕਾਵਿ ਅਭਿਆਸ ਦੇ ਵਾਧੇ ਨਾਲ ਰਚਨਾਵਾਂ ਵਿਚ ਵਰਤੇ ਮੁਹਾਵਰੇ ਤੇ ਅਖਾਉਤਾਂ ਦੀ ਗਿਣਤੀ ਵੀ ਵਧੀ ਹੈ। ਤੁਕਾਂਤ ਵੀ ਕੁਝ ਨਵੀਂ ਕਿਸਮ ਦੇ ਮਿਲਦੇ ਹਨ। ਅਲੰਕਾਰਾਂ ਦੀ ਵਰਤੋਂ ਵਲ ਵੀ ਧਿਆਨ ਦਿਤਾ ਗਿਆ ਹੈ। ਕਈ ਨਵੇਂ ਸ਼ਬਦ ਵੀ ਘੜੇ ਹਨ ਜਿਵੇਂ ਅਭੰਗ, ਨਗਾਰੜਾ ਆਦਿ ਪਰ ਕਈ ਥਾਈਂ ਇਕੋ ਤੁਕਾਂਤਕ ਸ਼ਬਦ ਕਈ ਵਾਰ ਦੁਹਰਾਇਆ ਵੀ ਮਿਲਦਾ ਹੈ ਜਿਸ ਕਰ ਕੇ ਕੰਨਾਂ ਨੂੰ ਰੜਕਦਾ ਹੈ। 'ਦੁਖੀ' ਦੀਆਂ ਪ੍ਰੇਮ ਸਾਂਗਾਂ' ਤੋਂ ਰੂਪਕ ਪਖ ਵਿਚ ਸੁਧਾਰ ਹੋਣ ਦੇ ਚਿੰਨ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਸ ਖਰੜੇ[1] ਵਿਚ ਦੋਹਿਰਾ ਛੰਦ ਤੇ ਬ੍ਰਿਜਭਾਸ਼ਾ ਦੀ ਵਰਤੋਂ ਨਾਲ ਕਵੀ ਨੇ ਨਵੇਂ ਪ੍ਰਯੋਗਾਂ ਵਲ ਵੀ ਵਧਣ ਦਾ ਉਦਮ ਕੀਤਾ ਹੈ। ਇਕ ਆਲੰਕਾਰ ਦਾ ਨਮੂਨਾ ਵੇਖਣ ਯੋਗ ਹੈ :

ਸ਼ੀਰੀਂ ਜਾਨ ਸ਼ੀਰੀਂ ਲਿਆ ਇਸ਼ਕ ਸ਼ੀਰੀਂ, ਦਿਤੀ ਜਾਨ ਖਾਤਰ ਸ਼ੀਰੀਆਂ ਨੀ।

ਹਜ਼ਾਰੀਬਾਗ਼ ਜੇਲ੍ਹ ਵਿਚ ਰਚੀਆਂ ਗਈਆਂ ਇਸੇ ਕਾਲ ਦੀਆਂ ਕਵਿਤਾਵਾਂ ਰੂਪਕ ਪਖੋਂ ਕੁਝ ਪਕੇਰੀਆਂ ਆਖੀਆਂ ਜਾ ਸਕਦੀਆਂ ਹਨ। ਇਹ ਠੀਕ ਹੈ ਕਿ ਕਵਿਤਾ ਨੂੰ ਖਿਆਲ-ਪ੍ਰਧਾਨ ਰਚਨਾ ਸਮਝਿਆ ਜਾਂਦਾ ਹੈ ਪਰ 'ਇਕਲਾ ਖਿਆਲ ਕਵਿਤਾ ਨਹੀਂ ਕਿਹਾ ਜਾ ਸਕਦਾ ਜਦੋਂ ਤਕ ਉਸ ਨੂੰ ਕਲਾਤਮਕ ਵਿਸ਼ੇਸ਼ਤਾਵਾਂ ਨਾਲ ਸ਼ਿੰਗਾਰਿਆ ਨਹੀਂ ਜਾਂਦਾ।'[2] ਇਨ੍ਹਾਂ ਰਚਨਾਵਾਂ ਵਿਚ ਨਵੇਂ ਛੰਦ, ਨਵੀਂ ਸ਼ਬਦਾਵਲੀ ਤੇ ਆਲੰਕਾਰਾਂ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕਰ ਕੇ ਰੂਪ ਨਿਖਾਰਨ ਦਾ ਉਦਮ ਕੀਤਾ ਮਿਲਦਾ ਹੈ। ਹੁਣ ਤਕ ਪ੍ਰਯੋਗ ਕੀਤੇ ਹੋਏ ਬੈਂਤ ਅਤੇ ਦੋਹਿਰੇ ਜਹੇ ਛੰਦਾਂ ਦੇ ਥਾਂ ਕਬਿਤ, ਦੰਡਕ, ਪ੍ਰਿਯਾ, ਖਰਤਰੰਗਣੀ, ਛਿਉਢ, ਨਿਸ਼ਾਨੀ, ਛਪੇ, ਮਾਲਤੀ, ਤੋਟਕ, ਦਵੱਯਾ, ਕੁੰਡਲੀਆ, ਧੀਰਜ ਤੋਮਰ, ਸੋਰਠਾ, ਨਾਦੀ ਮੁਖੀ, ਮਧੁਭਾਰ, ਪਾਧੜੀ ਤੇ ਹਰਿਪਦ ਆਦਿ ਛੰਦਾਂ ਦੇ ਦਰਸ਼ਨ ਹੁੰਦੇ ਹਨ ਜੋ ਕਵੀ ਦੀ ਕਾਵਿ ਉਨਤੀ ਦੇ ਲਖਾਇਕ ਹਨ। ਭਾਸ਼ਾ ਤਬਦੀਲੀ ਦਾ ਪ੍ਰਯੋਗ ਕਰ ਕੇ ਬ੍ਰਿਜ ਭਾਸ਼ਾ ਤੇ ਵੀ ਹਥ ਹੀ ਨਹੀਂ ਅਜ਼ਮਾਇਆ ਸਗੋਂ ਕਾਫੀ ਸਾਰੀ ਰਚਨਾ ਦਾ ਮਾਧਿਅਮ ਵੀ ਇਸੇ ਨੂੰ ਹੀ ਬਣਾਇਆ ਹੈ। ਸਵੈਯਾ ਤੇ ਮਾਤ੍ਰਕ ਸਵੈਯਾ ਅਤੇ ਤੋਟਕ ਤੇ ਤਿਲਕਾ ਛੰਦ ਸੰਮਿਲਤ ਰੂਪ ਵਿਚ ਵਰਤਣ ਦਾ ਨਵਾਂ ਪ੍ਰਯੋਗ ਵੀ ਕੀਤਾ ਹੈ। ਕਈ ਅਜਿਹੇ ਅਲੰਕਾਰ ਵੀ ਵਰਤੇ ਗਏ ਹਨ ਜਿਨ੍ਹਾਂ ਦੇ ਦਰਸ਼ਨ ਆਪ ਦੀ ਰਚਨਾ ਵਿਚੋਂ ਪਹਿਲੀ ਵਾਰ ਹੀ ਹੁੰਦੇ ਹਨ। ਯਮਕ ਦੀ ਸਾਧਾਰਨ ਵਰਤੋਂ ਸਿੰਘਾਵਲੋਕਨ ਦੀ ਉਦਾਹਰਣ ਹਾਜ਼ਰ ਹੈ :

ਤਾਂ ਤੇ ਹੇ ਸਾਜਨ, ਭਜੁ ਰਾਮਾ।
ਰਾਮਾ ਹੀ ਹੈ ਸਭ ਸੁਖ ਧਾਮਾ।
ਧਾਮਾਂ ਥਾਵੇ ਅਟਲ ਅਨਾਮਾ।
ਨਾਮਾ ਭਾਈ ਭਜ ਇਹ ਨਾਮਾ।[3]

---

1. ਇਹ ਰਚਨਾ ਮੁਲਤਾਨ ਜੇਲ੍ਹ ਵਿਚ ਕੀਤੀ ਗਈ ਸੀ ਜਿਸ ਦੇ ਪ੍ਰਕਾਸ਼ਤ ਹੋਣ ਸਬੰਧੀ ਕੋਈ ਸੰਕੇਤ ਨਹੀਂ ਮਿਲਦਾ।
2. ਦੀਪਕ ਜੈਤੋਈ, 'ਕਾਵਿਕਲਾ ਤੇ ਲੈਆਤਮਕ ਪਾਬੰਦੀਆਂ', ਮਾਸਕ ਜਾਗ੍ਰਤੀ, ਚੰਡੀਗੜ੍ਹ, ਨਵੰਬਰ 1974, ਪੰਨਾ 46.
3. ਮੁਨਸ਼ਾ ਸਿੰਘ 'ਦੁਖੀ', ਪ੍ਰੇਮ ਸਾਂਗਾਂ, ਪੰਨਾ 10.

Sri Satguru Jagjit Singh Ji Elibrary NamdhariElibrary@gmail com

ਜੁਬਲੀ ਦੀ ਗਪ ਸ਼ੱਪ ਵਰਨਣਾਤਮਕ ਕਿਸਮ ਦੀ ਕਵਿਤਾ ਹੈ। ਗਿਣਤੀ ਦੇ ਮਾਤ੍ਰਿਕ ਛੰਦਾਂ ਨੂੰ ਛਡ ਕੇ ਲਗਪਗ ਸਾਰੀ ਦੀ ਸਾਰੀ ਪੁਸਤਕ ਹੀ ਵਰਣਾਤਮਕ ਛੰਦ ਕਬਿੱਤ ਵਿਚ ਲਿਖੀ ਗਈ ਹੈ ਜਿਸ ਵਿਚ ਡੀਠਵਰਣ ਦਾ ਪ੍ਰਯੋਗ ਵੀ ਕੀਤਾ ਮਿਲਦਾ ਹੈ। ਰੂਪਕ ਪਖੋਂ ਇਸ ਨੂੰ ਆਪ ਦੇ ਕਾਵਿ ਵਿਕਾਸ ਦਾ ਲਖਾਇਕ ਸਮਝ ਲੈਣਾ ਕੋਈ ਭੁਲ ਨਹੀਂ ਹੋਵੇਗੀ। ਨਿਸ਼ਾਨੀ ਛੰਦ ਵਿਚ ਉਪਮਾਲੰਕਾਰ, ਅਨੁਪ੍ਰਾਸਾਲੰਕਾਰ ਤੇ ਉਸ ਦੇ ਅਗੋਂ ਕਈ ਹੋਰ ਭੇਦਾਂ ਜਿਵੇਂ ਛੇਕਾਨੁਪ੍ਰਾਸ, ਵ੍ਰਿਤਯਾਨੁਪ੍ਰਾਸ ਤੇ ਯਮਕ ਆਦਿ ਦੀ ਵਰਤੋਂ ਇਕ ਥਾਂ ਕਰ ਕੇ, ਕਾਵਿ ਵਿਦਵਤਾ ਦਾ ਪ੍ਰਦਰਸ਼ਨ ਪਹਿਲੀ ਵਾਰ ਹਜ਼ਾਰੀ-ਬਾਗ਼ ਜੇਲ੍ਹ ਵਿਚ ਲਿਖੀਆਂ ਗਈਆਂ ਕਵਿਤਾਵਾਂ ਵਿਚ ਹੀ ਪ੍ਰਗਟ ਹੁੰਦਾ ਹੈ :

ਚੰਦਨ ਸੋਂ ਬਨ ਜਗਤ ਮੇਂ ਮਹਿਕੇ ਗੁਰਸਿਖੀ।
ਪਰਮਾਨੰਦ ਸੁਗੰਧਮਯ, ਜਿਨ ਸਿਖੀ ਸਿਖੀ।...[1]

ਆਪ ਪੁਰਾਤਨ ਲੀਹ ਦੇ ਕਵੀ ਸਨ। ਇਸ ਲਈ ਉਨ੍ਹਾਂ ਕਵੀਆਂ ਵਾਂਗ ਬਹੁਤੀਆਂ ਕਾਵਿ ਰਚਨਾਵਾਂ ਦੇ ਆਦਿ ਵਿਚ ਮੰਗਲਾਚਰਨ ਵੀ ਕੀਤਾ ਹੋਇਆ ਮਿਲਦਾ ਹੈ। ਮੰਗਲਾ-ਚਰਨ ਵਜੋਂ, ਬ੍ਰਿਜਭਾਸ਼ਾ ਵਿਚ ਲਿਖਿਆ ਇਹ ਕਬਿਤ ਆਪ ਦੀਆਂ, ਇਸ ਭਾਸ਼ਾ ਵਿਚ ਤੇ ਇਸ ਕਾਲ ਦੀਆਂ ਰਚਨਾਵਾਂ ਵਿਚੋਂ ਉਤਮ ਰਚਨਾਵਾਂ ਵਿਚ ਗਿਣਿਆ ਜਾ ਸਕਦਾ ਹੈ :

ਦੇਵ ਦੈਤ ਭੂਤ ਪ੍ਰੇਤ ਊਚ ਨੀਚ ਸੇਵੇਂ ਜਾਹਿੰ,
ਚਾਰੋਂ ਖਾਣੀ ਮਾਹਿੰ ਜੋ ਸੰਭਾਲੇ ਜੀਅ ਜੰਤ ਕੋ।
ਰਿਖੀ ਮੁਨੀ ਜਪੀ ਤਪੀ ਸਿੱਧ ਨਾਥ ਚਿਰੰਜੀਵ,
ਆਠੋਂ ਜਾਮ ਧਯਾਵੇਂ ਅੰਤ ਪਾਵੇਂ ਨ ਬਿਅੰਤ ਕੋ।
ਸਾਰਦਾ ਸੁਰੇਸ਼, ਬ੍ਰਹਮ ਵਿਸ਼ਨ ਮਹੇਸ਼ ਸ਼ੇਖ,
ਛੇ ਮੁਖ ਗਣੇਸ਼ ਸਾਰੇ ਖੋਜ ਹਾਰੇ ਕੰਤ ਕੋ।
ਲਛਮੀ ਪਖਾਰੇ ਪਾਇ ਨੇਤ ਨੇਤ ਕਹੇ ਜਾਹਿੰ,
ਬੰਦਨਾ ਬਿਰਧ ਭਾਇ ਐਸੇ ਭਗਵੰਤ ਕੋ।[2]

ਤੇ ਇਹ ਹੈ ਯਮਕਾਲੰਕਾਰ ਦੀ ਇਕ ਵੰਨਗੀ :

ਭਲਿਆਂ ਨੂੰ ਭਲੀਆਂ ਹੀ ਆਉਂਦੀਆਂ ਸੁਝੋਂਦੀਆਂ ਨੇ,
ਭੁਲੜੇ ਹੀ ਭਲਦੇ ਨੇ ਭਲਿਆਂ ਦੇ ਭੱਲ ਨੂੰ।
ਰੋਂਦੇ ਕਦੇ ਹਸਦੇ ਨੇ, ਬੈਠ ਕਦੇ ਟਪਦੇ ਨੇ,
ਗੌਂਦੇ ਕਦੇ ਨੱਚਦੇ, ਬਜੌਂਦੇ ਕਦੇ ਗੱਲ੍ਹ ਨੂੰ।
ਝੂਮਦੇ ਨੇ ਘੂਮਦੇ ਨੇ ਬੋਕਦੇ ਨੇ ਹੋਕਦੇ ਨੇ,
ਸੂਕਦੇ ਨੇ ਕੂਕਦੇ ਜਗੌਂਦੇ ਸੁਤੇ ਦਲ ਨੂੰ।
"ਭੱਲਾ ਭਾਈ ਭੱਲਾ" ਆਖ ਲੋਕ ਗਲਾਂ ਮਾਰਦੇ ਨੇ,
ਸੌਲ੍ਹਿਆ ਹੀ ਜਾਣੇ ਕੋਈ ਸੌਲ੍ਹਿਆਂ ਦੇ ਸੱਲ੍ਹ ਨੂੰ।[3]

1. ਮੁਨਸ਼ਾ ਸਿੰਘ 'ਦੁਖੀ', ਦੁਖ ਹਰਣ ਪ੍ਰਕਾਸ਼, ਦੇਸ਼ ਸੇਵਕ ਬੁਕ ਏਜੰਸੀ, ਜਲੰਧਰ।
2. ਮੁਨਸ਼ਾ ਸਿੰਘ 'ਦੁਖੀ' ਪ੍ਰੇਮ ਕਾਂਗਾ, ਪੰਨਾ 3.
3. ਮੁਨਸ਼ਾ ਸਿੰਘ 'ਦੁਖੀ', ਪ੍ਰੇਮ ਕਾਂਗਾ, ਪੰਨਾ 48,

Sri Satguru Jagjit Singh Ji Elibrary NamdhariElibrary@gmail.com

ਪੁਰਾਣੀ ਕਿਸਮ ਦੇ ਕਵੀਆਂ ਵਿਚ ਪ੍ਰਚਲਤ ਇਕ ਰਿਵਾਜ ਵਲ ਆਪ ਨੇ ਬਹੁਤ ਘਟ ਧਿਆਨ ਦਿਤਾ ਹੈ ਤੇ ਉਹ ਹੈ ਕਿਸੇ ਵੀ ਰਚਨਾ ਦੇ ਰਚੇ ਜਾਣ ਦਾ ਕਾਰਨ ਅਤੇ ਉਸ ਦੇ ਆਰੰਭ ਤੇ ਸਮਾਪਤੀ ਦੀ ਤਾਰੀਖ ਦਰਜ ਕਰਨੀ। ਜੇ ਇਉਂ ਕਹਿ ਲਿਆ ਜਾਵੇ ਕਿ ਇਹ ਲੀਹ ਆਪ ਨੇ ਤੋੜ ਹੀ ਦਿਤੀ ਹੈ ਤਦ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ : ਕੇਵਲ 'ਦੁਖਹਰਣ ਪ੍ਰਕਾਸ਼' ਹੀ ਅਜਿਹੀ ਕਾਵਿ ਰਚਨਾ ਹੈ ਜਿਸ ਦੇ ਸ਼ੁਰੂ ਵਿਚ ਗਰੰਥ ਰਚਣ ਦਾ ਕਾਰਨ ਵੀ ਦਿਤਾ ਹੋਇਆ ਹੈ ਅਤੇ ਅੰਤ ਉਤੇ ਕਾਵਿ ਭਾਸ਼ਾ ਵਿਚ ਸਮਾਪਤੀ ਦੀ ਮਿਤੀ ਵੀ ਦਰਜ ਕੀਤੀ ਹੋਈ ਹੈ। ਕਾਵਿ ਰਚਨਾ ਦੇ ਪਖੋਂ ਇਸ ਨੂੰ ਅਗਾਹ ਵਲ ਪੁਟਿਆ ਗਿਆ ਇਕ ਕਦਮ ਵੀ ਸਮਝਿਆ ਜਾ ਸਕਦਾ ਹੈ ਕਿਉਂਕਿ ਇਸ ਤਰ੍ਹਾਂ ਮਿਤੀ ਲਿਖਣੀ ਆਮ ਬੰਦੇ ਦਾ ਕੰਮ ਨਹੀਂ ਹੁੰਦਾ :

> ਰਿਖ ਸਰ ਗ੍ਰਿਹ ਸਸ ਬਿਕ੍ਰਮੀ, ਮਾਘ ਮਾਸ ਅਖੀਰ।[1]

ਕਾਵਿ ਦੇ ਰੂਪਕ ਪਖ ਦੀਆਂ ਸਿਖਰਾਂ ਆਪ ਨੇ 'ਦੁਖ-ਹਰਣ ਪ੍ਰਕਾਸ਼' ਦੇ ਅੰਤਲੇ ਦੋ ਛੰਦਾਂ ਵਿਚ ਛੋਹੀਆਂ ਹਨ ਜਿਥੇ ਆਪਣਾ ਤੇ ਆਪਣੇ ਪਿੰਡ ਦਾ ਨਾਂ ਦਸਣ ਲਈ ਆਪ ਨੇ ਚੌਕੀ ਬੰਦ ਚਿਤ੍ਰਾਲੰਕਾਰ ਦੀ ਵਰਤੋਂ ਕੀਤੀ ਹੈ। ਇਨ੍ਹਾਂ ਛੰਦਾਂ ਨੂੰ ਆਮ ਪਾਠਕ ਨਹੀਂ ਸਮਝ ਸਕਦਾ। ਬਿਆਨ ਦੀ ਇਹ ਰੀਤੀ ਵੀ ਕਾਵਿ ਸ਼ਾਸਤਰ ਵਿਚ ਡੂੰਘੀ ਦਿਲਚਸਪੀ ਲੈਣ ਵਾਲੇ ਕਵੀਆਂ ਵਿਚ ਹੀ ਪ੍ਰਚਲਤ ਹੁੰਦੀ ਸੀ। ਨਵੇਂ ਪੋਚ ਵਿਚੋਂ ਤਾਂ ਬਹੁਤਿਆਂ ਨੇ ਸ਼ਾਇਦ ਇਸ ਦਾ ਨਾਂ ਵੀ ਨਾ ਸੁਣਿਆ ਹੋਵੇ। ਆਪਣਾ ਪਤਾ ਦਸਣ ਲਈ ਕਵੀ ਨੇ ਸਵੈਯਾ ਤੇ ਰਸਾਵਲ ਛੰਦਾਂ ਦੀ ਵਰਤੋਂ ਕੀਤੀ ਹੈ :

> ਲਿਖਹੂੰ ਲਖ ਲੇ ਲਖਤਾ ਜਿਹ ਕੋ, ਨਿਜ ਨਾਮ ਸੁ ਗ੍ਰਾਮ ਸਮੇਤ ਕਹੂੰ।
> ਬੁਧਿਮਾਨ ਪ੍ਰਮਾਨ ਸੁਜਾਨਤ ਹੈ, ਜਿਹ ਕਾਰਣ ਹੇਤ ਸੰਕੇਤ ਕਹੂੰ।
> ਇਸ ਚਾਲ ਕੀ ਢਾਲ ਕੇ ਖਯਾਲ ਹੁਤੇ, ਜੋ ਪਢੇ ਸੁ ਕਢੇ ਸਭ ਭੇਤ ਕਹੂੰ।
> ਤਜ ਕੇ ਇਹ ਛੰਦ ਪੜ੍ਹੇ ਨਿਚਲੀ, ਵਿਚਲੀ ਕਰ ਜੋੜ ਸੁਚੇਤ ਕਹੂੰ।[2]

ਭਾਵ ਇਹ ਹੈ ਕਿ ਕਵੀ ਨੇ ਆਪਣਾ ਤੇ ਪਿੰਡ ਦਾ ਨਾਂ ਬੁਧਿਮਾਨਾਂ ਦੇ ਸਮਝਣ ਵਾਸਤੇ ਸੰਕੇਤਕ ਭਾਸ਼ਾ ਵਿਚ ਲਿਖਿਆ ਹੈ। ਇਸ ਤੋਂ ਜਾਣੂ ਹੋਣ ਲਈ ਇਸ ਸਵੈਯੇ ਨੂੰ ਛਡ ਕੇ ਹੇਠਲੇ ਰਸਾਵਲ ਛੰਦ ਦੀ ਵਿਚਕਾਰਲੀ ਤੁਕ ਨੂੰ ਜ਼ਰਾ ਸੁਚੇਤ ਹੋ ਕੇ ਜੋੜ ਲੈਣਾ ਚਾਹੀਦਾ ਹੈ। ਰਸਾਵਲ ਇਹ ਹੈ :

> ਭਾਜ ਈਸ ਕੋ ਨਾਮ ਜਨਮ ਬ੍ਰਿਥਾ ਨਹਿੰ ਜਾਵੇ।
> ਖੋਇ ਮਾਨੁਸ਼ਾ ਦੇਹਿ ਚੁਰਾਸੀ ਗੇੜੇ ਖਾਵੇ।
> ਸਿੰਬਲ ਤੋਤਾ ਯਥਾ ਤਥਾ ਹੈ ਘਰੁ ਅਰੁ ਮਾਲ੍ਹਾ।
> ਛੁਟੇ ਜਮ ਨ ਤਬੀ ਛੋੜੁ ਸਭ ਆਯਾ ਖਯਾਲਾ।

ਆਮ ਪਾਠਕ ਇਸ ਦਾ ਭਾਵ ਇਹ ਕਢੇਗਾ 'ਭਾਈ ਵਾਹਿਗੁਰੂ ਦੇ ਨਾਮ ਦਾ ਭਜਨ ਕਰ ਜਿਸ ਤੋਂ ਤੇਰਾ ਮਨੁਖ ਜਨਮ ਬਿਰਥਾ-ਨਾ ਜਾਵੇ। ਇਸ ਅਵਸਰ ਨੂੰ ਖੁੰਝਾ

---

1. ਇਹ 1977 ਬਿਕ੍ਰਮੀ ਦੇ ਮਾਘ ਮਹੀਨੇ ਦਾ ਅਖੀਰ ਬਣਿਆ।
2. ਮੁਨਸ਼ਾ ਸਿੰਘ 'ਦੁਖੀ', ਦੁਖ ਹਰਣ ਪ੍ਰਕਾਸ਼, ਦੇਸ਼ ਸੇਵਕ ਬੁਕ ਏਜੰਸੀ, ਜਲੰਧਰ, ਪੰਨਾ 87।

Sri Satguru Jagjit Singh Ji Elibrary NamdhariElibrary@gmail.com

ਕੇ ਚੌਰਾਸੀ ਦੇ ਗੇੜੇ ਖਾਣੇ ਪੈਣਗੇ । ਜਿਵੇਂ ਸਿੰਬਲ ਦੇ ਫੁੱਲਾਂ ਵਲ ਦੇਖ ਕੇ ਤੋਤਾ ਠਗਿਆ ਜਾਂਦਾ ਹੈ ਤਿਵੇਂ ਹੀ ਤੂੰ ਇਸ ਮਾਇਆ ਮੋਹ ਵਿਚ ਫਸਿਆ ਹੋਇਆ ਹੈਂ । ਇਸ ਮਾਇਆ ਮੋਹ ਜਾਲ ਨੂੰ ਛਡ, ਤਦ ਹੀ ਜੰਮਣ, ਮਰਨ ਦਾ ਕਸ਼ਟ ਨਿਵਿਰਤ ਹੋਇਗਾ ਤੇ ਤੂੰ ਮੁਕਤੀ ਪ੍ਰਾਪਤ ਕਰ ਸਕੇਂਗਾ । ਜਿਸ ਵਿਚਕਾਰਲੀ ਤੁਕ ਨੂੰ ਜੋੜ ਕੇ ਕਵੀ ਦਾ ਪਤਾ ਮਿਲਣਾ ਹੈ ਉਸ ਦਾ ਤਾਂ ਕਿਤੇ ਖੁਰਾ ਖੋਜ ਮਿਲਦਾ ਹੀ ਨਹੀਂ । ਅਸਲ ਗਲ ਇਹ ਹੈ ਕਿ ਇਸ ਰਸਾਵਲਛੰਦ ਨੂੰ ਚਿਤ੍ਰਾਲੰਕਾਰ ਦੇ ਰੂਪ ਵਿਚ ਪੜ੍ਹਨ ਪਿਛੋਂ ਹੀ ਉਹ ਪਤਾ ਮਿਲ ਸਕਦਾ ਹੈ ਕਿਉਂਕਿ ਇਸ ਦੀ ਰਚਨਾ ਵਿਚ ਇਸ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ ਜਿਸ ਦਾ ਆਮ ਪਾਠਕ ਨੂੰ ਕੋਈ ਗਿਆਨ ਹੋ ਸਕਣਾ ਅਸੰਭਵ ਹੈ ਤੇ ਇਸੇ ਲਈ ਹੀ ਕਵੀ ਨੇ ਆਪ ਵੀ ਪਾਠਕ ਨੂੰ ਪਹਿਲਾਂ ਹੀ ਸਾਵਧਾਨ ਕਰ ਦਿਤਾ ਸੀ । ਚਿਤ੍ਰਾਲੰਕਾਰ ਵਾਲਾ ਚਿਤ੍ਰ ਬਣਨ ਤੋਂ ਬਿਨਾਂ ਇਸ ਨੂੰ ਨਾ ਤਾਂ ਸਹੀ ਰੂਪ ਵਿਚ ਪੜ੍ਹਿਆ ਹੀ ਜਾ ਸਕਦਾ ਹੈ ਤੇ ਨਾ ਹੀ ਤੁਕ ਦਾ ਜੋੜ ਹੋ ਸਕਦਾ । ਇਹ ਚੌਕੀਬੰਦ ਚਿਤਰ ਇਸ ਤਰ੍ਹਾਂ ਬਣੇਗਾ :



'ਭ' ਵਾਲੀ ਵਿਚਕਾਰਲੀ ਤੁਕ ਹੇਠਾਂ ਨੂੰ ਪੜ੍ਹਨ ਨਾਲ ਪਾਠਕ ਦੇ ਪੱਲੇ ਪਵੇਗਾ 'ਭਾਈ ਮੁਨਸ਼ਾ ਸਿੰਘ ਜੰਡਿਆਲਾ ।'

ਚਿਤ੍ਰਾਲੰਕਾਰ ਆਪਣੇ ਆਪ ਵਿਚ ਇਕ ਹੁਨਰ ਹੈ ਪਰ ਇਹ ਦੀਮਾਗੀ ਕਸਰਤ ਵੀ ਕਰਵਾਉਂਦਾ ਹੈ । ਸਿਰਫ ਇਹੋ ਨਹੀਂ ਸਗੋਂ ਕਈ ਹੋਰ ਵੀ ਅਜਿਹੇ ਅਲੰਕਾਰ ਹਨ ਜਿਨ੍ਹਾਂ ਵਿਚੋਂ ਕਾਵਿ ਅਨੰਦ ਪ੍ਰਾਪਤ ਕਰਨ ਤੋਂ ਪਹਿਲਾਂ ਮਿਹਨਤ ਕਰਨੀ ਪੈਂਦੀ ਹੈ । ਉਦਾਹਰਣ ਵਜੋਂ, ਇਸੇ ਪੁਸਤਕ ਦੇ ਅੰਤਲੇ ਕੁਝ ਛੰਦਾਂ ਵਿਚ ਇਕ ਕਬਿਤ ਤੇ ਇਕ ਸੋਰਠਾ ਛੰਦ ਲਿਖੇ ਮਿਲਦੇ ਹਨ । ਕਾਵਿ ਭਾਸ਼ਾ ਵਿਚ ਇਨ੍ਹਾਂ ਨੂੰ ਅੰਤਰ-ਲਾਪਿਕਾ ਪ੍ਰਸ਼ਨੋਤਰ ਕਿਹਾ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ। ਰੂਪਕ ਪਖ ਦੇ ਕਮਾਲ ਨੂੰ ਆਪਣੇ ਵਿਚ ਸਮੋਈ ਬੈਠੇ ਇਨ੍ਹਾਂ ਛੰਦਾਂ ਵਿਚੋਂ ਕੇਵਲ ਇਕ ਨੂੰ ਹੀ ਪਾਠਕਾਂ ਨਾਲ ਸਾਂਝਿਆਂ ਕੀਤਾ ਜਾ ਰਿਹਾ ਹੈ। ਇਹ ਹੈ ਸੋਰਠਾ। ਇਸ ਵਿਚ ਵਿਦਵਤਾ ਦੀ ਗਲ ਇਹ ਹੈ ਕਿ ਇਸ ਦੀ ਹਰੇਕ ਤੁਕ ਵਿਚ ਪ੍ਰਸ਼ਨ ਵੀ ਹੈ ਤੇ ਉਤਰ ਵੀ, ਪਰ ਉਤਰ ਸਪਸ਼ਟ ਰੂਪ ਵਿਚ ਵਖਰਾ ਨਹੀਂ ਦਿਤਾ ਹੋਇਆ ਸਗੋਂ ਸ਼ਬਦਾਂ ਦੇ ਉਚਾਰਨ ਦੇ ਹੇਰ ਫੇਰ ਨਾਲ ਹੀ ਪ੍ਰਾਪਤ ਹੁੰਦਾ ਹੈ :

ਕਾਂ ਕੋ ਨਹਿੰ ਵਿਸ਼ਵਾਸ ? ਕੋ ਕਲ ਮੀਠੇ ਬੈਨ ਕਹਿ ?
ਕਾਮਨਿ ਚਿਤਵੇ ਤ੍ਰਾਸ ? ਕਾ ਜੋ ਵਸਤ ਦ੍ਰਿਸ਼ਤ ਨਹਿੰ ?

ਪਹਿਲੀ ਤੁਕ ਵਿਚ 'ਕਾਂ ਕੋ' ਨਹਿੰ ਵਿਸ਼ਵਾਸ ? ਦਾ ਅਰਥ ਹੈ 'ਕਿਸ ਨੂੰ ਇਤਬਾਰ ਨਹੀਂ ਆਉਂਦਾ ?' ਹੁਣ ਇਸੇ ਦੇ ਪਹਿਲੇ ਦੋ ਸ਼ਬਦਾਂ ਨੂੰ ਵਖ ਵਖ ਉਚਾਰਨ ਕਰ ਕੇ ਪੜ੍ਹਿਆ ਜਾਵੇ ਤਦ ਬਣ ਜਾਂਦਾ ਹੈ ਕਾਂ ਕੋ। ਅਰਥਾਤ ਕਾਂ ਨੂੰ ਵਿਸ਼ਵਾਸ ਨਹੀਂ ਹੁੰਦਾ। ਪਹਿਲੇ ਪ੍ਰਸ਼ਨ ਦਾ ਉਤਰ ਮਿਲ ਗਿਆ। ਇਸੇ ਤਰ੍ਹਾਂ ਅਗਲੇ ਅਧ ਨੂੰ ਵਿਚਾਰ ਲਵੋ। ਕੋ ਕਲ ਮੀਠੇ ਬੈਨ ਕਹਿ ? ਅਰਥਾਤ ਆਪਣੇ ਗਲੇ ਚੋਂ ਕੌਣ ਮਿਠੇ ਬਚਨ ਜਾਂ ਮਿਠੀ ਆਵਾਜ਼ ਕਢਦਾ ਹੈ ? ਹੁਣ ਕੋ ਕਲ ਨੂੰ ਜੋੜ ਕੇ ਪੜ੍ਹਨ ਨਾਲ ਬਣਿਆ ਕੋਕਲ ਅਰਥਾਤ ਕੋਇਲ। ਇਸੇ ਤਰ੍ਹਾਂ ਬਾਕੀ ਦੀ ਤੁਕ ਵਿਚ ਪ੍ਰਸ਼ਨ ਉਤਰ ਦਰਜ ਹਨ।

ਕਵੀ ਕੁਟੀਆ ਕਲਕੱਤਾ ਦੀ ਸਥਾਪਨਾ ਹੋ ਜਾਣ ਪਿਛੋਂ ਰਚੀਆਂ ਗਈਆਂ ਕਵਿਤਾਵਾਂ ਵਿਚ ਰੂਪਕ ਪਖ ਦੀ ਪਕਿਆਈ ਕਮਾਲ ਦੀ ਹੈ। ਕਵੀ ਦੇ ਦਿਮਾਗ ਵਿਚ ਭਾਂਤ ਭਾਂਤ ਦੇ ਛੰਦਾਂ ਤੇ ਅਾਲੰਕਾਰਾਂ ਦਾ ਜਿਵੇਂ ਭੰਡਾਰ ਹੀ ਭਰ ਗਿਆ ਹੋਵੇ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਹੁਣ ਕਵੀ ਉਮਰ ਦੇ ਪਖੋਂ ਸਿਆਣਪ ਵਿਚ ਪੈਰ ਵੀ ਧਰਨ ਲਗ ਗਿਆ ਸੀ ਤੇ ਸਮੇਂ ਦਾ ਟਿਕਾਊ ਵੀ ਵਧੇਰੇ ਮਿਲ ਗਿਆ ਸੀ।

ਦੂਜੀ ਬਦੇਸ਼ ਯਾਤਰਾ ਸਮੇਂ ਆਪ ਦਾ ਝੁਕਾਉ ਸਰੋਦੀ ਕਾਵਿ ਵਲ ਨੂੰ ਵਧੇਰੇ ਹੋ ਗਿਆ ਜਾਪਦਾ ਹੈ ਜਿਸ ਕਰ ਕੇ ਆਪ ਨੇ ਰੁਬਾਈਆਂ ਲਿਖਣੀਆਂ ਆਰੰਭ ਦਿਤੀਆਂ। ਇਸ ਦਾ ਇਕ ਕਾਰਨ ਸ਼ਾਇਦ ਕਿਸੇ ਗਲ ਨੂੰ ਘਟ ਤੋਂ ਘਟ ਸ਼ਬਦਾਂ ਵਿਚ ਬਿਆਨ ਕਰਨ ਦਾ ਸ਼ੌਕ ਵੀ ਹੋਵੇ। ਇਹ ਕ੍ਰਮ ਕਵੀ ਜੀ ਦੇ ਅੰਤਮ ਸਵਾਸਾਂ ਤਕ ਚਲਦਾ ਰਿਹਾ। ਪਾਠਕ ਦੇਖ ਹੀ ਚੁਕੇ ਹਨ ਕਿ ਆਪ ਨੇ ਅੰਤਮ ਸਵਾਸ ਲੈਣ ਸਮੇਂ ਵੀ ਜੋ ਆਪਣੇ ਜੀਵਨ ਦੀ ਅੰਤਮ ਰਚਨਾ ਕੀਤੀ ਉਹ ਵੀ ਰੁਬਾਈ ਦੇ ਰੂਪ ਵਿਚ ਹੀ ਸੀ ਪਰ ਆਪ ਨੇ ਰੁਬਾਈ ਦੀ ਸੰਖੇਪਤਾ ਵਿਚ ਵੀ ਮੁਹਾਵਰੇ ਤੇ ਅਖਾਣਾਂ ਦੀ ਵਰਤੋਂ ਕਰ ਕੇ ਕਮਾਲ ਹੀ ਕਰ ਦਿਤਾ ਹੈ। ਇਨ੍ਹਾਂ ਵਿਚ ਮੈਦਾਨੀ ਇਲਾਕੇ ਵਿਚ ਵਗਦੀ ਨਦੀ ਦੀ ਤੋਰ ਵਾਲੀ ਰਵਾਨੀ ਹੈ, ਸਕਤਾ ਦੇਖਣ ਨੂੰ ਵੀ ਨਹੀਂ ਮਿਲਦਾ।

Sri Satguru Jagjit Singh Ji Elibrary NamdhariElibrary@gmail com

## ਅਧਿਆਇ ਚੌਥਾ

## ਵਾਰਤਾਕਾਰ ਮੁਨਸ਼ਾ ਸਿੰਘ 'ਦੁਖੀ'

'ਦੁਖੀ' ਜੀ ਨੇ ਸ਼ੌਕ, ਲਗਨ ਤੇ ਮਿਹਨਤ ਨਾਲ ਕਵਿਤਾ ਵਿਚ ਕੇਵਲ ਆਪ ਹੀ ਨਿਪੁੰਨਤਾ ਤੇ ਉਸਤਾਦੀ ਪ੍ਰਾਪਤ ਨਹੀਂ ਸੀ ਕੀਤੀ ਸਗੋਂ, ਜਿਵੇਂ ਪਾਠਕ ਪਿਛਲੇ ਪੰਨਿਆਂ ਤੇ ਪੜ੍ਹ ਹੀ ਚੁਕੇ ਹਨ, ਆਪ ਨੇ ਹੋਰਨਾਂ ਕਿੰਨੇ ਪੰਜਾਬੀ ਪਿਆਰਿਆਂ ਨੂੰ ਵੀ ਇਸ ਪੱਧਰ ਤਕ ਪੁਚਾਇਆ ਸੀ। ਇਸ ਦਾ ਇਹ ਭਾਵ ਕਦਾਚਿਤ ਨਹੀ ਸਮਝਣਾ ਚਾਹੀਦਾ ਕਿ ਆਪ ਲਿਖਣ ਖੇਤਰ ਵਿਚ ਸਾਹਿਤ ਦੇ ਕਿਸੇ ਹੋਰ ਰੂਪ ਦੇ ਗਿਆਨ ਤੋਂ ਕੋਰੇ ਸਨ ਜਾਂ ਕਵਿਤਾ ਤੋਂ ਬਿਨਾਂ ਆਪ ਨੇ ਸਾਹਿੱਤ ਦੇ ਕਿਸੇ ਦੂਜੇ ਰੂਪ ਤੇ ਹੱਥ ਨਹੀਂ ਸੀ ਅਜ਼ਮਾਇਆ।

ਬਹੁਤੇ ਲੋਕਾਂ ਦਾ ਵਿਸ਼ਵਾਸ ਹੈ ਕਿ ਜੋ ਵਿਅਕਤੀ ਬਹੁਤੇ ਭਾਸ਼ਣ ਸੁਣਦਾ ਹੈ ਉਹ ਚੰਗਾ ਬੁਲਾਰਾ ਬਣ ਸਕਦਾ ਹੈ। ਇਵੇਂ ਹੀ, ਬਹੁਤੇ ਚੰਗੇ ਲੇਖਕਾਂ ਨੂੰ ਕਿਸੇ ਵਿਸ਼ੇਸ਼ ਸਾਹਿਤਕ ਮਨੋਰਥ ਨਾਲ ਪੜ੍ਹਨ ਵਾਲਾ ਵਿਅਕਤੀ ਚੰਗਾ ਲੇਖਕ ਬਣ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਉਸ ਵਿਚ ਲਿਖਣ ਜਾਂ ਬੋਲਣ ਦੀ ਰੁਚੀ ਕਾਇਮ ਹੋਵੇ। ਕੁਦਰਤ ਵਲੋਂ ਪ੍ਰਦਾਨ ਹੋਣ ਵਾਲੇ ਸਾਹਿਤ-ਬੀਜ ਦੀ ਗਲ ਅਸੀਂ ਪਿਛਲੇ ਪੰਨਿਆਂ ਤੇ ਕਰ ਹੀ ਚੁਕੇ ਹਾਂ। ਸਾਡੇ ਅਨੁਸਾਰ, ਇਸ ਦਾ ਹੋਣਾ ਜ਼ਰੂਰੀ ਹੈ ਤੇ ਜਦੋਂ ਕੋਈ ਵਿਅਕਤੀ ਚੰਗਾ ਲੇਖਕ ਜਾਂ ਸਾਹਿਤਕਾਰ ਬਣਦਾ ਹੈ ਤਦ ਉਸ ਦੀ ਨਿਪੁੰਨਤਾ ਵਿਚ ਕੁਦਰਤ ਦਾ ਹਥ ਪਹਿਲਾਂ ਅਤੇ ਵਧੇਰੇ ਹੁੰਦਾ ਹੈ ਨਹੀਂ ਤਾਂ ਹੋਰ ਕਿੰਨੇ ਧਨ ਉਪਜਾਊ ਖੇਤਰ ਛਡ ਕੇ ਸੁਰਸਤੀ ਦੇਵੀ ਵਲ ਨੂੰ ਛੇਤੀ ਕੀਤੇ ਕੋਈ ਮੂੰਹ ਵੀ ਨਾ ਕਰੇ ਜਿਸ ਦੀ ਲਛਮੀ ਨਾਲ ਬਹੁਤ ਹੀ ਘਟ ਬਣਦੀ ਹੈ।

'ਦੁਖੀ' ਜੀ, ਲਗਦੀ ਵਾਹੇ, ਪੜ੍ਹਨ ਤੇ ਸੁਣਨ ਦੇ ਦੋਵੇਂ ਮੌਕੇ ਹਥੋਂ ਨਹੀਂ ਸਨ ਜਾਣ ਦਿੰਦੇ; ਇਸ ਲਈ ਇੰਗਲੈਂਡ ਦੇ ਸਵਰਗੀ ਪ੍ਰਧਾਨ ਮੰਤਰੀ ਗਲੈਡਸਟੋਨ (Gladstone) ਵਾਂਗ ਉਹ ਲਿਖਣ ਤੇ ਬੋਲਣ, ਦੋਹਾਂ ਕਲਾ-ਖੇਤਰਾਂ ਵਿਚ ਹੀ ਨਿਪੁੰਨ ਸਨ।

ਆਪ ਨੇ ਨਿਰਸੰਦੇਹ ਸਾਹਿਤ ਵਿਚ ਪ੍ਰਵੇਸ਼ ਕਾਵਿ ਦਰਵਾਜ਼ਿਓਂ ਕੀਤਾ। ਵਾਰਤਕ ਰਚਨਾ ਵਲ ਨੂੰ ਝੁਕਾਉ ਤਾਂ ਬਹੁਤ ਪਿਛੋਂ ਜਾ ਕੇ ਹੋਇਆ। ਵਜੂਦ ਦੇ ਪਖੋਂ ਆਪ ਦੀ ਵਾਰਤਕ ਰਚਨਾ, ਕਾਵਿ ਰਚਨਾ ਨਾਲੋਂ ਘਟ ਨਹੀਂ। ਕਾਵਿ ਰਚਨਾ ਦਾ ਮੁਢ ਪਿੰਡ ਦੇ ਨੰਬਰਦਾਰ ਦੇ ਖੂੰਡੇ ਦੀ ਸਿਫਤ ਤੋਂ ਬੱਝਾ ਸੀ ਤੇ ਵਾਰਤਕ ਰਚਨਾ ਦਾ ਸ੍ਰੀਗਣੇਸ਼, ਕੈਨੇਡਾ ਵਿਚ, ਇਕ ਅੰਗਰੇਜ਼ ਅਫਸਰ ਵਲੋਂ ਰਚੀ ਗਈ ਸਾਜ਼ਸ਼ ਅਧੀਨ ਇਕ ਦੇਸ਼ ਭਗਤ ਅਤੇ ਗ਼ਦਰੀ ਕਵੀ, ਭਗਵਾਨ ਸਿੰਘ 'ਪ੍ਰੀਤਮ' ਦੀ ਗ੍ਰਿਫਤਾਰੀ ਕਾਰਨ ਪੈਦਾ ਹੋਏ ਰੋਹ ਦੇ ਫਲਸਰੂਪ ਹੋਇਆ ਸੀ।

ਆਪ ਦੀ ਵਾਰਤਕ ਰਚਨਾ ਨੂੰ ਵੀ ਅਗੋਂ ਕਈ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਕਿਉਂਕਿ, ਨਾਟਕ ਨੂੰ ਛਡ ਕੇ, ਆਪ ਨੇ ਸਾਹਿਤ ਦੇ ਲਗਪਗ ਹਰ ਰੂਪ ਤੇ ਹੀ ਕਲਮ

Sri Satguru Jagjit Singh Ji Elibrary NamdhariElibrary@gmail com

ਚਲਾਈ ਹੈ । ਇਸ ਹਿਸਾਬ ਅਸੀਂ ਇਸ ਨੂੰ ਨਿਬੰਧ, ਜੀਵਨੀ ਸਾਹਿਤ, ਇਤਿਹਾਸ, ਆਲੋਚਨਾ, ਪੁਸਤਕ ਆਲੋਚਨਾ, ਅਨੁਵਾਦ ਤੇ ਗਲਪ ਆਦਿ ਸੱਤ ਭਾਗਾਂ ਵਿਚ ਕਰ ਕੇ ਵਿਚਾਰ ਸਕਦੇ ਹਾਂ । ਨਿਬੰਧਾਂ ਵਿਚ, ਵਖੋ ਵਖ ਸਾਹਿਤ ਪੱਤਰਾਂ ਲਈ ਲਿਖੇ ਲੇਖਾਂ ਤੋਂ ਬਿਨਾਂ, ਵਖੋ ਵਖ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਭਿੰਨ ਭਿੰਨ ਸਮਿਆਂ ਤੇ, ਅਤੇ ਅਲੱਗ ਅਲੱਗ ਵਿਸ਼ਿਆਂ ਤੇ ਲਿਖੇ ਗਏ ਲੇਖ ਵੀ ਸ਼ਾਮਲ ਹਨ ।

ਆਪ ਦੀ ਪਹਿਲੀ ਵਾਰਤਕ ਰਚਨਾ ਕੋਈ ਛੋਟਾ ਲੇਖ ਨਾ ਹੋ ਕੇ ਇਕ ਪੂਰੇ ਦਾ ਪੂਰਾ ਕਿਤਾਬਚਾ ਸੀ ਜਿਸ ਦੇ ਲਗਪਗ 8 X 10" ਦੇ ਆਕਾਰ ਦੇ ਸੋਲਾਂ ਪੰਨੇ ਹਨ ਤੇ ਲਿਖਤ ਵੀ ਕਾਫੀ ਸੰਘਣੀ ਹੈ । ਇਸ ਦਾ ਨਾਂ ਸੀ 'ਗੋਰੇਸ਼ਾਹੀ ਜ਼ੁਲਮ ।'

**ਵਿਸ਼ਾ ਵਸਤੂ :**

ਆਪ ਦੀ ਵਾਰਤਕ ਦਾ ਵਿਸ਼ਾ ਵਸਤੂ ਵੀ ਮੁਖ ਤੌਰ ਤੇ ਉਹੀ ਹੈ ਜੋ ਕਾਵਿ ਰਚਨਾ ਦਾ । ਆਪ ਨੇ ਹਰ ਤਰੀਕੇ, ਦੇਸ਼ ਭਗਤੀ, ਅੰਗਰੇਜ਼ੀ ਰਾਜ ਦਾ ਵਿਰੋਧ ਅਤੇ ਗਦਰ ਆਦਿ ਵਿਸ਼ੇ ਹੀ ਸਾਹਮਣੇ ਰਖੇ ਹਨ । ਅੰਗਰੇਜ਼ ਵਿਰੁਧ ਵਿਦਰੋਹ ਦੀ ਭਾਵਨਾ ਭੜਕਾਉਣ, ਸੁਤੰਤਰਤਾ ਲਈ ਜਦੋ ਜਹਿਦ ਕਰਨ ਵਾਸਤੇ ਪੰਜਾਬੀਆਂ ਨੂੰ ਜਾਗ੍ਰਿਤ ਵਿਚ ਲਿਆਉਣ ਦੇ ਮਨੋਰਥ ਨਾਲ ਵੀ ਆਪ ਨੇ ਵਾਰਤਕ ਰਚਨਾ ਕੀਤੀ ਹੈ । ਇਸ ਤੋਂ ਬਿਨਾ ਸਮਾਜ ਸੁਧਾਰ, ਧਰਮ ਅਤੇ ਨਿਰੋਲ ਸਾਹਿਤਕ ਵਿਸ਼ਿਆਂ ਨੂੰ ਵੀ ਆਪ ਨੇ ਅਖੋਂ ਉਹਲੇ ਨਹੀਂ ਕੀਤਾ ।

ਆਪ ਦੀ ਵਾਰਤਕ ਵੀ ਕਵਿਤਾ ਨਾਲੋਂ ਕੋਈ ਘਟ ਅਗ ਨਹੀਂ ਉਗਲਦੀ । ਇਸ ਦੀ ਉਦਾਹਰਣ ਤਾਂ ਆਪ ਦੀ ਪਹਿਲੀ ਵਾਰਤਕ ਰਚਨਾ ਦੀ ਪਹਿਲੀ ਸਤਰ ਤੋਂ ਹੀ ਦੇਖੀ ਜਾ ਸਕਦੀ ਹੈ :

> "ਓਏ ਹਿੰਦੁਸਥਾਨ ਦੇ ਬਚਿਓ, ਹੋਸ਼ ਕਰੋ, ਅਜ ਤੁਸਾਂ ਪੁਰ ਹਦ ਤੋਂ ਵਧ ਸਖਤੀਆਂ ਹੋ ਰਹੀਆਂ ਹਨ । ਕੀ ਤੁਸੀਂ ਅਜੇ ਭੀ ਅਖੀਆਂ ਨਹੀਂ ਖੋਲੋਗੇ ?....... ਪਿਆਰੇ ਸਜਣੋਂ, ਮੇਰੇ ਵਾਸਤੇ 19 ਨਵੰਬਰ ਦਾ 'ਮਾਤਮੀ ਦਿਨ ਹਮੇਸ਼ਾ ਵਾਸਤੇ ਸੋਗੀ ਦਿਣ ਹੈ । ਜਿਸ ਤਰ੍ਹਾਂ ਭਾਇਆਂ ਭਾਇਆਂ ਤੋ ਮਾਂ ਪੁਤਰ ਦੇ ਵਿਛੋੜੇ ਦੇ ਦਿਨ ਵੈਣ ਪਾਉਂਦੀ ਹੈ ਓਸੇ ਤਰ੍ਹਾਂ ਜ਼ਾਲਮ ਅੰਗਰੇਜ਼ ਦੇ ਰਾਜ ਅੰਦਰ ਮੈਂ 19 ਨਵੰਬਰ ਨੂੰ ਵੈਣ ਪਾਵਾਂਗਾ । ਏਸ ਦਿਨ ਸਾਡੇ ਪਿਆਰੇ ਕੌਮ ਹਿਤਕਾਰੀ ਹਿੰਦੁਸਤਾਨ ਦੇ ਸਪੁਤ੍ਰ ਭਗਵਾਨ ਸਿੰਘ ਨੂੰ ਏਸ ਬੇਦਰਦੀ ਤੇ ਸਾਨੂੰ ਬੜਾ ਧੋਖਾ ਦੇ ਕੇ ਕਨੇਡੇ ਵਿਚੋਂ ਦੇਸ਼ ਨਿਕਾਲਾ ਦਿਤਾ ਗਿਆ ਹੈ ।"[1]

ਅੰਗਰੇਜ਼ ਅਫਸਰ ਰੀਡ[2] ਵਲੋਂ, ਭਗਵਾਨ ਸਿੰਘ ਦੇ ਮੁਕਦਮੇ ਦੀ ਤਾਰੀਖ ਇਕ

---

1. ਮੁਨਸ਼ਾ ਸਿੰਘ 'ਦੁਖੀ', ਗੋਰੇਸ਼ਾਹੀ ਜ਼ੁਲਮ, ਗਦਰ ਆਸ਼ਰਮ, ਸਨਫਰਾਂਸਿਸਕੋ, ਪੰਨਾ 3। ਇਹ ਕਿਤਾਬਚਾ 1913 ਵਿਚ ਗਦਰ ਆਸ਼ਰਮ ਵਲੋਂ 10,000 ਦੀ ਗਿਣਤੀ ਵਿਚ ਛਪ ਵਾ ਕੇ ਵੰਡਿਆ ਗਿਆ ਸੀ।
2. ਰੀਡ—ਹਿੰਦ ਵਿਚੋਂ ਕੇਨੇਡੇ ਗਿਆ ਇਕ ਅੰਗਰੇਜ਼ ਅਫਸਰ "ਜਿਹੜਾ ਹਿੰਦੁਸਤਾਨ ਵਿਚ ਵੀ ਸਾਡੀ (ਦੇਸ਼ ਭਗਤਾਂ ਦੀ) ਰਤ ਚੂਸਦਾ ਆਇਆ ਸੀ ।" ਨਿਮਕਹਰਾਮ ਦੇਸ਼ ਘਾਤੀਆਂ ਨੇ ਉਸ ਦਾ ਉਥੇ ਵੀ ਸਾਥ ਦਿਤਾ। (ਗੋਰੇਸ਼ਾਹੀ ਜ਼ੁਲਮ ਪੰਨਾ 4)

Sri Satguru Jagjit Singh Ji Elibrary          NamdhariElibrary@gmail com

ਮਹੀਨਾ ਹੋਰ ਅਗੇ ਪਾ ਦਿਤੇ ਜਾਣ ਦੀ ਝੂਠੀ ਗਲ ਫੈਲਾਉਣ ਪਿਛੋਂ ਉਸ ਨੂੰ ਇਕਲਿਆਂ ਵੇਖ ਕੇ, ਉਸ ਦੇ ਸਾਥੀ ਨੂੰ ਦੋ ਹਜ਼ਾਰ ਡਾਲਰ ਵਢੀ ਦੇ ਕੇ ਉਸ ਨਾਲੋਂ ਵਖ ਕਰ ਲੈਣ ਪਿਛੋਂ ਭਗਵਾਨ ਸਿੰਘ ਨੂੰ ਧੋਖੇ ਨਾਲ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਘਟਨਾ ਦੀ ਖਬਰ ਇਕ ਆਦਮੀ ਵਲੋਂ ਪੰਜਾਬੀ ਭਰਾਵਾਂ ਅਤੇ ਉਨ੍ਹਾਂ ਦੇ ਵਕੀਲ ਨੂੰ ਦੱਸੇ ਜਾਣ ਦਾ ਜ਼ਿਕਰ ਇਉਂ ਕੀਤਾ ਹੈ :

'ਪਿਆਰੇ, ਬਦਕਿਸਮਤ ਭਰਾਵੋ, ਭਾਵੇਂ ਸਾਡੇ ਨਾਲ ਹਦ ਥੀਂ ਵਧ ਜ਼ੁਲਮ ਹੋ ਰਿਹਾ ਹੈ ਪਰ ਅਜ ਤਾਂ ਠੀਕ ਅਸਮਾਨ ਟੁਟ ਪਿਆ ਹੈ। ਮੈਨੂੰ ਹੁਣ ਪਕਾ ਭਰੋਸਾ ਹੋ ਗਿਆ ਹੈ ਕਿ ਅਗੇ ਤਾਂ ਦੇਸ਼ ਵਿਚ ਤੋਪਾਂ ਅਗੇ ਉਡਾਇ ਜਾਂਦੇ ਸਾਂ ਪਰ ਹੁਣ ਸਾਰੀ ਦੀ ਸਾਰੀ ਦੁਨੀਆਂ ਸਾਨੂੰ ਕੁਤਿਆਂ ਤੋਂ ਪੜਵਾਇਆ ਕਰੂਗੀ। ਭਾਵੇਂ ਅਗੇ ਭੀ ਮੈਂ ਜਾਣਦਾ ਸੀ ਏਹ ਬੇਈਮਾਨ ਅੰਗਰੇਜ਼ ਸਾਨੂੰ ਦੁਨੀਆਂ ਪੁਰ ਦੇਖਣਾ ਨਹੀਂ ਚਾਹੁੰਦੇ ਪਰ ਫੇਰ ਭੀ ਜਿਥੇ ਤਕ ਹੁੰਦਾ ਸੀ ਲੁਕਾ ਹੀ ਕਰਦੇ ਸਨ। ਅਜ ਤਾਂ ਅਖੀਂ ਦੇਖ ਲਿਆ। ਹੁਣ ਬਿਨਾਂ ਮਰੇ ਮਾਰੇ ਹੋਰ ਕੋਈ ਬਚਣ ਦਾ ਤਰੀਕਾ ਨਹੀਂ ਦਿਸਦਾ।[1]

ਕੈਨੇਡਾ ਵਿਚ ਹੀ ਆਪ ਨੇ ਇਕ ਹੋਰ ਵਾਰਤਕ ਪੁਸਤਕ, ਕਰਤਾਰ ਸਿੰਘ ਚੰਦ ਨਾਲ ਰਲ ਕੇ ਲਿਖੀ ਸੀ ਜਿਸ ਦਾ ਨਾਂ ਸੀ 'ਦੁਸ਼ਮਣ ਦੀ ਖੋਜ ਭਾਲ।' ਇਸ ਪੁਸਤਕ ਦਾ ਵਿਸ਼ਾ ਜਾਸੂਸੀ ਦੀ ਕਲਾ ਨਾਲ ਸਬੰਧਤ ਸੀ ਜਿਸ ਦਾ ਜ਼ਿਕਰ ਦੂਜੇ ਅਧਿਆਇ ਵਿਚ ਕੀਤਾ ਜਾ ਚੁਕਾ ਹੈ।

**ਧਰਮ :**

ਪਿਛਲੇ ਪੰਨਿਆਂ ਤੇ ਆਪ ਦੀ ਧਾਰਮਕ ਭਾਵਨਾ ਬਾਰੇ ਅਸੀਂ ਕਾਫੀ ਕੁਝ ਪੜ੍ਹ ਚੁਕੇ ਹਾਂ। ਵਾਰਤਕ ਰਚਨਾ ਵਿਚ ਵੀ, ਦੂਜਾ ਪ੍ਰਧਾਨ ਵਿਸ਼ਾ ਧਰਮ ਨੂੰ ਗਿਣਿਆ ਜਾ ਸਕਦਾ ਹੈ। ਧਰਮ ਸਬੰਧੀ ਆਪ ਦਾ ਸਿਧਾਂਤ, ਵਾਰਤਕ ਰਚਨਾ ਵਿਚ ਵੀ ਉਹੋ ਜਿਹਾ ਹੀ ਹੈ ਜਿਹੋ ਜਿਹਾ ਕਾਵਿ ਰਚਨਾ ਵਿਚ। "ਮੇਰੀ ਧਾਰਮਕਤਾ ਸ਼ੁਰੂ ਤੋਂ ਹੀ ਕਟੜਪੰਥੀਆਂ ਵਾਲੀ ਨਹੀਂ ਰਹੀ। ਖੁਲ੍ਹ ਖਿਆਲੀ ਤੇ ਅਸਲ ਗੁਣਾਂ ਦੀ ਪਛਾਣ ਦਾ ਚਾਹਵਾਨ ਰਿਹਾ ਹਾਂ। ਹਾਂ, ਉਮਰ, ਤਜਰਬੇ ਤੇ ਵਖੋ ਵਖ ਜਾਤਾਂ, ਕੌਮਾਂ ਤੇ ਨਸਲਾਂ ਦੇ ਸੰਪਰਕ ਨੇ ਹੌਲੀ-ਹੌਲੀ ਮੇਰਾ ਦ੍ਰਿਸ਼ਟੀਕੋਣ ਚੇਤੇਰਾ ਕੀਤਾ ਹੈ,"[2] ਉਨ੍ਹਾਂ ਦੀ ਮਨੌਤ ਸੀ। ਉਨ੍ਹਾਂ ਦੀ ਸੋਚ ਅਨੁਸਾਰ ਧਰਮ ਦੀ ਪ੍ਰੀਭਾਸ਼ਾ ਸੀ 'ਨਿਜੀ ਜੀਵਨ ਦੀ ਉਚਾਈ ਨਾ ਕਿ ਭੇਖ ਜੰਜਾਲ।"[3]

ਕਵਿਤਾ ਵਾਂਗ ਵਾਰਤਕ ਰਚਨਾਵਾਂ ਵਿਚ ਧਰਮ ਸਬੰਧੀ ਪ੍ਰਗਟਾਏ ਆਪ ਦੇ ਵਿਚਾਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਤਾਂ ਗੁਰਪੁਰਬ ਆਦਿ ਵਿਸ਼ੇਸ਼ ਮੌਕਿਆਂ ਨਾਲ ਸਬੰਧਤ ਹੈ ਤੇ ਦੂਜਾ ਆਮ ਧਾਰਮਕ ਜੀਵਨ ਨਾਲ। ਇਸ ਦੇ ਅਗੋਂ ਫਿਰ ਦੋ ਹਿਸੇ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਇਕ ਵਿਚ ਤਾਂ ਉਹ ਰਚਨਾ ਆ ਜਾਇਗੀ ਜੋ ਗੁਰੂ ਸਾਹਿਬ ਵਲੋਂ ਦਰਸਾਏ ਜੀਵਨ ਆਦਰਸ਼ ਵਿਚ ਸ਼ਰਧਾ ਪ੍ਰਗਟਾ ਕੇ ਉਸ ਨੂੰ ਇਨਸਾਨਾਂ ਵਾਂਗ ਅਪਣਾ ਕੇ ਚੰਗਾ ਜੀਵਨ ਜਿਉਣ ਦੀ ਪਰੇਰਨਾ ਨਾਲ

1. ਮੁਨਸ਼ਾ ਸਿੰਘ 'ਦੁਖੀ', ਗੋਰੇ ਸ਼ਾਹੀ ਜ਼ੁਲਮ, ਸਨਫਰਾਂਸਿਸਕੋ, ਪੰਨਾ, 7।
2. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ, 1965।

Sri Satguru Jagjit Singh Ji Elibrary NamdhariElibrary@gmail.com

ਭਰਪੂਰ ਹੈ ਤੇ ਦੂਜੇ ਵਿਚ 'ਮੰਦਾ ਕੁਤਾ ਖਸਮੇ ਗਾਲ' ਦੀ ਲੋਕੋਕਤੀ ਤੋਂ ਬਚਣ ਬਚਾਉਣ ਦੇ ਵਿਚਾਰ ਨਾਲ, ਧਰਮ ਦੇ ਪਰਦੇ ਹੇਠ ਕੀਤੇ ਜਾਂਦੇ ਗੁਨਾਹਾਂ ਤੇ ਗਲਤ ਕੰਮਾਂ ਦੀ ਆਲੋਚਨਾ ਤੇ ਵਿਰੋਧਤਾ।

ਸਿਖ ਪੰਥ ਵਿਚ ਚਾਹੇ ਸਾਰੇ ਗੁਰਪੁਰਬਾਂ ਨੂੰ ਇਕੋ ਜਹੀ ਮਹਾਨਤਾ ਦਿਤੀ ਜਾਂਦੀ ਹੈ ਤੇ ਇਹ ਹੈ ਵੀ ਯੋਗ, ਫਿਰ ਵੀ, ਵੈਸਾਖੀ ਨੂੰ ਖਾਲਸੇ ਦਾ ਜਨਮ ਦਿਨ ਹੋਣ ਕਾਰਨ ਕੁਛ ਵਧੇਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਸਬੰਧੀ ਇਕ ਲਿਖਤ ਵਿਚੋਂ ਨਮੂਨੇ ਮਾਤਰ ਇਕ ਟੂਕ ਪੇਸ਼ ਹੈ :

"ਇਹ ਗੁਰਪੁਰਬ ਸਾਰੇ ਖਾਲਸਈ ਗੁਰਪੁਰਬਾਂ ਨਾਲੋਂ ਵਧੇਰੇ ਮਹੱਤਤਾ ਭਰਿਆ ਹੈ। ਇਸ ਦਿਨ ਸਾਨੂੰ ਦਸਮੇਸ਼ ਪਿਤਾ ਦੇ ਸਾਰੇ ਕਾਰਨਾਮੇ ਯਾਦ ਆ ਜਾਂਦੇ ਹਨ। ਬਚਪਨ ਵਿਚ ਹੀ, 'ਹੋਨਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ' ਦੀ ਕਹਾਵਤ ਅਨੁਸਾਰ ਹਿੰਦੂ ਮੁਸਲਮਾਨਾਂ ਨੂੰ ਇਕ ਜਾਣਨਾ, ਬਾਲਕਾਂ ਦੀਆਂ ਫੌਜਾਂ ਬਣਾ ਕੇ ਨਕਲੀ ਲੜਾਈਆਂ ਲੜਨੀਆਂ, ਘੜੇ ਭੰਨਣੇ, ਬੀਰ ਰਸ ਦੀ ਸਿਖਿਆ ਦੇਣੀ, ਬੇਖੌਫੀ ਦਾ ਸਬਕ ਸਿਖੌਣਾ, ਨਿਰਭੈਤਾ, ਨਿਡਰਤਾ ਤੇ ਅਸਚਰਜਤਾ ਦੇ ਅਨੇਕ ਖੇਲ ਕਰਨੇ, ਆਤਮਕ ਚਮਤਕਾਰਾਂ ਦੇ ਉਚ ਆਦਰਸ਼ਕ ਨਜ਼ਾਰੇ ਪ੍ਰਗਟ ਕਰਨੇ, ਕਿਸ਼ੋਰ ਅਵਸਥਾ ਵਿਚ ਹੀ ਗੁਰੂ ਪਿਤਾ ਸੰਿਹੇ ਧਰਮ ਪਰ ਕੁਰਬਾਨ ਹੋਣ ਲਈ ਬੇਨਤੀ ਕਰਨੀ, ਦੇਸ਼ ਪਰ ਆਪਾ ਵਾਰਨ ਲਈ ਆਖਣਾ, ਕੌਮ ਪਰ ਬਲੀਦਾਨ ਹੋਣ ਦੀ ਸਲਾਹ ਦੇਣੀ, ਕਮਾਲ ਦੇ ਆਦਰਸ਼ਕ ਭਾਵ ਹਨ।"[1]

ਧਰਮ ਦੇ ਨਾਂ ਤੇ ਕੀਤੇ ਜਾਂਦੇ ਪਾਖੰਡਾਂ ਅਤੇ ਹੋਰ ਕੁਕਰਮਾਂ ਦੇ ਆਪ ਸਖਤ ਵਿਰੁਧ ਸਨ। ਧਰਮ ਵਿਚ ਪਰਵਿਰਤ ਬੁਰਾਈਆਂ ਨੂੰ ਸੁਧਾਰਨ ਦੇ ਖਿਆਲ ਨਾਲ ਇਸ ਦੀ ਨੁਕਤਾਚੀਨੀ ਕਰਨ ਤੋਂ ਵੀ ਪਿਛੇ ਨਹੀਂ ਸਨ ਹਟਦੇ। ਗੁਰਦਵਾਰੇ, ਧਰਮ ਦਾ ਅਸਥਾਨ ਮੰਨੇ ਜਾਂਦੇ ਹਨ ਤੇ ਉਨ੍ਹਾਂ ਵਿਚ ਰਹਿ ਕੇ ਸੇਵਾ ਕਰਨ ਵਾਲੇ ਗਰੰਥੀ ਧਰਮ ਦੇ ਸਹੀ ਪ੍ਰਤੀਨਿਧ ਤੇ ਪਰਚਾਰਕ। ਗਰੰਥੀਆਂ ਬਾਰੇ ਹੀ, ਆਪ ਵਲੋਂ ਸੁਣਾਈਆਂ ਗਈਆਂ ਖਰੀਆਂ ਖਰੀਆਂ ਵਿਚੋਂ ਹੀ ਇਹ ਸਤਰਾਂ ਲਈਆਂ ਗਈਆਂ ਹਨ :

"ਪਿੰਡਾਂ ਦਾ ਸੁਧਾਰ ਬਹੁਤ ਕਰ ਕੇ ਗੁਰਦੁਆਰਿਆਂ ਤੇ ਨਿਰਭਰ ਹੈ। ਗੁਰ-ਦੁਆਰਿਆਂ ਦੇ ਗਰੰਥੀਆਂ ਦਾ ਜੀਵਨ ਪਿੰਡ ਦੇ ਬ੍ਰਿਧ, ਬਾਲ, ਇਸਤ੍ਰੀ ਪੁਰਸ਼ ਤੇ ਅਸਰ ਪਾਇਆਂ ਬਿਨਾਂ ਨਹੀਂ ਰਹਿ ਸਕਦਾ।.........ਪਰ ਹੁਣ ਦੇਖਣਾ ਤਾਂ ਇਹ ਹੈ ਕਿ ਕੀ ਸਾਡੇ ਗੁਰਦੁਆਰਿਆਂ ਦੇ ਗ੍ਰੰਥੀ, ਵਿਦਵਾਨ, ਨਿਰਲੋਭੀ, ਸੁਜਾਨ, ਸੁਕਰਮੀ, ਨਿਰਪਖ ਤੇ ਪਰਉਪਕਾਰੀ ਹਨ ਕਿ ਨਹੀਂ ? ਇਸ ਦਾ ਉਤਰ 'ਨਾ' ਵਿਚ ਆਉਂਦਾ ਹੈ। ਦੇਖਣ ਤੋਂ ਪਤਾ ਲਗਦਾ ਹੈ ਕਿ ਬਹੁਤ ਥੋੜ੍ਹੇ ਗੁਰੂ ਘਰ ਦੇ ਸੇਵਕ ਗੁਰਮੁਖ ਗ੍ਰੰਥੀਆਂ ਨੂੰ ਛਡ ਕੇ ਬਾਕੀ ਸਾਰੀ ਦੀ ਸਾਰੀ ਧਾੜ ਲੋਭੀਆਂ ਲਾਲਚੀਆਂ, ਭਰਮੀਆਂ, ਖ਼ੁਦਗਰਜ਼ਾਂ ਤੇ ਨਿਕੰਮਿਆਂ ਦੀ ਹੀ ਹੈ........ ਗੁਰਬਾਣੀ ਦੀ ਹਤਕ ਵਧੀਕ ਗ੍ਰੰਥੀ ਹੀ ਕਰਦੇ ਹਨ। ਇਕ ਮਹੀਨੇ ਵਿਚ ਅਠ ਅਠ ਤੇ ਦਸ ਦਸ ਪਾਠਾਂ

1. ਗੁਰਬਖ਼ਸ਼ ਸਿੰਘ 'ਦੁਖੀ', 'ਸੁਭਾਗ ਵੈਸਾਖੀ', 1936, ਪੰਨਾ 8, 9।

Sri Satguru Jagjit Singh Ji Elibrary NamdhariElibrary@gmail com

ਦਾ ਭੋਗ ਪਾ ਦੇਣਾ ਮਾਮੂਲੀ ਗਲ ਨਹੀਂ ਪਰ ਇਨ੍ਹਾਂ ਚਾਲਾਕ ਗ੍ਰੰਥੀਆਂ ਨੇ 'ਚੁਟਕੀ ਪਾਠ' ਤੇ 'ਥੱਬਾ-ਪਾਠ' ਕਰਨ ਦਾ ਡਾਢਾ ਸੁਹਣਾ ਤਰੀਕਾ ਕਢਿਆ ਹੋਇਆ ਹੈ।"[1]

ਸਿਖ ਮੱਤ ਵਿਚ ਗੁਰੂ ਸਾਹਿਬਾਂ ਨਾਲ ਸਬੰਧਤ ਦਿਨ ਦਿਹਾਰ 'ਗੁਰਪੁਰਬਾਂ' ਵਜੋਂ ਮਨਾਏ ਜਾਂਦੇ ਹਨ ਪਰ ਬਹੁਤੇ ਲੋਕੀ ਇਸ ਦੇ ਅਸਲ ਮਹੱਤਵ ਤੋਂ ਬਿਲਕੁਲ ਅਣਜਾਣ ਹੁੰਦੇ ਹਨ। ਗੁਰਪੁਰਬ ਜਿਵੇਂ ਉਨ੍ਹਾਂ ਲਈ ਇਕ ਰਸਮ ਜੇਹੀ ਬਣ ਗਈ ਹੋਵੇ - ਜਿਸ ਦੀ ਪੂਰਤੀ ਕਰਨੀ ਜ਼ਰੂਰੀ ਹੁੰਦੀ ਹੈ। ਪਰ ਉਨ੍ਹਾਂ ਦੇ ਮਨਾਏ ਜਾਣ ਪਿਛੇ ਕੰਮ ਕਰ ਰਹੀ ਭਾਵਨਾ ਤੇ ਅਸਲੀਅਤ ਤੋਂ ਸਖਣੇ ਗੁਰਪੁਰਬਾਂ ਦਾ ਕੀ ਲਾਭ ?

'ਗੁਰਪੁਰਬ ਅਥਵਾ ਤਿਉਹਾਰ ਮਨਾਉਣੇ ਇਨਸਾਨ ਲਈ ਜੀਵਨ ਕਣੀ ਪ੍ਰਾਪਤੀ ਦੇ ਮੁਖ ਤੇ ਜ਼ਰੂਰੀ ਸਾਧਨ ਹਨ। ਇਸ ਲਈ ਬਜ਼ੁਰਗਾਂ ਦੇ ਦਿਨ ਤੇ ਤਿਉਹਾਰ ਮਨਾਉਣੇ ਮਹਾਂ ਜ਼ਰੂਰੀ ਹਨ ਪਰ ਜੇ ਮਨਾਏ ਜਾਣ ਠੀਕ ਤਰ੍ਹਾਂ ਨਾਲ ; ਤਰੀਕੇ ਸਿਰ, ਜਿਵੇਂ ਕਿ ਮਨਾਏ ਜਾਂਦੇ ਸਨ ਤੇ ਜਿਵੇਂ ਮਨਾਏ ਜਾਣੇ ਚਾਹੀਦੇ ਹਨ ।...... ਤੇ ਜੇ ਇਨ੍ਹਾਂ ਤਿਉਹਾਰਾਂ ਵਿਚ ਸਗੋਂ ਐਬਾਂ ਵਲ ਹੋਰ ਰੁਚੀ ਵਧੇ, ਧਨ ਦਾ ਨੁਕਸਾਨ ਹੋਵੇ ਤਦ ਇਸ ਤਿਉਹਾਰ ਮਨਾਉਣ ਨਾਲੋਂ ਨਾ ਮਨਾਉਣੇ ਅਛੇ ਹਨ।.........ਸਿਖ ਭਾਵੇਂ ਜੂਆ ਨਹੀਂ ਖੇਲਦੇ, ਥੀਏਟਰ ਤੇ ਰਾਸਾਂ ਨਹੀਂ ਪਾਉਂਦੇ, ਸਾਂਗ ਤੇ ਨਕਲਾਂ ਨਹੀਂ ਬਣਾਉਂਦੇ ਪਰ ਜਿਸ ਤਰ੍ਹਾਂ ਨਾਲ ਪਿਛਲੇ ਸਮੀਂ ਗੁਰਪੁਰਬ ਮਨਾਏ ਜਾਂਦੇ ਸਨ ਤੇ ਜਿਸ ਤਰ੍ਹਾਂ ਮਨਾਏ ਜਾਣੇ ਚਾਹੀਦੇ ਹਨ, ਉਸ ਤਰ੍ਹਾਂ ਅਜ ਕਲ੍ਹ ਸਿਖ ਵੀ ਨਹੀਂ ਜੇ ਮਨਾਉਂਦੇ।"[2]

ਸਿਖੀ ਦੀ ਦੁਰਦਸ਼ਾ ਆਪ ਨੂੰ ਬਹੁਤ ਚੁਭਦੀ ਸੀ। ਆਪ ਦੀ ਸੋਚ ਸੀ ਕਿ ਸਿਖ ਹੀ ਸਿਖੀ ਨੂੰ ਛਡਦੇ ਜਾ ਰਹੇ ਹਨ ; ਇਸੇ ਲਈ ਸਿਖੀ ਬਾਗ ਵਿਚ ਪਤਝੜ ਆ ਰਹੀ ਹੈ। ਸਿਖ ਨੂੰ ਸੁਚਾ ਸਿਖ ਬਣਨ ਦੀ ਪਰੇਰਨਾ ਦੇਣ ਲਈ ਵੀ ਆਪ ਨੇ ਕਾਫ਼ੀ ਰਚਨਾ ਕੀਤੀ ਹੈ। ਲਉ ਵੇਖੋ ਸਿਖੀ ਦੀ ਗਲ :

"ਆਮ ਸਜਣਾਂ ਦੀ ਸ਼ਿਕਾਇਤ ਹੈ ਕਿ ਗੈਰ ਸਿਖਾਂ ਨੇ ਸਿਖਾਂ ਨੂੰ ਨਹੀਂ ਸਮਝਿਆ, ਸਿਖੀ ਨੂੰ ਨਹੀਂ ਸਮਝਿਆ, ਸਿਖ ਆਦਰਸ਼ ਨੂੰ ਨਹੀਂ ਸਮਝਿਆ ਪਰ ਦਰਅਸਲ ਸਿਖਾਂ ਨੇ ਖੁਦ ਭੀ ਆਪਣੇ ਆਪ ਨੂੰ ਨਹੀਂ ਜਾਣਿਆ, ਗੁਰਸਿਖੀ ਨੂੰ ਨਹੀਂ ਸਮਝਿਆ, ਸਿਖੀ ਆਦਰਸ਼ ਨੂੰ ਨਹੀਂ ਅਨੁਭਵ ਕੀਤਾ।......ਸਿਖ, ਸਿਖ ਹੈ 'ਗੁਰ ਵੀਚਾਰ ਦਾ', ਸਿਖੀ ਸਿਖਿਆ ਹੈ ਗੁਰੂ ਦੇ ਹੁਕਮਾਂ ਉਤੇ ਵਿਚਾਰ ਕਰ ਕੇ ਤੁਰਨ ਦੀ। ਸਿਖ ਜਿਉਂਦਾ ਹੈ ਗੁਰੂ ਹੁਕਮ ਸੇਵਾ ਲਈ ਗੁਰ ਆਸ਼ੇ ਉਤੇ ਕੁਰਬਾਨੀ ਕਰਨ ਲਈ।........."[3]

## ੲ) ਸਮਾਜ ਸੁਧਾਰ :

ਦੇਸ਼ ਭਗਤੀ ਅਤੇ ਧਰਮ ਤੋਂ ਉਤਰ ਕੇ ਆਪ ਦੀ ਵਾਰਤਕ ਰਚਨਾ ਵਿਚ ਤੀਜੇ

---

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਸਤੰਬਰ 1934, ਪੰਨਾ 3, 4।
2. ਮੁਨਸ਼ਾ ਸਿੰਘ 'ਦੁਖੀ', 'ਗੁਰਪੁਰਬ ਮਨਾਉਣੇ' ਮਾਸਕ ਵਿਹਾਰ ਸੁਧਾਰ, ਦਸੰਬਰ 1930, ਪੰਨਾ 671-74।
3. ਮੁਨਸ਼ਾ ਸਿੰਘ 'ਦੁਖੀ', 'ਸਿਖੀ', ਮਾਸਕ ਜੀਵਨ, ਬੰਬਈ, ਅਪਰੈਲ 1951, ਪੰਨਾ 4, 5।

Sri Satguru Jagjit Singh Ji Elibrary NamdhariElibrary@gmail com

ਸਥਾਨ ਤੇ ਸਮਾਜ ਸੁਧਾਰ ਨੂੰ ਰਖਿਆ ਜਾ ਸਕਦਾ ਹੈ। ਇਸ ਵਿਸ਼ੇ ਤੇ ਵੀ ਆਪ ਨੇ ਕਾਫੀ ਸਾਰੀ ਰਚਨਾ ਕੀਤੀ ਹੈ। ਇਸ ਘੇਰੇ ਵਿਚ ਆਉਂਦੀਆਂ ਆਪ ਦੀਆਂ ਵਾਰਤਕ ਰਚਨਾਵਾਂ ਵਿਚ ਪੁਰਾਤਨ ਭਾਰਤੀ ਸੰਸਕ੍ਰਿਤੀ ਪ੍ਰਤੀ ਖਤਮ ਹੋ ਰਹੇ ਸਨੇਹ 'ਤੇ ਦੁਖ ਵੀ ਪ੍ਰਗਟਾਇਆ ਗਿਆ ਹੈ ਕਿਉਂਕਿ ਆਪ ਅਨੁਸਾਰ, ਇਹ ਪੁਰਾਤਨ ਸੰਸਕ੍ਰਿਤੀ ਹੀ ਤਾਂ ਸਾਡਾ ਅਮੁਲਾ ਖਜ਼ਾਨਾ ਹੈ। 'ਦੁਖੀ' ਜੋ ਉਮਰ ਵਿਚ ਵਡੇ ਸਨ। ਉਨ੍ਹਾਂ ਨੇ ਆਪ, ਪੁਰਾਤਨ ਸੰਸਕ੍ਰਿਤੀ ਵਿਚਲੀਆਂ ਬਹੁਤ ਸਾਰੀਆਂ ਚੰਗੀਆਂ ਗਲਾਂ ਅਪਣਾਈਆਂ ਹੋਈਆਂ ਸਨ ਤੇ ਦੂਜਿਆਂ ਵਿਚ ਇਸ ਦਾ ਪਰਚਾਰ ਕਰਨਾ ਆਪਣਾ ਫਰਜ਼ ਸਮਝਦੇ ਸਨ। ਪੱਛਮੀ ਸਭਿਅਤਾ ਦੇ ਹੜ੍ਹ ਵਿਚ ਰੁੜ੍ਹੇ ਜਾਂਦੇ ਨੌਜੁਆਨਾਂ ਵਲ ਦੇਖ ਕੇ ਉਨ੍ਹਾਂ ਦੀ ਆਤਮਾ ਸੁਖੀ ਨਹੀਂ ਸੀ ਹੁੰਦੀ। ਇਹ ਨਮੂਨਾ ਅਜਿਹੀ ਭਾਵਨਾ ਪ੍ਰਗਟਾਉਣ ਵਾਲੀ ਇਕ ਰਚਨਾ ਵਿਚੋਂ ਹੀ ਲਿਆ ਗਿਆ ਹੈ :

> "ਦੂਰ ਨਹੀਂ, ਅਜ ਤੋਂ ਪੰਜਾਹ ਸਠ ਸਾਲ ਪਿਛੇ ਵਲ ਹੀ ਜਦ ਵੇਖੀਏ, ਉਨ੍ਹੀਵੀਂ ਸਦੀ ਦੀ ਅੰਤਮ ਚੋਥਾਈ ਵਲ ਹੀ ਜੇ ਧਿਆਨ ਨਾਲ ਦੇਖੀਏ ਅਤੇ ਵਿਚਾਰੀਏ ਤਦ ਸਾਨੂੰ ਸਾਫ ਦਿਸੇਗਾ ਕਿ ਉਸ ਵੇਲੇ ਦੀ ਰਹਿਣੀ ਬਹਿਣੀ ਕਹਿਣੀ ਸਹਿਣੀ ਅਤੇ ਕਰਨੀ ਆਦਿ ਦਾ ਹੁਣ ਨਾਲੋਂ ਬਹੁਤ ਫਰਕ ਸੀ।.........ਕੌਣ ਨਹੀਂ ਜਾਣਦਾ ਕਿ ਸਾਡੇ ਪਿਉ ਦਾਦੇ ਸਾਡੇ ਨਾਲੋਂ ਸੂਰਮੇ, ਬਲਵਾਨ, ਕੱਦਾਵਰ ਤੇ ਹਰ ਸੁਖ ਦੁਖ ਨੂੰ ਧੀਰਜ ਵਿਚਾਰ ਅਤੇ ਠੰਢੇ ਜਿਗਰੇ ਨਾਲ ਜਰਨ ਵਾਲੇ ਸਨ।"
>
> "ਬਚਪਨ ਵਿਚ ਅਖੀਂ ਡਿਠੇ ਹਾਲਾਂ ਦਾ ਮੈਨੂੰ ਬਹੁਤ ਹੀ ਅਛੀ ਤਰ੍ਹਾਂ ਪਤਾ ਹੈ। ਪਿਆਰ ਹਮਦਰਦੀ ਦੀ ਹਾਲਤ ਤਾਂ ਇਥੋਂ ਤਕ ਸੀ ਕਿ ਪਿੰਡ ਵਿਚ ਕੋਈ ਭੀ ਬੰਦਾ ਤੰਗ ਨਾ ਸੀ ਹੁੰਦਾ। ਦੁਖ ਵੇਲੇ ਮਾੜੇ ਤੋਂ ਮਾੜੇ ਦੇ ਘਰ ਭੀ ਹਰ ਕੋਈ ਪਿਆਰ ਹਮਦਰਦੀ, ਇਨਸਾਫ ਤੇ ਇਨਸਾਨੀਅਤ ਵਜੋਂ ਆਪਣਾ ਫਰਜ਼ ਸਮਝਦਾ ਹੋਇਆ, ਧਰਮ ਜਾਣਦਾ ਹੋਇਆ, ਵਿਤੋਂ ਬਾਹਰ ਹੋ ਕੇ ਭੀ ਉਸ ਦੀ ਇਮਦਾਦ ਕਰਨਾ ਜ਼ਰੂਰੀ ਫਰਜ਼ ਸਮਝਦਾ ਸੀ ਜਿਸ ਦਾ ਸਬੂਤ ਅਜੇ ਭੀ ਪਿੰਡਾਂ ਵਿਚ ਆਮ ਮਿਲਦਾ ਹੈ।"[1]

ਭਾਰਤੀ ਸਭਿਅਤਾ ਦੇ ਮੁਕਾਬਲੇ ਪੱਛਮੀ ਸਭਿਅਤਾ ਨੂੰ ਹੇਚ ਸਮਝ ਕੇ ਆਪ ਉਸ ਨੂੰ ਨਿੰਦਦੇ ਤਾਂ ਜ਼ਰੂਰ ਸਨ ਪਰ ਆਪ ਅੰਧ ਵਿਸ਼ਵਾਸੀ ਵੀ ਨਹੀਂ ਸਨ। ਜਿਥੇ ਕੋਈ ਚੰਗਿਆਈ ਹੁੰਦੀ ਉਸ ਨੂੰ ਸਲਾਹੁਣ ਸਮੇਂ ਵੀ ਆਪ ਬੇ-ਝਿਜਕ ਹੁੰਦੇ ਸਨ :

> "ਯੂਰਪ ਦੇ ਸਾਧਾਰਨ ਲੋਕ, ਭਾਰਤ ਦੇ ਸਾਧਾਰਨ ਲੋਕਾਂ ਨਾਲੋਂ ਕਈ ਦਰਜੇ ਮੂਰਖ ਹਨ, ਸੁਸਤ ਹਨ, ਬੇਵਿਚਾਰੇ ਹਨ ਪਰ ਉਨ੍ਹਾਂ ਵਿਚ ਮਾਵਾਂ ਦੀ ਸ਼ਕਤੀ, ਇਸਤ੍ਰੀਆਂ ਦੀ ਸੁਘੜਤਾ, ਹਿੰਮਤ ਤੇ ਬਹਾਦਰੀ ਬਚਿਆਂ ਨੂੰ ਜੋ ਦੁਧ ਵਿਚ ਮਿਲਦੀ ਹੈ ਉਹ ਬੇਬਹਾ ਹੈ, ਅਜੋੜ ਹੈ, ਇਹੀ ਕਾਰਨ ਹੈ ਕਿ ਯੂਰਪ-ਅਮਰੀਕਾ ਦਾ ਜੀਵਣ-ਢਾਂਚਾ ਸਮੁਚੇ ਤੌਰ ਤੇ ਸੁਹਣਾ ਹੈ। ਬਚਿਆਂ ਦੀ ਟਰੇਨਿੰਗ ਦਾ ਭਾਰ ਉਨ੍ਹਾਂ ਦੇਸ਼ਾਂ ਵਿਚ ਕੇਵਲ ਮਾਂ ਉਪਰ ਹੀ ਹੁੰਦਾ ਹੈ। ਮਾਂ ਦੇ ਇਸ਼ਾਰੇ ਤੇ ਘਰ ਦੀਆਂ ਕੰਧਾਂ ਹਿਲਦੀਆਂ ਹਨ।"[2]

---

1. ਮੁਨਸ਼ਾ ਸਿੰਘ 'ਦੁਖੀ', ਪਿਛਲਾ ਸਮਾਂ, ਮਾਸਕ ਜੀਵਨ, ਬੰਬਈ, ਮਾਰਚ 1951, ਪੰਨਾ 4.
2. ਮੁਨਸ਼ਾ ਸਿੰਘ 'ਦੁਖੀ, ਮਾਂ, ਮਾਸਕ ਜੀਵਨ, ਬੰਬਈ, ਮਈ 1951, ਪੰਨਾ 8, 9।

Sri Satguru Jagjit Singh Ji Elibrary NamdhariElibrary@gmail.com

ਪਿੰਡਾਂ ਦੇ ਲੋਕਾਂ ਦੀ ਹਾਲਤ ਨੂੰ ਸੁਧਾਰਨ ਵਲ ਆਪ ਨੇ ਵਿਸ਼ੇਸ਼ ਧਿਆਨ ਦਿਤਾ। ਜਹਾਲਤ ਵਿਚ ਫਸੇ ਹੋਏ ਇਹ ਅਨਪੜ੍ਹ ਲੋਕ ਵਹਿਮਾਂ, ਭਰਮਾਂ, ਫਜ਼ੂਲ ਰਸਮਾਂ ਰੀਤਾਂ ਵਿਚ ਗਲਤਾਨ ਹੋਣ ਕਾਰਨ ਹੀ ਕੰਗਾਲ ਹੋ ਜਾਂਦੇ ਹਨ। ਉਨ੍ਹਾਂ ਨੂੰ ਸੁਧਾਰਵਾਦ ਦੀ ਪ੍ਰੇਰਨਾ ਦੇਣ ਵਾਸਤੇ ਆਪ ਨੇ ਆਪਣੀ ਕਲਮ ਦੀ ਬਹੁਤ ਵਰਤੋਂ ਕੀਤੀ :

"ਬਹੁਤ ਸਾਰੇ ਸਜਣਾ ਨੂੰ ਪਤਾ ਹੀ ਹੋਵੇਗਾ ਕਿ ਪੇਂਡੂ ਸੁਧਾਰ ਦੇ ਮਹਾਂ ਚਾਹਕ, ਮੁਲਤਾਨ ਦੇ ਗਤਿ ਕਮਿਸ਼ਨਰ ਸ੍ਰੀਮਾਨ ਐਫ. ਐਲ. ਬਰਨੇ (ਜਿਨ੍ਹਾਂ ਦਾ ਸਜਦਾ ਫਬਦਾ ਹਰਮਨ ਪਿਆਰਾ ਨਾਉਂ ਪੇਂਡੂ ਸੁਕਰਾਤ ਹੈ) ਨੇ ਪੇਂਡੂ ਵਸਨੀਕਾਂ ਦੀ ਹਾਲਤ ਨੂੰ ਸੁਧਾਰਨ ਲਈ ਕਿੰਨਾ ਜ਼ੋਰ ਲਾਇਆ ਸੀ ਤੇ ਲਾ ਰਹੇ ਹਨ। ਸਾਡੇ ਉਦਮ ਨਾਲ ਉਹ ਸਾਨੂੰ ਹਰ ਤਰ੍ਹਾਂ ਦੀ ਸਰਕਾਰੀ ਮਦਦ ਦੇਣ ਲਈ ਤਿਆਰ ਹਨ। ਪਰ ਸਵਾਲ ਉਹੀ ਹੈ ਕਿ ਜੇ ਅਸੀਂ ਵੀ ਆਪਣੀ ਵਲੋਂ ਕੁਛ ਸੁਧਾਰ ਦਾ ਉਦਮ ਕਰੀਏ।.........ਇਹ ਕੋਈ ਇਕੱਲੇ ਦੁਕੱਲੇ ਦਾ ਕੰਮ ਨਹੀਂ।.........ਤੇ ਬਿਨਾਂ ਵਿਹਾਰ ਦੇ ਸੁਧਾਰ ਹੋਇਆਂ ਸਾਡਾ ਘਰੋਗੀ ਜੀਵਣ ਦੁਖਮਯ ਹੈ। ਘਰੋਗੀ ਜੀਵਣ ਦੁਖਮਯ ਹੋਣ ਕਰਕੇ ਸਾਡੇ ਲੋਕ ਪ੍ਰਲੋਕ ਦੋਵੇਂ ਨਿਕੰਮੇ ਸਮਝੋ। ਇਸ ਲਈ ਇਸ ਵਿਹਾਰ ਦੇ ਸੁਧਾਰ ਦੀ ਮੁਹਿੰਮ ਨੂੰ ਸਰ ਕਰਨ ਲਈ ਸਭ ਤੋਂ ਜ਼ਰੂਰੀ ਕੰਮ ਪਿੰਡਾਂ ਦੀਆਂ ਪੰਚੈਤਾਂ ਹਨ। ਹਰ ਇਕ ਪਿੰਡ ਵਿਚ ਪਿੰਡ ਦੇ ਹਰਮਨ ਪਿਆਰੇ, ਧਰਮੀ, ਦਯਾਵਾਨ, ਮੰਨੇ ਪ੍ਰਮੰਨੇ, ਬਾਰਸੂਖ, ਰਈਸ, ਪਤਵੰਤੇ ਇਕ ਜਾਂ ਦੋ ਸਜਣਾਂ ਦੀ ਛਤਰ ਛਾਇਆ ਹੇਠ ਪਿੰਡ ਦੇ ਹਰ ਤਬਕੇ ਵਿਚੋਂ ਬਾਰਸੂਖ ਚਲਦੇ ਪੁਰਜ਼ੇ, ਸੁਧਾਰ ਦੇ ਚਾਹਵਾਨ ਸਜਣਾਂ ਦੀ ਇਕ ਪੰਚੈਤ ਨੀਅਤ ਕਰਨੀ ਚਾਹੀਦੀ ਹੈ ਜਿਸ ਰਾਹੀਂ ਵਿਚਾਰ ਪੂਰਬਕ ਪਿੰਡ ਦੇ ਹਰ ਇਕ ਕੰਮ ਨੂੰ ਚਲਾਉਣ. ਵਿਗੜੇ ਵਿਹਾਰਾਂ ਰਹੂ-ਰੀਤਾਂ ਨੂੰ ਸੁਲਝਾਉਣ, ਵਿਗੜਿਆਂ ਹੋਇਆਂ ਨੂੰ ਹਰ ਯੋਗ ਢੰਗ ਨਾਲ ਕੁਕਰਮਾਂ ਤੋਂ ਹਟਾਉਣ ਲਈ ਪ੍ਰੇਰਨਾ ਕਰਨੀ ਚਾਹੀਦੀ ਹੈ।"[1]

ਸਮਾਜ ਸੁਧਾਰ ਦੇ ਸਬੰਧ ਵਿਚ 'ਦੁਖੀ' ਜੀ ਦਾ ਬਹੁਤਾ ਧਿਆਨ ਭਾਵੇਂ ਗਲਤ ਰਸਮਾਂ ਰੀਤਾਂ ਵਲ ਖਿਚਿਆ ਜਾਂਦਾ ਸੀ ਪਰ ਭਵਿਖ ਦੇ ਕੌਮੀ ਖਜ਼ਾਨੇ ਨੂੰ ਵੀ ਆਪ ਨੇ ਕਦੇ ਅੱਖੋਂ ਉਹਲੇ ਨਹੀਂ ਸੀ ਕੀਤਾ। ਇਸ ਤਥ ਦੀ ਪ੍ਰੋੜ੍ਹਤਾ ਕਰਦੀ ਹੇਠਲੀ ਟੂਕ ਵਿਚੋਂ ਜੀਵਨ ਦੀ ਸਚਿਆਈ ਵੀ ਝਾਤੀ ਮਾਰਦੀ ਨਜ਼ਰ ਆਉਂਦੀ ਹੈ :

"ਇਸ ਦਾ ਸਾਫ ਅਰਥ ਇਹ ਹੈ ਕਿ ਬੁਰੇ ਆਦਮੀ ਦੀ ਜ਼ਿੰਦਗੀ ਆਰਾਮ ਨਾਲ ਨਹੀਂ ਬੀਤ ਸਕਦੀ ਅਤੇ ਨਾ ਉਸ ਨੂੰ ਕਦੇ ਚੈਨ ਹੀ ਮਿਲ ਸਕਦੀ ਹੈ। ਇਸ ਲਈ ਬਚਿਆਂ ਨੂੰ ਸਦਾਚਾਰ (ਚੰਗੇ ਚਾਲ ਚਲਣ) ਦੀ ਸਿਖਿਆ ਬਚਪਨ ਤੋਂ ਹੀ ਦੇਣੀ ਚਾਹੀਦੀ ਹੈ। ਜਿਵੇਂ ਵੱਤਰ ਸਿਰ ਬੀਜਿਆ ਹੋਇਆ ਬੀਜ ਕਦੇ ਅਸਫਲ ਨਹੀਂ ਜਾਂਦਾ, ਜਿਵੇਂ ਸਮੇਂ ਸਿਰ ਕੀਤਾ ਹੋਇਆ ਕੰਮ ਕਦੇ ਖਰਾਬ ਨਹੀਂ ਹੁੰਦਾ ਤਿਵੇਂ ਹੀ ਬਚਿਆਂ ਨੂੰ ਛੋਟੀ ਉਮਰ ਵਿਚ ਹੀ ਸ਼ੁਭ ਗੁਣਾਂ ਦਾ ਧਾਰਨੀ ਬਣੌਣ ਨਾਲ ਜੀਵਨ ਭਰ ਉਨ੍ਹਾਂ ਵਿਚ ਉਹ ਗੁਣ ਫੁਲਦੇ ਫਲਦੇ ਰਹਿੰਦੇ ਹਨ"।[2]

1. ਮੁਨਸ਼ਾ ਸਿੰਘ 'ਦੁਖੀ', ਪੰਚਾਇਤਾਂ, ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਨਵੰਬਰ 1934, ਪੰਨਾ 5-6।
2. ਮੁਨਸ਼ਾ ਸਿੰਘ 'ਦੁਖੀ', 'ਚਾਲ ਚਲਣ', ਮਾਸਕ ਵਿਹਾਰ ਸੁਧਾਰ, ਮੀਆਂ ਚੰਨੂ, ਅਪ੍ਰੈਲ 1935, ਪਨਾ 159.

Sri Satguru Jagjit Singh Ji Elibrary NamdhariElibrary@gmail com

ਹੁਣ ਤਕ ਅਸੀਂ, 'ਦੁਖੀ' ਜੀ ਦੀਆਂ ਲਿਖਤਾਂ, ਸਮਾਜ ਦੇ ਸਮੁਚੇ ਸੁਧਾਰ ਦੇ ਵਿਸ਼ੇ ਤੇ ਹੀ ਵੇਖੀਆਂ ਹਨ। ਸਾਡੇ ਸਮਾਜ ਵਿਚ ਪਰਵਿਰਤ ਹੋਈਆਂ ਭੈੜੀਆਂ ਰੀਤਾਂ ਬਾਰੇ ਵੀ ਆਪ ਦੀ ਲਿਖਤ ਵਿਚ ਉਨਾਂ ਹੀ ਜ਼ੋਰ ਹੈ ਜਿੰਨਾ ਦੇਸ਼ ਭਗਤਕ ਲਿਖਤਾਂ ਵਿਚ। ਇਹ ਹੈ 'ਘੁੰਡ' ਸਬੰਧੀ ਆਪ ਦੇ ਇਕ ਲੇਖ ਦਾ ਇਕ ਹਿਸਾ :

"ਸਾਡੀ ਕੌਮ ਤੇ ਭਾਈਚਾਰਕ ਤਬਾਹੀ ਦੇ ਮੁਢਲੇ ਕਾਰਨਾਂ ਵਿਚੋਂ ਪਰਦਾ' ਵੀ ਇਕ ਕਾਰਨ ਹੈ। ਇਸ ਪਰਦੇ ਦੀ ਆੜ ਹੇਠ ਐਡੀ ਬੇਪਰਦਗੀ ਹੋ ਰਹੀ ਹੈ ਕਿ ਰਹੇ ਰਬ ਦਾ ਨਾਉਂ। ਘਰੋਗੀ ਜ਼ਿੰਦਗੀ ਦਾ ਇਸ ਬੇਪਰਦ ਪਰਦੇ ਨਾਲ ਡਾਢਾ ਗਹਿਰਾ ਸਬੰਧ ਹੈ।... ਪਰਦੇ (ਬੁਰਕੇ) ਨੂੰ ਤਾਂ ਹਿੰਦੁਸਤਾਨ ਵਿਚ ਬਿਨਾਂ ਮੁਸਲਮਾਨਾਂ ਦੇ ਹੋਰ ਸ਼ਾਇਦ ਹੀ ਕੋਈ ਵਰਤਦਾ ਹੋਵੇ ਪਰ ਹਿੰਦੁਸਤਾਨ ਵਿਚ ਘੁੰਡ ਦਾ ਰਿਵਾਜ ਕਾਫੀ ਚਲ ਪਿਆ ਹੈ। ਜਿਸ ਤਰ੍ਹਾਂ ਛੋਟੀ ਉਮਰ ਦੀਆਂ ਲੜਕੀਆਂ ਦੀ ਸ਼ਾਦੀ ਦਾ ਰਿਵਾਜ ਤੁਰਿਆ ਓਵੇਂ ਹੀ ਘੁੰਡ ਦਾ ਰਿਵਾਜ ਵੀ ਪੈ ਗਿਆ। ਅਰਥਾਤ ਛੋਟੀ ਉਮਰ ਦੀ ਸ਼ਾਦੀ ਤੇ ਘੁੰਡ ਦੋਵੇਂ ਮਾਤਾ (ਚੇਚਕ) ਤੇ ਖਸਰੇ ਵਾਂਗ ਇਕ ਦੂਜੇ ਤੋਂ ਵਧ ਖਤਰਨਾਕ ਹਨ।... ਪਰ ਸਮੇਂ ਦਾ ਗੇੜ ਐਨਾ ਉਲਟਿਆ ਹੈ ਕਿ ਅਜ ਓਪਰਿਆਂ ਤੋਂ ਤਾਂ ਪਰਦਾ ਨਹੀਂ ਕੀਤਾ ਜਾਂਦਾ, ਘਰਦਿਆਂ ਹਿਤੂਆਂ ਤੇ ਸਬੰਧੀਆਂ ਤੋਂ ਪਰਦਾ ਕੀਤਾ ਜਾ ਰਿਹਾ ਹੈ।"[1]

ਇਸ ਤੋਂ ਬਿਨਾਂ ਸਮਾਜ ਵਿਚ ਪ੍ਰਚਲਤ ਹੋਰ ਭੈੜੀਆਂ ਰਸਮਾਂ ਰੀਤਾਂ ਆਦਿ ਸਬੰਧੀ ਵਖ ਵਖ ਸਿਰਲੇਖ ਹੇਠ ਕਾਫੀ ਲੇਖ ਲਿਖੇ ਮਿਲਦੇ ਹਨ। ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਜੀਵਨ ਬੰਬਈ ਤੇ ਸਪਤਾਹਿਕ ਕੌਮੀ ਸੰਦੇਸ਼, ਫਗਵਾੜਾ ਆਦਿ ਪੱਤਰਾਂ ਵਿਚ ਛਪੇ ਬਹੁਤੇ ਲੇਖ ਸਮਾਜਕ ਤੇ ਸਭਿਆਚਾਰਕ ਕੀਮਤਾਂ ਨੂੰ ਕਾਇਮ ਰਖਣ ਦੇ ਉਦੇਸ਼ ਘੇਰੇ ਵਿਚ ਹੀ ਆਉਂਦੇ ਹਨ। ਜਿਨ੍ਹਾਂ ਦੇ ਹਵਾਲੇ ਇਥੇ ਕੇਵਲ ਸਥਾਨਾਭਾਵ ਕਾਰਨ ਹੀ ਨਹੀਂ ਦਿਤੇ ਗਏ।

ਸ) ਸਾਹਿਤਕ :

ਆਪ ਦੀ ਵਾਰਤਕ ਰਚਨਾ ਦੇ ਵਿਸ਼ੇ ਵਸਤੂ ਦੀ ਗਲ ਕਰਨ ਸਮੇਂ ਅਸੀਂ ਉਸ ਵਿਚਲੇ ਸਾਹਿਤਕ ਤਤ ਨੂੰ ਵੀ ਅਖ ਪਰੋਖੇ ਨਹੀਂ ਕਰ ਸਕਦੇ। ਮਾਸਕ 'ਕਵੀ', ਕਲਕੱਤਾ ਵਿਚ ਛਪੇ ਆਪ ਦੇ ਲਗਪਗ ਸਾਰੇ ਦੇ ਸਾਰੇ ਲੇਖ ਇਸੇ ਘੇਰੇ ਵਿਚ ਆਉਂਦੇ ਹਨ। ਕਵਿਤਾ ਵਾਸਤੇ ਥੋੜ੍ਹੀ ਬਹੁਤੀ ਚੱਸ ਰਖਣ ਵਾਲੇ ਜਾਂ ਤੁਕਬੰਦ ਵਿਅਕਤੀ ਨੂੰ ਕਵੀ ਬਣਨ ਵਾਸਤੇ, ਕਾਵਿ ਦੇ ਭਿੰਨ ਭਿੰਨ ਅੰਗਾਂ ਨੂੰ ਸਮਝਣ ਤੇ ਕਾਵਿ ਵਿਚ ਉਨ੍ਹਾਂ ਦਾ ਪ੍ਰਯੋਗ ਕਰ ਕੇ ਕਾਵਿ ਰਚਨਾ ਨੂੰ ਸੁਚੱਜੀ ਬਣਾਉਣ ਦੀ ਸਿਖਿਆ ਦੇਣ ਲਈ 'ਕਵੀ' ਵਿਚ ਪਾਠ ਛਾਪੇ ਜਾਂਦੇ ਸਨ ਜੋ ਪੰਜਾਬੀ ਸਾਹਿਤ ਦਾ ਬੜਾ ਹੀ ਕੀਮਤੀ ਖਜ਼ਾਨਾ ਹਨ ਇਹ ਹਨ ਆਪ ਦੇ ਕਵਿਤਾ ਸਬੰਧੀ ਵਿਚਾਰ :

"ਪੰਜਾਬੀ ਕਵਿਤਾ ਦੀ ਹਾਲਤ ਬੜੀ ਸੋਚਨੀਯ ਹੋ ਰਹੀ ਹੈ। ਇਹ ਬਾਲੀ ਅਜੇ ਬੈਠਨ ਤਾਂ ਸਿਖੀ ਨਹੀਂ ਪਰ ਰਿੜ੍ਹਨ ਦਾ ਆਹਰ ਪਹਿਲਾਂ ਹੀ ਕਰ ਰਹੀ ਹੈ। ਇਸ ਕਰਕੇ ਜਦ ਅਤੇ ਜਿਥੇ ਭੀ ਦੇਖੋ, ਮੂੰਹ ਭਾਰ ਹੀ ਪਈ ਊਂ ਊਂ ਕਰਦੀ

1. ਮੁਣਸ਼ਾ ਸਿੰਘ 'ਦੁਖੀ', 'ਘੁੰਡ', ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਮਈ 1935, ਪੰਨਾ 236-37.

Sri Satguru Jagjit Singh Ji Elibrary NamdhariElibrary@gmail.com

ਹੈ ।... ਪੰਜਾਬੀ ਕਵਿਤਾ ਬ੍ਰਿਜਭਾਸ਼ਾ ਦੇ ਪ੍ਰਫੁਲਤ ਲਤਾ ਕੁੰਜ ਵਿਚੋਂ ਨਿਕਲ, ਰਸਹੀਨ ਕਲਰ ਮੈਦਾਨ ਵਿਚ ਡੇਰਾ ਲਾ ਰਹੀ ਹੈ । . ਇਸ ਨਵੇਂ ਲਗ ਰਹੇ ਬਾਗ ਵਿਚ ਔਣ ਨਾਲ ਕਵਿਤਾ ਦੇਵੀ ਦੇ ਗਹਿਣਿਆਂ ਕਪੜਿਆਂ ਬਾਬਤ ਭੀ ਘੁਸਰ-ਘੁਸਰ ਹੁੰਦੀ ਸੁਣੀਂਦੀ ਹੈ । ਕੋਈ ਸਾਦਗੀ ਨੂੰ ਪਸੰਦ ਕਰਦਾ ਹੈ ਤੇ ਗਹਿਣਿਆਂ ਦੇ ਵਿਰੁਧ ਹੈ, ਕੋਈ ਫੈਸ਼ਨਾਂ ਦਾ ਘੁਟਿਆ ਗਹਿਣਿਆਂ ਤੇ ਲੱਟੂ ਹੈ । ...ਕੋਈ ਤੁਕਾਂਤ ਰੂਪੀ ਬੰਨ੍ਹਣਾਂ ਦਾ ਮੰਨਣ ਵਾਲਾ ਅਤੇ ਕੋਈ ਸਿਰਖਿੰਡੀ ਸੁਤੰਤਰਤਾ ਦਾ ਪ੍ਰਚਾਰਕ । ਇਸੇ ਹੀ ਤਰ੍ਹਾਂ ਇਸ ਬਾਗ਼ ਵਿਚ ਕੋਈ ਪੱਛਮ ਦਾ ਬੂਟਾ ਲੈਣਾ ਚਾਹੁੰਦਾ ਹੈ ਅਤੇ ਕੋਈ ਪੂਰਬ ਦਾ ।......ਕੋਈ ਅਰਬ ਤੇ ਕੋਈ ਹਿੰਦੁਸਤਾਨ ਦਾ । ਹੁਣ ਦੇਖਣਾ ਇਹ ਹੈ ਕਿ ਇਸ ਬਾਗ਼ ਵਿਚ ਮਾਣਮੱਤੀ ਪੰਜਾਬਣ ਰਹਿਣਾ ਭੀ ਪਸੰਦ ਕਰੂ ਕਿ ਨਾ ? ਜੇ ਨਾ ਰਹੀ ਤਾਂ ਇਹ ਕਠਨ ਮਿਹਨਤ ਨਾਲ ਤਿਆਰ ਕੀਤਾ ਹੋਇਆ ਬਾਗ਼ ਭੀ ਸੁਕ ਕੇ ਮੈਦਾਨ ਦਾ ਮੈਦਾਨ ਹੀ ਬਣ ਜਾਊ । ਇਸ ਲਈ ਇਸ ਬਾਗ ਦੀ ਰਚਨਾ ਅਜੇਹੀ ਹੋਣੀ ਚਾਹੀਦੀ ਹੈ ਜਿਸ ਵਿਚ ਭਾਰਤੀਯ ਸਭਯਤਾ ਵਿਚ ਪਲੀ ਹੋਈ ਪੰਜਾਬੀ ਕਵਿਤਾ ਦੇਵੀ ਰਹਿਣਾ ਪਸੰਦ ਕਰੇ ।"......[1]

ਕਾਵਿ ਵਿਚ ਸਮੱਸਯਾਪੂਰਤੀ ਇਕ ਵਿਸ਼ੇਸ਼ ਗੁਣ ਮੰਨਿਆ ਜਾਂਦਾ ਹੈ । ਜਣਾ-ਖਣਾ ਇਸ ਨੂੰ ਪੂਰੀ ਸਫਲਤਾ ਨਾਲ ਨਹੀਂ ਨਿਭਾ ਸਕਦਾ । ਇਸ ਸਬੰਧੀ ਆਪ ਨੇ ਲਿਖਿਆ ਸੀ :

"ਸਮਸਯਾਪੂਰਤੀ ਦਾ ਇਕ ਰਿਵਾਜ ਅਜ ਕਲ ਬੜੇ ਜ਼ੋਰਾਂ ਵਿਚ ਹੈ ।...... ਅਜ ਹੀ ਨਹੀਂ, ਸਗੋਂ ਪੁਰਾਤਨ ਸਮੇਂ ਤੋਂ ਹੀ ਸਮਸਯਾਪੂਰਤੀ ਇਕ ਬੜਾ ਹੀ ਮਨੋਰੰਜਕ ਵਿਸ਼ਾ ਹੈ । ਜਿਸ ਵੇਲੇ ਇਕ ਹੀ ਸਮੱਸਯਾ ਉਤੇ ਅਨੇਕ ਕਵੀਆਂ ਦੀਆਂ ਅਨੇਕ ਪੂਰਤੀਆਂ ਰਚੀਆਂ ਜਾਂਦੀਆਂ ਹਨ।"[2]

ਸਮਸਯਾਪੂਰਤੀ ਦੀ ਕਲਾ ਸਬੰਧੀ ਸਿਖਿਆ ਦਿੰਦੇ ਹੋਏ ਆਪ ਲਿਖਦੇ ਹਨ :

"ਸਮਸਯਾਪੂਰਤੀ ਦੋ ਤਰ੍ਹਾਂ ਨਾਲ ਕੀਤੀ ਜਾਂਦੀ ਹੈ । ਇਕ ਤਾਂ ਸਮਸਯਾ ਦੇਣ ਵਾਲੇ ਦੇ ਮਨ ਦੇ ਭਾਵ ਅਨੁਸਾਰ, ਤੇ ਦੂਜੀ ਸਮਸਯਾ ਦਿਤੇ ਗਏ ਸ਼ਬਦਾਂਨੁਸਾਰ । ਪਹਿਲੀ ਕਿਸਮ ਦੀ ਪੂਰਤੀ ਤਾਂ ਵਾਹਿਗੁਰੂ ਦੀ ਕ੍ਰਿਪਾ ਨਾਲ ਸਮਸਯਾਦਾਤਾ ਦੇ ਨਿਕਟਵਰਤੀ ਹੋਣ ਕਰ ਕੇ, ਅਥਵਾ ਤੀਵਰ ਬੁਧੀ ਨਾਲ ਸਮਸਯਾਦਾਤਾ ਦੇ ਸੁਭਾਵ ਤੋਂ ਅਛੀ ਤਰ੍ਹਾਂ ਜਾਣੂ ਹੋਣ ਕਰ ਕੇ ਯਾ ਉਸ ਸਮਸਯਾ ਦੇਣ ਵਾਲੇ ਦੇ ਮੂੰਹੋਂ ਉਸ ਦਾ ਬ੍ਰਿਤਾਂਤ ਸੁਣ ਕੇ ਯਾ ਘਟਨਾ ਸਥਾਨ ਤੇ ਸਮੇਂ ਨੂੰ ਦੇਖ ਕੇ ਹੋ ਸਕਦੀ ਹੈ ।

ਦੂਜੀ ਕਿਸਮ ਦੀ ਸਮਸਯਾ ਪਦ ਅਥਵਾ ਸ਼ਬਦ ਦੇ ਅਰਥਾਂ ਅਨੁਸਾਰ ।"[3]

ਇਸ ਲੰਬੇ ਲੇਖ ਵਿਚ ਉਨ੍ਹਾਂ ਗਲਾਂ ਤੇ ਵੀ ਵਿਸਥਾਰ ਸਹਿਤ ਰੋਸ਼ਨੀ ਪਾਈ ਗਈ ਹੈ ਜਿਨ੍ਹਾਂ ਨੂੰ ਸਮਸਯਾ ਦੇਣ ਵਾਲੇ ਅਤੇ ਉਸ ਦੀ ਪੂਰਤੀ ਕਰਨ ਵਾਲੇ ਨੂੰ ਧਿਆਨ ਵਿਚ

1. ਮੁਨਸ਼ਾ ਸਿੰਘ 'ਦੁਖੀ', 'ਆਦਰਸ਼', ਮਾਸਕ ਕਵੀ, ਕਲਕੱਤਾ, ਅਪਰੈਲ 1927, ਪੰਨਾ 3-5.
2. ਮੁਨਸ਼ਾ ਸਿੰਘ 'ਦੁਖੀ', ਸਮਸਯਾਪੂਰਤੀ, ਮਾਸਕ 'ਕਵੀ'. ਕਲਕੱਤਾ, ਮਈ 1927, ਪੰਨਾ 55.
3. ਮੁਨਸ਼ਾ ਸਿੰਘ 'ਦੁਖੀ', ਸਮਸਯਾਪੂਰਤੀ, ਮਾਸਕ 'ਕਵੀ' ਕਲਕੱਤਾ, ਮਈ 1927, ਪੰਨਾ 55.

Sri Satguru Jagjit Singh Ji Elibrary NamdhariElibrary@gmail com

ਰਖਣਾ ਜ਼ਰੂਰੀ ਹੁੰਦਾ ਹੈ।

ਇਕ ਪੰਜਾਬੀ ਲੋਕੋਕਤੀ ਵਿਚ 'ਪਿੰਗਲ ਬਿਨਾਂ ਕਵੀਸ਼ਰੀ ਗੀਤਾ ਬਾਝ ਗਿਆਨ' ਕਰਨ ਵਾਲੇ ਨੂੰ ਨਿੰਦਿਆ ਗਿਆ ਹੈ। ਕਵੀਆਂ ਵਾਸਤੇ ਪਿੰਗਲ ਦੀ ਲੋੜ ਦਾ ਜ਼ਿਕਰ ਕਰਦਿਆ ਇਕ ਲੇਖ ਵਿਚ ਆਪ ਨੇ ਲਿਖਿਆ ਹੈ:

> "ਕਵੀਆਂ ਲਈ ਪਿੰਗਲ ਦੇ ਹਿਸਾਬ ਤੋਂ ਜਾਣੂ ਹੋਣਾ ਅਤੀ ਜ਼ਰੂਰੀ ਹੈ; ਕਿਉਂਕਿ ਇਸ ਤੋਂ ਬਿਨਾਂ ਕੋਈ ਕਵੀ ਆਪਣੀ ਛੰਦਬੱਧ ਰਚਨਾ ਨੂੰ ਸ਼ੁਧ ਨਹੀਂ ਕਰ ਸਕਦਾ। ਅਜ ਕਲ੍ਹ ਦੇ ਪੰਜਾਬੀ ਕਵੀ ਲਗਪਗ ਸੌ ਵਿਚੋਂ ਪਚਾਨਵੇਂ ਅਜੇਹੇ ਜਾਪਦੇ ਹਨ ਜੋ ਪਿੰਗਲ ਦੇ ਨਾਮ ਤੋਂ ਭੀ ਜਾਣੂ ਨਹੀਂ ਮਲੂਮ ਹੁੰਦੇ।......ਇਹੀ ਕਾਰਣ ਹੈ ਕਿ ਅਜ ਕਲ ਦੀਆਂ ਅਖ਼ਬਾਰਾਂ ਰਸਾਲਿਆਂ ਵਿਚ ਛਪਣ ਵਾਲੀਆਂ ਤੇ ਬੜੇ ਬੜੇ ਇਨਾਮੀ ਕਵੀ ਦਰਬਾਰਾਂ ਵਿਚ ਪੜ੍ਹੀਆਂ ਜਾਣ ਵਾਲੀਆਂ ਕਵਿਤਾਵਾਂ ਭੀ ਕਸਵਟੀ ਤੇ ਪਰਖਣ ਯੋਗ ਨਹੀਂ ਹੁੰਦੀਆ; ਸੋ ਵਿਚੋਂ ਮਸਾਂ ਹੀ ਪੰਜ ਸਤ ਅਜੇਹੀਆਂ ਨਿਕਲਣਗੀਆਂ ਜੋ 'ਕਵਿਤਾ' ਕਹਿਣ ਯੋਗ ਹੋਣ, ਨਹੀਂ ਤਾਂ ਸਭ ਮਾਤਾ ਦਾ ਮਾਲ ਹੀ ਹੁੰਦਾ ਹੈ।"[1]

ਇਸੇ ਲੇਖ ਵਿਚ ਹੀ ਅਗੇ ਚਲ ਕੇ ਵਰਣਕ ਤੇ ਮਾਤ੍ਰਕ ਗਣਾਂ ਦੀ ਚਰਚਾ ਵੀ ਕੀਤੀ ਗਈ ਹੈ ਤੇ ਕਵਿਤਾ ਵਿਚ 'ਲੈਅ' ਦੀ ਵੀ। ਇਸੇ ਤਰ੍ਹਾਂ ਹੀ ਹੋਰਨਾਂ ਕਾਵਿ ਗੁਣਾਂ ਸਬੰਧੀ ਵੀ ਬੜੇ ਵਿਸਤਰੀਤ ਲੇਖ ਮਿਲਦੇ ਹਨ। ਭਾਵ, ਰਸ, ਵਰਨਣ ਵਿਧੀ, ਧਵਨੀ ਵਰਨਣ ਅਧਰਮ, ਓਜ ਤੇ ਪ੍ਰਸਾਦ, ਕਾਵਯ ਗੁਣ, ਕਾਵਯ ਬ੍ਰਿਤੀਆਂ ਅਤੇ ਅਲੰਕਾਰ, ਤੁਕਾਂਤ, ਬੋਲੀ, ਛੰਦ ਆਦਿ ਵਿਸ਼ਿਆਂ ਤੇ ਇਹ ਲੇਖ ਅਜਿਹੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਸਮਝਣ, ਮਨ ਵਿਚ ਵਸਾਉਣ ਤੇ ਅਭਿਆਸ ਕਰਨ ਪਿਛੋਂ ਇਕ ਸਾਧਾਰਨ ਪਰ ਲਗਨ ਵਾਲਾ ਬੰਦਾ ਵੀ ਕਵੀ ਬਣ ਸਕਦਾ ਹੈ ਤੇ ਤੁਕਬੰਦ ਕਵੀ, ਚੰਗੇ ਕਵੀਆਂ ਵਿਚ ਬੈਠਣਯੋਗ ਹੋ ਸਕਦਾ ਹੈ। ਕਵਿਤਾ ਦੇ ਜ਼ਰੂਰੀ ਅੰਗਾਂ ਤੇ ਵਿਸਤਰੀਤ ਵਿਚਾਰ ਕਰਨ ਪਿਛੋਂ, ਉਨ੍ਹਾਂ ਅੰਗਾਂ ਦੇ ਮੋਟੇ ਮੋਟੇ ਭੇਦ ਵੀ ਸਮਝਾਏ ਹਨ। ਇਹ ਸਾਰਾ ਕੁਛ ਸਿਧਾਂਤ ਸਿਖਿਆ ਵਾਂਗ ਰੁਖਾ ਜਾਂ ਖੁਸ਼ਕ ਵਿਸ਼ਾ ਹੀ ਨਹੀਂ ਰਹਿਣ ਦਿਤਾ, ਸਗੋਂ ਹਰ ਗਲ ਦੀ ਉਦਾਹਰਣ ਲਈ ਕਾਵਿ ਟੁਕੜੀਆਂ ਦੀ ਸਹਾਇਤਾ ਨਾਲ ਗੁੰਝਲਾਂ ਨੂੰ ਖੋਲ੍ਹਣ ਤੇ ਅਸਪਸ਼ਟ ਗਲਾਂ ਨੂੰ ਸਪਸ਼ਟ ਕਰਨ ਦਾ ਜਤਨ ਵੀ ਕੀਤਾ ਗਿਆ ਹੈ। ਕਈ ਪ੍ਰੀਭਾਸ਼ਾਵਾਂ ਬੜੇ ਗਿਣਵੇਂ ਚੁਣਵੇਂ ਸ਼ਬਦਾਂ ਵਿਚ ਦਿਤੀਆਂ ਗਈਆਂ ਹਨ ਜਿਵੇਂ ਉਹ ਗਣਿਤ ਦੇ ਗੁਰ ਹੋਣ। ਉਦਾਹਰਣ ਲਈ ਅਲੰਕਾਰ ਦੀ ਪ੍ਰੀਭਾਸ਼ਾ ਵੇਖੋ:

> (ੳ) ਜਿਸ ਸਮਗਰੀ ਨਾਲ ਕਿਸੇ ਵਾਕ ਵਿਚ ਰੋਚਕਤਾ, ਸੁੰਦਰਤਾ, ਜਾਂ ਚਮਤਕਾਰ ਆ ਜਾਵੇ ਉਹ ਸਮਗਰੀ ਅਲੰਕਾਰ ਕਹੌਂਦੀ ਹੈ।"[2]

ਇਹ ਹੈ ਮਾਲੂਪਮਾਲੰਕਾਰ ਦੀ ਪ੍ਰੀਭਾਸ਼ਾ:

"ਮਾਲੁਪਮਾ ਉਸ ਨੂੰ ਆਖਦੇ ਹਨ ਜਿਸ ਵਿਚ ਇਕ ਉਪਮੇਯ ਦੇ ਕਈ

1. ਮੁਨਸ਼ਾ ਸਿੰਘ 'ਦੁਖੀ', 'ਪਿੰਗਲ' ਮਾਸਕ ਕਵੀ ਕਲਕੱਤਾ, ਜੁਲਾਈ 1927, ਪੰਨਾ 153.
2. ਮੁਨਸ਼ਾ ਸਿੰਘ 'ਦੁਖੀ' 'ਅਲੰਕਾਰ', ਮਾਸਕ ਕਵੀ ਕਲਕੱਤਾ, ਦਸੰਬਰ 1927, ਪੰਨਾ 73.

Sri Satguru Jagjit Singh Ji Elibrary NamdhariElibrary@gmail com

ਉਪਮਾ ਹੋਣ।"

"ਫੀਮੀਆਂ ਨੂੰ ਫੀਮ ਜਿਵੇਂ ਕੀਮੀਆ ਰਸਾਇਣੀ ਨੂੰ,
ਤੀਵੀਆਂ ਨੂੰ ਖਾਵੰਦ ਤੇ ਅੰਕਸ ਗਜਿੰਦ ਨੂੰ।
ਸੁੱਤੇ ਨੂੰ ਖੜਾਕਾ ਜਾਨਵਰਾਂ ਨੂੰ ਪਟਾਕਾ ਜਿਵੇਂ,
ਸੂਰਾਂ ਨੂੰ ਸਾਕਾ ਹਵਾ ਮਛਰਾਂ ਦੀ ਜਿੰਦ ਨੂੰ।
ਚੋਰ ਨੂੰ ਸਿਪਾਹੀ ਜ਼ਿਮੀਂਦਾਰ ਤਾਈਂ ਵਾਹੀ ਜਿਵੇਂ,
ਰੋਗੀ ਨੂੰ ਦਵਾਈ ਡੰਡਾ ਬੇਵਕੂਫ ਰਿੰਦ ਨੂੰ।
ਸੇਵਕ ਸੁਆਮੀ ਨੂੰ ਕਰੇ ਹੁਸ਼ਿਆਰ ਤਿਵੇਂ,
ਮਹਾਰਾਜ ਤਿਲਕ ਨੇ ਜਗਾਇਆ ਸੁੱਤੇ ਹਿੰਦ ਨੂੰ।"[1]

ਇਸ ਵਿਸ਼ੇ ਤੇ ਆਪ ਦੀ ਇੰਨੀ ਰਚਨਾ ਮਿਲਦੀ ਹੈ ਕਿ ਇਕ ਵਖਰੀ ਪੁਸਤਕ ਤਿਆਰ ਹੋ ਸਕਦੀ ਹੈ।

## 2) ਜੀਵਨੀ ਸਾਹਿਤ:

ਜੀਵਨੀ ਸਾਹਿਤ ਵੀ ਪੰਜਾਬੀ ਵਿਚ ਕਾਫ਼ੀ ਹਰਮਨ ਪਿਆਰਾ ਹੈ। ਬਹੁਤੇ ਲੇਖਕਾਂ ਨੇ ਇਸ ਨੂੰ ਗੁਰੂ ਸਾਹਿਬਾਂ ਦੇ ਚਰਿਤਰਾਂ ਤਕ ਹੀ ਸੀਮਿਤ ਰਖਿਆ ਹੈ ਪਰ ਬਾਬਾ ਪ੍ਰੇਮ ਸਿੰਘ ਹੋਤੀ ਨੇ ਇਤਿਹਾਸਕ ਜੀਵਨੀਆਂ ਲਿਖ ਕੇ ਇਸ ਨੂੰ ਇਕ ਉਸਾਰੂ ਮੋੜ ਦਿਤਾ। ਪੰਜਾਬੀ ਜੀਵਨੀ ਸਾਹਿਤਕਾਰਾਂ ਵਿਚ ਬਾਬਾ ਜੀ ਨੂੰ ਇਕ ਨਵੇਕਲਾ ਸਥਾਨ ਪ੍ਰਾਪਤ ਹੈ।

ਹੋਰਨਾਂ ਸਾਹਿਤ ਵੰਨਗੀਆਂ ਅਤੇ ਵਿਸ਼ਿਆਂ ਤੇ ਕਲਮ ਚੁਕਣ ਦੇ ਨਾਲ ਨਾਲ 'ਦੁਖੀ' ਜੀ ਨੇ ਜੀਵਨੀ ਸਾਹਿਤ ਖੇਤਰ ਵਿਚ ਵੀ ਚੋਖਾ ਹਿਸਾ ਪਾਇਆ ਹੈ। ਆਪ ਦੀ ਇਸ ਖੇਤਰ ਵਿਚ ਪ੍ਰਸਿਧੀ ਦਾ ਕਾਰਨ ਸੀ ਭਾਈ ਸਾਹਿਬ ਭਾਈ ਮੋਹਨ ਸਿੰਘ ਵੈਦ ਜੀ ਦਾ ਜੀਵਨ ਜੋ ਉਨ੍ਹਾਂ ਦੀਆਂ ਨਿਜੀ ਡਾਇਰੀਆਂ ਅਤੇ ਹਥ ਲਿਖਤਾਂ ਉਪਰ ਆਧਾਰਤ ਹੈ ਤੇ ਜਾਂ ਫਿਰ ਕਰਤਾ ਦੀ ਨਿਜੀ ਜਾਣਕਾਰੀ ਤੇ। ਇਸ ਵਿਚ ਵੀਹਵੀਂ ਸਦੀ ਦੇ ਪਹਿਲੇ ਤਿੰਨ ਚਾਰ ਦਹਾਕਿਆਂ ਦੇ ਭਾਈ ਸਾਹਿਬ ਦੇ ਆਪਣੀ ਅਖੀਂ ਦੇਖੇ ਹਾਲ 808 ਪੰਨਿਆਂ ਤੇ ਪਸਰੇ ਹੋਏ ਹਨ। 'ਦੁਖੀ' ਜੀ ਇਸ ਪੁਸਤਕ ਨੂੰ ਆਪਣੀ ਚੰਗੇਰੀ ਵਾਰਤਕ ਰਚਨਾ ਦਾ ਨਮੂਨਾ ਗਿਣਦੇ ਸਨ।[2]

"ਸੂਰਬੀਰਾਂ, ਜਰਨੈਲਾਂ ਤੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਤਾਂ ਹੋਰ ਕਈ ਵਿਦਵਾਨਾਂ ਨੇ ਲਿਖੀਆਂ ਸਨ ਪਰ ਇਕ ਸਾਧਾਰਨ, ਧਰਮੀ ਮਨੁਖ, ਦੇਸ਼ ਸੇਵਕ ਤੇ ਸਾਹਿਤਕਕਾਰ ਦੇ ਸਮੁਚੇ ਜੀਵਨ ਨੂੰ ਕਾਲਬੰਦ ਕਰਨ ਦਾ ਪੰਜਾਬੀ ਵਿਚ ਇਹ ਪਹਿਲਾ ਉਪਰਾਲਾ ਸੀ।"[3]

---

1. ਮੁਨਸ਼ਾ ਸਿੰਘ 'ਦੁਖੀ', ਅਲੰਕਾਰ, ਮਾਸਕ ਕਵੀ ਕਲਗੀਧਰ, ਜੁਲਾਈ 1929, ਪੰਨਾ 280।
2. ਪ੍ਰੇਮ ਸਿੰਘ ਚਲਾਕ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 82, 86।
3. ਉਹੀ, ਪੰਨਾ 86।

Sri Satguru Jagjit Singh Ji Elibrary NamdhariElibrary@gmail.com

ਅਸਲ ਵਿਚ ਇਹ ਜੀਵਨੀ ਅਨੋਖੇ ਢੰਗ ਦੀ ਰਚਨਾ ਹੈ। ਇਸ ਵਿਚ ਵਰਤੇ ਗਏ ਵੈਦ ਜੀ ਲਿਖਤ ਡਾਇਰੀਆਂ ਤੇ ਨੋਟ 'ਦੁਖੀ' ਜੀ ਦੀ ਕਲਮ ਦੇ ਸਹਾਇਕ ਜਾਪਦੇ ਹਨ ਤੇ ਇਨ੍ਹਾਂ ਨੋਟਾਂ ਦੀ ਸਹਾਇਕ ਆਪ ਦੀ ਕਲਮ। ਆਮ ਘਟਨਾ ਨੂੰ ਬਿਆਨ ਕਰ ਕੇ ਅਗੇ ਵੈਦ ਜੀ ਦਾ ਨੋਟ ਦਿਤਾ ਹੋਇਆ ਹੈ। ਕਿਤੇ ਕਿਤੇ ਅਜਿਹਾ ਵੀ ਦੇਖਣ ਵਿਚ ਆਉਂਦਾ ਹੈ ਕਿ ਆਪ ਵਲੋਂ ਦੋ ਦੋ ਸਫ਼ੇ ਲਿਖੇ ਜਾਣ ਪਿਛੋਂ ਉਸ ਦੀ ਪ੍ਰੋੜ੍ਹਤਾ ਵਜੋਂ ਕੇਵਲ ਦੋ ਸਤਰਾਂ ਵੈਦ ਜੀ ਦੀਆਂ ਲਿਖੀਆਂ ਹੋਈਆਂ ਦੇ ਦਿਤੀਆਂ ਗਈਆਂ ਹਨ। ਟਾਵੇਂ ਵਿਰਲੇ ਬਾਹੀਂ ਪੱਤਰਾਂ ਦੇ ਹਵਾਲੇ ਵੀ ਦਿਤੇ ਗਏ ਹਨ। ਜਿਥੇ ਕਿਤੇ ਖਾਸ ਨਾਂ ਜਾਂ ਘਟਨਾ ਦਾ ਜ਼ਿਕਰ ਆਇਆ ਹੈ ਉਥੇ ਕਰਤਾ ਨੇ ਪਦ ਚਿੰਨ੍ਹਾਂ ਰਾਹੀਂ ਪਾਠਕ ਦੀ ਪੂਰੀ ਸਹਾਇਤਾ ਕੀਤੀ ਹੈ। ਕਈ ਰਾਜਨੀਤਕ ਘਟਨਾਵਾਂ ਬਾਰੇ ਵੈਦ ਜੀ ਦੇ ਲਿਖੇ ਹੋਏ ਨੋਟ ਬੜੇ ਵਿਸਤੀਰਤ ਤੇ ਜਾਣਕਾਰੀ ਭਰਪੂਰ ਤਾਂ ਹਨ ਹੀ, ਨਾਲ ਹੀ ਸਮਕਾਲੀ ਸਮਾਜਕ, ਪੰਥਕ ਤੇ ਰਾਜਨੀਤਕ ਇਤਿਹਾਸ ਸਮਗਰੀ ਵੀ। ਸਾਰੀ ਜੀਵਨੀ ਕਾਂਡਾਂ ਵਿਚ ਵੰਡੀ ਹੋਈ ਹੈ ਅਤੇ ਹਰ ਕਾਂਡ ਦੇ ਅੰਤ ਤੇ ਉਸ ਵਰ੍ਹੇ ਦੀਆਂ ਪ੍ਰਸਿੱਧ ਘਟਨਾਵਾਂ ਦੀ ਸੰਖੇਪ ਸੂਚੀ ਦਿਤੀ ਹੋਈ ਹੈ। ਆਮ ਪੁਸਤਕ ਦੇ ਅਧ ਦੇ ਬਰਾਬਰ ਤਾਂ ਇਸ ਪੁਸਤਕ ਦੀ ਭੂਮਕਾ ਹੀ ਹੋ ਜਾਂਦੀ ਹੈ।

ਇਹ ਜੀਵਨੀ ਲਿਖਣ ਸਮੇਂ ਤਕ 'ਦੁਖੀ' ਜੀ ਦੀ ਵਾਰਤਕ ਲੇਖਣੀ ਕਈ ਪੜਾਵਾਂ ਵਿਚੋਂ ਲੰਘ ਚੁਕੀ ਹੋਣ ਕਾਰਨ ਆਪ ਦੀ ਬੋਲੀ, ਸ਼ੈਲੀ ਤੇ ਵਰਨਣ ਢੰਗ ਵਿਚ ਕਾਫ਼ੀ ਸਪਸ਼ਟਤਾ ਆ ਗਈ ਸੀ। ਆਪ ਦੀ ਵਾਰਤਕ ਅਤੇ ਭਾਈ ਸਾਹਿਬ ਜੀ ਦੀ ਜੀਵਨੀ ਨਾਲ ਸਬੰਧਤ ਤੱਥਾਂ ਦਾ ਨਮੂਨਾ ਹੇਠ ਦਿਤੀ ਟੂਕ ਰਾਹੀਂ ਹਾਜ਼ਰ ਹੈ:

> "ਭਾਵੇਂ ਆਪ ਚੀਫ਼ ਖਾਲਸਾ ਦੀਵਾਨ ਦੇ ਮੁਢ ਤੋਂ ਹੀ ਮੈਂਬਰ ਤੇ ਸਾਧਾਰਨ ਕਾਰਕੁਨ ਸਨ, ਪਰ ਭੁਲ ਦੇਖ ਕੇ ਆਪਣੀ ਬੁਧੀ ਅਨੁਸਾਰ ਉਨ੍ਹਾਂ ਉਪਰ ਭੀ ਨੁਕਤਾ-ਚੀਨੀ ਕਰਨੋਂ ਤੇ ਲਿਖਣੋਂ ਨਾ ਸਨ ਝਿਜਕਦੇ। ਅੰਬਾਲਾ ਕਾਨਫਰੰਸ ਦੇ ਨੁਕਸਾਨਾਂ ਬਾਰੇ ਆਪ ਨੇ ਜ਼ਬਾਨੀ ਤੇ ਲਿਖਤੀ ਕਾਫ਼ੀ ਨੁਕਤਾਚੀਨੀ ਕੀਤੀ ਸੀ। ਇਸ ਕਾਨਫਰੰਸ ਜਲੰਧਰ ਵਾਲੀ ਬਾਬਤ ਭੀ ਆਪ ਨੇ ਪਰਬੰਧਕਾਂ ਦੇ ਨੁਕਸਾਨਾਂ ਬਾਰੇ ਖੂਬ ਜ਼ੋਰ ਨਾਲ ਲਿਖਿਆ ਸੀ। ਚੀਫ਼ ਖਾਲਸਾ ਦੀਵਾਨ ਦੇ ਮੁਖੀ ਤਲਮਲਾ ਉਠੇ। ਲਗੀ ਘੁਸਰ ਘੁਸਰ ਹੋਣ। ...[1]

ਵੈਦ ਜੀ ਸਚੇ ਪੰਥ ਹਿਤੈਸ਼ੀ ਸਨ, ਇਸ ਲਈ ਜਦੋਂ ਵੀ ਕੋਈ ਮਹਤਵਪੂਰਨ ਪਰ ਦੁਖਦਾਈ ਘਟਨਾ ਵਾਪਰਦੀ, ਉਸ ਵਿਚ ਹਿਸਾ ਲੈ ਕੇ ਉਸ ਨੂੰ ਸਹੀ ਕਰਨ ਲਈ ਆਪ ਹਰ ਸੰਭਵ ਜਤਨ ਕਰਦੇ ਸਨ। ਤਰਨਤਾਰਨ ਵਿਚ ਨਾਮਧਾਰੀਆਂ ਤੇ ਅਕਾਲੀਆਂ ਦੇ ਪ੍ਰਸਪਰ ਸਬੰਧ ਵਿਗੜ ਗਏ। ਵੈਦ ਜੀ ਨੇ ਇਸ ਵਿਚ ਕੀ ਭੂਮਕਾ ਨਿਭਾਈ, ਇਸ ਦਾ ਪਤਾ ਸਾਨੂੰ ਹੇਠ ਦਿਤੀ ਟੂਕ ਤੋਂ ਲਗਦਾ ਹੈ:

> "ਇਨ੍ਹਾਂ ਦਿਨਾਂ ਵਿਚ ਹੀ ਨਾਮਧਾਰੀਆਂ ਤੇ ਅਕਾਲੀਆਂ ਦਾ ਤਰਨਤਾਰਨ ਵਿਚ ਕੁਛ ਮਤਭੇਦ ਹੋਣ ਤੇ ਅਣਬਣ ਹੋ ਗਈ। ਇਸ ਲਈ 30 ਜੁਲਾਈ ਨੂੰ ਆਪਦਾ ਸਾਰਾ ਹੀ ਦਿਨ ਅਕਾਲੀ-ਨਾਮਧਾਰੀ ਝਗੜੇ ਵਿਚ ਲੱਗਾ ਜਿਸ ਦੀ

---

1. ਮੂਲਾ ਸਿੰਘ 'ਦੁਖੀ', ਜੀਵਨ ਭਾਈ ਮੋਹਨ ਸਿੰਘ ਵੈਦ, ਅੰਮ੍ਰਿਤਸਰ, 1939, ਪੰਨਾ 254।

Sri Satguru Jagjit Singh Ji Elibrary NamdhariElibrary@gmail.com

ਤਹਿਕੀਕਾਤ ਲਈ ਕਾਂਗਰਸ ਵਲੋਂ ਪੜਤਾਲੀਆ ਕਮੇਟੀ ਆਈ ਹੋਈ ਸੀ। ਆਪ ਤਰਨਤਾਰਨ ਸ਼ਹਿਰ ਵਲੋਂ ਪ੍ਰਤੀਨਿਧ ਸਨ। ਇਸੇ ਤਰ੍ਹਾਂ 3 ਅਗਸਤ ਨੂੰ ਭੀ ਸਾਰਾ ਦਿਨ ਇਸੇ ਝਗੜੇ ਨੂੰ ਨਿਪਟਾਣ ਵਿਚ ਲਗਾ।"[1]

ਕਿਸੇ ਘਟਨਾ ਬਾਰੇ ਵੈਦ ਜੀ ਵਲੋਂ ਲਿਖੇ ਹੋਏ ਨੋਟਾਂ ਦੀ ਵੰਨਗੀ ਹਾਜ਼ਰ ਹੈ :

"24 ਮਾਰਚ ਨੂੰ ਪੰਜਾਬ ਦੇ ਦੂਲੇ ਦੇਸ਼ਭਗਤ ਨੌਜੁਆਨ ਭਗਤ ਸਿੰਘ ਨੂੰ ਫਾਂਸੀ ਲਾਇਆ ਗਿਆ। ਇਹ ਦੁਖਦਾਈ ਖਬਰ ਸੁਣਦਿਆਂ ਹੀ ਵੈਦ ਜੀ ਦੇ ਹਿਰਦੇ ਉਤੇ ਬੜੀ ਕਰੜੀ ਸਟ ਵਜੀ ਤੇ ਆਪ ਨੇ ਬਹੁਤ ਹੀ ਬੁਰੀ ਤਰ੍ਹਾਂ ਫੀਲ (feel) ਕੀਤਾ। ਹਮਦਰਦੀ ਵਜੋਂ ਸਾਰੇ ਸ਼ਹਿਰ ਵਿਚ ਹੜਤਾਲ ਰਹੀ। ਆਪ ਨੇ ਉਸ ਦਿਨ ਆਪਣੀ ਡਾਇਰੀ ਵਿਚ ਇਸ ਤਰ੍ਹਾਂ ਭਾਵ ਭਰੇ ਸ਼ਬਦ ਅੰਕਤ ਕੀਤੇ :

'ਸ: ਭਗਤ ਸਿੰਘ ਆਦਿ ਦੇਸ਼ ਰਤਨਾਂ ਨੂੰ ਸਾਰੇ ਭਾਰਤਵਰਸ਼ ਦੀ ਸਮੂਚੀ ਆਵਾਜ਼ ਦੇ ਵਿਰੁਧ ਰਾਤ ਫਾਂਸੀ ਦੇ ਕੇ ਲਾਸ਼ਾਂ ਦੀ ਬੇਹੁਰਮਤੀ ਕਰਨ ਦੇ ਰੋਸ ਵਜੋਂ ਮੁਕੰਮਲ ਹੜਤਾਲ ਤੇ ਹੈਰਾਨੀ ਰਹੀ।"[2]

ਇਸੇ ਜੀਵਨੀ ਦੀ ਲੰਬੀ ਭੂਮਕਾ ਵਿਚ ਕਈ ਅਜਿਹੀਆਂ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਮਿਲਦਾ ਹੈ ਜਿਨ੍ਹਾਂ ਬਾਰੇ ਆਮ ਇਤਿਹਾਸਕ ਪੁਸਤਕਾਂ ਵਿਚੋਂ ਵੀ ਅਜਿਹੀ ਜਾਣਕਾਰੀ ਲਭਣੀ ਔਖੀ ਹੋਵੇਗੀ। ਆਪਣੀ ਇਤਿਹਾਸਕ ਮਹੱਤਤਾ ਕਾਰਨ ਇਹ ਭੂਮਕਾ ਇਸ ਜੀਵਨੀ ਦਾ ਅੰਗ ਬਣਨ ਤੋਂ ਪਹਿਲਾਂ ਕਈ ਵਖੋ ਵਖ ਪੱਤਰਾਂ ਵਿਚ ਤੇ ਵਖੋ ਵਖ ਨਾਵਾਂ ਹੇਠ ਛਪ ਵੀ ਚੁਕੀ ਸੀ।[3]

"ਪੁਸਤਕ ਇਕ ਸਚੇ ਸ਼ਰਧਾਲੂ ਦੀ ਸ਼ਰਧਾ ਨਾਲ ਲਿਖੀ ਗਈ ਹੈ ਅਤੇ ਭਾਈ ਸਾਹਿਬ ਦੇ ਸ਼ਖਸੀ ਤੇ ਸਮਾਜਕ ਸਦਗੁਣਾਂ ਨੂੰ ਇਕ ਮਹੀਨ ਕੰਮ ਕਰਨ ਵਾਲੇ ਕਾਰੀਗਰ ਦੀ ਸੁਚੱਜਤਾ ਨਾਲ ਉਘਾੜਿਆ ਗਿਆ ਹੈ।.....ਭਾਈ ਮੋਹਨ ਸਿੰਘ ਜੀ ਵਰਗੀ ਸਹਸ੍ਰ ਪਹਿਲੂ ਸ਼ਖਸੀਅਤ ਨੂੰ ਇਸ ਤਰੀਕੇ ਨਾਲ ਪੁਸਤਕ ਦੀ ਸ਼ਕਲ ਵਿਚ ਉਤਾਰਨਾ ਕਿ ਉਨ੍ਹਾਂ ਦੀ ਸ਼ਖਸੀਅਤ ਦਾ ਨਿਕੇ ਤੋਂ ਨਿਕਾ ਅੰਗ ਯਾ ਸੂਖਸ਼ਮ ਤੋਂ ਸੂਖਸ਼ਮ ਰੁਚੀ ਬਾਹਰ ਨਾ ਰਹਿ ਜਾਇ, 'ਦੁਖੀ' ਜੀ ਦਾ ਹੀ ਹਿਸਾ ਹੈ ......ਬੇਸ਼ਕ 'ਦੁਖੀ' ਜੀ ਨੇ ਪੁਸਤਕ ਦੀ ਸਾਰੀ ਰਚਨਾ ਨੂੰ ਭਾਈ ਸਾਹਿਬ ਦੀ ਸ਼ਖਸੀਅਤ ਦੇ ਇਰਦ ਗਿਰਦ ਹੀ ਘੁਮਾਇਆ ਹੈ, ਪਰ ਇਸ ਨੂੰ ਅਸੀਂ ਇਕ ਤਰ੍ਹਾਂ ਨਾਲ ਭਾਈ ਸਾਹਿਬ ਦੇ ਸਮੇਂ ਦਾ ਇਤਿਹਾਸ ਆਖ ਸਕਦੇ ਹਾਂ। ਕੋਈ ਪੰਥਕ ਯਾ ਕੌਮੀ ਲਹਿਰ ਐਸੀ ਹੋਵੇਗੀ ਯਾ ਕੋਈ ਉਨ੍ਹਾਂ ਦੇ ਸਮੇਂ ਦਾ ਮਹਾਂ ਪੁਰਸ਼ ਐਸਾ ਹੋਵੇਗਾ ਜਿਸ ਦਾ ਜ਼ਿਕਰ ਇਸ ਪੁਸਤਕ ਵਿਚ ਨਾ ਆਇਆ ਹੋਵੇ।"[4]

---

1. ਮੁਨਸ਼ਾ ਸਿੰਘ 'ਦੁਖੀ', ਜੀਵਨ ਭਾਈ ਮੋਹਨ ਸਿੰਘ ਵੈਦ, ਪੰਨਾ 437।
2. ਮੁਨਸ਼ਾ ਸਿੰਘ 'ਦੁਖੀ', ਜੀਵਨ ਭਾਈ ਮੋਹਨ ਸਿੰਘ ਵੈਦ, ਅੰਮ੍ਰਿਤਸਰ, 1939 ਪੰਨਾ 651. 52.
3. ਕੁੰਦਨ, ਲਾਹੌਰ, 29 ਨਵੰਬਰ 1938, ਪੰਨਾ 15 ਅਤੇ
   ਸਪਤਾਹਿਕ ਰਾਮਗੜ੍ਹੀਆ ਗਜ਼ਟ, ਸ਼ਿਮਲਾ, 15 ਦਸੰਬਰ 1938 ਪੰਨਾ 5.
4. ਮਾਸਕ ਪੰਜ ਦਰਿਆ, ਲਾਹੌਰ, ਮਾਰਚ 1910, ਪੰਨਾ 52-53.

Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਬਿਨਾਂ, ਇਕ ਜੀਵਨੀ ਟਰੈਕਟ ਆਪ ਨੇ ਕਵੀ ਕੁਟੀਆ ਕਲਕੱਤਾ ਤੋਂ ਵੀ ਛਪਵਾਇਆ ਸੀ ਜਿਸ ਦਾ ਨਾਂ ਸੀ 'ਅਮਰ ਸਿੰਘ' ਜਿਸ ਸਬੰਧੀ ਸੰਖੇਪ ਜਾਣਕਾਰੀ ਪਿਛਲੇ ਪੰਨਿਆਂ ਤੇ ਦਿਤੀ ਜਾ ਚੁਕੀ ਹੈ।

3) ਇਤਿਹਾਸ ਪ੍ਰਧਾਨ ਰਚਨਾਵਾਂ :

ਇਤਿਹਾਸ ਬਣਾਉਣਾ ਬੜਾ ਔਖਾ ਕੰਮ ਹੈ। ਕੀਮਤੀ ਜਿੰਦਾਂ ਇਸ ਲੇਖੇ ਲਾਉਣੀਆਂ ਪੈਂਦੀਆਂ ਹਨ। ਪਰ ਉਸਕਰ ਵਿਲਡੇ (Oscar Wilde) ਦਾ ਕਥਨ ਹੈ ਕਿ 'ਇਤਿਹਾਸ ਬਣਾ ਤਾਂ ਕੋਈ ਵੀ ਸਕਦਾ ਹੈ, ਅਸਲ ਔਖਿਆਈ ਤਾਂ ਇਸ ਦੇ ਲਿਖਣ ਵਿਚ ਹੁੰਦੀ ਹੈ।'

ਮੁਨਸ਼ਾ ਸਿੰਘ 'ਦੁਖੀ' ਜੀ ਨੇ ਇਤਿਹਾਸ ਬਣਾਉਣ ਵਿਚ ਤਾਂ ਬੜਾ ਹਿੱਸਾ ਪਾਇਆ ਪਰ ਇਤਿਹਾਸ ਲਿਖਣ ਦਾ ਸਮਾਂ ਆਪ ਨੂੰ ਬਹੁਤ ਘਟ ਮਿਲ ਸਕਿਆ। ਸਮੇਂ ਦੀ ਥੁੜ ਹੋਣ ਦੇ ਬਾਵਜੂਦ ਵੀ ਆਪ ਨੇ ਇਤਿਹਾਸਕ ਜੀਵਨੀਆਂ ਲਿਖੀਆਂ ਹਨ। ਇਤਿਹਾਸ ਪ੍ਰਧਾਨ ਲੇਖਾਂ ਦੀ ਰਚਨਾ ਕੀਤੀ ਹੈ ਚਾਹੇ ਉਨ੍ਹਾਂ ਦੀ ਗਿਣਤੀ ਕੋਈ ਬਹੁਤ ਵਡੀ ਨਹੀਂ। ਇਕ ਗਲ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਇਤਿਹਾਸ ਨਾਲ ਸਬੰਧਤ ਜੋ ਕੁਝ ਆਪ ਨੇ ਲਿਖਿਆ ਹੈ, ਉਹ ਵਿਸ਼ਵ ਵਿਦਿਆਲਿਆਂ ਦੇ ਇਤਿਹਾਸ-ਅਧਿਆਪਕਾਂ ਦੀ ਨਜ਼ਰੇ ਪਰਵਾਨ ਚੜ੍ਹਨ ਵਾਲਾ ਨਹੀਂ ; ਕਿਉਂਕਿ ਜਿਸ ਤਰ੍ਹਾਂ ਵਿਗਿਆਨਿਕ ਲੀਹਾਂ ਤੇ ਰਚੀ ਹੋਈ ਰਚਨਾ ਨੂੰ ਵਰਤਮਾਨ ਸਮੇਂ ਵਿਚ ਇਤਿਹਾਸ ਮੰਨਿਆਂ ਜਾਂਦਾ ਹੈ, ਉਸ ਦੀ ਸਿਖਲਾਈ ਲੈਣ ਦਾ ਸਮਾਂ ਤਾਂ ਗਿਆਨੀ ਗਿਆਨ ਸਿੰਘ ਵਰਗੇ ਪ੍ਰਸਿਧ ਸਿਖ ਇਤਿਹਾਸਕਾਰ ਨੂੰ ਵੀ ਨਸੀਬ ਨਹੀਂ ਸੀ ਹੋਇਆ ਤੇ ਜੇਲ੍ਹਾਂ ਜਾਂ ਮਫ਼ਰੂਰੀਆਂ ਦੇ ਚਕਰਾਂ ਵਿਚ ਫਸੇ ਹੋਏ 'ਦੁਖੀ' ਜੀ ਨੂੰ ਕਿਥੋਂ ਮਿਲ ਜਾਂਦਾ ? ਪਰ ਇਸ ਗਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਸ ਤਰ੍ਹਾਂ ਦੀ ਇਤਿਹਾਸਕ ਸਮਗਰੀ ਆਪ ਪਾਸ ਸੀ, ਸ਼ਾਇਦ ਉਹ ਹੋਰ ਕਿਸੇ ਸ੍ਰੋਤ ਤੋਂ ਪ੍ਰਾਪਤ ਨਾ ਹੋ ਸਕੇ।

'ਦੁਖੀ' ਜੀ ਦੇ ਅੰਦਰ ਇਤਿਹਾਸਕ ਸਮਗਰੀ ਦੇ ਜਿਵੇਂ ਅੰਬਾਰ ਹੀ ਲਗੇ ਪਏ ਹੋਣ। ਕੁਦਰਤ ਨੇ ਆਪ ਨੂੰ ਉਹ ਸਾਧਨ ਤੇ ਸਮਾਂ ਨਹੀਂ ਸੀ ਦਿਤਾ ਜਿਸ ਦੇ ਆਸਰੇ ਆਪ ਇਸ ਸਾਰੀ ਸਮਗਰੀ ਨੂੰ ਕਲਮਬੰਦ ਕਰ ਸਕਦੇ ਇਸ ਦੇ ਬਾਵਜੂਦ ਵੀ, ਆਪ ਨੇ ਇਤਿਹਾਸ ਲਿਖਣ ਵਲ ਧਿਆਨ ਤਾਂ ਦਿਤਾ ਜਾਵੇ ਬਿਰਧ ਅਵਸਥਾ ਵਿਚ ਪੈਰ ਰਖ ਲੈਣ ਕਾਰਨ ਉਹ ਵਡੇ ਪੈਮਾਨੇ ਤੇ ਇਹ ਕੰਮ ਕਰਨੋਂ ਅਸਮਰਥ ਰਹੇ। 'ਦੇਸ਼ ਭਗਤ ਯਾਦਾਂ' (ਸਪਤਾਹਿਕ, ਜਲੰਧਰ) ਵਿਚ ਸੰਪਾਦਕ ਦੀ ਜ਼ਿੰਮੇਵਾਰੀ ਸੌਂਪੇ ਜਾਣ ਸਮੇਂ ਆਪ ਨੂੰ ਸੌਂਪਿਆ ਗਿਆ ਦੂਜਾ ਕੰਮ ਸੀ 'ਗ਼ਦਰ ਪਾਰਟੀ' ਦੇ ਇਤਿਹਾਸ ਦਾ ਦੂਜਾ ਭਾਗ ਲਿਖਣਾ।[1] ਪਹਿਲਾ ਭਾਗ ਪਹਿਲਾਂ ਛਪ ਹੀ ਚੁਕਾ ਸੀ।[2] ਇਸੇ ਯੋਜਨਾ ਅਧੀਨ ਇਸ ਵਿਸ਼ੇ ਤੇ ਲਿਖੇ ਹੋਏ ਆਪ ਦੇ ਕੁਝ ਇਤਿਹਾਸਕ ਲੇਖ ਮਿਲਦੇ ਹਨ। ਇਹ ਵੰਨਗੀ, ਗ਼ਦਰ ਪਾਰਟੀ ਦੇ ਪਿਛੋਕੜ ਸਬੰਧੀ ਲਿਖੇ ਇਕ ਲੇਖ ਵਿਚੋਂ ਲਈ ਗਈ ਹੈ :

"ਕਈ ਰੂਸ ਨੂੰ ਨਿਕਲ ਗਏ ਤੇ ਨਵੇਂ ਇਨਕਲਾਬ ਦੀ ਸਟਡੀ ਕਰਨ ਲਗ

1. ਮੁਨਸ਼ਾ ਸਿੰਘ 'ਦੁਖੀ', 'ਦੁਖੀ ਜੀਵਨ', ਮਾਸਕ ਸਾਹਿਤ ਤੇ ਕਲਾ, ਦਿੱਲੀ, ਅਕਤੂਬਰ 1968।
2. ਗੁਰਚਰਨ ਸਿੰਘ ਸਹਿੰਸਰਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ।

Sri Satguru Jagjit Singh Ji Elibrary NamdhariElibrary@gmail.com

ਪਏ, ਕਈਆਂ ਨੇ ਇਸੇ ਆਸ਼ੇ ਨਾਲ ਕਿਰਤੀ ਲਹਿਰ ਚਲਾ ਲਈ ਪਰ ਹਰ ਹਾਲਤ ਵਿਚ ਸਭ ਦਾ ਆਦਰਸ਼ ਉਹੋ ਸੀ 'ਦੇਸ਼ ਦੀ ਸਵਤੰਤਰਤਾ'। ਜਿਹੜੇ ਕਿਸੇ ਕਾਰਨ ਘਰਾਂ ਵਿਚ ਵੀ ਮਹਿਦੂਦ ਹੋ ਗਏ ਉਹ ਭੀ ਆਪਣੇ ਦਿਲਾਂ ਦੀ ਲਗਨ ਨੂੰ ਦਬਾ ਕੇ ਨਹੀਂ ਬੈਠੇ। ਉਕਾ ਹੀ ਚੁਪ ਨਹੀਂ ਕਰ ਗਏ ਸਗੋਂ ਉਹ ਵੀ ਮਨ ਕਰ ਕੇ, ਤਨ ਕਰ ਕੇ, ਤੇ ਧਨ ਕਰ ਕੇ ਜਿਵੇਂ ਵੀ ਹੋ ਸਕਿਆ ਦੇਸ਼ ਸੇਵਾ ਲਹਿਰ ਦੀ ਮਦਦ ਕਰਦੇ ਰਹੇ ਤੇ ਕਰ ਰਹੇ ਹਨ।...ਇਕ ਪਾਸੇ ਫੜੋ ਫੜੀ ਜ਼ੋਰਾਂ ਤੇ ਸੀ ਤੇ ਦੇਸ਼ ਭਗਤ ਹਸ ਹਸ ਕੇ ਜੇਲ੍ਹੀਂ ਜਾ ਰਹੇ ਸਨ ਤੇ ਦੂਜੇ ਪਾਸੇ ਸਰਕਾਰ ਫੜਦੀ-ਫੜਦੀ ਭੀ ਧਰਕ ਰਹੀ ਸੀ, ਰੋ ਰਹੀ ਸੀ ਤੇ ਡਰਦੀ ਕੰਬ ਰਹੀ ਸੀ।"[1]

ਇਸ ਤੋਂ ਬਿਨਾਂ ਜੀਵਨ ਦੇ ਛੇਕੜਲੇ ਵਰ੍ਹਿਆਂ ਵਿਚ ਹੀ ਮਿਲੀ ਵਿਹਲ ਵਿਚ ਆਪ ਨੇ ਲਗਪਗ 30 ਅਜਿਹੇ ਗ਼ਦਰੀ ਤੇ ਸੁਤੰਤਰਤਾ ਸੰਗਰਾਮੀਏ ਸ਼ਹੀਦਾਂ ਦੇ ਜੀਵਨ ਲਿਖ ਕੇ ਵਖੋ ਵਖ ਪੱਤਰਾਂ ਵਿਚ ਛਪਵਾਏ ਜਿਨ੍ਹਾਂ ਨਾਲ ਜਾਂ ਤਾਂ ਆਪ ਨੇ ਕੈਦਾਂ ਕਟੀਆਂ ਸਨ ਤੇ ਜਾਂ ਉਂਜ ਜੀਵਨ ਦੇ ਕੀਮਤੀ ਵਰ੍ਹੇ ਗੁਜ਼ਾਰੇ ਸਨ; ਤੇ ਜਿਨ੍ਹਾਂ ਬਾਰੇ ਇੰਨੀ ਕੀਮਤੀ ਇਤਿਹਾਸਕ ਜਾਣਕਾਰੀ ਮਿਲ ਸਕਣੀ ਜੇ ਬਿਲਕੁਲ ਅਸੰਭਵ ਨਹੀਂ ਤਾਂ ਇੰਨੀ ਸਹਿਲ ਵੀ ਨਹੀਂ। ਸੁਤੰਤਰਤਾ ਸੰਗਰਾਮ ਦੇ ਸਾਹਿਤ ਤੇ ਇਤਿਹਾਸ ਨੂੰ ਆਪ ਦੀ ਇਹ ਕੋਈ ਘਟ ਅਹਿਮ ਦੇਣ ਨਹੀਂ। ਇਹ ਇਤਿਹਾਸ ਸਚਮੁਚ ਹੀ, ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਕੁਦ ਕੇ ਜੀਵਨ ਅਹੂਤੀਆਂ ਪਾਉਣ ਵਾਲੇ ਗੁਮਨਾਮ ਤੇ ਨਿਸ਼ਕਾਮ ਦੇਸ਼ ਭਗਤਾਂ ਦੀਆਂ ਅਦੁਤੀ ਤੇ ਲੂੰ ਕੰਡੇ ਕਰਨ ਵਾਲੀਆਂ ਕੁਰਬਾਨੀਆਂ ਨੂੰ ਚਾਨਣ ਵਿਚ ਲਿਆਵੇਗਾ।

4) ਆਲੋਚਨਾ :

ਸਾਹਿਤ ਵਿਚ ਆਲੋਚਨਾ ਉਹੀ ਕੰਮ ਕਰਦੀ ਹੈ ਜੋ ਸੋਨੇ ਤੇ ਕੁਠਾਲੀ। ਜਿਵੇਂ ਕੁਠਾਲੀ ਵਿਚੋਂ ਨਿਕਲ ਕੇ ਸੋਨੇ ਦਾ ਮੁਲ ਵਧ ਜਾਂਦਾ ਹੈ ਤਿਵੇਂ ਹੀ ਆਲੋਚਕ ਦੀ ਨਜ਼ਰ ਵਿਚੋਂ ਨਿਕਲੀ ਸਾਹਿਤਕ ਕਿਰਤ ਸਭ ਵਿਦਵਾਨਾਂ ਦੀ ਪ੍ਰਸ਼ੰਸਾ ਪਾਤਰ ਬਣ ਸਕਦੀ ਹੈ। ਮੰਦੇ ਭਾਗਾਂ ਦੀ ਗਲ ਹੀ ਸਮਝੋ ਕਿ ਪੰਜਾਬੀ ਵਿਚ ਇਸ ਨੂੰ ਕੁਝ ਘਿਰਣਾ ਦੀ ਨਿਗ੍ਹਾ ਨਾਲ ਤਕ ਕੇ ਆਲੋਚਕ ਨੂੰ ਲੇਖਕ ਦਾ ਦੁਸ਼ਮਣ ਸਮਝਿਆ ਜਾਂਦਾ ਰਿਹਾ ਹੈ। 'ਦੁਖੀ' ਜੀ ਮਹਾਂ ਕਵੀ ਤਾਂ ਸਨ ਹੀ, ਪਰ ਆਪ ਨਾਲੋਂ ਨਾਲ ਮਹਾਂ ਆਲੋਚਕ ਤੇ ਸਾਹਿਤ ਪਾਰਖੂ ਵੀ ਸਨ। ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਪੰਜਾਬੀ ਵਿਚ ਆਲੋਚਨਾ ਦਾ ਬੀਜ ਨਾਸ ਤਾਂ ਨਹੀਂ ਸੀ, ਉਦੋਂ ਆਪ ਚੋਟਿਆਂ ਤੇ ਗਿਣੇ ਜਾਣ ਜੋਗੇ ਕੁਝ ਕੁ ਪੰਜਾਬੀ ਆਲੋਚਕਾਂ ਵਿਚੋਂ ਇਕ ਸਨ। 'ਪੰਜਾਬੀ ਪੱਤ੍ਰਕਾਰੀ' ਦਾ ਲੇਖਕ ਉਨ੍ਹਾਂ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਤੇ ਪੜਚੋਲੀਏ ਮੰਨਦਾ ਹੈ।[2]

ਵਿਦਵਾਨਾਂ ਨੇ ਆਲੋਚਨਾ ਦੀਆਂ ਕਈ ਕਿਸਮਾਂ ਗਿਣੀਆਂ ਹਨ। ਪ੍ਰੋ: ਕਰਨਜੀਤ ਨੇ ਇਸ ਨੂੰ ਵਿਸ਼ਲੇਸ਼ਣਾਤਮਕ, ਪ੍ਰਭਾਵਵਾਦੀ, ਮਨੋਵਿਗਿਆਨਿਕ ਤੇ ਪ੍ਰਗਤੀਵਾਦੀ ਆਦਿ ਬਹੁੰ ਕਿਸਮਾਂ ਵਿਚ ਵੰਡ ਕੇ ਅੰਤਮ ਸ਼੍ਰੇਣੀ ਨੂੰ ਵਡਿਆਉਣ ਦਾ ਜਤਨ ਕੀਤਾ ਹੈ।[3] ਇਸ

1. ਮੁਨਸ਼ਾ ਸਿੰਘ 'ਦੁਖੀ', 'ਗ਼ਦਰ ਪਾਰਟੀ' ਦਾ ਇਤਿਹਾਸ, 'ਪ੍ਰਿਤੱਕਤ', ਸਪਤਾਹਿਕ ਦੇਸ਼ ਭਗਤ ਯਾਦਾਂ, ਜਲੰਧਰ, 28 ਜਨਵਰੀ 1966।
2. ਕੁਲਦੀਪ ਸਿੰਘ, ਪੰਜਾਬੀ ਪੱਤ੍ਰਕਾਰੀ, ਪੰਜਾਬੀ ਸਾਹਿਤ ਸਭਾ, ਦਿੱਲੀ, 1962, ਪੰਨਾ 55।
3. ਪ੍ਰੋ: ਕਰਨਜੀਤ, ਆਲੋਚਨਾ ਤੇ ਆਲੋਚਨਾ ਧਰਮ, ਮਾਸਕ ਪੰਜ਼ਾਬੀ ਦੁਨੀਆਂ, ਪਟਿਆਲਾ, ਨਵੰਬਰ 1959।

Sri Satguru Jagjit Singh Ji Elibrary NamdhariElibrary@gmail com

ਹਿਸਾਬ, 'ਦੁਖੀ' ਜੀ ਦੇ ਸਮੇਂ ਵਿਚ ਆਲੋਚਨਾ ਆਮ ਕਰ ਕੇ ਵਿਸ਼ਲੇਸ਼ਣਾਤਮਕ ਢੰਗ ਤਕ ਹੀ ਸੀਮਿਤ ਸੀ। ਇਸ ਵਿਚ ਲਿਖਾਰੀ ਵਲੋਂ ਬਿਆਨ ਕੀਤੀਆਂ ਗੂੜ੍ਹੀਆਂ ਗੱਲਾਂ ਜਾਂ ਉਸ ਦੇ ਸੂਖਮ ਕਲਾਤਮਕ ਢੰਗਾਂ ਦੀ ਵਿਆਖਿਆ ਕੀਤੀ ਹੁੰਦੀ ਹੈ ਜਿਵੇਂ ਇਸ ਕਵਿਤਾ ਵਿਚ ਫਲਾਂ ਰਸ ਪ੍ਰਧਾਨ ਹੈ, ਜਾਂ ਇਸ ਲਫ਼ਜ਼ਾਂ ਦਾ ਭਾਵ ਇਹ ਹੈ ਆਦਿ।[1] 'ਦੁਖੀ' ਜੀ ਵਲੋਂ ਕੀਤੀ ਹੋਈ ਬਹੁਤੀ ਆਲੋਚਨਾ ਇਸੇ ਸ਼੍ਰੇਣੀ ਵਿਚ ਹੀ ਰਖੀ ਜਾ ਸਕਦੀ ਹੈ।

'ਸਮਾਲੋਚਨਾ ਤੇ ਸਾਹਿਤਾਲੋਚਨਾ ਦਾ ਮਨੋਰਥ ਤਿੰਨ ਪਖੀ ਹੈ। ਇਕ ਪਾਸੇ ਤਾਂ ਇਹ ਰਚਨਾਵਾਂ ਦਾ ਸਾਹਿਤਕ ਮੁਲ ਪਾਂਦੀ ਹੈ, ਦੂਜੇ ਪਾਸੇ ਪਾਠਕਾਂ ਦੇ ਮਨਾਂ ਵਿਚ ਸਾਹਿਤਕ ਸੂਝ ਤੇ ਨਰੋਏ ਸਾਹਿਤ ਦਾ ਸਵਾਦ ਉਪਜਾਂਦੀ ਹੈ ਅਤੇ ਤੀਜੇ ਪਾਸੇ ਲੇਖਕ ਅਥਵਾ ਕਲਾਕਾਰ ਨੂੰ ਵੀ ਲੋੜੀਂਦੀ ਅਗਵਾਈ ਦੇਂਦੀ ਹੈ।'[2]

ਆਲੋਚਕ ਵਜੋਂ 'ਦੁਖੀ' ਜੀ ਅੰਗ੍ਰੇਜ਼ੀ ਦੇ ਪ੍ਰਸਿੱਧ ਆਲੋਚਕ ਪੇਟਰ (Walter Pater) ਦੀ ਤਕੜੀ ਤੇ ਪੂਰੇ ਉਤਰਦੇ ਸਨ। ਪੇਟਰ ਦਾ ਮਤ ਹੈ ਕਿ 'ਸਾਹਿਤਕਾਰ ਦੇ ਭਾਵ ਨੂੰ ਅਨੁਭਵ ਕਰਨਾ, ਨਿਖੇੜਨਾ ਤੇ ਸਮਝਾਉਣਾ ਆਦਿ ਤਿੰਨ ਕਰਤਵ ਹਨ। 'ਦੁਖੀ' ਜੀ ਦੁਆਰਾ ਕੀਤੀ ਗਈ ਸਾਹਿਤ ਆਲੋਚਨਾ ਵਿਚੋਂ ਸਾਨੂੰ ਇਹ ਤਿੰਨੇ ਕਰਤਵ ਨਿਭਾਏ ਗਏ ਮਿਲਦੇ ਹਨ। ਪਰ ਇਸ ਆਲੋਚਕ ਵਲੋਂ ਕੀਤੀ ਗਈ ਆਲੋਚਨਾ ਵਿਚ ਨਿਰੋਲ ਇਹੋ ਕੁਝ ਵੀ ਨਹੀਂ ਸਗੋਂ ਇਸ ਤੋਂ ਕੁਝ ਵਧ ਵੀ ਹੈ। 'ਸਹੀ ਪੜਚੋਲ ਦਾ ਕੰਮ ਨਾ ਤਾਂ ਉਸਤਤ ਕਰਨਾ ਹੈ ਤੇ ਨਾ ਹੀ ਨਿੰਦਾ। ਇਸ ਦਾ ਮੰਤਵ ਤਾਂ ਨਿਆਂਕਾਰੀ ਬਿਬੇਕ ਕਰਨਾ, ਪੂਰੀ ਤਰ੍ਹਾਂ ਕੀਮਤਾਂ ਨਿਸਚਿਤ ਕਰਨਾ, ਸਿਆਣਪ ਸਹਿਤ ਰਾਇ ਕਾਇਮ ਕਰਨਾ ਤੇ ਦਿਆਨਤਦਾਰੀ ਨਾਲ ਹਥੋਂ ਦੇਣਾ ਹੈ'।[3] 'ਦੁਖੀ' ਜੀ ਵਲੋਂ ਕੀਤੀ ਗਈ ਆਲੋਚਨਾ ਦਾ ਦਾਅਵਾ ਇਹ ਹੈ ਕਿ ਉਹ ਡਾਕਟਰ ਸੀਤਲ ਦੀ ਇਸ ਪ੍ਰੀਭਾਸ਼ਾ ਤੇ ਵੀ ਪੂਰੀ ਉਤਰਦੀ ਹੈ ਅਤੇ ਹਥੋਂ ਦੇਣ ਵੇਲੇ ਹਥ ਘੁਟਦੀ ਵੀ ਨਹੀਂ।

ਆਲੋਚਨਾ ਦੇ ਖੇਤਰ ਵਿਚ 'ਦੁਖੀ' ਜੀ ਨੇ ਮਾਸਕ ਕਵੀ (ਕਲਕੱਤਾ) ਦੇ ਜਨਮ ਨਾਲ ਹੀ ਪੈਰ ਰਖਿਆ। ਇਸ ਮਾਸਕ ਪੱਤਰ ਵਿਚ ਕਿਸੇ ਨਾ ਕਿਸੇ ਢੰਗ ਨਾਲ ਕਾਵਿ ਪੜਚੋਲ ਜ਼ਰੂਰ ਕੀਤੀ ਜਾਂਦੀ ਸੀ। 'ਕਵੀ' ਦਾ ਮੁਖ ਮਨੋਰਥ ਕਵੀ ਪੈਦਾ ਕਰਨਾ ਅਤੇ ਕਾਵਿ ਦੇ ਗੁਣਾਂ ਦੋਖਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਚੰਗੇ ਕਵੀ ਬਣਾਉਣਾ ਸੀ। ਕੁਝ ਵਿਦਵਾਨ ਤਾਂ ਇਸ ਪੱਤਰ ਨੂੰ 'ਪੰਜਾਬੀ ਸਾਹਿਤਕ ਪੜਚੋਲ ਦੀ ਪੱਧਰ ਨੂੰ ਉਚਿਆਨ ਦੇ ਆਸ਼ੇ' ਨੂੰ ਮੁਖ ਰਖ ਕੇ ਕਢਿਆ ਗਿਆ ਸਾਹਿਤਕ ਪੱਤਰ ਹੀ ਮੰਨਦੇ ਹਨ।[4]

'ਦੁਖੀ' ਜੀ ਦੀਆਂ ਕਈ ਰਚਨਾਵਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਕਿਸੇ ਲੇਖਕ ਜਾਂ ਕਵੀ ਦੀ ਰਚਨਾ ਨੂੰ ਮੁਖ ਰਖ ਕੇ ਨੁਕਤਾਚੀਨੀ ਨਹੀਂ ਕੀਤੀ ਹੁੰਦੀ ਸਗੋਂ ਪੰਜਾਬੀ ਬੋਲੀ ਤੇ ਮੁਹਾਵਰੇ ਨੂੰ ਸੁਧਾਰਨ ਵਾਸਤੇ ਅਤੇ ਕਵੀਆਂ ਨੂੰ ਸ੍ਰੇਸ਼ਟ

1. ਪ੍ਰੋ. ਕਰਨਜੀਤ ਆਲੋਚਨਾ ਤੇ ਅਲੋਚਨਾ ਧਰਮ, ਮਾਸਕ ਪੰਜਾਬੀ ਦੁਨੀਆਂ, ਪਟਿਆਲਾ, ਨਵੰਬਰ 1959.
2. ਪ੍ਰਿਤਪਾਲ ਸਿੰਘ, ਸਾਹਿਤ ਆਲੋਚਨਾ, ਮਾਸਕ ਆਲੋਚਨਾ, ਲੁਧਿਆਣਾ, ਅਕਤੂਬਰ 1959, ਪੰਨਾ 18।
3. ਡਾ: ਜੀਤ ਸਿੰਘ ਸੀਤਲ, 'ਖੋਜ ਤੇ ਪੜਚੋਲ', ਮਾਸਕ ਪੰਜਾਬੀ ਦੁਨੀਆਂ, ਸਤੰਬਰ 1959, ਪੰਨਾ 3।
4. ਕੁਲਦੀਪ ਸਿੰਘ, ਪੰਜਾਬੀ ਪਤ੍ਰਕਾਰੀ, ਪੰਜਾਬੀ ਸਾਹਿਤ ਸਭਾ, ਦਿੱਲੀ, 1962, ਪੰਨਾ 38.

Sri Satguru Jagjit Singh Ji Elibrary NamdhariElibrary@gmail com

ਬਣਾਉਣ ਵਾਸਤੇ ਆਲੋਚਕ ਦ੍ਰਿਸ਼ਟੀ ਤੋਂ ਸਮੁਚੇ ਤੌਰ ਤੇ ਹੀ ਵਿਚਾਰ ਪ੍ਰਗਟਾਏ ਹੁੰਦੇ ਹਨ। ਉਦਾਹਰਣ ਵਜੋਂ ਇਹ ਹੈ ਕਵਿਤਾ ਦੀ ਆਲੋਚਨਾ :

"ਕਵਿਤਾ ਅਜਿਹੀ ਸਰਲ, ਗੁਣ ਭਰੀ, ਨਿਕੇ ਨਿਕੇ ਮਨਮੋਹਣੇ ਸ਼ਬਦਾਂ ਵਾਲੀ ਆਮ ਫਹਿਮ, ਪ੍ਰੇਮ ਪੂਰਤ ਤੇ ਰਸ ਅਨੁਸਾਰ ਹੋਣੀ ਚਾਹੀਦੀ ਹੈ ਜੋ ਸੁਣਦਿਆਂ ਹੀ ਸਿਧੀ ਹਿਰਦੇ ਉਤੇ ਅਸਰ ਕਰੇ। ਨਾ ਤਾਂ ਅਜਿਹੀ ਸੰਕੁਚਿਤ ਤੇ ਕਠਨ ਹੋਣੀ ਚਾਹੀਦੀ ਹੈ ਜਿਸ ਦੇ ਸਮਝਣ ਲਈ ਅਨੇਕ ਪਦ ਕੋਲੋਂ ਜੋੜਨੇ ਤੇ ਕੋਸ਼ ਫੋਲਣੇ ਪੈਣ ਤੇ ਨਾ ਗਰੀਬ ਘਰ ਦੀ, ਛਟਾਂਕ ਵਿਚ ਪੰਜ ਸੇਰ ਪਾਣੀ ਵਾਲੀ ਛੋਲਿਆਂ ਦੀ ਦਾਲ ਵਾਂਗ ਅਜਿਹੀ ਪਤਲੀ, ਵਿਰਲੀ ਤੇ ਕ਼ਾਮੀਣ ਕਿ ਜਿਸ ਦੇ ਚਾਰ ਪਤਰੇ ਪੜ੍ਹਨ ਨਾਲ ਚਹੁ ਸਤਰਾਂ ਦਾ ਪੋਜ ਵੀ ਨਾ ਨਿਕਲੇ।[1]

ਪੰਜਾਬੀ ਵਿਚ ਆਲੋਚਨਾ ਦਾ ਰਿਵਾਜ ਪ੍ਰਚਲਤ ਨਾ ਹੋਣ ਤੇ ਦੁਖ ਦਾ ਪ੍ਰਗਟਾਵਾ ਕਰਦਿਆਂ ਆਪ ਨੇ ਇਸ ਦੇ ਕਾਰਨਾਂ ਤੇ ਵੀ ਵਿਚਾਰ ਕੀਤੀ ਹੈ। ਉਨ੍ਹਾਂ ਕਾਰਨਾਂ ਨੂੰ ਦੂਰ ਕਰ ਕੇ ਪੰਜਾਬੀ ਕਵੀਆਂ ਨੂੰ ਪੰਜਾਬੀ ਵਿਚ ਆਲੋਚਨਾ ਦੀ ਪਿਰਤ ਪਾਉਣ ਦੀ ਪਰੇਰਨਾ ਵੀ ਦਿਤੀ ਹੈ :

"ਪੰਜਾਬੀ ਦੀ ਅਵਸਥਾ ਕੁਛ ਅਜੇਹੀ ਹੈ ਕਿ ਕੋਈ ਵੀ ਵਿਦਵਾਨ ਨੁਕਤਾਚੀਨੀ ਦੇ ਮੈਦਾਨ ਵਿਚ ਨਿਕਲਨਾ ਪਸੰਦ ਨਹੀਂ ਕਰਦਾ। ਇਕ ਗਲੋਂ ਉਹ ਹਨ ਵੀ ਸਚੇ; ਕਿਉਂਕਿ ਗਿਣਤੀ ਦੇ ਵਿਚਾਰਵਾਨਾਂ ਨੂੰ ਛਡ ਕੇ, ਸਾਡੇ ਅਭਾਗੇ ਇਲਮ ਵਿਚ 'ਨੁਕਤਾਚੀਨੀ' 'ਈਰਖਾ' ਦਾ ਨਾਉਂ ਹੈ। ਅਵਲ ਤਾਂ ਨੁਕਤਾਚੀਨ ਸਜਨ ਨੁਕਤਾਚੀਨੀ ਕਰਨ ਸਮੇਂ ਲਿਖਦੇ ਹੀ ਈਰਖਾ ਭਰੇ ਜ਼ਹਿਰੀਲੇ ਤੇ ਕਟੀਲੇ ਬਚਨ ਹਨ ਪਰ ਜੇ ਕੋਈ ਪਿਆਰ ਨਾਲ ਵੀ ਕਿਸੇ ਦੇ ਲੇਖ ਤੇ ਵਿਚਾਰ ਕਰੇ ਤਦ ਉਹ ਸਮਝਦਾ ਹੈ ਕਿ ਨੁਕਤਾਚੀਨ ਮੇਰਾ ਵੈਰੀ ਹੈ।"[2]

ਨੁਕਤਾਚੀਨੀ ਜਾਂ ਆਲੋਚਨਾ ਦੇ ਸਿਟਿਆਂ ਬਾਰੇ ਵੀ ਆਪ ਦੀ ਇਹ ਧਾਰਨਾ ਸੀ ਕਿ :

"ਨੁਕਤਾਚੀਨੀ ਤੋਂ ਬਿਨਾਂ ਕਿਸੇ ਕੌਮ ਅਥਵਾ ਬੋਲੀ ਦਾ ਸਾਹਿਤ ਚੰਗਾ ਉਚਾ ਹੋਣਾ ਅਸੰਭਵ ਹੈ।" ਨੁਕਤਾਚੀਨੀ ਦੇ ਸ਼ੁਰੂ ਹੋਣ ਨਾਲ "ਇਕ ਤਾਂ ਆਪੇ ਬਣੇ ਭੜਮੱਲ ਪਿਛੇ ਹਟ ਜਾਣਗੇ ਜਾਂ ਸਿਖਣ ਲਈ ਉਪਰਾਲਾ ਕਰਨਗੇ, ਦੂਜੇ—ਆਪਣਾ ਤੇ ਲੋਕਾਂ ਦਾ ਸਮਾਂ, ਕਾਗਜ਼ ਤੇ ਸਿਆਹੀ ਨਸ਼ਟ ਕਰਨੋਂ ਹਟ ਜਾਣਗੇ। ਰਸੀਆਂ ਦਾ ਰਸ ਨਾ ਵਿਗੜੂ, ਲੇਖਕਾਂ ਦਾ ਉਤਸ਼ਾਹ ਨਾ ਘਟੂ, ਸੌ ਵਿਸਵੇ, ਕਈਆਂ ਅਣਜਾਣਾਂ ਨੂੰ ਲਿਖਣਾ ਪੜ੍ਹਨਾ ਆ ਜਾਊ। ਸਾਹਿਤਕ ਸੰਸਾਰ ਵਿਚ ਹਾਸੋਹੀਣੇ ਹੋਣ ਤੋਂ ਬਚਣਗੇ ਅਤੇ ਵਿਚਿ ਮਾਨ ਪਾ ਕੇ ਜੀਵਨ ਦਾ ਆਨੰਦ ਲੈਣਗੇ।"[3]

ਇਹ ਗਲ ਬਿਲਕੁਲ ਸਹੀ ਸੀ ਤੇ ਇਸ ਦੀ ਪ੍ਰੋੜ੍ਹਤਾ ਮਾਸਕ ਕਵੀ ਦੇ ਅਗਲੇ ਵਰ੍ਹਿਆਂ ਦੇ ਅੰਕ ਪੂਰੀ ਤਰ੍ਹਾਂ ਕਰਦੇ ਹੋਏ ਇਸ ਤੱਥ ਨੂੰ ਵੀ ਰੌਸ਼ਨੀ ਵਿਚ ਲਿਆਉਂਦੇ

---

1. ਮੁਨਸ਼ਾ ਸਿੰਘ 'ਦੁਖੀ', ਕਵਿਤਾ, ਮਾਸਕ ਕਵੀ, ਕਲਕੱਤਾ, ਅਕਤੂਬਰ ਨਵੰਬਰ 1927, ਪੰਨਾ 5।
2. ਮੁਨਸ਼ਾ ਸਿੰਘ 'ਦੁਖੀ', 'ਨੁਕਤਾਚੀਨੀ', ਮਾਸਕ ਕਵੀ, ਕਲਕੱਤਾ, ਦਸੰਬਰ 1927, ਪੰਨਾ 71, 72।
3. ਮੁਨਸ਼ਾ ਸਿੰਘ 'ਦੁਖੀ', ਨੁਕਤਾਚੀਨੀ, ਮਾਸਕ ਕਵੀ, ਕਲਕੱਤਾ, ਦਸੰਬਰ 1927, ਪੰਨਾ 71, 72।

Sri Satguru Jagjit Singh Ji Elibrary NamdhariElibrary@gmail.com

ਹਨ ਕਿ ਇਸ ਤਰ੍ਹਾਂ ਕਿੰਨੇ ਹੀ ਨਵੇਂ ਕਵੀ ਪੈਦਾ ਹੋਏ ਤੇ ਕਿਵੇਂ ਉਨ੍ਹਾਂ ਦੀ ਕਿਰਤ ਪੱਧਰ ਉਚਿਆਈ ਗਈ।

ਕਿਸੇ ਵੀ ਨਵੀਂ ਚੀਜ਼ ਦਾ ਵਿਰੋਧ ਹੋਣਾ ਕੁਦਰਤੀ ਗਲ ਹੈ। 'ਦੁਖੀ' ਜੀ ਨੇ ਕਿਉਂਕਿ ਆਲੋਚਨਾ ਦੀ ਅਲੋਪਤਾ ਦੇ ਕਾਰਨਾਂ ਵਲ ਪਹਿਲਾਂ ਹੀ ਧਿਆਨ ਮਾਰ ਲਿਆ ਸੀ ਇਸ ਲਈ ਉਨ੍ਹਾਂ ਕਾਰਨਾਂ ਤੋਂ ਬਚਣ ਦਾ ਉਚੇਚਾ ਧਿਆਨ ਰਖਦੇ ਸਨ। ਫਿਰ ਵੀ, ਆਲੋਚਨਾ ਹਿਤ ਚੁਣੀਆਂ ਰਚਨਾਵਾਂ ਦੇ ਲੇਖਕਾਂ-ਕਵੀਆਂ ਨੂੰ ਕਿਸੇ ਸੰਭਵ ਭੁਲੇਖੇ ਦੇ ਸ਼ਿਕਾਰ ਹੋਣ ਤੋਂ ਬਚਾਉਣ ਹਿਤ ਆਪ ਨੇ ਇਕ ਵਾਰ ਸਪਸ਼ਟ ਕੀਤਾ ਸੀ :

"ਸਾਡਾ ਮਤਲਬ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਨੁਕਸ ਦਿਖਾਲਨ ਦਾ ਅਥਵਾ ਉਨ੍ਹਾਂ ਦੇ ਮਾਨ ਭੰਗ ਕਰਨ ਦਾ ਬਿਲਕੁਲ ਨਹੀਂ, ਸਗੋਂ ਪ੍ਰੇਮ ਦੀ ਨਿਗਾਹ ਨਾਲ ਉਕਤ ਲੇਖ ਦੇ ਵਿਸ਼ੇ ਨੂੰ ਉਦਾਹਰਨਾਂ ਦੁਆਰਾ ਸਪਸ਼ਟ ਕਰ ਦਖੌਣ ਦੀ ਨਜ਼ਰ ਨਾਲ ਹੀ ਅਸੀਂ ਅਜੇਹਾ ਕੀਤਾ ਹੈ।"[1]

ਪੰਜਾਬੀ ਵਿਚ ਆਲੋਚਨਾ ਪਰਵਾਹ ਨੂੰ ਠੀਕ ਕਰਨ ਦੇ ਮਨੋਰਥ ਨਾਲ ਆਪ ਨੇ ਇਕ ਸਿਧਾਂਤ ਅਪਣਾਇਆ ਹੋਇਆ ਸੀ ਤੇ ਉਹ ਸੀ ਇਹ ਕਿ ਆਪ ਕਦੇ ਸਿਖਾਂਦਰੂ ਜਾਂ ਨਵੇਂ ਪੁੰਗਰਦੇ ਕਵੀ ਨੂੰ ਆਪਣੀ ਨੁਕਤਾਚੀਨੀ ਦਾ ਵਿਸ਼ਾ ਨਹੀਂ ਸਨ ਬਣਾਉਂਦੇ ਤਾਂ ਕਿ ਉਸ ਵਿਚਾਰੇ ਦਾ ਉਤਸ਼ਾਹ ਹੀ ਨਾ ਮਾਰਿਆ ਜਾਵੇ।

"ਅਸੀਂ ਉਦਾਹਰਨਾਂ ਲਈ ਵਧੇਰ ਕਰ ਕੇ ਅਛੇ ਅਛੇ ਅਤੇ ਮੰਨੇ ਪ੍ਰਮੰਨੇ ਕਵੀਆਂ ਦੀਆਂ ਕਵਿਤਾਵਾਂ ਵਿਚੋਂ ਹੀ ਤੁਕਾਂ ਲੈਂਦੇ ਹਾਂ। ਇਸ ਦਾ ਭਾਵਾਰਥ ਸਾਫ ਹੈ ਕਿ ਸਾਨੂੰ ਅਜੇਹੇ ਮਾਨਯੋਗ ਸੁਲੇਖਕਾਂ ਦੀਆਂ ਕਵਿਤਾਵਾਂ ਵਿਚ ਤਰੁਟੀਆਂ ਬਹੁਤ ਬੁਰੀ ਤਰ੍ਹਾਂ ਰੜਕਦੀਆਂ ਹਨ।...ਨਵੇਂ ਸਿਖਾਂਦਰੂ ਕਵੀਆਂ ਉਤੇ ਟੀਕਾ-ਟਿਪਣੀ ਕਰਨੀ ਤਾਂ ਕੁਛ ਮਤਲਬ ਹੀ ਨਹੀਂ ਰਖਦੀ ਇਸ ਲਈ ਅਸੀਂ ਮੋਟਿਆਂ-ਮੋਟਿਆਂ ਨੂੰ ਫੜਦੇ ਹਾਂ।"[2]

ਆਪ ਦੇ ਆਲੋਚਕ ਜੀਵਨ ਦੀ ਸਭ ਤੋਂ ਵਡੀ ਘਟਨਾ ਇਹੋ, ਵਡੇ ਵਡਿਆਂ ਨੂੰ ਫੜਨ ਦਾ ਸਿਧਾਂਤ ਹੀ ਹੋ ਨਿਬੜੀ। ਸਭ ਤੋਂ ਪਹਿਲਾ ਗੁਣਾ ਪ੍ਰੋ: ਮੋਹਨ ਸਿੰਘ 'ਮਾਹਰ' ਦਾ ਪੈ ਗਿਆ। ਗੁਰੂ ਗੋਬਿੰਦ ਸਿੰਘ ਨੂੰ ਸੰਬੋਧਤ ਆਪ ਦੀ ਇਕ ਕਵਿਤਾ 'ਇਲਾਹੀ ਨੈਤ੍ਰ' ਮਾਸਕ ਫੁਲਵਾੜੀ ਵਿਚ ਪ੍ਰਕਾਸ਼ਤ ਹੋਈ ਸੀ ਜਿਸ ਵਿਚਲੀਆਂ ਦੋ ਤੁਕਾਂ :

ਕੀ ਆਖਾਂ ਇਹ ਨੈਤ੍ਰ ਨੇ ਯਾਂ ਜ਼ਾਲਮ ਗੋਸ਼ਤਖੋਰੇ ਨੇ।<br>
ਯਾ ਮੜਵਾਲੀ 'ਮਧਭਰੇ' ਦੇ ਚੰਦੇ ਚੰਦ ਕਟੋਰੇ ਨੇ।

ਉਪਰ ਮਾਸਕ 'ਕਵੀ' ਵਿਚ 'ਦੁਖੀ' ਜੀ ਵਲੋਂ ਕਾਵਿ ਦ੍ਰਿਸ਼ਟੀ ਤੋਂ ਕੀਤੀ ਗਈ ਆਲੋਚਨਾ ਨੇ ਮਾਸਕ 'ਕਵੀ' ਅਤੇ 'ਮਾਹਰ' ਦੋਹਾਂ ਨੂੰ ਹੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਾ ਕੇ ਹੋਰ ਪ੍ਰਸਿਧੀ ਪ੍ਰਦਾਨ ਕਰਨ ਵਿਚ ਕਾਫੀ ਹਿੱਸਾ ਪਾਇਆ। ਇਸ ਆਲੋਚਨਾ ਨੇ ਪੰਜਾਬੀ ਲੇਖਕਾਂ, ਆਲੋਚਕਾਂ ਤੇ ਕਵੀਆਂ ਨੂੰ ਅਜਿਹਾ

1. ਮੁਨਸ਼ਾ ਸਿੰਘ 'ਦੁਖੀ', ਪੰਜਾਬੀ ਕਵਿਤਾ ਦੀ ਬੋਲੀ, ਮਾਸਕ ਕਵੀ ਕਲਕੱਤਾ, ਫਰਵਰੀ 1928, ਪੰਨਾ 161।
2. ਉਹੀ, 'ਨੁਕਤਾਚੀਨੀ', ਜੁਲਾਈ 1928, ਪੰਨਾ 109।

Sri Satguru Jagjit Singh Ji Elibrary NamdhariElibrary@gmail.com

ਢੂੰਢਿਆ ਕਿ ਇਸ ਦੇ ਹੱਕ ਅਤੇ ਵਿਰੋਧ ਵਿਚ ਲਿਖੇ ਗਏ ਲੇਖਾਂ ਨੇ ਪੂਰਾ ਸਾਲ ਭਰ ਸਾਹਿੱਤ ਮੈਦਾਨ ਗਰਮਾਈ ਰਖਿਆ।

'ਦੁਖੀ' ਜੀ ਦਾ ਮੱਤ ਸੀ ਕਿ 'ਮਤਵਾਲੀ ਮਧ ਭਰੇ' ਦਾ ਕੁਛ ਅਰਥ ਨਹੀਂ ਬਣਦਾ ਤੇ ਨਾ ਹੀ ਮਤਵਾਲੀ ਸ਼ਰਾਬ ਕਦੇ ਕਿਸੇ ਨੇ ਸੁਣੀ ਹੈ। "ਇਸ ਲਈ 'ਮਤਵਾਲੀ' ਤੇ 'ਮਧ ਭਰੀ' ਦੋਵੇਂ ਪਦ ਅਸ਼ੁਧ ਹਨ।" ਇਸ ਤੋਂ ਬਿਨਾਂ ਕਟੋਰੇ ਦੰਦੇ ਦੰਦ ਭਰੇ ਹੋਏ ਮੁਹਾਵਰਾ ਨਹੀ,, ਮੂੰਹੋਂ ਮੂੰਹ ਜਾਂ ਨੱਕੋ ਨੱਕ ਹੋ ਸਕਦਾ ਹੈ ਇਸ ਲਈ ਅਜਿਹਾ ਲਿਖਣਾ ਕਵੀ ਦੀ ਭੁਲ ਹੈ।"[1]

'ਦੁਖੀ' ਜੀ ਦੇ ਵਿਚਾਰਾਂ ਨਾਲ ਸੰਮਤੀ ਪ੍ਰਗਟਾਉਂਦਿਆਂ ਹੋਰ ਕਿੰਨੇ ਹੀ ਲੇਖਕਾਂ ਨੇ 'ਮਾਹਰ' ਹੋਰਾਂ ਨੂੰ ਗਲਤੀ ਮਨਿ ਲੈਣ ਅਤੇ ਇਸ ਨੂੰ ਵਿਕਾਰ ਦਾ ਸੁਆਲ ਨਾ ਬਣਾਉਣ ਦੇ ਸੁਝਾਉ ਦਿਤੇ ਸਨ। ਉਦਾਹਰਣ ਵਜੋਂ, ਡਾਕਟਰ ਦੀਵਾਨ ਸਿੰਘ ਕਾਲੇਪਾਣੀ ਨੇ ਵੀ 'ਦੁਖੀ' ਹੋਰਾਂ ਵਾਲੇ ਨੁਕਤੇ ਉਠਾਉਂਦਿਆਂ ਲਿਖਿਆ ਸੀ, "ਕਿ 'ਮਤਵਾਲੀ' ਸ਼ਬਦ ਉਵੇਂ ਹੀ ਵਾਧੂ ਹੈ ਜਿਵੇਂ 'ਮਿਠੀ ਖੰਡ' ਵਿਚ 'ਮਿਠੀ'। ਦੰਦੋ ਦੰਦ ਮੁਹਾਵਰਾ ਵੀ ਸੁਣਨ ਵਿਚ ਕਦੇ ਨਹੀਂ ਆਇਆ ਤੇ ਗੋਸ਼ਤਖੋਰੇ ਨੇਤਰ ਵੀ ਪੜ੍ਹੇ ਸੁਣੇ ਨਹੀਂ।...ਤੇ ਨਾ ਇਨ੍ਹਾਂ ਦੀ ਖੂਬੀ ਹੀ ਸਾਡੀ ਸਮਝ ਵਿਚ ਆਈ ਹੈ।"[2]

ਲਾਲਾ ਗੁਰਾਂਦਿਤਾ ਖੰਨਾਂ ਨੂੰ ਇਹ 'ਤੁਕਬੰਦੀ' ਸਰਾਸਰ ਦੋਸ਼ਪੂਰਨ ਜਾਪੀ। "ਇਸ ਵਿਚ ਕਈ ਦੋਸ਼ ਹਨ...ਸ਼ਰਾਬ ਦੇ ਤਰ੍ਹਾਂ ਦੀ ਕਦੀ ਨਹੀਂ ਹੁੰਦੀ। ਇਕ ਮਤਵਾਲੀ ਤੇ ਇਕ ਗੈਰ ਮਤਵਾਲੀ।" ਦੰਦੋ ਦੰਦ ਮੁਹਾਵਰਾ "ਪੰਜਾਬੀ ਵਿਚ ਪ੍ਰਚਲਤ ਨਹੀਂ ਹੈ... ਜਿਸ ਇਲਾਕੇ ਵਿਚ ਇਹ ਮੁਹਾਵਰਾ ਪ੍ਰਚਲਤ ਦਸਿਆ ਜਾਂਦਾ ਹੈ ਉਸ ਵਿਚ ਵੀ ਕਹਿੰਦੇ ਹਨ ਕਿ ਇਸ ਰੂਪ ਵਿਚ ਨਹੀਂ ਹੈ।" ਆਪ ਨੇ ਵੀ 'ਕਵੀ' ਦੇ ਸੰਪਾਦਕ ਨਾਲ ਸੰਮਤੀ ਪ੍ਰਗਟਾਉਂਦਿਆਂ ਲਿਖਿਆ ਸੀ,[3] ਆਤਮਾ ਸਿੰਘ 'ਦਰਵੇਸ਼' ਦੇ ਵਿਚਾਰ ਬਹੁਤਾ ਕਰ ਕੇ 'ਦੰਦੋ ਦੰਦ' ਦੇ ਮੁਹਾਵਰੇ ਨਾਲ ਸਬੰਧਤ ਸਨ। "ਦੰਦਿਆਂ ਦੇ ਦੰਦੇ ਕਿਸੇ ਸ਼ੈ ਦੇ ਕਾਫੀ ਢੇਰ ਲਗ ਜਾਣ ਨੂੰ ਕਿਹਾ ਜਾਂਦਾ ਹੈ, ਇਹ ਹਰਗਿਜ਼ ਨਹੀਂ ਹੋ ਸਕਦਾ ਕਿ ਦੰਦਿਆਂ ਦੇ ਦੰਦੇ, ਨੱਕਾ ਨੱਕ ਦੀ ਜਗ੍ਹਾ ਵਰਤੇ ਜਾਣ। ਨੱਕਾ ਨੱਕ ਦਾ ਮਤਲਬ ਭਰੀ ਹੋਈ ਚੀਜ਼ ਦਾ ਹੈ ਨਾ ਕਿ ਕਿਸੀ ਚੀਜ਼ ਦੇ ਢੇਰ ਦਾ।"[4]

ਪ੍ਰਸਿਧ ਆਲੋਚਕ ਕਵੀ ਮੌਲਾ ਬਖਸ਼ ਕੁਸ਼ਤਾ ਨੇ ਇਸੇ ਸਬੰਧ ਵਿਚ ਦੋ ਲੇਖ ਲਿਖੇ ਸਨ। ਸੌ ਹੱਥ ਰੱਸੇ ਦੇ ਸਿਰੇ ਤੇ ਗੰਢ ਮਾਰਦਿਆਂ ਆਪ ਨੇ ਲਿਖਿਆ ਸੀ, "ਨੇਤਰ ਸ਼ਬਦ ਮਹਿਬੂਬ ਲਈ ਨਹੀਂ ਵਰਤਿਆ ਜਾਂਦਾ...ਮਹਿਬੂਬ ਵਾਸਤੇ ਸ਼ਬਦ ਨੈਣ ਵਰਤੀਂਦਾ ਹੈ। ਦੂਜੀ ਗਲ ਇਹ ਕਿ ਨੈਣ "ਖੂਨੀ", ਨੈਣ ਰਸੀਲੇ ਜਾਂ "ਜ਼ਾਲਮ" ਤਾਂ ਹੋ ਸਕਦੇ ਹਨ ਪਰ ਨੇਤਰ ਖੂਨੀ ਤੇ ਜ਼ਾਲਮ ਨਹੀਂ ਹੋ ਸਕਦੇ। ਦੂਜੇ ਗੋਸ਼ਤਖੋਰੇ ਦੀ ਤਰਕੀਬ ਨਵੀਂ ਹੈ ਤੇ ਹੈ ਮੂਲੋਂ ਅਨਫਲ ਕਿਉਂਕਿ ਗੋਸ਼ਤਖੋਰਾ ਤਾਂ ਦੰਦਾਂ ਨੂੰ ਲਗਣ ਵਾਲਾ ਕੀੜਾ ਹੁੰਦਾ

1. ਮਾਸਕ ਕਵੀ, ਕਲਕਤਾ, ਫਰਵਰੀ 1928, ਪੰਨਾ 159।
2. ਉਹੀ, ਸਤੰਬਰ 1928, ਪੰਨਾ 230—31।
3. ਉਹੀ, ਨਵੰਬਰ 1928, ਪੰਨਾ 19।
4. ਉਹੀ, ਨਵੰਬਰ 1928, ਪੰਨਾ 21।

Sri Satguru Jagjit Singh Ji Elibrary NamdhariElibrary@gmail.com

ਹੈ ਤੇ ਨਾਲੇ ਗੋਸ਼ਤਖੋਰ ਅਤੇ ਗੋਸ਼ਤਖੋਰੇ ਦੇ ਅਰਥਾਂ ਵਿਚ ਵੀ ਫਰਕ ਹੈ।...ਅਗੇ ਚਲ ਕੇ ਮਤਵਾਲੀ ਮਧਭਰੇ ਦੀ ਤਰਕੀਬ ਕਾਇਮ ਕੀਤੀ ਹੈ ਜੋ ਬਿਲਕੁਲ ਠੀਕ ਨਹੀਂ ਹੈ।...ਮਤਵਾਲੀ ਉਸ ਨੂੰ ਕਹਿੰਦੇ ਹਨ ਜਿਸ ਨੇ ਸ਼ਰਾਬ ਪੀਤੀ ਹੋਈ ਹੋਵੇ। ...ਪਰ 'ਦੰਦੋ ਦੰਦ' ਪਦ ਨੇ ਤਾਂ ਸਵਾਦ ਹੀ ਮਾਰ ਦਿਤਾ ਹੈ।"[1] ਦੂਜੇ ਲੇਖ ਵਿਚ ਆਪ ਨੇ ਬਹਿਸ ਨੂੰ ਖਤਮ ਕਰਨ ਦੇ ਵਿਚਾਰ ਨਾਲ ਆਸ ਪ੍ਰਗਟਾਈ ਸੀ ਕਿ "ਸਜਣ ਹੁਣ ਏਸ ਤੋਂ ਵਧਾ ਕੇ ਕੱਚੀ ਲੱਸੀ ਨਹੀਂ ਬਣੌਣਗੇ।"[2] ਪਰ ਉਨ੍ਹਾਂ ਦੀ ਇਹ ਆਸ ਪੂਰੀ ਇਸ ਕਰ ਕੇ ਨਹੀਂ ਸੀ ਹੋ ਸਕੀ ਕਿਉਂਕਿ ਅਜੇ ਸਾਹਿਤਕ ਹਲਕਿਆਂ ਵਿਚੋਂ ਗਰਮੀ ਘਟੀ ਨਹੀਂ ਸੀ।

'ਦੁਖੀ' ਜੀ ਵਲੋਂ ਕੀਤੀ ਗਈ ਨੁਕਤਾਚੀਨੀ ਨੂੰ ਆਪਣੇ ਉਪਰ ਹੋਇਆ ਇਕ ਹਮਲਾ ਸਮਝ ਕੇ ਪ੍ਰੋ: ਮੋਹਨ ਸਿੰਘ ਹੋਰਾਂ ਨੇ ਇਕ ਚਿਠੀ ਲਿਖੀ ਸੀ ਜਿਸ ਵਿਚ, 'ਦੁਖੀ' ਜੀ ਵਲੋਂ 'ਕਵੀ' ਅਤੇ ਕਾਵਿ ਸਬੰਧੀ ਕੀਤੇ ਗਏ ਦਾਅਵਿਆਂ ਪ੍ਰਤੀ ਕਾਫ਼ੀ ਰੁਖੀ ਅਤੇ ਗਰਮ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ। ਅਸਲ ਵਿਚ ਇਹ ਚਿਠੀ ਦੇ ਕਾਰਨ ਹੀ ਸੀ ਕਿ ਇਨ੍ਹਾਂ ਦੋ ਸਤਰਾਂ ਦੀ ਆਲੋਚਨਾ ਨੇ ਇਤਨਾ ਲੰਬਾ ਸਮਾਂ ਵਾਦ ਵਿਵਾਦ ਜਾਰੀ ਰਖਿਆ। 'ਮਾਹਰ' ਦੀ ਰਚਨਾ ਦੀ ਦੱਬਵੀਂ ਜੇਹੀ ਪ੍ਰਸੰਸਾ ਕਰਦਿਆਂ ਗਿਆਨੀ ਹੀਰਾ ਸਿੰਘ 'ਦਰਦ' ਨੇ ਨੇਤਰਾਂ ਨੂੰ ਗੋਸ਼ਤਖੋਰੇ ਆਖੇ ਜਾਣ ਵਿਚ ਕੋਈ ਅਯੋਗ ਗਲ ਮਹਿਸੂਸ ਨਹੀਂ ਸੀ ਕੀਤੀ 'ਕਿਉਂਕਿ ਇਸ ਦਾ ਮਤਲਬ ਗੋਸ਼ਤਖੋਰੇ ਸ਼ਿਕਾਰੀ ਪੰਛੀ ਹੋ ਸਕਦਾ ਹੈ।" ਇਸੇ ਤਰ੍ਹਾਂ ਹੀ ਦੰਦੋ ਦੰਦ ਦੀ ਵਰਤੋਂ ਨੂੰ ਆਪ ਨੇ ਬਿਲਕੁਲ ਠੀਕ ਦਸਿਆ ਸੀ।[3] ਵਿਦਿਆ ਸਾਗਰ ਜੀ ਨੇ ਇਤਰਾਜ਼ਯੋਗ ਸ਼ਬਦ ਚੁਣ ਚੁਣ ਕੇ ਉਨ੍ਹਾਂ ਸਬੰਧੀ ਆਪਣੇ ਵਿਚਾਰ ਪੇਸ਼ ਕਰ ਕੇ 'ਮਾਹਰ' ਜੀ ਦੀ ਪਿਠ ਠਾਂ ਠੋਕੀ ਪਰ ਇਨ੍ਹਾਂ ਵਿਚਾਰਾਂ ਵਿਚ ਸਾਹਿਤਕ ਕਦਰਾਂ ਕੀਮਤਾਂ ਅਤੇ ਰਵਾਇਤਾਂ ਦੇ ਹਵਾਲੇ ਨਾਲ ਕੀਤੀ ਗਲ ਨਾਲੋਂ ਦਾਰਸ਼ਨਕ ਢੰਗ ਦੀ ਦਲੀਲਬਾਜ਼ੀ ਬਹੁਤੀ ਭਾਰੂ ਨਜ਼ਰ ਆਉਂਦੀ ਹੈ। "ਹਾਏ ਰਬਾ, ਭਾਵਿਆ ਡੀਟਰ ਤੇ ਜਿਦੇ ਪਿਛੇ ਪੈ ਜਾਣ ਮਗਰੋਂ ਈ ਨਹੀਂ ਲਹਿੰਦੇ.. ਵੇਖਾਂ ਮੋਹਨ ਸਿੰਘ ਦੇ ਮਗਰ ਕਿੱਦਾਂ ਹੱਥ ਧੋ ਕੇ ਪੈ ਗਏ ਨੇ ?... ਵਾਰੇ ਵਾਰੇ ਜਾਈਏ ਸੋਚਾ ਦੇ। ਓਹਦੇ ਨੇ ਦੰਦਾਂ ਨੂੰ ਗੋਸ਼ਤਖੋਰਾ ਲਗਦਾ ਵੇ ਕਦੇ ਅੱਖਾਂ ਨੂੰ ਨਹੀਂ ਲਗਾ।...ਓਹਦੇ ਨੇ 'ਨੇਤਰ' ਨਹੀਂ ਆਖੀਂਦਾ ਨੈਨ ਆਖੀਦੇ ਨੇ। ਭਲਾ ਏਹ ਵੀ ਕੋਈ ਸ਼ੋਰਾ ਜੇ ?...ਇਕ ਸਜਨ ਨੇ ਆਖਿਆ ਵੇ ਮਤਵਾਲੀ ਮਦ ਹੁੰਦੀ ਓ ਨਹੀਂ। ਜਿਸ ਤੋਂ ਸਾਬਤ ਹੋਇਆ ਕਿ ਮਤਵਾਲੀ ਸ਼ਬਦ ਤੇ ਠੀਕ ਵਰਤਿਆ ਗਿਆ ਵੇ ਪਰ ਕੁਝ ਪੜ੍ਹਨ ਵਾਲਿਆਂ ਨੂੰ ਆਪਨਾ ਅਟਪਟਾ ਜਿਹਾ ਲਗਾ ਵੇ। ਕਿਸੇ ਉਰਦੂ ਦੇ ਸ਼ਾਇਰ ਨੇ ਆਖਿਆ ਵੇ "ਮੈਨੂੰ ਸ਼ਰਾਬੋਂ ਮਨ੍ਹਾ ਕਰਦਾ ਵੇਂ, ਤੈਨੂੰ ਸ਼ਰਾਬ ਦੇ ਮਜ਼ੇ ਦਾ ਕੀ ਪਤਾ। ਤੂੰ ਤੇ ਕਦੇ ਪੀਤੀ ਵੀ ਨਹੀਂ।" ਆਪਣੇ ਇਸੇ ਲੇਖ ਵਿਚ ਹੀ ਵਿਦਿਆ ਸਾਗਰ ਹੋਰਾਂ ਨੇ "ਸਦਾ ਕੁਰਾਹੇ ਜਾਨ ਵਾਲੇ

1. ਮਾਸਕ ਕਵੀ, ਕਲਕੱਤਾ, ਜੁਲਾਈ 1928, ਪੰਨਾ 183–84।
2. ਉਹੀ, ਅਕਤੂਬਰ 1928, ਪੰਨਾ 280।
3. ਉਹੀ, ਨਵੰਬਰ 1928, ਪੰਨਾ 7।

Sri Satguru Jagjit Singh Ji Elibrary NamdhariElibrary@gmail.com

ਲਿਖਾਰੀਆਂ ਨੂੰ ਉਤਸ਼ਾਹ ਦੇਣਾ ਚਾਹੀਦੇ ਵੇ" ਦਾ ਸੁਝਾਉ ਵੀ ਦਿਤਾ ਸੀ ।[1]

ਦੋਹਾਂ ਧਿਰਾਂ ਦੀ ਕੁਝ ਗਰਮੀ ਘਟਾਉਣ ਦੇ ਖਿਆਲ ਨਾਲ ਬਰਮਾ ਵਿਚ ਬੈਠੇ ਖਜ਼ਾਨ ਸਿੰਘ ਹੋਰਾਂ ਨੇ ਵੀ ਇਸ ਬਹਿਸ ਵਿਚ ਦਖਲ ਦਿਤਾ । ਉਨ੍ਹਾਂ ਦਾ ਕਹਿਣਾ ਸੀ ਕਿ "ਰਾਵਲਪਿੰਡੀ ਦੇ ਇਲਾਕੇ ਵਿਚ "ਦੰਦੇ ਦੰਦ" ਓਸੇ ਤਰ੍ਹਾਂ ਵਰਤਿਆ ਜਾਂਦਾ ਹੈ ਜਿਸ ਤਰ੍ਹਾਂ ਮਾਝੇ ਮਾਲਵੇ ਵਿਚ ਨਕੋ ਨਕ ਦਾ ਪ੍ਰਯੋਗ ਕਰ ਲੈਂਦੇ ਹਨ ।"[2]

ਇਸ ਵਾਦ ਵਿਵਾਦ ਨੂੰ ਖਤਮ ਕਰਨ ਦਾ ਸਿਹਰਾ ਲਾਲਾ ਧਨੀ ਰਾਮ 'ਚਾਤ੍ਰਿਕ' ਹੋਰਾਂ ਦੇ ਸਿਰ ਬੱਝਾ ਜਿਨ੍ਹਾਂ ਨੇ 'ਮਾਹਰ' ਜੀ ਦੀ ਕਵਿਤਾ ਨੂੰ ਪੂਰਨ ਰੂਪ ਵਿਚ ਪੜ੍ਹ ਕੇ ਧਾਰਮਕ ਸ਼ਰਧਾ ਅਤੇ ਦੁਨਿਆਵੀ ਪਿਆਰ ਦੇ ਦੋਹਾਂ ਦ੍ਰਿਸ਼ਟੀਕੋਣਾਂ ਤੋਂ ਪੱਖ ਵਿਚਾਰ ਕਰ ਲੈਣ ਪਿਛੋਂ ਅਫਸੋਸ ਪ੍ਰਗਟਾਉਂਦਿਆਂ ਲਿਖਿਆ ਸੀ "ਜੇ ਇਹ ਨੈਣਾਂ ਦੀ ਉਪਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਰੰਚਕ ਭੀ ਸਬੰਧ ਰਖਦੀ ਹੈ ਤਾਂ ਇਸ ਦੀ ਟੋਨ (ਬੋਲੀ) ਅਨੁਚਿਤ ਹੈ । ਇਸ ਵਿਚ ਇੰਨਾ ਅਪਮਾਨ ਤੇ ਨਿਰਾਦਰ ਹੈ ਕਿ ਉਸਤਤ ਵਿਆਜ ਨਿੰਦਾ ਬਣੀ ਹੋਈ ਹੈ, ਅਰ ਸਚ ਆਖਾਂ, ਇਹ ਕਿਸੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲੇਵਾ ਸਿਖ ਦੀ ਕਲਮ ਤੋਂ ਨਿਕਲੀ ਅਖਵਾਣ ਦਾ ਹੱਕ ਨਹੀਂ ਰਖਦੀ ।"[3]

ਲੰਬੇ ਸਮੇਂ ਤਕ ਚਲੀ ਇਸ ਨੁਕਤਾਚੀਨੀ ਵਿਚ 'ਦੁਖੀ' ਜੀ ਆਪ ਵੀ ਘਟੀਆ ਨੁਕਤਾਚੀਨੀ ਦੇ ਸ਼ਿਕਾਰ ਹੋ ਗਏ । ਕਈ ਊਲ ਜਲੂਲ ਗਲਾਂ ਆਪ ਨੂੰ ਵੀ ਸੁਣਨੀਆਂ ਪਈਆਂ ਜਿਸ ਤੋਂ ਨਿਰਉਤਸ਼ਾਹਤ ਹੋ ਕੇ ਇਕ ਵਾਰ ਤਾਂ ਆਪ ਨੇ ਵੀ ਆਲੋਚਨਾ ਵਲੋਂ ਮੂੰਹ ਮੋੜ ਲੈਣ ਦੀ ਗਲ ਸੋਚਣੀ ਸ਼ੁਰੂ ਕਰ ਦਿਤੀ ਸੀ ਪਰ ਅੰਦਰ ਬੈਠੇ ਮਰਦਊ ਆਲੋਚਕ ਨੇ ਫੇਰ ਬਲ ਬਖਸ਼ ਕੇ ਪੈਰਾਂ 'ਤੇ ਖੜ੍ਹੇ ਕਰੀ ਰਖਿਆ ।

ਮਾਸਕ 'ਕਵੀ' ਦੇ ਬੰਦ ਹੋ ਜਾਣ ਪਿਛੋਂ, ਮਾਸਕ 'ਵਿਹਾਰ ਸੁਧਾਰ' ਦੇ ਸੰਪਾਦਨ ਲਈ ਆਪ ਨੂੰ ਕਲਕੱਤੇ ਤੋਂ ਮੀਆਂ ਚੰਨੂੰ ਜਾਣਾ ਪਿਆ ।[4] ਉਸ ਪਰਚੇ ਵਿਚ ਵੀ, ਆਲੋਚਨਾ ਦਾ ਇਹ ਸਿਲਸਿਲਾ ਜਾਰੀ ਰਖਿਆ ਗਿਆ । ਜੇ ਇਹ ਕਹਿ ਲਿਆ ਜਾਵੇ ਕਿ ਇਸ ਪਰਚੇ ਵਿਚ ਵੀ ਇਹ ਇਕ ਤਰ੍ਹਾਂ ਨਾਲ ਸਥਾਈ ਸਤੰਭ ਦਾ ਰੂਪ ਹੀ ਧਾਰਨ ਕਰ ਗਿਆ ਸੀ ਤਦ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ।

'ਦੁਖੀ' ਜੀ ਕੇਵਲ ਆਲੋਚਕ ਹੀ ਨਹੀਂ ਸਗੋਂ ਨਾਲ ਦੇ ਨਾਲ ਨਿਧੜਕ ਵੀ ਸਨ । ਆਪ ਨੂੰ ਜਿਸ ਰਚਨਾ ਵਿਚ ਕੋਈ ਤ੍ਰੁਟੀ ਨਜ਼ਰ ਆਉਂਦੀ ਉਸ ਨੂੰ ਉਥੇ ਹੀ ਅਤੇ ਬਿਨਾਂ ਕਿਸੇ ਰਿਐਤ ਦੇ, ਪਰਗਟ ਕਰਨ ਤੋਂ ਆਪ ਕਦੇ ਝਿਜਕਦੇ ਨਹੀਂ ਸਨ ਭਾਵੇਂ ਉਹ ਕਿੰਨੇ ਵੀ ਪ੍ਰਸਿੱਧ ਨਾਉਂ ਨਾਲ ਸਬੰਧਤ ਕਿਉਂ ਨਾ ਹੋਵੇ । 'ਦੁਖੀ' ਜੀ ਵਲੋਂ ਕੀਤੀ ਗਈ ਆਲੋਚਨਾ ਵਧੇਰੇ ਕਰ ਕੇ ਉਸਾਰੂ ਅਤੇ ਕਾਵਿ ਸ਼ਾਸਤਰੀ ਸੀਮਾ ਦੀ ਹੁੰਦੀ ਸੀ । ਉਸ ਵੇਲੇ ਕੁਝ ਕੁ ਚੁਣਵੇਂ ਨਾਵਾਂ ਨੂੰ ਛੱਡ ਕੇ ਬਾਕੀ ਦੇ

1. ਮਾਸਕ ਕਵੀ, ਕਲਕੱਤਾ, ਨਵੰਬਰ 1928, ਪੰਨਾ 13, 14।
2. ਉਹੀ, ਸਤੰਬਰ 1928 ਪੰਨਾ 233, 34।
3. ਉਹੀ, ਜਨਵਰੀ 1929, ਪੰਨਾ 69।
4. 'ਨੁਕਤਾਚੀਨੀ' ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਮਾਰਚ 1935, ਪੰਨਾ 131, ।

Sri Satguru Jagjit Singh Ji Elibrary NamdhariElibrary@gmail com

ਪੰਜਾਬੀ ਕਵੀ, ਕਵੀ ਦਰਬਾਰੀ ਲੋਕ, ਕਵੀ ਹੁੰਦੇ ਸਨ। ਆਪ ਨੂੰ ਇਨ੍ਹਾਂ ਕਵੀਆਂ ਦੀ ਨਿਜੀ ਵਿਚਾਰਧਾਰਾ ਵਿਰੁਧ ਆਮ ਕਰ ਕੇ ਕੋਈ ਸ਼ਿਕਾਇਤ ਨਹੀਂ ਸੀ ਹੁੰਦੀ ਪਰ ਰਚਨਾ ਦੇ ਸਭਿਆਚਾਰਕ ਤੇ ਸਮਾਜਿਕ ਕੀਮਤਾਂ ਦੇ ਅਨੁਸਾਰੀ ਹੋਣ ਨੂੰ ਉਹ ਕਾਵਿ ਦਾ ਇਕ ਜ਼ਰੂਰੀ ਅੰਗ ਸਮਝਦੇ ਸਨ। ਪੰਜਾਬੀ ਦੀ ਅਧੋਗਤੀ ਲਈ ਕਵੀਆਂ ਨੂੰ ਕੋਸਦਿਆਂ ਆਪ ਨੇ ਲਿਖਿਆ ਸੀ :

'ਦੁਖ ਤੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਾਡੇ ਅਜ ਕਲ੍ਹ ਦੇ ਅਨੇਕ ਕਵੀ ਸਮੇਂ ਦੇ ਗੰਦੇ ਰੌ ਵਿਚ ਅਜੇਹੇ ਗਰਕ ਹੋਏ ਰੁੜ੍ਹੇ ਜਾ ਰਹੇ ਹਨ ਕਿ ਉਹ ਕੌਮ ਨੂੰ ਬਚੌਣ ਦੀ ਥਾਂ ਸਗੋਂ ਹੋਰ ਡੂੰਘੇ ਟੋਏ ਵਿਚ ਡਬੋ ਰਹੇ ਹਨ।"[1]

ਪੰਜਾਬੀ ਇਨਾਮੀ ਕਵੀ ਦਰਬਾਰਾਂ ਦੀ ਚਰਚਾ ਅਤੇ ਇਨਾਮ ਪ੍ਰਾਪਤ ਕਵਿਤਾਵਾਂ ਦੀ ਆਲੋਚਨਾ ਵਲ ਵੀ ਆਪ ਨੇ ਬਹੁਤ ਧਿਆਨ ਦਿਤਾ। ਸਰਦਾਰ ਵਿਧਾਤਾ ਸਿੰਘ 'ਤੀਰ', ਜੋ ਪਿਛੋਂ ਜਾ ਕੇ ਕਾਵਿ ਉਸਤਾਦ ਬਣੇ, ਦੀ ਅਜਿਹੀ ਇਕ ਕਵਿਤਾ ਤੇ ਵੀ ਕਾਫ਼ੀ ਆਲੋਚਨਾ ਹੋਈ ਸੀ। 'ਤੀਰ' ਜੀ ਉਦੋਂ ਵੀ ਪੰਜਾਬੀ ਦੇ ਚੋਣਵੇਂ ਕਵੀਆਂ ਵਿਚੋਂ ਇਕ ਗਿਣੇ ਜਾਂਦੇ ਸਨ। ਕਤਕ ਪੂਰਨਮਾਸ਼ੀ ਤੇ ਨਨਕਾਣਾ ਸਾਹਿਬ ਵਿਚ ਹੋਏ ਕਵੀ ਦਰਬਾਰ ਵਿਚ ਆਪ ਦੀ ਕਵਿਤਾ ਨੂੰ ਇਨਾਮ ਦਿਤਾ ਗਿਆ ਸੀ। ਇਹ ਆਲੋਚਨਾ ਵੀ ਬੜੀ ਲੰਬੀ ਹੈ ਪਰ ਕਵਿਤਾ ਦੀ ਕੇਵਲ ਪਹਿਲੀ ਤੁਕ ਤੇ ਹੋਈ ਟੀਕਾ ਟਿਪਣੀ ਹੀ ਹਾਜ਼ਰ ਹੈ :

ਆਈ ਕਾਂਗ ਵੈਰਾਗ ਦੀ ਚਿਤ ਅੰਦਰ,
ਨਦੀ ਨੇਹੁੰ ਦੀ ਨੈਣਾਂ 'ਚੋਂ ਵਹਿਣ ਲਗੀ।

"ਇਸ ਤੁਕ ਵਿਚ ਦੋ ਭਾਵ ਟਕਰਾਂਦੇ ਹਨ। ਇਕ ਦੂਜੇ ਨੂੰ ਕਟਦੇ ਹਨ। 'ਵੈਰਾਗ' ਵਿਚ ਪ੍ਰੇਮ ਨਹੀਂ ਹੁੰਦਾ ; ਸਗੋਂ ਉਪਰਾਮਤਾ ਹੁੰਦੀ ਹੈ। ਵੈਰਾਗ ਦੇ ਅਥਰੂ ਉਪਰਾਮਤਾ ਦੇ ਅਥਰੂ ਹੁੰਦੇ ਹਨ ਨਾ ਕਿ 'ਪ੍ਰੇਮ' ਦੇ।"[2]

ਹੋਰਨਾਂ ਬਹੁਤੇ ਆਲੋਚਕਾਂ ਨਾਲੋਂ 'ਦੁਖੀ' ਜੀ ਵਿਚ ਇਹ ਵਾਧਾ ਸੀ ਕਿ ਜੇ ਚੰਗੇ ਡਾਕਟਰ ਵਾਂਗ, ਰੋਗੀ ਦੀ ਚੀਰ ਫਾੜ ਕਰਨ ਸਮੇਂ ਨਸ਼ਤਰ ਵਾਹੁਣ ਲਗੇ ਕਿਸੇ ਹਿਚਕਚਾਹਟ ਤੋਂ ਕੰਮ ਨਹੀਂ ਸਨ ਲੈਂਦੇ ਤਦ ਹੋਰਨਾਂ ਕਵੀਆਂ ਜਾਂ ਆਲੋਚਕਾਂ ਵਲੋਂ ਆਪਣੀ ਨੁਕਤਾਚੀਨੀ ਹੋਣ ਸਮੇਂ ਵੀ ਮੱਥੇ ਵਟ ਨਹੀਂ ਸਨ ਪਾਉਂਦੇ। ਜੇ ਸਬੰਧਤ ਆਲੋਚਕ ਕਿਸੇ ਭੁਲੇਖੇ ਦਾ ਸ਼ਿਕਾਰ ਹੋਇਆ ਜਾਪਦਾ ਤਦ ਆਪ ਉਸ ਦਾ ਸ਼ੰਕਾ ਸਮਾਧਾਨ ਕਰਨ ਤੋਂ ਵੀ ਪਿਛੇ ਨਹੀਂ ਸਨ ਹਟਦੇ। ਕਵੀ 'ਆਸੀ' ਹੋਰਾਂ ਵਲੋਂ ਕੀਤੀ ਅਜਿਹੀ ਇਕ ਆਲੋਚਨਾ ਦੀ ਉਦਾਹਰਣ ਇਸ ਸਬੰਧ ਵਿਚ ਦਿਤੀ ਜਾ ਸਕਦੀ ਹੈ ਜਿਸ ਦੇ ਉਤਰ ਵਿਚ ਆਪ ਨੇ ਲਿਖਿਆ ਸੀ :

"ਆਸੀ ਜੀ ਜਦ ਛਾਣ ਬੀਣ ਕਰਨ ਲਗੇ ਸਨ ਤਾਂ ਨਿਧੜਕ ਹੋ ਕੇ ਲਿਖ

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, 'ਕਵੀ', ਅਕਤੂਬਰ 1934, ਪੰਨਾ 44।
2. ਉਹੀ, 'ਇਨਾਮੀ ਕਵਿਤਾ ਤੇ ਵਿਚਾਰ', ਮਈ 1935, ਪੰਨਾ 292।
3. ਉਹੀ,

Sri Satguru Jagjit Singh Ji Elibrary NamdhariElibrary@gmail.com

ਮਾਰਨਾ ਸੀ- ਝਿਝਕਣ ਤੇ ਹਿਚਕਚਾਹਟ ਦੀ ਕੀ ਲੋੜ ਹੈ ? ਭਾਸਦਾ ਏ ਕਿ 'ਆਸੀ' ਜੀ ਦੁਚਿਤੀ ਵਿਚ ਲਿਖ ਰਹੇ ਹਨ।...ਮੈਨੂੰ ਕਵਿਤਾ ਉਤੇ ਵਿਚਾਰ, ਨੁਕਤਾਚੀਨੀ ਕਰਾਉਣ ਤੇ ਦੁਖ ਨਹੀਂ, ਸਗੋਂ ਭਾਵੀ ਖੁਸ਼ੀ ਹੁੰਦੀ ਹੈ। ਗਲਤੀ ਨੂੰ ਗਲਤੀ ਮੰਨ ਲੈਣਾ ਕੋਈ ਗੁਨਾਹ ਨਹੀਂ। ਲੋੜ ਇਸ ਗਲ ਦੀ ਸੀ ਕਿ 'ਆਸੀ' ਜੀ ਸਾਹਿਬ ਬੇਖਟਕੇ ਇਨ੍ਹਾਂ ਤੁਕਾਂ ਦੀਆਂ ਧਜੀਆਂ ਉਧੇੜਦੇ, ਪਰ ਨਾਲ ਮੈਨੂੰ ਸਮਝਾਉਂਦੇ ਵੀ ਕਿ ਇਨ੍ਹਾਂ ਵਿਚ ਇਹ ਭੁਲ ਹੈ ਤੇ ਇਹ ਇਸ ਤਰ੍ਹਾਂ ਦਰੁਸਤ ਹੋ ਸਕਦੀ ਹੈ।"[1]

ਗਿਆਨੀ ਹੀਰਾ ਸਿੰਘ 'ਦਰਦ' ਅਨੁਸਾਰ, ਸਮੀਖਿਆਕਾਰ ਦਾ ਕੰਮ "ਸਰਾਫ ਵਾਂਗ ਬਿਲਕੁਲ ਕੋਰਾ ਬਣ ਕੇ ਖੋਟ ਤੇ ਖਰੇਪਣ ਨੂੰ ਨਿਖੇੜ ਕੇ ਦਸਣਾ ਹੀ ਨਹੀਂ, ਉਸ ਦਾ ਰਵਈਆ ਨਵੇਂ ਸਾਹਿਤਕਾਰਾਂ ਵਲ ਹਮਦਰਦੀ ਭਰਿਆ ਤੇ ਅਗਵਾਈ ਦੇਣ ਵਾਲਾ ਅਤੇ ਲੋਕਾਂ ਦੇ ਜੀਵਨ ਨੂੰ ਅਗੇ ਵਧਾਣ ਤੇ ਉਨਤੀ ਕਰਨ ਵਿਚ ਸਹਾਈ ਹੋਣ ਵਾਲਾ ਹੋਣਾ ਚਾਹੀਦਾ ਹੈ।"[2]

'ਦੁਖੀ' ਜੀ ਵਲੋਂ ਕੀਤੀ ਗਈ ਆਲੋਚਨਾ ਵਿਚ ਇਹ ਗੁਣ ਪ੍ਰਤਖ ਦਿਸਦਾ ਹੈ। ਪਹਿਲੀ ਗਲ ਇਹ ਕਿ ਉਹ ਲਗਦੀ ਵਾਹੇ ਨਵੇਂ ਕਵੀਆਂ ਤੇ ਨਸ਼ਤਰ ਨਹੀਂ ਸਨ ਚਲਾਉਂਦੇ। ਦੂਜੀ ਗਲ ਜਿਨ੍ਹਾਂ ਦੀ ਉਹ ਨੁਕਤਾਚੀਨੀ ਕਰਦੇ ਸਨ ਉਨ੍ਹਾਂ ਤੇ ਕੇਵਲ ਨਸ਼ਤਰ ਚਲਾ ਕੇ ਖੂਨ ਵਗਦਾ ਹੀ ਨਹੀਂ ਸਨ ਛਡ ਦਿੰਦੇ ਸਗੋਂ ਕਾਵਿ ਔਗੁਣਾਂ ਨੂੰ ਦੂਰ ਕਰਨ ਦੇ ਤਰੀਕੇ ਰੂਪੀ ਮਰਹਮ ਲਾ ਕੇ ਪੱਟੀ ਵੀ ਕਰਦੇ ਸਨ। ਕਿਹੜੇ ਸਬਦ ਵਿਚ ਕੀ ਔਗੁਣ ਹੈ ਤੇ ਉਸ ਦੀ ਥਾਂ ਸਹੀ ਸ਼ਬਦ ਕਿਹੜਾ ਹੋ ਸਕਦਾ ਹੈ ? ਆਦਿ ਗਲਾਂ ਆਪ ਦੀ ਨੁਕਤਾ-ਚੀਨੀ ਦਾ ਇਕ ਜ਼ਰੂਰੀ ਅੰਗ ਹੁੰਦੀਆਂ ਸਨ। ਕਾਲਿਆਂ ਜ਼ੁਲਫਾਂ ਬਾਰੇ ਇਕ ਸਮਕਾਲੀ ਕਵੀ 'ਹਕੀਰ' ਦੀ ਲਿਖੀ ਕਵਿਤਾ ਨੂੰ ਸੋਧਦਿਆਂ ਸੋਧਦਿਆਂ ਆਪ ਵਲੋਂ ਇਕ ਨਵੀਂ ਕਵਿਤਾ ਲਿਖ ਦੇਣ ਦਾ ਸਬੂਤ ਤਾਂ ਅਜੇ ਤਕ 'ਕਵੀ' ਦੇ ਅੰਕਾਂ ਵਿਚ ਸਾਂਭਿਆ ਪਿਆ ਹੈ। ਇਸ ਤਰ੍ਹਾਂ 'ਦੁਖੀ' ਜੀ ਦੀ ਆਲੋਚਨਾ ਬਹੁਤੇ ਲੋਕਾਂ ਲਈ ਉਤਸਾਹ-ਵਰਧਕ ਹੁੰਦੀ ਸੀ।

ਨਿਰਸੰਦੇਹ, ਆਪ ਵਲੋਂ ਕੀਤੀ ਗਈ ਆਲੋਚਨਾ ਕਈ ਪਖਾਂ ਤੋਂ ਵਿਲਖਣ, ਸਿਖਿਆ ਭਰਪੂਰ ਤੇ ਪਥ ਪਰਦਰਸ਼ਕ ਹੁੰਦੀ ਸੀ। ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਪੰਜਾਬੀ ਵਿਚ ਇਸ ਨੂੰ ਉਨਤ ਕਰਨ ਵਿਚ ਆਪ ਵਲੋਂ ਪਾਇਆ ਗਿਆ ਹਿਸਾ ਆਪ ਦੀ ਬਹਾਦਰੀ ਦਾ ਇਕ ਅੰਗ ਸੀ। ਇਸੇ ਕਰ ਕੇ ਝਖੜ ਤੂਫਾਨਾ ਵਿਚ ਵੀ ਆਪ ਦੀ ਕਿਸ਼ਤੀ ਵਿੰਗੀ ਟੇਢੀ ਹੁੰਦੀ ਹੋਈ ਵੀ ਅਗੇ ਵਧਦੀ ਗਈ।

5) ਪੁਸਤਕ ਆਲੋਚਨਾ :

ਮੁਨਸ਼ਾ ਸਿੰਘ 'ਦੁਖੀ' ਜੀ ਇਕ ਹਰਫਨ ਮੌਲਾ ਵਿਅਕਤੀ ਸਨ। ਸੁਰਸਤੀ ਜਿਵੇਂ

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਨੁਕਤਾਚੀਨੀ, ਮਾਰਚ 1935, ਪੰਨਾ 131, 32।
2. ਗਿਆਨੀ ਹੀਰਾ ਸਿੰਘ 'ਦਰਦ', ਸਾਹਿਤ ਆਲੋਚਨਾ ਦੇ ਕੁਝ ਜ਼ਰੂਰੀ ਪਖ, ਮਾਸਕ ਆਲੋਚਨਾ ਲੁਧਿਆਣਾ, ਸਤੰਬਰ 1958।

Sri Satguru Jagjit Singh Ji Elibrary NamdhariElibrary@gmail.com

ਆਪਦੇ ਅੰਗ ਸੰਗ ਹੀ ਰਹਿੰਦੀ ਹੋਵੇ। ਆਪ ਨੇ ਸਾਹਿਤ ਦੇ ਜਿਸ ਖੇਤਰ ਵਿਚ ਵੀ ਪੈਰ ਪਾਇਆ ਉਸ ਵਿਚੋਂ ਅਸਫਲ ਹੋ ਕੇ ਨਹੀਂ ਨਿਕਲੇ। ਪ੍ਰਤੱਖ ਤੌਰ ਤੇ ਆਪ ਨੇ ਸਾਹਿਤ ਦੇ ਕਿਸੇ ਵੀ ਅੰਗ ਤੇ ਕਲਮ ਚਲਾਉਣ ਦੀ ਵਿਧੀਵਤ ਸਿਖਿਆ ਪ੍ਰਾਪਤ ਨਹੀਂ ਸੀ ਕੀਤੀ। ਇਸ ਹਿਸਾਬ, ਹਰ ਖੇਤਰ ਵਿਚ ਪ੍ਰਾਪਤ ਕੀਤੀ ਸਫਲਤਾ ਨੂੰ ਤਾਂ ਦੈਵੀ ਦੇਣ ਹੀ ਸਮਝਿਆ ਜਾ ਸਕਦਾ ਹੈ। ਗਦਰ ਆਸ਼ਰਮ ਵਿਚ ਆਪ ਨੇ ਥੋੜ੍ਹਾ ਬਹੁਤਾ ਕੰਮ ਤਾਂ ਜ਼ਰੂਰ ਕੀਤਾ ਸੀ ਪਰ ਉਥੇ ਇਹ ਆਲੋਚਨਾ-ਸਮਾਲੋਚਨਾ ਆਦਿ ਕੁਝ ਵੀ ਨਹੀਂ ਸੀ ਹੁੰਦਾ। ਦੇਸ਼ ਪਰਤ ਕੇ 'ਵਡੇ ਘਰਾਂ ਦੀ ਸੈਰ' ਤੋਂ ਬਿਨਾਂ ਕਦੇ ਕਿਤੇ ਟਿਕਾਉ ਮਿਲਣ ਦਾ ਤਾਂ ਸੁਆਲ ਹੀ ਨਹੀਂ ਸੀ ਉਠਿਆ। ਇਸ ਹਿਸਾਬ ਇਹ ਸਫਲਤਾ ਕੁਦਰਤ ਦਾ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ?

ਪੁਸਤਕ ਆਲੋਚਨਾ, ਪੱਤ੍ਰਕਾਰੀ ਦਾ ਹੀ ਇਕ ਅੰਗ ਹੁੰਦਾ ਹੈ। ਹਰ ਕਿਸਮ ਦੀਆਂ, ਹਰ ਵਿਸ਼ੇ ਤੇ ਅਤੇ ਹਰ ਪੱਧਰ ਦੀਆਂ, ਚੰਗੀਆਂ ਮੰਦੀਆਂ ਨਵੀਆਂ ਛਪੀਆਂ ਪੁਸਤਕਾਂ, ਲੇਖਕਾਂ ਤੇ ਪ੍ਰਕਾਸ਼ਕਾਂ ਵਲੋਂ ਪੱਤਰਾਂ ਦੇ ਸੰਪਾਦਕਾਂ ਨੂੰ ਆਲੋਚਨਾ ਹਿਤ ਅਕਸਰ ਭੇਜੀਆਂ ਜਾਂਦੀਆਂ ਹਨ। ਪੱਤਰਾਂ ਵਿਚ ਛਪੀ ਇਹ ਆਲੋਚਨਾ ਉਨ੍ਹਾਂ ਪੁਸਤਕਾਂ ਦੀ ਵਿਕਰੀ ਤੇ ਪ੍ਰਭਾਵ ਵੀ ਪਾਉਂਦੀ ਹੈ। ਅਜ ਕਲ੍ਹ ਲੇਖਕ ਤੇ ਪ੍ਰਕਾਸ਼ਕ ਗਿਣਤੀ ਦੇ ਵਾਧੇ ਕਾਰਨ ਪੁਸਤਕ ਆਲੋਚਨਾ ਦੇ ਤੌਰ ਤਰੀਕੇ ਵੀ ਬਦਲ ਗਏ ਹਨ। ਬਹੁਤੇ ਸੰਪਾਦਕ ਤਾਂ ਇਹ ਜ਼ਿੰਮੇਂਵਾਰੀ ਆਪਣੇ ਗਲ ਪਾਉਣ ਦੀ ਥਾਂ ਇਹ ਕੰਮ ਕਿਸੇ ਹੋਰ ਨੂੰ ਹੀ ਸੌਂਪ ਦਿੰਦੇ ਹਨ।

ਸਮਾਲੋਚਨਾ ਕਰਨ ਦੇ ਹਰ ਸਮਾਲੋਕ ਦੇ ਆਪੋ ਆਪਣੇ ਢੰਗ ਹੁੰਦੇ ਹਨ। ਕੋਈ ਤਾਂ ਆਪਣੀ ਪਸੰਦ ਦੇ ਵਿਸ਼ੇ ਸਬੰਧੀ ਪ੍ਰਾਪਤ ਪੁਸਤਕਾਂ ਇਕ ਪਾਸੇ ਰਖ ਲੈਂਦਾ ਹੈ ਤੇ ਬਾਕੀਆਂ ਦੀ ਆਪਣੇ ਪੱਤਰ ਵਿਚ ਪਹੁੰਚ ਛਾਪ ਕੇ ਹੀ ਗੁਜ਼ਾਰਾ ਕਰ ਲੈਂਦਾ ਹੈ। ਫਿਰ ਜਿਹੜੀ ਪੁਸਤਕ ਦੀ ਸਮਾਲੋਚਨਾ ਕਿਸੇ ਪੱਤਰ ਵਿਚ ਛਪਦੀ ਵੀ ਹੈ, ਜ਼ਰੂਰੀ ਨਹੀਂ ਕਿ ਉਹ ਸਾਰੀ ਪੁਸਤਕ ਹੀ ਸਮਾਲੋਚਕ ਦੀਆਂ ਨਜ਼ਰਾਂ ਵਿਚੋਂ ਲੰਘੀ ਹੋਵੇ। ਵਰਤਮਾਨ ਸਮੇਂ ਵਿਚ ਤਾਂ ਸਿਆਣਪ ਇਨੀ ਵਧ ਗਈ ਹੈ ਕਿ ਹੁਣ ਪੁਸਤਕ ਨੂੰ ਪੜ੍ਹੇ ਬਿਨਾਂ ਹੀ ਸਮਾਲੋਚਨਾ ਹੋ ਜਾਣ ਦੀਆਂ ਗਲਾਂ ਵੀ ਸੁਣਨ ਵਿਚ ਆਉਂਦੀਆਂ ਹਨ ਪਰ 'ਦੁਖੀ' ਜੀ ਦੇ ਸਮੇਂ ਵਿਚ ਨਾ ਤਾਂ ਇਨੀਆਂ ਕਾਪੀਆਂ ਹੀ ਨਿਕਲੀਆਂ ਸਨ ਤੇ ਨਾ ਹੀ ਸੰਪਾਦਕ ਜ਼ਿੰਮੇਵਾਰੀ ਤੋਂ ਇੰਨਾ ਪਾਸੇ ਰਹਿੰਦਾ ਸੀ।

'ਦੁਖੀ' ਜੀ ਵਲੋਂ ਸ਼ੁਰੂ ਤੋਂ ਸੰਪਾਦਨ ਕੀਤੇ ਗਏ ਸਾਰੇ ਪੱਤਰਾਂ ਦੇ ਅਧਿਐਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਪ ਇਕ ਚੰਗੇ ਸਮਾਲੋਚਕ ਵੀ ਸਨ ਤੇ ਪ੍ਰਾਪਤ ਹੋਈਆਂ ਸਭ ਪੁਸਤਕਾਂ ਦੀ ਆਲੋਚਨਾ ਵੀ ਉਹ ਆਪ ਹੀ ਕਰਿਆ ਕਰਦੇ ਸਨ।[1] ਆਪ ਦੁਆਰਾ ਕੀਤੀ ਗਈ ਇਸ ਆਲੋਚਨਾ ਦੀ ਗਵਾਹੀ ਅਨੁਸਾਰ ਇਹ ਗਲ ਨਿਰਸੰਸੇ ਆਖੀ ਜਾ ਸਕਦੀ ਹੈ ਕਿ ਆਪ ਹਰ ਰਚਨਾ ਨੂੰ ਵਾਚ ਲੈਣ ਤੋਂ ਪਿਛੋਂ ਹੀ ਸਮਾਲੋਚਨਾ ਲਿਖਦੇ ਸਨ।[2]

1. ਮਾਸਕ ਕਵੀ, ਕਲਕੱਤਾ, ਜੂਨ 1928, ਪੰਨਾ 102।
2. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਅਕਤੂਬਰ 1934, ਪੰਨਾ 64।

Sri Satguru Jagjit Singh Ji Elibrary NamdhariElibrary@gmail com

ਲਗਪਗ ਹਰ ਤਰ੍ਹਾਂ ਦੀਆਂ ਪੰਜਾਬੀ ਪੁਸਤਕਾਂ ਆਪ ਪਾਸ ਸਮਾਲੋਚਨਾ ਹਿਤ ਆਉਂਦੀਆਂ ਸਨ ਤੇ ਆਪ ਸਭ ਨੂੰ ਹੀ 'ਜੀਉ ਆਇਆਂ' ਆਖ ਕੇ ਪਰਵਾਨ ਕਰ ਲੈਂਦੇ ਸਨ। ਇਹੋ ਕਾਰਨ ਸੀ ਕਿ ਜਦੋਂ ਕਦੇ ਆਪ ਲੰਬੇ ਸਫਰ ਤੇ ਨਿਕਲ ਜਾਂਦੇ ਜਾਂ ਰੋਗ ਦੇ 'ਪ੍ਰੇਮ' ਵਿਚ ਫਸ ਜਾਂਦੇ ਤਦ ਸਬੰਧਤ ਪਰਚੇ ਵਿਚੋਂ ਸਮਾਲੋਚਨਾ ਦਾ ਪੰਨਾ ਵੀ ਗਾਇਬ ਹੋ ਜਾਂਦਾ ਸੀ।

ਆਪ ਵਲੋਂ ਕੀਤੀ ਗਈ ਸਮਾਲੋਚਨਾ ਵਿਚ, ਵਰਤਮਾਨ ਸਮੇਂ ਦੇ ਆਮ ਸਮਾਲੋਚਕਾਂ ਨਾਲੋਂ ਦੋ ਗਲਾਂ ਵਿਚ ਭਿੰਨਤਾ ਪ੍ਰਤੀਤ ਹੁੰਦੀ ਹੈ। ਇਕ ਤਾਂ ਇਹ ਕਿ ਆਮ ਕਰ ਕੇ ਜਿਸ ਭਾਸ਼ਾ ਦਾ ਕੋਈ ਪੱਤਰ ਹੋਵੇ ਉਸੇ ਭਾਸ਼ਾ ਦੀਆਂ ਪੁਸਤਕਾਂ ਹੀ ਸਮਾਲੋਚਨਾ ਲਈ ਭੇਜੀਆਂ ਜਾਂਦੀਆਂ ਹਨ -ਤੇ ਦੂਜੀ ਇਹ ਕਿ ਆਮ ਕਰ ਕੇ, ਸਮਾਲੋਚਕ, ਸਮੁਚੇ ਸਾਹਿਤ ਖੇਤਰ ਨਾਲ ਚੰਗੀ ਤੌਰ ਤੇ ਜੁੜਿਆ ਹੋਇਆ ਨਹੀਂ ਹੁੰਦਾ। ਜਿਹੜਾ ਵਿਸ਼ਾ ਉਸ ਦੇ ਨਿਜੀ ਗਿਆਨ ਦੇ ਘੇਰੇ ਤੋਂ ਬਾਹਰ ਹੁੰਦਾ ਹੈ ਉਸ ਨਾਲ ਸਬੰਧਤ ਪੁਸਤਕ ਦੀ ਆਲੋਚਨਾ ਵਿਚ ਉਹ ਖੁਭਦਾ ਹੀ ਨਹੀਂ। ਅਜਿਹਾ ਸਮਾਲੋਚਕ, ਲੇਖਕ ਦੀ ਪ੍ਰਸੰਸਾ ਕਰ ਕੇ ਆਪਣਾ ਖਹਿੜਾ ਛੁਡਾਉਣ ਦੀ ਕਰਦਾ ਹੈ।

'ਦੁਖੀ' ਜੀ ਇਕ ਹਰਫਨ ਮੌਲਾ ਸਾਹਿਤਕਾਰ ਸਨ ਤੇ ਹਰ ਸਾਹਿਤ ਵੰਨਗੀ ਵਿਚ ਜੇ ਨਿਪੁੰਨ ਨਹੀਂ ਤਾਂ ਨਿਪੁੰਨਤਾ ਦੇ ਨੇੜੇ ਤੇੜੇ ਤਾਂ ਜ਼ਰੂਰ ਹੁੰਦੇ ਸਨ। ਜਿਥੇ ਵੀ ਕਿਸੇ ਲੇਖਕ ਜਾਂ ਪ੍ਰਕਾਸ਼ਕ ਵਿਚ ਕੋਈ ਊਣਤਾਈ ਦਿਸਦੀ, ਉਥੇ ਲੇਖਕ ਤੇ ਪਾਠਕ ਦੋਹਾਂ ਦਾ ਹੀ ਧਿਆਨ ਆਕਰਸ਼ਤ ਕਰਨ ਦਾ ਯਤਨ ਵੀ ਆਪ ਜ਼ਰੂਰ ਕਰਦੇ ਸਨ ਤਾਂ ਕਿ ਉਸ ਨੂੰ ਗਲਤੀ ਸੁਧਾਰਨ ਦੀ ਸਮਝ ਆ ਜਾਇ ਪਰ ਕਈ ਲੇਖਕਾਂ ਦੇ ਤਾਂ ਚੰਗੇ ਬਖੀਏ ਵੀ ਉਧੇੜੇ ਹੋਏ ਦਿਸਦੇ ਹਨ।

ਆਲੋਚਨਾ ਵਾਂਗ ਸਮਾਲੋਚਨਾ ਖੇਤਰ ਵਿਚ ਵੀ ਆਪ ਦਾ ਪ੍ਰਵੇਸ਼ ਮਾਸਕ 'ਕਵੀ' ਦੇ ਜਨਮ ਨਾਲ ਹੀ ਹੋਇਆ ਦੇਖਿਆ ਜਾਂਦਾ ਹੈ। ਇਸ ਪੱਤਰ ਵਿਚ ਸਮਾਲੋਚਨਾ ਬਹੁਤ ਸੰਖੇਪ ਕੀਤੀ ਜਾਂਦੀ ਸੀ ; ਕਿਉਂਕਿ ਸਮਾਲੋਚਕ ਕੋਲ ਸਮੇਂ ਅਤੇ 'ਕਵੀ' ਕੋਲ ਸਥਾਨ ਦੀ ਥੁੜ ਸਦਾ ਹੀ ਬਣੀ ਰਹਿੰਦੀ ਸੀ। ਪੁਸਤਕਾਂ ਹਰ ਕਿਸਮ ਦੀਆਂ ਤੇ ਹਰ ਭਾਸ਼ਾ ਦੀਆਂ ਹੀ ਆਉਂਦੀਆਂ ਸਨ ਭਾਵੇਂ ਬਹੁ ਸੰਖਿਆ ਪੰਜਾਬੀ ਪੁਸਤਕਾਂ ਦੀ ਹੀ ਹੁੰਦੀ ਸੀ। ਵਿਸਤੀਰਤ ਸਮਾਲੋਚਨਾ ਬਹੁਤ ਹੀ ਘਟ ਲੇਖਕਾਂ ਦੇ ਹਿਸੇ ਆਈ ਜਾਪਦੀ ਹੈ।

ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ ਵੰਡੇ ਜਾਣ ਵਾਲੇ, ਸਰਦਾਰ ਖਜ਼ਾਨ ਸਿੰਘ 'ਬੱਗਾ' ਰਚਿਤ ਕਿਤਾਬਚੇ, 'ਵਿਜੋਗੀ ਸੰਜੋਗ' ਦੀ ਸਮੀਖਿਆ ਦੀ ਡੂੰਘਾਈ ਦੇਖਣਯੋਗ ਹੈ :

> "ਇਸ ਤੋਂ ਛੁਟ ਇਸ ਦੀ ਲਿਖਾਈ ਵਿਚ ਇਕ ਵਡੀ ਖੂਬੀ ਇਹ ਹੈ ਕਿ ਇਸ ਵਿਚ ਸੁਭਾਵਿਕ ਅਸੁਭਾਵਿਕ ਦਾ ਬਹੁਤ ਖਿਆਲ ਰਖਿਆ ਗਿਆ ਹੈ। ਸਾਡੇ ਚੰਗੇ ਚੰਗੇ ਲਿਖਾਰੀ ਭੀ ਕਹਾਣੀ ਨੂੰ ਚਟਕੀਲੀ ਬਣਾਉਣ ਲਈ ਉਹ ਉਹ ਤੂਫਾਨ ਤੋਲ ਜਾਂਦੇ ਹਨ ਕਿ ਰਹੇ ਰਬ ਦਾ ਨਾਂ। ਸਰਦਾਰ ਖਜ਼ਾਨ ਸਿੰਘ ਜੀ ਦੀ ਕਹਾਣੀ ਦੀ ਲਿਖਾਈ ਇਸ ਦੋਸ਼ ਤੋਂ ਬਰੀ ਹੋਣ ਦੇ ਨਾਲ ਨਾਲ ਸਵਾਦਲੀ ਤੇ

Sri Satguru Jagjit Singh Ji Elibrary NamdhariElibrary@gmail.com

ਭਾਵਪੂਰਤ ਹੈ।"[1]

ਜਿਥੇ ਕੋਈ ਪ੍ਰਕਾਸ਼ਨ ਗੁਣ ਭਰਪੂਰ ਹੈ, ਉਸ ਦੀ ਸਮਾਲੋਚਨਾ ਲੰਬੀ ਹੋ ਜਾਣੀ ਕੁਦਰਤੀ ਗਲ ਸੀ। ਲਾਲਾ ਫਿਰੋਜ਼ਦੀਨ ਸ਼ਰਫ ਦੀ ਪੁਸਤਕ 'ਲਾਲਾਂ ਦੀਆਂ ਲੜੀਆਂ' ਦੀ ਸਮਾਲੋਚਨਾ ਦਾ ਇਕ ਛੋਟਾ ਜਿਹਾ ਭਾਗ ਹੀ ਕਿੰਨਾ ਕੁਝ ਸਮੋਈ ਬੈਠਾ ਹੈ :

> "ਰਖੇ ਰੁਤਬਾ ਹੁਮਾ ਦਾ ਛਾਂ ਉਹਦੀ, ਜਿਹੜੀ ਕੰਧ ਤੇ ਤੇਰੀ ਤਸਵੀਰ ਹੋਵੇ : ਭਾਵਾਰਥ ਹੈ ਸਤਿਗੁਰੂ ਆਪ ਦੀ ਹਸਤੀ ਬਾਬਤ ਤਾਂ ਆਖਣਾ ਹੀ ਕੀ ਹੈ ? ਕੰਧ ਉਤੇ ਲਿਖੀ ਹੋਈ ਆਪ ਦੀ ਪਵਿਤਰ ਤਸਵੀਰ ਦਾ ਪਰਛਾਵਾਂ ਵੀ ਹੁਮਾ ਦੇ ਪਰਛਾਵੇਂ ਨੂੰ ਮਾਤ ਕਰਦਾ ਹੈ। (ਹੁਮਾ ਇਕ ਅਜਿਹਾ ਪੰਛੀ ਹੈ ਆਖਦੇ ਹਨ ਕਿ ਜਿਸ ਬੰਦੇ ਉਤੇ ਉਸ ਦਾ ਸੁਭਾਗ ਪਰਛਾਵਾਂ ਪੈ ਜਾਵੇ ਉਹ ਬਾਦਸ਼ਾਹ ਹੋ ਜਾਂਦਾ ਹੈ।) ਹੈ ਨਾ ਕਮਾਲ ਦੀ ਉਕਤੀ।"[2]
>
> "ਜਿਵੇਂ ਜਿਵੇਂ ਨਮਰੂਦ ਦੀ ਚਿਖਾ ਵਾਂਗੂ,<br>ਭਾਂਬੜ ਲੋਹ ਕੌਲੇ ਬਲਦਾ ਅਗ ਦਾ ਏ।<br>ਕੜ੍ਹ ਕੇ ਪੱਤ ਵਾਂਗੂ ਤਿਉਂ ਤਿਉਂ ਆਖਦੇ ਨੇ,<br>ਭਾਣਾ ਮਿਠਾ ਪਿਆਰੇ ਦਾ ਲਗਦਾ ਏ।"
>
> "ਅਜੇਹੀ ਭੈੜੀ ਅਗ ਨੂੰ ਦੋਜ਼ਖ ਦੀ ਅਗ, ਪਰਲੋ ਕਾਲ ਦੀ ਅਗ ਆਦਿਕ ਦੀ ਤਸ਼ਬੀਹ ਤਾਂ ਕਵੀਆਂ ਨੇ ਦਿਤੀ ਹੋਵੇਗੀ ਪਰ ਹੰਕਾਰੀ ਨਮਰੂਦ ਦੀ ਚਿਖਾ ਦੀ ਅਗ ਦੀ ਅਣੋਖੀ ਉਪਮਾ ਦੇਣੀ, ਸ਼ਰਫ ਜੀ ਦਾ ਹੀ ਕੰਮ ਹੈ। ਗੰਨਿਆਂ ਦੀ ਰਸ ਦੇ ਕੜ੍ਹਨ ਨੂੰ ਪੱਤ ਆਖਦੇ ਹਨ, ਜਦ ਪੱਤ ਕੜ੍ਹ ਜਾਵੇ, ਮਿੱਠਾ ਅਰਥਾਤ ਗੁੜ ਬਣ ਜਾਵੇ, ਉਸ ਵੇਲੇ ਦੀ ਅਵਸਥਾ ਨੂੰ ਪੱਤ ਫੜਕਣਾ ਆਖਦੇ ਹਨ। ਤਦੋਂ ਫੜਕ ਫੜਕ ਦੀ ਆਵਾਜ਼ ਹੁੰਦੀ ਹੈ। ਇਸ ਵਿਚ 'ਮਿੱਠਾ', ਪਦ ਖਾਸ ਵੇਖਣਯੋਗ ਹੈ।"[3]

ਇਸੇ ਤਰ੍ਹਾਂ ਹੀ ਲਾਲਾ ਕਿਰਪਾ ਸਾਗਰ ਦੇ 'ਮਹਾਰਾਜਾ ਰਣਜੀਤ ਸਿੰਘ' ਨਾਟਕ ਦੂਜਾ ਭਾਗ ਦੀ ਸਮਾਲੋਚਨਾ ਲਈ ਵੀ ਕਾਫੀ ਖੁਲ੍ਹਾ ਥਾਂ ਦਿਤਾ ਗਿਆ ਹੈ :

> "ਪੁਸਤਕ ਦੇ ਸਾਰੇ ਦ੍ਰਿਸ਼ ਆਪੋ ਆਪਣੇ ਥਾਂ ਮਨੋਹਰ ਭਾਵ ਤੇ ਅਸਲੀਅਤ ਭਰੇ ਹਨ। ਵਰਨਣ ਦਾ ਢੰਗ ਸੁਹਣਾ ਤੇ ਬੋਲੀ ਉਹੀ ਠੇਠ ਤੇ ਮਿਠੀ ਪੰਜਾਬੀ ਹੈ ਜੋ ਇਸੇ ਨਾਟਕ ਦੇ ਪਹਿਲੇ ਭਾਗ ਵਿਚ ਵਰਤੀ ਗਈ ਹੈ। ਸਾਕੇ ਨੂੰ ਸੁਭਾਵਿਕਤਾ ਦੀ ਰੰਗਣ ਚਾੜ੍ਹਨ ਵਿਚ ਲਾਲਾ ਜੀ ਨੇ ਕਮਾਲ ਕਰ ਦਿਖਾਇਆ ਹੈ। ਲੋਕਾਂ ਦੇ ਮੇਲ ਜੋਲ, ਗਲ ਬਾਤ ਦੇ ਸਮੇਂ ਦੀ ਸਚੀ ਤਸਵੀਰ ਖਿਚਣ ਵਿਚ ਜੋ ਖੂਬੀ ਆਪ ਨੇ ਦਿਖਾਈ ਹੈ, ਉਹ ਪੰਜਾਬੀ ਦੇ ਕਿਸੇ ਕਿਸੇ ਸੁਲੇਖਕ ਨੂੰ ਹੀ ਹਾਸਲ ਹੈ।"...[4]

---

1. ਮਾਸਕ ਕਵੀ, ਕਲਕੱਤਾ, ਅਕਤੂਬਰ ਨਵੰਬਰ 1927, ਪੰਨਾ 53।
2. ਉਹੀ, ਜੁਲਾਈ 1928, ਪੰਨਾ 154।
3. ਉਹੀ, ਪੰਨਾ 155।
4. ਉਹੀ, ਅਗਸਤ 1929, ਪੰਨਾ 205।

Sri Satguru Jagjit Singh Ji Elibrary NamdhariElibrary@gmail com

ਸਮਾਲੋਚਨਾ ਕਰਨ ਸਮੇਂ ਮਿਤਰਾਂ ਦੋਸਤਾਂ ਨੂੰ ਖਿਮਾ ਕਰਨ ਦੀ ਆਦਤ ਆਪ ਦੇ ਸੁਭਾਉ ਦਾ ਅੰਗ ਨਹੀਂ ਸੀ। ਆਪ ਕਲਾ ਨੂੰ ਕਲਾਤਮਕ ਪਖੋਂ ਹੀ ਦੇਖਦੇ ਸਨ। 'ਫਤਹਿ' ਤੇ 'ਪ੍ਰੀਤਮ' ਪੱਤਰਾਂ ਨਾਲ ਆਪ ਦਾ ਉਂਜ ਭਾਵੇਂ ਕਿੰਨਾਂ ਸਨੇਹ ਸੀ, 'ਪ੍ਰੀਤਮ' ਦੇ ਸਾਹਿਤਕ ਨੰਬਰ ਦੀ ਸਮਾਲੋਚਨਾ ਵਿਚੋਂ ਇਸ ਸਨੇਹ ਦਾ ਜ਼ਰਾ ਵੀ ਸੰਕੇਤ ਨਹੀਂ ਮਿਲਦਾ :

"ਪਰ ਏਨਾ ਕੁਛ ਹੁੰਦਿਆਂ ਹੋਇਆਂ ਵੀ ਸਾਨੂੰ 'ਪ੍ਰੀਤਮ' ਦੇ ਪ੍ਰਬੰਧਕਾਂ ਤੇ ਇਕ ਰੋਸ ਹੈ। ਉਹ ਇਹ ਕਿ ਇਕ ਤਾਂ ਜਿਹੜੇ ਪੰਜ ਵਿਸ਼ੇ ਉਨ੍ਹਾਂ ਇਸ ਨੰਬਰ ਲਈ ਨੀਅਤ ਕੀਤੇ ਹੋਏ ਹਨ ਉਨ੍ਹਾਂ ਵਿਚੋਂ ਕਿਸੇ ਇਕ ਤੇ ਭੀ ਕੋਈ ਵਧੀਆ ਖੋਜ ਭਰਿਆ ਲੇਖ ਨਹੀਂ। ਨਾ ਸਾਹਿਤ ਸਬੰਧੀ ਹੀ ਕੋਈ ਚੰਗੀ ਵਿਚਾਰ ਹੈ ਤੇ ਨਾ ਹੀ ਇਤਿਹਾਸ ਮੁਤੱਲਕ ਕੋਈ ਖੋਜ ਭਰਿਆ ਮਜ਼ਮੂਨ ਹੈ। ਕਾਵਯ ਕਿਆਰੀ ਵਿਚ ਚੰਗੀਆਂ ਕਵਿਤਾਵਾਂ ਤੋਂ ਛੁਟ ਕਾਵਯ ਸਬੰਧੀ ਕੋਈ ਵਧੀਆ ਲੇਖ ਨਹੀਂ।"[1]

'ਪ੍ਰੀਤਮ' ਦੇ ਨਾਰੀ ਨੰਬਰ ਬਾਰੇ ਵੀ ਕੌੜੀਆਂ ਕੌੜੀਆਂ ਸੁਣ ਲਉ :

"ਸਿਖ ਵਿਦਵਾਨ ਦੇਵੀਆਂ ਦੀ ਤਸਵੀਰ ਜੇ ਨਾ ਦਿਤੀ ਜਾਂਦੀ ਤਾਂ ਚੰਗਾ ਹੁੰਦਾ। ਇਸ ਤਸਵੀਰ ਤੋਂ ਸਾਡੀਆਂ ਭੈਣਾਂ ਸਿਵਾਇ ਫੈਸ਼ਨ ਧਾਰਨ ਕਰਨ ਦੀ ਸਿਖਿਆ ਦੇ ਹੋਰ ਕੁਝ ਸਿਖਿਆ ਨਹੀਂ ਲੈ ਸਕਦੀਆਂ। ਇਹ ਗਲ ਦੁਖਿਤ ਹਿਰਦੇ ਨਾਲ ਲਿਖਣੀ ਪੈਂਦੀ ਹੈ ਕਿ ਵਿਦਿਆ ਪੜ੍ਹ ਕੇ ਸਾਡੀਆਂ ਬੀਬੀਆਂ ਸਾਦਗੀ ਜਹੇ ਉਚ ਗੁਣ ਨੂੰ ਤਿਆਗ ਕੇ ਫੈਸ਼ਨ ਤੇ ਲੱਟੂ ਹੋ ਰਹੀਆਂ ਹਨ। ਇਸੇ ਤਰ੍ਹਾਂ ਇਕ ਲੇਖ ਅਸੱਭਯ ਹੈ। ਅਜੇਹੇ ਲੇਖ ਇਸਤ੍ਰੀਆਂ ਦੇ ਪੱਤਰਾਂ ਵਿਚ ਨਹੀਂ ਹੋਣੇ ਚਾਹੀਦੇ।"[2]

ਵਜੂਦ ਦੇ ਪਖੋਂ ਵਧੇਰੇ ਲੰਬੀਆਂ ਲਿਖੀਆਂ ਗਈਆਂ ਸਮਾਲੋਚਨਾਵਾਂ ਵਿਚ ਅਸੀਂ ਚਰਨ ਸਿੰਘ 'ਸ਼ਹੀਦ' ਰਚਿਤ, 'ਹੱਸਦੇ ਹੰਝੂ' ਦੀ ਸਮਾਲੋਚਨਾ ਦੀ ਉਦਾਹਰਣ ਲੈ ਸਕਦੇ ਹਾਂ। ਇਸ ਵਿਚ ਪਹਿਲਾਂ ਹੋਰਨਾਂ ਚੋਟੀ ਦੇ ਕਵੀਆਂ ਲੇਖਕਾਂ ਨਾਲ 'ਸ਼ਹੀਦ' ਜੀ ਦੇ ਵਿਅਕਤਿਤਵ ਦਾ ਮੁਕਾਬਲਾ ਕੀਤਾ ਗਿਆ ਹੈ ਤੇ ਫਿਰ ਉਨ੍ਹਾਂ ਦੀ ਰਚਨਾ ਦਾ ਮੁਲ ਆਂਕਿਆ ਗਿਆ ਹੈ :

"ਭਾਈ ਸਾਹਿਬ ਭਾਈ ਵੀਰ ਸਿੰਘ ਜੀ ਬੇਸ਼ਕ ਧਾਰਮਕ ਵਾਰਤਾ ਦੇ ਲਿਖਾਰੀ ਹਨ, ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਜੀ ਨਾਭਾ ਸਿਖ ਧਰਮ ਦੇ ਬੇਸ਼ੱਕ ਕਮਾਲ ਦੇ ਖੋਜੀ ਹਨ.. ਪਰ ਸਰਦਾਰ ਚਰਨ ਸਿੰਘ ਸਾਹਿਬ 'ਸਹੀਦ' ਵਿਚ ਇਕ ਹੋਰ ਹੀ ਅਦੁਤੀਪਨ ਹੈ, ਹੋਰ ਹੀ ਕਮਾਲਤਾ ਹੈ...'

ਇਹ ਬਦਕਿਸਮਤੀ ਕਹੋ (ਜਾਂ ਖੁਸ਼ਕਿਸਮਤੀ) ਕਿ ਉਹ ਹਿੰਦੁਸਤਾਨ ਵਿਚ ਜੰਮ ਪਏ ਤੇ ਫੇਰ ਪੰਜਾਬ ਵਿਚ ਤੇ ਫੇਰ ਸਿਖਾਂ ਵਿਚ ਤੇ ਫੇਰ ਕਲਮ ਚੁਕੀ ਹੈ ਆਪ ਨੇ ਪੰਜਾਬੀ ਵਲ ; ਨਹੀਂ ਤਾਂ ਇਹੋ ਜਿਹਾ ਆਦਮੀ ਜੇ ਕਿਤੇ ਇੰਗਲੈਂਡ, ਅਮਰੀਕਾ ਜਾਂ ਯੋਰਪ ਵਿਚ ਜੰਮਦਾ ਤਾਂ ਬਾਦਸ਼ਾਹ ਇਸ ਦੇ ਪਿਛੇ ਪਿਛੇ ਫਿਰਦੇ।"...

1. ਮਾਸਕ ਕਵੀ, ਕਲਕੱਤਾ, ਅਗਸਤ 1929, ਪੰਨਾ 205।
2. ਉਹੀ, ਦਸੰਬਰ 1927, ਪੰਨਾ 100।

Sri Satguru Jagjit Singh Ji Elibrary NamdhariElibrary@gmail com

"ਮੈਂ ਇਸ ਨੂੰ ਆਦਿ ਤੋਂ ਲੈ ਕੇ ਅੰਤ ਤਕ ਬੜੇ ਹੀ ਗਹੁ ਨਾਲ ਪੜ੍ਹਿਆ ਹੈ। ਇਹ ਪੁਸਤਕ ਕਰੁਣਾ ਤੇ ਹਾਸਰਸ ਦਾ ਖਜ਼ਾਨਾ ਹੈ ਖਾਸ ਕਰ ਹਾਸਰਸ ਦਾ।...ਇਸ ਵਿਚ ਸੱਤਰ ਛੋਟੀਆਂ ਛੋਟੀਆਂ ਕਹਾਣੀਆਂ ਹਨ। ਤ੍ਰੈ ਚਾਰ ਛਡ ਕੇ ਬਾਕੀ ਸਭ ਡਾਢੀਆਂ ਹੀ ਸਿਖਿਆ ਭਰੀਆਂ ਤੇ ਮਨ ਹੁਲਸਾਉ ਹਨ...ਨਜ਼ਮ, ਨਸਰ ਤੇ ਡਰਾਮਿਆਂ ਦਾ ਇਕਠ ਹੈ। 'ਮੁਢ' ਗਜ਼ਬ ਦਾ ਵਾਕਫੀ, ਖੋਜ ਤੇ ਵਿਦਵਤਾ ਭਰਿਆ ਲਿਖਿਆ ਹੋਇਆ ਹੈ।...'ਸੌਂਕਣ ਤੋਂ ਸਦਕੇ' ਵਿਚ ਪਤੀ ਪ੍ਰੇਮ ਤੇ ਇਸਤ੍ਰੀ ਦੀ ਸੁਬੁਧਤਾ ਪ੍ਰਗਟਦੀ ਹੈ। ਇਕ ਇਸਤ੍ਰੀ ਇਸ ਕਹਾਣੀ ਨੂੰ ਪੜ੍ਹ ਕੇ ਘਰ ਨੂੰ ਸੁਹਣਾ ਬਣਾ ਸਕਦੀ ਹੈ। 'ਹੀਰ ਦੀ ਨਮਾਜ਼' ਅਨੱਨਯ ਪ੍ਰੇਮ ਦੀ ਸਿਖਿਆ ਦੇਂਦੀ ਹੈ।"[1]

ਭਾਈ ਹਰਨਾਮ ਸਿਘ ਕੋਟਲਾ ਨੌਧ ਸਿੰਘ ਰਚਿਤ 'ਕੁਰੀਤੀ ਸੁਧਾਰ' ਦਾ ਮੁਲਾਂਕਣ ਭਾਵੇਂ ਕਈ ਹੋਰ ਪ੍ਰਕਾਸ਼ਨਾਵਾਂ ਦੀ ਸਮਾਲੋਚਨਾ ਨਾਲੋਂ ਸੰਖੇਪ ਵਿਚ ਕੀਤਾ ਗਿਆ ਹੈ ਪਰ ਇਸ ਦੇ ਗੁਣਾਂ ਔਗੁਣਾਂ 'ਤੇ ਅਲੰਕ੍ਰਿਤ ਭਾਸ਼ਾ ਵਿਚ ਚਾਨਣਾ ਪਾਉਣ ਵਿਚ ਆਪ ਨੇ ਕੋਈ ਕਸਰ ਬਾਕੀ ਨਹੀਂ ਛਡੀ :

"ਦੰਭਾਂ ਦੇ ਜਾਨਮਾਰੂ ਰੋਗਾਂ ਤੋਂ ਬਚਣ ਲਈ, ਭੇਖਾਂ ਦੇ ਕੋਹੜ ਤੋਂ ਛੁਡੌਣ ਲਈ, ਮਜ਼ੂਬਾਂ ਦੇ ਝੂਠੇ ਜਨੂਨ (ਪਾਗਲਪਨ) ਤੋਂ ਬਚਾਉਣ ਲਈ ਤੇ ਭਾਰਤਵਰਸ਼ ਦਾ ਸਤਿਆਨਾਸ ਕਰੂ ਕੁਰੀਤੀਆਂ ਤੋਂ ਆਜ਼ਾਦ ਕਰਾਉਣ ਲਈ ਇਹ ਪੁਸਤਕ ਮਾਨੋ 'ਅੰਮ੍ਰਿਤਧਾਰਾ' ਹੈ...ਪੁਸਤਕ ਦਾ ਇਕ ਇਕ ਅਖਰ ਜ਼ਰੂਰੀ ਹੈ।...ਸਭ ਤੋਂ ਬੜੀ ਸਿਫਤ ਇਸ ਵਿਚ ਇਹ ਹੈ ਕਿ ਇਸ ਪੁਸਤਕ ਨੂੰ ਹਰ ਮਜ਼ੂਬ ਤੇ ਹਰ ਫਿਰਕੇ ਵਾਲਾ ਆਪਣੇ ਲਈ ਜ਼ਰੂਰੀ ਸਮਝਦਾ ਹੈ। ਦੰਭੀਆਂ ਦੀ ਚਲਦੀ ਹੈ, ਨਹੀਂ ਤਾਂ ਅਜਿਹੀ ਪੁਸਤਕ ਨੂੰ ਜ਼ਰੂਰ ਟੈਕਸਟ ਬੁਕ ਕਮੇਟੀ ਵਲੋਂ ਹੌਸਲਾ ਅਫਜ਼ਾਈ ਲਈ ਇਨਾਮ ਮਿਲਣਾ ਚਾਹੀਦਾ ਹੈ। ਅਸੀਂ ਤਾਂ ਸਮਝਦੇ ਹਾਂ ਕਿ ਇਹ ਪੁਸਤਕ ਸੈਂਕੜੇ ਬਿਕਰਮ ਉਰਵਸ਼ੀ ਤੇ ਸ਼ਕੁੰਤਲਾ ਆਦਿਕ ਨਾਟਕਾਂ ਨਾਲੋਂ ਅਛੀ ਹੈ। ਪਰ ਸਾਡੀ ਸੁਣਦਾ ਕੌਣ ਹੈ।.."[2]

ਡਾਕਟਰੀ ਨਾਲ ਸਬੰਧਤ ਤੇ ਡੰਗਰਾਂ ਦੀ ਡਾਕਟਰੀ ਬਾਰੇ, ਪੰਜਾਬੀ ਵਿਚ ਉਨ੍ਹੀਂ ਦਿਨੀਂ ਬਹੁਤ ਘਟ ਪੁਸਤਕਾਂ ਮਿਲਦੀਆਂ ਸਨ। ਅਸੀਂ ਅਜ ਤੋਂ ਅਧੀ ਸਦੀ ਪਹਿਲਾਂ ਦੀ ਸਥਿਤੀ ਦਾ ਅਨੁਮਾਨ ਲਾ ਸਕਣ ਤੋਂ ਅਸਮਰਥ ਨਹੀਂ। 'ਲਵੇਰੀਆਂ' ਨਾਂ ਦੀ ਪੁਸਤਕ ਦੀ ਸਮਾਲੋਚਨਾ ਨੂੰ ਵੀ ਆਪ ਨੇ ਆਪਣੇ ਪੱਤਰ ਵਿਚ ਚੰਗੀ ਖੁਲ੍ਹੀ ਥਾਂ ਦਿਤੀ ਹੋਈ ਹੈ। ਇਸ ਵਿਚ ਲੇਖਕਾਂ ਦੇ ਨਿਜੀ ਗੁਣਾਂ ਨਾਲੋਂ ਕਿਤਾਬ ਦੇ ਗੁਣਾਂ ਨੇ ਸਮਾਲੋਚਕ ਦੇ ਦਿਮਾਗ ਨੂੰ ਬਹੁਤਾ ਘੇਰਿਆ ਹੋਇਆ ਜਾਪਦਾ ਹੈ :

"ਇਸ ਪੁਸਤਕ ਦੇ ਨਾਲ ਦੀ ਅਜ ਤਕ ਗੁਰਮੁਖੀ ਵਿਚ ਤਾਂ ਕੀ ਸ਼ਾਇਦ ਹਿੰਦੁਸਤਾਨ ਦੀ ਹੋਰ ਕਿਸੇ ਜ਼ਬਾਨ ਵਿਚ ਵੀ ਮੁਕੰਮਲ ਤੇ ਅਪਟੂਡੇਟ ਇਕ

1. ਮਾਸਕ ਵਿਹਾਰ ਸੁਧਾਰ, ਅਕਤੂਬਰ 1934, ਪੰਨਾ 64, 65।
2. ਉਹੀ, ਫਰਵਰੀ 1935, ਪੰਨਾ 70, 71।

Sri Satguru Jagjit Singh Ji Elibrary NamdhariElibrary@gmail com

ਪੁਸਤਕ ਨਹੀਂ ਛਪੀ ਹੋਵੇਗੀ। ਯੋਗ ਲੇਖਕਾਂ ਦੀ ਮਿਹਨਤ ਦਾ ਅੰਦਾਜ਼ਾ ਲਾਉਣ ਲਗਿਆਂ ਅਕਲ ਹੈਰਾਨ ਰਹਿ ਜਾਂਦੀ ਹੈ ਜਿਨ੍ਹਾਂ ਨੇ ਦਰਜਨਾਂ ਹੀ ਅੰਗ੍ਰੇਜ਼ੀ ਦੀਆਂ ਪੁਸਤਕਾਂ ਦਾ ਨਿਚੋੜ ਇਸ ਨਿਕੀ ਜੇਹੀ ਪੁਸਤਕ ਵਿਚ ਭਰ ਦਿਤਾ ਹੈ ..।

ਇਸ ਵਿਚ ਯੋਗ ਲੇਖਕਾਂ ਨੇ ਡੇਅਰੀ ਨੂੰ ਘਰੋਗੀ ਦਸਤਕਾਰੀ ਬਣਾਉਣ ਦੀ ਲੋੜ; ਪਸ਼ੂਆਂ ਦਾ ਸੰਖੇਪ ਇਤਿਹਾਸ ਤੇ ਭਾਰਤ ਵਿਚ ਪਸ਼ੂਆਂ ਦੀ ਗਿਣਤੀ, ਗਾਂ ਦੀ ਸੰਭਾਲ...ਚੰਗੇ ਰਵੇ ਦੇ ਪਸ਼ੂ ਪੈਦਾ ਕਰਨੇ, ਪਸ਼ੂਆਂ ਦੇ ਰੋਗ ਤੇ ਇਲਾਜ, ਦੁਧ ਵਿਚ ਕੀਮੀਆਈ ਅੰਗਾਂ ਦਾ ਵਧਾਉ ਘਟਾਉ ਆਦਿ 18 ਮੋਟੇ ਮੋਟੇ ਸਿਰਲੇਖਾਂ ਹੇਠ ਕੋਈ ਸਵਾ ਸੌ ਦੇ ਲਗਪਗ ਛੋਟੇ ਹੈਡਿੰਗਾਂ ਨਾਲ ਇਹ ਪੁਸਤਕ ਮਾਨੋ ਗਾਗਰ ਵਿਚ ਸਾਗਰ ਬੰਦ ਕਰਨ ਵਾਲੀ ਕਲਾ ਬਣੀ ਹੋਈ ਹੈ । ਜੇ ਪੰਜਾਬ ਯੂਨੀਵਰਸਿਟੀ ਤੇ ਸਿਖ ਐਜੂਕੇਸ਼ਨਲ ਕਮੇਟੀ ਇਸ ਪੁਸਤਕ ਦੀ ਕਦਰ ਕਰ ਕੇ ਲੇਖਕਾਂ ਦੇ ਹੌਸਲੇ ਨਾ ਵਧਾਵੇ ਤਾਂ ਪਤਾ ਨਹੀਂ ਹੋਰ ਕਿਹੜੀਆਂ ਪੁਸਤਕਾਂ ਨੂੰ ਇਨਾਮ ਮਿਲਣਗੇ ?"[1]

'ਦੁਖੀ' ਜੀ ਇਕ ਸੁਲਝੇ ਹੋਏ ਸਮਾਲੋਚਕ ਸਨ । ਸਮਾਲੋਚਨਾ ਕਰਦੇ ਸਮੇਂ ਕੇਵਲ ਦੋਸ਼ ਕਢਣਾ ਹੀ ਆਪ ਦਾ ਕੰਮ ਨਹੀਂ ਸੀ ਹੁੰਦਾ ਸਗੋਂ ਆਪ ਦੋਸ਼ਾਂ ਨੂੰ ਦੂਰ ਕਰਨ ਲਈ ਯੋਗ ਸੁਝਾਉ ਵੀ ਦਿਆ ਕਰਦੇ ਸਨ। ਮਾਸਕ 'ਜੀਵਨ' ਕੈਂਚਈ ਦੀ ਸੰਪਾਦਕੀ ਸਮੇਂ ਆਪ ਵਲੋਂ ਕੀਤੀ ਜਾਣ ਵਾਲੀ ਸਮਾਲੋਚਨਾ ਦੀ ਰਫਤਾਰ ਉਹ ਨਹੀਂ ਸੀ ਰਹੀ ਜੋ 'ਕਵੀ' ਅਤੇ 'ਵਿਹਾਰ ਸੁਧਾਰ' ਦੀ ਸੰਪਾਦਕੀ ਸਮੇਂ ਹੁੰਦੀ ਸੀ। ਸਪਤਾਹਿਕ 'ਕੌਮੀ ਸੰਦੇਸ਼' ਅਤੇ 'ਦੇਸ਼ ਭਗਤ ਯਾਦਾਂ' ਦੀ ਸੇਵਾ ਸੰਭਾਲਣ ਸਮੇਂ ਤਾਂ ਜਿਵੇਂ ਇਸ ਦਾ ਭੋਗ ਹੀ ਪੈ ਗਿਆ ਹੁੰਦਾ ਹੋਵੇ।

ਆਪ ਨੇ ਕੇਵਲ ਪੰਜਾਬੀ ਪੁਸਤਕਾਂ ਦੀ ਹੀ ਸਮਾਲੋਚਨਾ ਨਹੀਂ ਕੀਤੀ ਸਗੋਂ ਕਈ ਹੋਰ ਭਾਸ਼ਾਵਾਂ ਵਿਚ ਛਪੀਆਂ ਪੁਸਤਕਾਂ ਦੀ ਵੀ ਜਿਵੇਂ ਅੰਗ੍ਰੇਜ਼ੀ ਵਿਚ ਛਪੀ ਬੰਦਾ ਬਹਾਦਰ, ਉਰਦੂ ਦੀ 'ਕੰਜੂਸ ਠੇਕੇਦਾਰ' ਅਤੇ ਹਿੰਦੀ ਦੇ ਕੁਛ ਟਰੈਕਟ ਆਦਿ ਪ੍ਰਕਾਸ਼ਨਾਵਾਂ ਦੀਆਂ ਸਮਾਲੋਚਨਾਵਾਂ ਆਦਿ।

### 6) ਅਨੁਵਾਦ :

ਅਨੁਵਾਦ ਦਾ ਕੰਮ ਇੰਨਾ ਸੌਖਾ ਨਹੀਂ ਜਿੰਨਾ ਕਈ ਲੋਕੀ ਸਮਝ ਲੈਂਦੇ ਹਨ ।[2] "ਇਸ ਪਖੋਂ ਅਨੁਵਾਦ ਇਕ ਸੌਖੀ ਤੇ ਸਹਿਲ ਚੀਜ਼ ਹੈ ਕਿ ਕਿਸੇ ਬਣੀ ਬਣਾਈ ਚੀਜ਼ ਨੂੰ ਆਪਣੀ ਭਾਸ਼ਾ ਵਿਚ ਲੈ ਆਉਣਾ ਪਰ ਸਾਹਿਤਕ ਕਾਰੀਗਰੀ ਦੀ ਇਸ ਲਈ ਭੀ ਭਾਰੀ ਜ਼ਰੂਰਤ ਹੈ।"[3] ਇਕ ਬਹੁਪਖੀ ਸਾਹਿਤਕਾਰ ਹੋਣ ਦੇ ਨਾਤੇ, 'ਦੁਖੀ' ਜੀ

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਫਰਵਰੀ 1936, ਪੰਨਾ 396।
2. ਸੋਹਣ ਸਿੰਘ, 'ਪੰਜਾਬੀ ਉਲਥਾਕਾਰੀ' ਮਾਸਕ ਪੰਜਾਬੀ ਦੁਨੀਆਂ, ਪਟਿਆਲਾ, ਸਤੰਬਰ 1959, ਪੰਨਾ 29।
3. ਪਿਆਰਾ ਸਿੰਘ 'ਪਦਮ', 'ਪੰਜਾਬੀ ਵਿਚ ਅਨੁਵਾਦਿਤ ਸਾਹਿਤ', ਮਾਸਕ ਆਲੋਚਨਾ, ਲੁਧਿਆਣਾ, ਫ਼ਰਵਰੀ 1962, ਪੰਨਾ 33।

Sri Satguru Jagjit Singh Ji Elibrary NamdhariElibrary@gmail com

ਨੇ ਅਨੁਵਾਦ ਤੇ ਵੀ ਹਥ ਅਜ਼ਮਾਇਆ ਪਰ ਆਪ ਦੇ ਨਾਂ ਤੇ ਛਪਿਆ ਅਨੁਵਾਦ ਗਲਪ ਤੋਂ ਬਿਨਾਂ ਹੋਰ ਕਿਸੇ ਸਾਹਿਤ ਰੂਪ ਵਿਚ ਬਹੁਤ ਘਟ ਮਾਤਰਾ ਵਿਚ ਮਿਲਦਾ ਹੈ।

ਰਾਜਾ ਸਰ ਦਲਜੀਤ ਸਿੰਘ (ਕਪੂਰਥਲਾ) ਦੀ ਪਰੇਰਨਾ ਨਾਲ ਕੀਤਾ ਹੋਇਆ ਗੀਤਾ ਦਾ ਪੰਜਾਬੀ ਅਨੁਵਾਦ ਇਸ ਖੇਤਰ ਵਿਚ ਆਪ ਦੀ ਸਭ ਤੋਂ ਵਡੀ ਦੇਣ ਹੈ। ਇਹ ਉਲਥਾ ਸ਼ੁਰੂ ਤੋਂ ਅਖ਼ੀਰ ਤਕ 'ਦੁਖੀ' ਜੀ ਨੇ ਹੀ ਕੀਤਾ ਸੀ[1] ਜਿਸ ਦਾ ਖਰੜਾ ਆਪ ਨਾਲ ਸਬੰਧਤ ਕਾਗਜ਼ਾਂ ਵਿਚ ਅਜੇ ਤਕ ਦੇਖਿਆ ਜਾ ਸਕਦਾ ਹੈ ਪਰ ਇਹ ਛਪਿਆ ਰਾਜਾ ਸਾਹਿਬ ਦੇ ਨਾਂ ਤੇ ਹੀ ਸੀ।

"ਸਹੀ ਉਲਥਾ ਉਸੇ ਨੂੰ ਆਖਿਆ ਜਾ ਸਕਦਾ ਹੈ ਜੋ ਮੌਲਿਕ ਲਿਖਾਰੀ ਦੇ ਅਸਲ ਭਾਵਾਂ ਨੂੰ ਹੂ-ਬ-ਹੂ ਚਿਤਰੇ, ਉਨ ਵਿਚ ਕੋਈ ਮਿਲਾਵਟ ਨਾ ਕਰੇ, ਉਸ ਵਿਚੋਂ ਕੁਝ ਛਡੇ ਵੀ ਨਾ ਤੇ ਪੜ੍ਹਨ ਵਾਲੇ ਨੂੰ ਇਹ ਮਹਿਸੂਸ ਵੀ ਨਾ ਹੋਵੇ ਕਿ ਇਹ ਉਲਥਾ ਹੈ।"[2]

ਜਦੋਂ ਅਸੀਂ 'ਦੁਖੀ' ਜੀ ਵਲੋਂ ਕੀਤੇ ਪੰਜਾਬੀ ਵਾਰਤਕ ਅਨੁਵਾਦਾਂ ਵਲ ਨਿਗ੍ਹਾ ਮਾਰਦੇ ਹਾਂ ਤਦ ਉਹ ਸਾਨੂੰ ਉਲਥਾਕਾਰੀ ਦੀ ਇਸ ਕਸਵਟੀ ਤੇ ਪੂਰੇ ਉਤਰਦੇ ਦਿਸਦੇ ਹਨ। ਉਦਾਹਰਣ ਲਈ ਗੀਤਾ ਦੇ ਤੀਜੇ ਅਧਿਆਇ ਦੇ ਮੁਢਲੇ ਦੋ ਸਲੋਕਾਂ ਦਾ ਅਨੁਵਾਦ ਹਾਜ਼ਰ ਹੈ :

"ਅਰਜਨੁਵਾਚ - ਹੇ ਜਨਾਰਦਨ, ਜੇ ਆਪ ਕਰਮ ਨਾਲੋਂ ਗਿਆਨ ਨੂੰ ਅਛਾ ਸਮਝਦੇ ਹੋ ਤਾਂ, ਹੇ ਕੇਸ਼ਵ, ਮੈਨੂੰ ਇਸ ਭਿਅੰਕਰ ਕਰਮ ਵਿਚ ਕਿਉਂ ਲਾਉਂਦੇ ਹੋ ? ਇਹ ਦੁਅਰਥੀ ਗਲ ਕਹਿ ਕੇ ਤੁਸੀਂ ਮੇਰੀ ਅਕਲ ਨੂੰ ਭਰਮ ਵਿਚ ਪਾ ਦਿਤਾ ਹੈ। ਨਿਸ਼ਚੇ ਕਰ ਕੇ ਇਕ ਰਾਹ ਦਸੋ ਜਿਸ ਉਤੇ ਚਲਣ ਨਾਲ ਮੇਰੀ ਕਲਿਆਣ ਹੋਵੇ।"[3]

ਕਿਸੇ ਹੋਰ ਭਾਸ਼ਾ ਵਿਚ ਲਿਖੀ ਗਈ ਕਿਸੇ ਵੀ ਚੰਗੀ ਕਿਰਤ ਨੂੰ ਪੰਜਾਬੀ ਪਾਠਕਾਂ ਨਾਲ ਸਾਂਝਿਆਂ ਕਰਨ ਦੀ ਰੀਝ 'ਦੁਖੀ' ਜੀ ਵਿਚ ਕਾਫੀ ਪੁਰਾਣੀ ਸੀ। ਅਨੁਵਾਦ ਦੇ ਖੇਤਰ ਵਿਚ ਜੇ ਆਪ ਬਹੁਤ ਕੁਝ ਨਹੀਂ ਦੇ ਸਕੇ ਤਾਂ ਇਸ ਪਿਛੇ ਆਪ ਵਿਚ ਲਗਨ ਦੀ ਘਾਟ ਨਹੀਂ ਸਗੋਂ ਸਰਕਾਰ ਨਾਲ ਖੇਡੀਆਂ ਗਈਆਂ ਲੁਕਣ ਮੀਚੀਆਂ ਹੀ ਸਨ ਜਿਨ੍ਹਾਂ ਕਰ ਕੇ ਆਪ ਨੂੰ ਕਦੇ ਇਕ ਥਾਂ ਟਿਕ ਕੇ ਬੈਠਣ ਦਾ ਮੌਕਾ ਘਟ ਹੀ ਮਿਲਦਾ ਸੀ। ਫਿਰ ਵੀ, ਸਵਾਮੀ ਸ੍ਰੀ ਸ਼ੰਕਰਾਚਾਰੀਆ ਰਚਿਤ ਪ੍ਰਸ਼ਨੋਤਰੀ ਦਾ ਆਪ ਵਲੋਂ ਪੰਜਾਬੀ ਵਾਰਤਕ[4] ਵਿਚ ਕੀਤਾ ਅਨੁਵਾਦ ਮਿਲਦਾ ਹੈ ਜੋ ਪੰਜਾਬੀ ਦੇ ਇਕ ਪੱਤਰ ਵਿਚ ਤਾਂ ਕਾਫੀ ਚਿਰ ਪਹਿਲਾਂ ਛਪਿਆ ਸੀ ਪਰ ਵਖਰੇ ਰੂਪ ਵਿਚ ਨਹੀਂ। ਇਸ ਦੀ ਰੂਪ ਰੇਖਾ ਮੂਲ ਸੰਸਕ੍ਰਿਤ ਵਾਲੀ ਹੀ ਹੈ ਅਰਥਾਤ ਸਾਧਾਰਨ ਭਾਸ਼ਾ ਵਿਚ ਪ੍ਰਸ਼ਨ ਅਤੇ ਉਸ ਦਾ ਉਤਰ :

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965।
2. ਸੋਹਣ ਸਿੰਘ, 'ਪੰਜਾਬੀ ਉਲਥਾਕਾਰੀ', ਮਾਸਕ ਪੰਜਾਬੀ ਦੁਨੀਆਂ, ਪਟਿਆਲਾ, ਸਤੰਬਰ 1959, ਪੰਨਾ 29.
3. ਗੀਤਾ ਅਨੁਵਾਦ ਦੇ ਖਰੜੇ ਵਿਚੋਂ।
4. ਪੰਜਾਬੀ ਕਵਿਤਾ ਵਿਚ ਇਸ ਦਾ ਅਨੁਵਾਦ ਇਸ ਪੁਸਤਕ ਦੇ ਲੇਖਕ ਨੇ 1967 ਵਿਚ ਛਪਵਾਇਆ ਸੀ।

Sri Satguru Jagjit Singh Ji Elibrary NamdhariElibrary@gmail com

ਪ੍ਰਸ਼ਨ : ਸੰਸਾਰ ਵਿਚ ਬਧਾ ਹੋਇਆ ਕੌਣ ਹੈ ?
ਉੱਤਰ : ਵਿਸ਼ੇ ਭੋਗ ਵਿਚ ਪ੍ਰੇਮ ਰਖਣ ਵਾਲਾ ਅਰਥਾਤ ਵਿਸ਼ਈ ।
ਪ੍ਰਸ਼ਨ : ਨਰਕ ਦਾ ਪ੍ਰਧਾਨ ਮਾਰਗ ਕੀ ਹੈ ?
ਉੱਤਰ : ਇਸਤਰੀ ।
ਪ੍ਰਸ਼ਨ : ਮੌਤ ਕੀ ਹੈ ?
ਉੱਤਰ : ਆਪਣੀ ਅਪਕੀਰਤੀ (ਨਿੰਦਾ)
ਪ੍ਰਸ਼ਨ : ਸੰਸਾਰ ਵਿਚ ਗੁਰੂ ਕੌਣ ਹੈ ?
ਉੱਤਰ : ਜਿਹੜਾ ਭਲਾਈ ਦਾ ਉਪਦੇਸ਼ ਕਰੇ[1] ।

7) ਆਮ ਵਾਕਫੀ :

ਦੇਸ ਦੇ ਕਈ ਪ੍ਰਾਂਤਾਂ ਦਾ ਪਾਣੀ ਪੀਣ ਦੇ ਨਾਲ ਨਾਲ 'ਦੁਖੀ' ਜੀ ਨੇ, ਜਿਵੇਂ ਅਸੀਂ ਪਿਛਲੇ ਪੰਨਿਆਂ ਤੇ ਦੇਖ ਚੁਕੇ ਹਾਂ, ਵਿਸ਼ਵ ਦੇ ਕਈ ਦੇਸ ਵੀ ਚੰਗੀ ਤਰ੍ਹਾਂ ਗਾਹੇ ਹੋਏ ਸਨ । ਆਪ ਜਿਥੇ ਕਿਤੇ ਵੀ ਜਾਂਦੇ ਉਥੋਂ ਦੇ ਲੋਕਾਂ ਦੇ ਰਹਿਣ ਸਹਿਣ, ਰਸਮਾਂ ਰੀਤਾਂ ਤੇ ਉਸ ਧਰਤੀ ਦੇ ਪੌਣ ਪਾਣੀ ਸਬੰਧੀ ਵੀ ਜਾਣਕਾਰੀ ਪ੍ਰਾਪਤ ਕਰਨ ਵਿਚ ਦਿਲਚਸਪੀ ਲੈਂਦੇ । ਇਸ ਕਰ ਕੇ ਆਪ ਕੇਵਲ ਪੰਜਵੀਂ ਜਮਾਤ ਪਾਸ ਪੇਂਡੂ ਵਿਅਕਤੀ ਨਾ ਰਹਿ ਕੇ ਕੌਮਾਂਤਰੀ ਗਿਆਨ ਦਾ ਭੰਡਾਰ ਵੀ ਬਣ ਚੁਕੇ ਸਨ । ਆਪ ਦੇ ਲਿਖੇ ਹੋਏ ਕੁਛ ਲੇਖ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਨੂੰ ਆਮ ਵਾਕਫੀ ਦੇ ਘੇਰੇ ਵਿਚ ਰਖਿਆ ਜਾ ਸਕਦਾ ਹੈ ।

ਆਮ ਵਾਕਫੀ ਦੇ ਵਿਸ਼ੇ ਨਾਲ ਸਬੰਧਤ ਆਪਦੇ ਛਪੇ ਤੇ ਅਣਛਪੇ ਲੇਖ ਕੇਵਲ ਜਾਣਕਾਰੀ ਭਰਪੂਰ ਹੀ ਨਹੀਂ ਸਗੋਂ ਸਿਖਿਆਦਾਇਕ ਵੀ ਹਨ । ਕੁਛ ਲੇਖ ਛੋਟੇ ਵੀ ਹਨ ਪਰ ਕਈਆਂ ਦੀ ਲੰਬਾਈ ਹੈਰਾਨੀਜਨਕ ਵੀ ਹੈ। 'ਭਾਰਤ ਤੋਂ ਬਾਹਰਲੇ ਭਾਰਤੀ' ਸਿਰਲੇਖ ਹੇਠ ਲਿਖੇ ਲੇਖ ਨੂੰ ਲੰਬੇ ਲੇਖਾਂ ਦੀ ਸ਼੍ਰੇਣੀ ਵਿਚ ਰਖਿਆ ਜਾ ਸਕਦਾ ਹੈ ਜਿਸ ਵਿਚ ਹਿੰਦੁਸਤਾਨੀ ਲੋਕਾਂ ਦੇ ਦੇਸੋਂ ਬਾਹਰ ਜਾਣ ਦੇ ਕਾਰਨ, ਸਾਰੇ ਮੋਟੇ ਮੋਟੇ ਦੇਸਾਂ ਵਿਚ ਇਨ੍ਹਾਂ ਦੀ ਅਨੁਮਾਨਤ ਗਿਣਤੀ, ਸਬੰਧਤ ਦੇਸ ਦੇ ਹਾਲਾਤ, ਉਥੋਂ ਦੀਆਂ ਭੂਗੋਲਕ, ਰਾਜਨੀਤਕ ਤੇ ਸਮਾਜਕ ਪ੍ਰਸਥਿਤੀਆਂ ਆਦਿ ਸਬੰਧੀ ਜਾਣਕਾਰੀ ਇਸ ਵਿਚ ਸੰਮਿਲਤ ਹੈ :

> "ਪੰਜ ਕਰੋੜ ਤੋਂ ਭੀ ਉਪਰ ਭਾਰਤੀ, ਭਾਰਤ ਤੋਂ ਬਾਹਰ ਦੁਨੀਆਂ ਵਿਚ ਖਿਲਰੇ ਹੋਏ ਹਨ । ਪਿਛਲੇ ਸੌ ਕੁ ਸਾਲ ਤੋਂ ਇਹ ਦੁਖੀ ਭਾਰਤੀ, ਬਾਹਰਲੇ ਦੇਸਾਂ ਵਿਚ ਖੁਸ਼ੀ ਨਾਲ ਤੇ ਠੇਕੇ ਵਿਚ ਗੁਲਾਮ ਪਸ਼ੂਆਂ ਵਾਂਗ ਭੀ ਲੈ ਜਾਂਦੇ ਗਏ ਸਨ ਅਤੇ ਫੇਰ ਓਥੇ ਹੀ ਜੀਵਨ ਲੰਘਾਉਣ ਲਈ ਟਿਕ ਗਏ ਤੇ ਆਪਣਾ ਜੀਵਨ ਨਿਰਬਾਹ ਕਰਨ ਲਗ ਪਏ ।"
>
> "ਇਹ ਗਰੀਬ ਭਾਰਤੀ ਕਿਸੇ ਖੁਸ਼ੀ ਨਾਲ, ਸੈਰ ਕਰਨ ਲਈ ਕੋਈ ਵਪਾਰਕ ਨੁਕਤੇ ਨਾਲ ਰੁਪਿਆ ਲਾ ਕੇ ਲਾਭ ਉਠਾਉਣ ਲਈ ਨਹੀਂ ਸਨ ਗਏ ; ਸਗੋਂ ਗਰੀਬੀ ਦੇ ਦਰੜੇ ਹੋਏ, ਕੰਗਾਲ, ਭੁਖ ਦੇ ਮਾਰੇ ਹੋਏ, ਤੇ ਜਾਂ ਸਗੋਂ ਇਨ੍ਹਾਂ ਨੂੰ ਉਸ ਸਮੇਂ ਦੀ ਬੇਹਯਾ ਸਰਕਾਰ ਨੇ ਪਸ਼ੂਆਂ ਵਾਂਗ ਠੇਕੇ ਵਿਚ ਸਸਤੇ ਮਜ਼ਦੂਰ

1. ਰੋਜ਼ਾਨਾ ਦੇਸ਼ ਦਰਪਣ, ਕਲਕੱਤਾ, 10, 17 ਸਤੰਬਰ 1933.

Sri Satguru Jagjit Singh Ji Elibrary NamdhariElibrary@gmail.com

ਸਮਝ ਕੇ, ਖੁਆਰ ਕਰਨ ਦੇ ਖਿਆਲ ਨਾਲ, ਐਵੇਂ ਨਾ-ਆਦਮੀ ਸਮਝ ਕੇ ਦੇਸੋਂ ਕਢਿਆ ਸੀ, ਦੂਜੇ ਦੇਸਾਂ ਨੂੰ ਇਕ ਤਰ੍ਹਾਂ ਵੇਚ ਦਿਤਾ ਸੀ।"[1]

ਦਖਣੀ ਤੇ ਪੂਰਬੀ ਅਫਰੀਕਾ, ਲੰਕਾ, ਫਿਜ਼ੀ, ਵੈਸਟ ਇੰਡੀਜ਼ ਆਦਿ ਦੇਸਾਂ ਵਿਚ ਵਸੇ ਹੋਏ ਭਾਰਤੀਆਂ ਦਾ ਜ਼ਿਕਰ ਕਰਨ ਪਿਛੋਂ ਉਹ ਕੈਨੇਡਾ ਅਮਰੀਕਾ ਦੀ ਗਲ ਜ਼ਰਾ ਵਧੇਰੇ ਵਿਸਥਾਰ ਨਾਲ ਕਰਦੇ ਹਨ :

"ਇਹੀ ਹਾਲ ਫਰੰਗੀ ਭੂਤ ਦਾ ਹੈ। ਇਹ ਜਿਥੇ ਭੀ ਜਾ ਵੜਿਆ ਉਥੇ ਦਾ ਇਸ ਨੇ ਸਤਿਆਨਾਸ ਕਰ ਦਿਤਾ ਅਤੇ ਅੰਤ ਵਿਚ ਜਾਂਦਿਆਂ ਜਾਂਦਿਆ ਭੀ ਇਸ ਨੇ ਉਸ ਦੇਸ਼ ਦੇ ਟੁਕੜੇ ਜ਼ਰੂਰ ਕਰ ਦਿਤੇ। ਉਦਾਹਰਣ ਵਜੋਂ ਈਰਾਨ, ਮਿਸਰ, ਆਇਰਲੈਂਡ ਤੇ ਭਾਰਤ ਅਖਾਂ ਸੌਂਹੇਂ ਹਨ। ਇਸੇ ਤਰ੍ਹਾਂ ਕੈਨੇਡਾ ਅਮਰੀਕਾ ਦਾ ਅਸਲ ਵਿਚ ਇਕੋ ਹੀ ਦੇਸ਼ ਹੈ। ਇਕੋ ਹੀ ਮਹਾਂ ਟਾਪੂ ਹੈ। ਇਥੇ ਭੀ ਕਿਸੇ ਸਮੇਂ ਫਰੰਗੀ ਭੂਤ ਦਾ ਹੀ ਰਾਜ ਸੀ ਪਰ ਅੰਤ ਨੂੰ ਜਦ ਉਸ ਨੂੰ ਛਡਣਾ ਪਿਆ ਤਦ ਇਥੇ ਭੀ ਇਸ ਦੇਸ ਦੇ ਦੋ ਟੁਕੜੇ ਹੀ ਕਰ ਕੇ ਗਿਆ ਅਤੇ ਅਜ ਇਕ ਅਧ ਨੂੰ ਕੈਨੇਡਾ ਅਤੇ ਦੂਜੇ ਅਧ ਨੂੰ ਅਮਰੀਕਾ ਆਖਦੇ ਹਨ।"[1]

"ਕੈਨੇਡਾ ਵਿਚ ਜੰਗਲ ਹੋਣ ਕਰ ਕੇ ਲਕੜੀ ਚੀਰਨ ਦੇ ਕਾਰਖਾਨੇ ਬਹੁਤ ਹਨ । ਇਹ ਲਕੜੀ ਸਾਰੀ ਦੁਨੀਆਂ ਵਿਚ ਜਹਾਜ਼ਾਂ ਰਾਹੀਂ ਜਾਂਦੀ ਹੈ। ਸਾਡੇ ਬਹੁਤ ਸਾਰੇ ਭਾਈ ਇਨ੍ਹਾਂ ਹੀ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਕਈਆਂ ਦੇ ਆਪਣੇ ਕਾਰਖਾਨੇ ਤੇ ਜੰਗਲ ਭੀ ਹੈ।.. ਨਰਸਾਂ, ਵਕੀਲ, ਡਾਕਟਰ, ਉਸਤਾਦ, ਪ੍ਰੋਫੈਸਰ, ਲੈਕਚਰਾਰ, ਪਾਇਲਟ . ਰਹਿਣ ਸਹਿਣ ਬਹੁਤ ਸੁਹਣਾ ਹੈ। ਕਈ ਗੋਰੇ ਕੋਲ ਕੰਮ ਕਰਦੇ ਹਨ। ਭਵਿਖਤ ਬਹੁਤ ਸੁਹਣਾ, ਸ਼ਾਨਦਾਰ ਦਿਸ ਰਿਹਾ।"[2]

ਇਸ ਤੋਂ ਬਿਨਾਂ ਆਪ ਦੇ ਲਿਖੇ ਹੋਏ ਫਾਰਮੂਸਾ, ਲੇਵੈਂਟ ਟਾਪੂ ਸਬੰਧੀ ਅਤੇ ਛੋਟੇ ਅੰਡੇਮਾਨ ਦੇ ਓਂਗੇ ਕਬੀਲੇ ਬਾਰੇ ਲੇਖ ਵੀ ਦਿਲਚਸਪੀ ਤੋਂ ਖਾਲੀ ਨਹੀਂ ਹਨ। ਇਹ ਹੈ 'ਓਂਗੇ' ਕਬੀਲੇ ਸਬੰਧੀ ਲੇਖ ਵਿਚੋਂ ਲਈ ਗਈ ਇਕ ਵੰਨਗੀ :

"ਆਮ ਕਰ ਕੇ ਓਂਗੇ ਜਵਾਨੀ ਵਿਚ ਹੀ ਮਰ ਜਾਂਦੇ ਹਨ, ਖਾਸ ਕਰ ਕੇ ਆਦਮੀ। ਸਰਵੇਖਣ ਤੋਂ ਪਤਾ ਲਗਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ 20 ਸਾਲ ਤਕ ਪੁਜਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਬਾਕੀਆਂ ਵਿਚੋਂ ਵੀ ਬਹੁਤੇ 20 ਤੋਂ 40 ਸਾਲ ਦੀ ਉਮਰ ਵਿਚਕਾਰ ਮਰ ਜਾਂਦੇ ਹਨ। ਸਰਵੇਖਣ ਤੋਂ ਪਤਾ ਲਗਦਾ ਹੈ ਕਿ ਇਸ ਕਬੀਲੇ ਵਿਚ ਜੀਵਨ ਦੀ ਇੰਨੀ ਸੱਤਾ ਹੈ ਕਿ ਇਨ੍ਹਾਂ ਨੂੰ ਅਸਲੋਂ ਹੀ ਖਤਮ ਹੋਣ ਤੋਂ ਬਚਾਇਆ ਜਾ ਸਕਦਾ ਹੈ ਅਤੇ ਇਸ ਵਕਤ

1. ਮੁਨਸ਼ਾ ਸਿੰਘ 'ਦੁਖੀ', ਭਾਰਤ ਤੋਂ ਬਾਹਰਲੇ ਭਾਰਤੀ, ਸਪਤਾਹਿਕ ਕੌਮੀ ਸੰਦੇਸ਼, ਫਗਵਾੜਾ, 19 ਜੁਲਾਈ 1956.
2. ਉਹੀ, 26 ਜੁਲਾਈ 1956.

Sri Satguru Jagjit Singh Ji Elibrary NamdhariElibrary@gmail com

ਜੋ ਜਤਨ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਸਫਲਤਾ ਮਨੁਖੀ ਨਸਲ ਦੇ-ਇਸ ਅਤਿ ਪ੍ਰਾਚੀਨ ਕਬੀਲੇ ਨੂੰ ਜੀਵਤ ਰਖਣ ਦਾ ਕਾਰਨ ਬਣੇਗੀ।"[1]

ਅਫਰੀਕਾ ਮਹਾਂ ਦੀਪ ਦੇ ਦੇਸਾਂ ਕੀਨੀਆ ਤੇ ਯੂਗੰਡਾ ਬਾਰੇ ਵੀ ਕਈ ਤਰ੍ਹਾਂ ਦੇ ਦਿਲਚਸਪ ਬਿਰਤਾਂਤ ਲਿਖਣ ਪਿਛੋਂ ਸਥਾਨਕ ਲੋਕਾਂ ਦੇ ਰਹਿਣ ਸਹਿਣ ਤੇ ਖੁਰਾਕ ਬਾਰੇ ਕੀਤਾ ਬਿਆਨ, ਪੰਜਾਬੀ ਪਾਠਕਾਂ ਲਈ ਰੋਚਕ ਹੋਵੇਗਾ :

> "ਜਿਥੇ ਜੀਉ ਆਖੇ ਕੁੱਲੀ ਪਾ ਲੈਂਦੇ ਹਨ। ਵਡੇ ਸਾਰੇ ਲਕੜ ਨੂੰ ਸਾਧਾਂ ਵਾਂਗ ਅਗ ਲਾ ਕੇ ਉਦਾਲੇ ਉਦਾਲੇ ਪਏ ਜ਼ਨਾਨੀਆਂ ਮਰਦ ਸੇਕਦੇ ਰਹਿੰਦੇ ਹਨ। ਜੰਗਲਾਂ ਵਿਚ ਇਹ ਲੋਕ ਅਜੇ ਭੀ ਅਲਫ ਨੰਗੇ ਹੀ ਰਹਿੰਦੇ ਹਨ। ਵਿਸ਼ੇ ਦਾ ਬਹੁਤ ਹੀ ਘਟ ਖਿਆਲ ਹੈ।...ਮਰੇ ਹੋਏ ਬੰਦੇ ਨੂੰ ਭੀ ਅਗੇ ਤਾਂ ਖਾ ਲੈਂਦੇ ਸਨ ਪਰ ਹੁਣ ਪਿਆ ਹੀ ਛਡ ਕੇ ਪਰ੍ਹੇ ਹੋ ਜਾਂਦੇ ਹਨ। ਕੋਈ ਰੋਣ ਪਿਟਣ ਜਾਂ ਹੋਜ ਨਹੀਂ ਕਰਦੇ। ਅਜੇ ਭੀ ਇਕ ਮਸਾਈ ਕਬੀਲਾ ਹੈ ਜੋ ਕੇਵਲ ਲਹੂ ਤੇ ਦੁਧ ਹੀ ਪੀਂਦੇ ਹਨ। ਪਸ਼ੂ ਨੂੰ ਮਾਰਦੇ ਨਹੀਂ ਸਗੋਂ ਤੁਰੇ ਫਿਰਦੇ ਦੇ ਹੀ ਪਸ਼ੂ ਦੀ ਖਾਸ ਨਾੜ ਵਿਚ ਸੂਆ ਮਾਰਦੇ ਹਨ, ਲਹੂ ਨਿਕਲਦਾ ਹੈ। ਮੂੰਹ ਲਾ ਕੇ ਪੀ ਲੈਂਦੇ ਹਨ। ਰੱਜ ਕੇ ਉਪਰ ਆਪੇ ਬਣਾਈ ਦਵਾਈ ਲਾ ਦਿੰਦੇ ਹਨ। ਲਹੂ ਬੰਦ ਹੋ ਜਾਂਦਾ ਹੈ ਤੇ ਜਾਂ ਲਹੂ ਵਿਚ ਦੁਧ ਪਾ ਕੇ ਪੀਂਦੇ ਹਨ।"[2]

ਸਾਡੇ ਵਿਚ ਅਜੇ ਵੀ ਉਨ੍ਹਾਂ ਲੋਕਾਂ ਦੀ ਘਾਟ ਨਹੀਂ ਜੋ ਅਮਰੀਕੀ ਲੋਕਾਂ ਨੂੰ ਬਐਬ ਤੇ ਦੁਧ ਧੋਤੇ ਚਿਟੇ ਮੰਨਦੇ ਹਨ। ਅਜਿਹੇ ਪੰਜਾਬੀਆਂ ਦੀਆਂ ਅਖਾਂ ਖੋਲ੍ਹਣ ਦੇ ਮਨੋਰਥ ਨਾਲ ਹੀ ਆਪ ਨੇ ਅਮਰੀਕਾ ਕੈਨੇਡਾ ਸਿਰਲੇਖ ਹੇਠ ਇਕ ਲੇਖ ਲੜੀ ਲਿਖਣੀ ਵੀ ਸ਼ੁਰੂ ਕੀਤੀ ਸੀ। ਇਥੋਂ ਦੀ ਭੂਗੋਲਕ ਜਾਣਕਾਰੀ ਦੇਣ ਪਿਛੋਂ ਆਪ ਨੇ ਇਥੋਂ ਦੇ ਮੂਲ ਵਸਨੀਕਾਂ ਸਬੰਧੀ ਨਵੀਆਂ ਗਲਾਂ ਹੀ ਲਿਖੀਆਂ ਹਨ :

> "ਇਥੇ ਦੇ ਅਸਲੀ ਵਸਨੀਕਾਂ ਨੂੰ ਰੈਡ ਇੰਡੀਅਨ ਆਖਦੇ ਹਨ। ਜਦ ਤੋਂ ਗੋਰੇ 'ਮਹਾਂ ਪੁਰਖਾਂ' ਦੇ ਇਥੇ ਪੈਰ ਪਏ ਹਨ, ਇਨ੍ਹਾਂ ਅਸਲੀ ਵਸਨੀਕਾਂ ਨਾਲ ਦੁਪਿਆਰ ਵਧਦਾ ਹੀ ਗਿਆ ਹੈ। ਇਨ੍ਹਾਂ ਦੀ ਕਦਰ ਕੁਤਿਆਂ ਜਿੰਨੀ ਨਹੀਂ। ਅਜ ਇਹ ਗਰੀਬ ਇਸ ਗੋਰੇਸ਼ਾਹੀ ਹਥੋਂ ਤੰਗ ਆਏ ਹੋਏ ਮੌਤ ਦੀਆਂ ਘੜੀਆਂ ਗਿਣ ਰਹੇ ਹਨ।"[3]

ਆਮ ਵਾਕਫੀ ਦੇ ਵਿਸ਼ੇ ਨਾਲ ਸਬੰਧਤ ਆਪ ਦੀ ਲਿਖੀ ਹੋਰ ਵੀ ਸਮਗਰੀ ਪਈ ਹੈ। ਇਸਤਰੀ ਜਾਤੀ ਨਾਲ ਸਬੰਧਤ ਲੇਖ 'ਰਾਣੀਆਂ' ਅਤੇ 'ਕੁੜੀਆਂ' ਦੀਆਂ ਲੜੀਆਂ ਅਤੇ ਯੋਗ ਸਬੰਧੀ ਛਪਿਆ ਲੇਖ ਵੀ ਇਸੇ ਵਿਚ ਸ਼ਾਮਲ ਹਨ।

8) ਗਲਪ ਰਚਨਾ :

'ਦੁਖੀ' ਜੀ ਦੀ ਵਾਰਤਕ ਰਚਨਾ ਦਾ ਦੂਜਾ ਹਿਸਾ ਗਲਪ ਰਚਨਾ ਦੇ ਘੇਰੇ ਵਿਚ ਆਉਂਦਾ ਹੈ। ਇਸ ਦੇ ਅਗੋਂ ਦੋ ਭਾਗ ਹੁੰਦੇ ਹਨ – ਕਹਾਣੀ ਤੇ ਉਪਨਿਆਸ।

1. ਮੁਨਸ਼ਾ ਸਿੰਘ 'ਦੁਖੀ' ਓਂਗੇ ਕਬੀਲਾ, ਸਪਤਾਹਿਕ ਕੌਮੀ ਸੰਦੇਸ਼, ਫਗਵਾੜਾ, 4 ਅਗਸਤ 1962.
2. ਮੁਨਸ਼ਾ ਸਿੰਘ 'ਦੁਖੀ', ਅਫਰੀਕਾ, ਮਾਸਕ ਜੀਵਨ ਬੰਸਰੀ, ਪੰਨਾ 127 (ਮਿਤੀ ਦਰਜ ਨਹੀਂ)।
3. ਮੁਨਸ਼ਾ ਸਿੰਘ 'ਦੁਖੀ' ਅਮਰੀਕਾ ਕੈਨੇਡਾ, ਸਪਤਾਹਿਕ ਕੌਮੀ ਸੰਦੇਸ਼, ਫਗਵਾੜਾ, 25 ਜੂਨ 1960.

Sri Satguru Jagjit Singh Ji Elibrary NamdhariElibrary@gmail.com

ਕਹਾਣੀ ਨੂੰ ਅਗੋਂ ਹੋਰ ਦੋ ਭਾਗਾਂ ਵਿਚ ਕਰ ਕੇ ਵੀ ਵਿਚਾਰਿਆ ਜਾ ਸਕਦਾ ਹੈ ਅਰਥਾਤ ਮੌਲਿਕ ਤੇ ਅਨੁਵਾਦਤ ।

'ਦੁਖੀ' ਜੀ ਦੀ ਕਹਾਣੀ ਰਚਨਾ ਦਾ ਮੁਢ, ਮਾਸਕ 'ਕਵੀ' ਕਲਕੱਤਾ ਦੇ ਅੰਤਮ ਸਵਾਸ ਲੈਣ ਪਿਛੋਂ ਹੀ ਬੱਝਾ ਮਾਲੂਮ ਹੁੰਦਾ ਹੈ। ਉਸ ਤੋਂ ਪਿਛੋਂ ਜਿਨ੍ਹਾਂ ਜਿਨ੍ਹਾਂ ਪੱਤਰਾਂ ਨਾਲ ਆਪ ਦਾ ਸਬੰਧ ਜੁੜਿਆ ਰਿਹਾ ਉਨ੍ਹਾਂ ਵਿਚ ਆਪਦੀਆਂ ਕਾਫੀ ਕਹਾਣੀਆਂ ਛਪੀਆਂ ਮਿਲਦੀਆਂ ਹਨ । ਬੰਬਈ ਤੋਂ ਛਪਦੇ ਮਾਸਕ 'ਜੀਵਨ' ਦੇ ਤਾਂ ਲਗਪਗ ਹਰ ਅੰਕ ਵਿਚ ਆਪ ਦੀ ਇਕ ਕਵਿਤਾ ਅਤੇ ਇਕ ਕਹਾਣੀ ਦੇ ਦਰਸ਼ਨ ਹੁੰਦੇ ਹਨ । ਇਸ ਪਰਚੇ ਦੀ ਸੰਪਾਦਕੀ ਸਮੇਂ ਕਹਾਣੀ ਰਚਨਾ ਦੀ ਚਾਲ ਚੰਗੀ ਤੇਜ਼ ਰਹੀ ਪ੍ਰਤੀਤ ਹੁੰਦੀ ਹੈ । ਕੇਵਲ ਨੌਂ ਮਹੀਨੇ ਦੇ ਸਮੇਂ ਵਿਚ ਦੋ ਕਹਾਣੀ ਸੰਗ੍ਰਹਿ ਕੇਵਲ ਇਥੇ ਹੀ ਪ੍ਰਕਾਸ਼ਤ ਹੋਏ ਸਨ ।

### ਵਿਸ਼ਾ ਵਸਤੂ :

ਆਪ ਦੀਆਂ ਕਹਾਣੀਆਂ ਦੇ ਦੋ ਹੀ ਪ੍ਰਧਾਨ ਵਿਸ਼ੇ ਹਨ : ਦੇਸ਼ ਭਗਤੀ ਅਤੇ ਸਮਾਜ ਸੁਧਾਰ ਜਾਂ ਸਮਾਜ ਉਸਾਰੀ । ਆਪਦੀਆਂ ਬਹੁਤੀਆਂ ਕਹਾਣੀਆਂ ਦੇ ਪਲਾਟ ਆਪਣੇ ਪਰਵਾਰ, ਪਿੰਡ ਅਤੇ ਗੁਆਂਢੀ ਪਿੰਡਾਂ ਵਿਚ ਵਾਪਰੀਆਂ ਘਟਨਾਵਾਂ ਤੋਂ ਲਏ ਗਏ ਹਨ ਜਿਨ੍ਹਾਂ ਦੇ ਪਾਤਰ ਵੀ ਕਲਪਤ ਨਹੀਂ ਸਗੋਂ ਅਸਲੀ ਨਾਵਾਂ ਨਾਲ ਪੇਸ਼ ਕੀਤੇ ਗਏ ਹੋਣ ਕਰ ਕੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਯਥਾਰਥਕ ਕਹਾਣੀਆਂ ਕਿਹਾ ਜਾ ਸਕਦਾ ਹੈ ।

ਸਾਡੇ ਪਾਸ ਆਪ ਦੇ ਤਿੰਨ ਕਹਾਣੀ ਸੰਗ੍ਰਹਿ – ਨੌ ਰਸ, ਤ੍ਰੈਗੁਣ ਤੇ ਜੀਵਨ ਸੰਧਰਾਂ– ਪ੍ਰਕਾਸ਼ਨ ਰੂਪ ਵਿਚ ਮੌਜੂਦ ਹਨ । ਬਾਕੀ ਦੀਆਂ ਕਹਾਣੀਆਂ ਅਕਸਰ ਮਾਸਕ ਤੇ ਸਪਤਾਹਿਕ ਪੱਤਰਾਂ ਵਿਚ ਛਪ ਚੁਕੀਆਂ ਹਨ । 'ਤ੍ਰੈਗੁਣ' ਵਿਚਲੀਆਂ ਕਹਾਣੀਆਂ ਵਿਚੋਂ 'ਵਾਰ ਦਾ ਮੁਲ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਉਦਾਰਵਾਦ ਤੇ ਸਿਖੀ ਚਰਿਤਰ ਨੂੰ ਰੋਚਕ ਢੰਗ ਨਾਲ ਉਘੇੜਨ ਦਾ ਜਤਨ ਕੀਤਾ ਗਿਆ ਹੈ। 'ਹੈਦਰਖਾਨ' ਨਾਂ ਦੀ ਕਹਾਣੀ, ਕਰਤਾ ਦੇ ਆਪਣੇ ਪਿਤਾ ਦੀ ਹਡਬੀਤੀ ਹੈ ਜਿਸ ਵਿਚ ਹੈਦਰਖਾਨ ਤੇ ਸਰਦਾਰ ਨਿਹਾਲ ਸਿੰਘ ਦੀ ਬਹਾਦਰੀ ਅਤੇ ਸਿਖ ਸਭਿਆਚਾਰ ਨੂੰ ਪ੍ਰਦਰਸ਼ਤ ਕੀਤਾ ਗਿਆ ਹੈ । ਤੀਜੀ ਕਹਾਣੀ, ਅਮਰੀਕਾ ਦੇ ਸ਼ਹਿਰ ਸੀਐਟਲ ਵਿਚ, ਹਿੰਦੀ ਦੇਸ ਭਗਤਾਂ ਨਾਲ 1913 ਵਿਚ ਵਾਪਰੀ ਘਟਨਾ ਤੇ ਅਧਾਰਤ ਹੋਣ ਕਾਰਨ ਯਥਾਰਥਕ ਹੈ । ਇਸ ਦਾ ਨਾਂ 'ਸ਼ਹੀਦਾਂ ਦੇ ਦਰਸ਼ਨ' ਹੈ ਜੋ ਪੁਸਤਕ ਦਾ ਹਿਸਾ ਬਣਨ ਤੋਂ ਪਹਿਲਾਂ ਕਈ ਪੱਤਰਾਂ ਵਿਚ ਕਿਸ਼ਤਵਾਰ ਛਪ ਚੁਕੀ ਸੀ । ਇਸ ਵਿਚ, ਦੇਸ ਭਗਤ ਪਰਵਾਰ ਵਿਚੋਂ ਇਕੋ ਇਕ ਜਿਉਂਦੀ ਬਚੀ ਔਰਤ ਹਿੰਦੀਆਂ ਨੂੰ ਸ਼ਹੀਦਾਂ ਦੇ ਦਰਸ਼ਨ ਕਰਵਾ ਕੇ, ਹਿੰਦੁਸਤਾਨੀ ਲੋਕਾਂ ਨੂੰ 30 ਕਰੋੜ ਭੇਡਾਂ ਦਸਦੀ ਹੋਈ ਉਨ੍ਹਾਂ ਨੂੰ ਦੇਸ ਦੇ ਸੁਤੰਤਰਤਾ ਜੁਧ ਵਿਚ ਕੁਦਣ ਲਈ ਤਿਆਰ ਕਰਦੀ ਹੈ । ਕਰਤਾ ਆਪ ਵੀ ਉਸ ਦੇ ਸੁੱਤਿਆਂ ਵਿਚ ਸ਼ਾਮਲ ਸੀ ।

'ਨੌ ਰਸ' ਵਿਚਲੀਆਂ ਕਹਾਣੀਆਂ ਪਹਿਲਾਂ ਮਾਸਕ 'ਵਿਹਾਰ ਸੁਧਾਰ' ਤੇ ਮਾਸਕ 'ਜੀਵਨ' ਆਦਿ ਪੱਤਰਾਂ ਰਾਹੀਂ ਪੰਜਾਬੀ ਪਾਠਕ ਪੜ੍ਹ ਚੁਕੇ ਸਨ । ਇਨ੍ਹਾਂ ਦਾ ਵਿਸ਼ਾ ਬਹੁਤਾ ਸਮਾਜ ਸੁਧਾਰਕ ਹੈ ਜਿਵੇਂ ਸਾਡੇ ਪਰਵਾਰਕ ਜੀਵਨ ਵਿਚੋਂ ਲਈਆਂ ਗਈਆਂ 'ਫੈਸ਼ਨ ਦਾ ਤੋੜਾ', 'ਅਨੋਖਾ ਆਨੰਦ', 'ਦੁਖੀ ਵਿਧਵਾ', 'ਸੁਖੀ ਵਿਧਵਾ' ਤੇ 'ਸੱਸ ਦੀ ਸਿਆਣਪ' ਆਦਿ

Sri Satguru Jagjit Singh Ji Elibrary NamdhariElibrary@gmail.com

ਵਿਚ।[1] 'ਆਕੀ' ਅਤੇ 'ਜਾਦੂ ਦਾ ਸੁਰਮਾ'[2] ਭਾਵੇਂ ਸਿਖਿਆਦਾਇਕ ਵੀ ਹਨ ਪਰ ਇਨ੍ਹਾਂ ਵਿਚ ਹਾਸਰਸ ਵੀ ਕਾਫੀ ਮਾਤਰਾ ਵਿਚ ਮੌਜੂਦ ਹੈ। 'ਦੁਖੀ ਵਿਧਵਾ' ਤੇ 'ਸ਼ਰਾਬ' ਆਦਿ ਕਹਾਣੀਆਂ ਦਾ ਵਿਸ਼ਾ ਤਾਂ ਸਮਾਜ ਸੁਧਾਰਕ ਹੀ ਹੈ ਪਰ ਇਹ ਦੋਵੇਂ ਹੀ ਕਰਤਾ ਦੇ ਆਪਣੇ ਪਰਵਾਰ ਨਾਲ ਵੀ ਸੰਬੰਧਤ ਹਨ।

ਅਗਲਾ ਕਹਾਣੀ ਸੰਗ੍ਰਹਿ ਹੈ 'ਜੀਵਨ ਸੱਧਰਾਂ' ਜੋ 1960 ਵਿਚ ਛਪਿਆ ਸੀ।[3] ਇਸ ਵਿਚਲੀਆਂ ਨਿਕੀਆਂ ਵਡੀਆਂ 14 ਕਹਾਣੀਆਂ ਦੇ ਪਲਾਟ ਵੀ ਦੁਆਬੇ ਦੇ ਪਿੰਡਾਂ-ਜੰਡਿਆਲਾ, ਰੰਧਾਵਾ, ਜਾਂ ਇਨ੍ਹਾਂ ਦੇ ਆਂਢ ਗੁਆਂਢ ਅਤੇ 'ਦੁਖੀ' ਪਰਵਾਰ ਵਿਚ ਵਾਪਰੀਆਂ ਘਟਨਾਵਾਂ ਤੇ ਅਧਾਰਤ ਹਨ। ਕੁਝ ਕਹਾਣੀਆਂ ਬੰਗਾਲ, ਬੰਬਈ ਤੇ ਕੈਨੇਡਾ ਦੀ ਧਰਤੀ ਤੇ ਕਰਤਾ ਨਾਲ ਵਾਪਰੀਆਂ ਘਟਨਾਵਾ ਦੇ ਚਿਤਰ ਵੀ ਪੇਸ਼ ਕਰਦੀਆਂ ਹਨ।

> "ਇਹ ਕਹਾਣੀਆਂ ਕੇਵਲ ਕਹਾਣੀਆਂ ਲਈ ਹੀ ਨਹੀਂ ਲਿਖੀਆਂ ਗਈਆਂ ਸਗੋਂ ਹਰ ਕਹਾਣੀ ਕਿਸੇ ਆਸ਼ੇ ਨੂੰ, ਆਦਰਸ਼ ਨੂੰ ਮੁਖ ਰਖ ਕੇ ਲਿਖੀ ਗਈ ਹੈ। ਹਰ ਕਹਾਣੀ ਦਾ ਸਿਟਾ ਜ਼ਰੂਰ ਲਾਭਦਾਇਕ ਹੋਣ ਦੇ ਖਿਆਲ ਨਾਲ ਅੰਕਤ ਕੀਤੀ ਗਈ ਹੈ।" ਪੁਸਤਕ ਦੀ ਨਿਕੀ ਜਹੀ ਭੂਮਕਾ ਵਿਚ ਕਰਤਾ ਨੇ ਸਪਸ਼ਟ ਕਰਨ ਦਾ ਜਤਨ ਕੀਤਾ ਸੀ।[4]

ਇਹ ਕਹਾਣੀਆਂ ਭਾਵੇਂ ਕਾਫੀ ਪੁਰਾਣੀਆਂ ਹੋ ਚੁਕੀਆਂ ਹਨ ਫਿਰ ਵੀ ਇਨ੍ਹਾਂ ਵਿਚੋਂ ਕਈਆਂ ਦਾ ਸਾਡੇ ਅਜ ਦੇ ਵਾਤਾਵਰਣ ਦੇ ਅਨੁਕੂਲ ਹੋਣਾ, ਉਨ੍ਹਾਂ ਦੇ ਸਗੋਂ ਮੁਲ ਵਧਾਉਂਦਾ ਹੈ ਜਿਵੇਂ 'ਬਲਬੀਰ ਖਾਨ' ਸਾਡੀ ਸੰਪਰਦਾਇਕ ਏਕਤਾ ਦੀ ਭਾਵਨਾਂ ਨੂੰ ਦ੍ਰਿੜ੍ਹ ਕਰਦੀ ਹੈ। 'ਭੈਣ' ਤੇ 'ਕੁੜੀ ਕੋਂ ਹਾਰ', ਪ੍ਰਸਿੱਧ ਮਲਵਈ ਡਾਕੂ ਜਿਉਣੇ ਮੌੜ ਦੇ ਚਰਿਤਰ ਰਾਹੀਂ ਵਰਤਮਾਨ ਲੁਟੇਰਾ ਸਮਾਜ ਦਾ ਪਰਦਰਸ਼ਨ ਕਰਨ ਵਿਚ ਸਹਾਈ ਹੋ ਸਕਦੀਆਂ ਹਨ। 'ਬੁਧੂ ਜੀਵਨ' ਦਾ ਵਿਸ਼ਾ 'ਵਿਹਲੀ ਰੰਨ ਪ੍ਰਾਹੁਣਿਆਂ ਜੋਗੀ' ਦੀ ਕਹਾਵਤ ਨਾਲ ਮੇਲ ਖਾਂਦਾ ਹੋਇਆ, ਆਦਰਸ਼ ਰਹਿਤ ਨੌਜੁਆਨਾਂ ਲਈ ਪਰੇਰਨਾਦਾਇਕ ਸਿਧ ਹੁੰਦਾ ਹੈ। ਸਾਡੇ ਰੋਜ਼ਾਨਾ ਜੀਵਨ ਵਿਚੋਂ ਖਤਮ ਹੋ ਰਹੇ ਭਰੱਪਣ ਦੇ ਤੱਤ ਨੂੰ ਪੁਨਰਸੁਰਜੀਤ ਕਰਨ ਦਾ ਕੰਮ 'ਪ੍ਰਹੁਣਾ' ਕਹਾਣੀ ਕਰਦੀ ਹੈ: 'ਮਹਾਤਮਾ' ਦਾ ਸਬੰਧ ਦੇਸ ਭਗਤੀ ਨਾਲ ਹੈ। ਇਨ੍ਹਾਂ ਤੋਂ ਬਿਨਾਂ ਬਾਕੀ ਕਹਾਣੀਆਂ ਵੀ-ਛੂਤ ਛਾਤ, ਭਿਟ, ਅਤੇ ਖਰਚੀਲੇ ਵਿਆਹਾਂ ਨੂੰ ਨਿੰਦਣ ਦੇ ਮਨੋਰਥ ਨਾਲ ਲਿਖੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ।

> "ਮੁਣਸ਼ਾ ਸਿੰਘ 'ਦੁਖੀ' ਦੀਆਂ 'ਜੀਵਨ ਸੱਧਰਾਂ' ਕਲਪਣਾ ਮੰਡਲ ਦੀ ਉਪਜ ਨਹੀਂ, ਸਗੋਂ ਇਨ੍ਹਾਂ ਦੀ ਪ੍ਰਿਸ਼ਟਭੂਮੀ ਅਮਲੀ ਜੀਵਨ ਤੇ ਨਿਜੀ ਅਨੁਭਵ ਵਿਚ ਆਈਆਂ ਆਪ ਬੀਤੀਆਂ ਘਟਨਾਵਾਂ ਹਨ।.. ਬੋਧਿਕ ਸਤ੍ਹ ਤੇ ਭਾਵੇਂ ਸਾਡਾ ਸਾਹਿਤ ਉਪਰੋਕਤ ਸਾਰੀਆਂ ਗਲਾਂ ਨੂੰ ਅਪਣਾ ਚੁਕਾ ਹੈ ਪਰ ਕਰਮ ਖੇਤਰ ਵਿਚ

1. ਮੁਣਸ਼ਾ ਸਿੰਘ 'ਦੁਖੀ', 'ਨੌ ਰਸ', ਜੀਵਨ ਪਬਲੀਕੇਸ਼ਨ ਬੰਬਈ, ਪੰਨਾ 95.
2. ਮੁਣਸ਼ਾ ਸਿੰਘ 'ਦੁਖੀ' 'ਜਾਦੂ ਦਾ ਸੁਰਮਾ', ਰੋਜ਼ਾਨਾ ਦੇਸ਼ ਦਰਪਣ ਕਲਕੱਤਾ, ਨਵੰਬਰ 1933.
3. ਸਪਤਾਹਿਕ ਪੰਜਾਬੀ ਸਮਾਚਾਰ, ਬੰਬਈ, 23 ਸਤੰਬਰ 1960.
4. ਮੁਣਸ਼ਾ ਸਿੰਘ 'ਦੁਖੀ', 'ਜੀਵਨ ਸਧਰਾਂ' ਕਰਤਾ, 1960.

Sri Satguru Jagjit Singh Ji Elibrary NamdhariElibrary@gmail com

ਲੋਕ ਜੀਵਨ ਕਾਫੀ ਪਛੜਿਆ ਹੋਇਆ ਹੈ। ਇਸ ਦ੍ਰਿਸ਼ਟੀ ਤੋਂ ਵਾਚਿਆਂ 'ਦੁਖੀ' ਦੀਆਂ ਕਹਾਣੀਆਂ ਦੀ ਵਿਸ਼ੇ ਮਹਤਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।"[1]

'ਜੀਵਨ ਸੱਧਰਾਂ' ਵਿਚ "ਜਿਹੜੀਆਂ 14 ਕਹਾਣੀਆਂ ਦਿਤੀਆਂ ਗਈਆਂ ਹਨ ਉਹ ਅਜ ਦੀ ਕਹਾਣੀ ਵਾਂਗ ਮਨੋਵਿਗਿਆਨਕ ਕਿਸਮ ਦੀਆਂ ਫੋਕੀਆਂ ਉਡਾਰੀਆ ਨਹੀਂ, ਸਗੋਂ ਉਹ ਅਜਿਹੀਆਂ ਹਡ ਬੀਤੀਆਂ ਤੇ ਜਗ ਬੀਤੀਆਂ ਹਨ ਜਿਨ੍ਹਾਂ ਵਿਚੋਂ ਕੋਈ ਨਾ ਕੋਈ ਸੁਚੱਜਾ ਜੀਵਨ ਰਸਤਾ ਜਾਂ ਉਪਦੇਸ ਆਪ ਮੁਹਾਰਾ ਅਛੋਪਲੇ ਜੇ ਉਭਰਦਾ ਅਤੇ ਪਾਠਕਾਂ ਦੇ ਮਨ ਉਤੇ ਛਾ ਜਾਂਦਾ ਹੈ। ਇਨ੍ਹਾਂ ਵਿਚੋਂ 'ਬਲਬੀਰ ਖਾਨ', 'ਧਾੜਵੀ' ਅਤੇ 'ਕੁੜੀ ਤੋਂ ਹਾਰ' ਮਨੁਖੀ ਕਿਰਦਾਰ ਦਾ ਬੜਾ ਸਵੱਛ, ਸੁੰਦਰ ਅਤੇ ਬੁਲੰਦ ਪਹਿਲੂ ਪੇਸ਼ ਕਰਦੀਆਂ ਹਨ।"[2]

'ਦੁਖੀ' ਜੀ ਵਲੋਂ ਪ੍ਰਕਾਸ਼ਤ ਇਕ ਹੋਰ ਕਿਤਾਬਚਾ ਹੈ 'ਖਾਲਸਈ ਸ਼ਾਨ' ਜਿਸ ਵਿਚ ਸਿਖ ਰਾਜ ਦੇ ਪ੍ਰਬੰਧ ਅਤੇ ਸਿਖ ਚਰਿਤ੍ਰ ਨੂੰ ਉਜਾਗਰ ਕਰਨ ਅਤੇ ਅੰਗਰੇਜ਼ਾਂ ਪ੍ਰਤੀ ਹਿੰਦ ਵਾਸੀਆਂ ਵਿਚ ਘਿਰਣਾ ਨੂੰ ਪ੍ਰਚੰਡ ਕਰਨ ਦੇ ਮਨੋਰਥ ਨਾਲ ਪੰਜ ਕੁ ਕਹਾਣੀਆਂ ਅੰਕਤ ਕੀਤੀਆਂ ਹੋਈਆਂ ਹਨ। ਇਨ੍ਹਾਂ ਤੋਂ ਬਿਨਾਂ, ਆਪ ਦੀਆਂ ਹੋਰ ਵੀ ਮੌਲਿਕ ਕਹਾਣੀਆਂ ਹਨ ਜੋ ਕਿਸੇ ਨਾ ਕਿਸੇ ਪੱਤਰ ਦੇ ਪਾਠਕਾਂ ਨਾਲ ਸਾਂਝੀਆਂ ਹੋ ਚੁਕੀਆਂ ਹਨ। ਪੁਸਤਕ ਰੂਪ ਦਿਤੇ ਜਾਣ ਦੀ ਉਤਸੁਕਤਾ ਨਾਲ ਉਡੀਕ ਕਰ ਰਿਹਾ ਇਕ ਖਰੜਾ ਵੀ ਪਿਆ ਹੈ।

ਆਪ ਨੇ ਕੁਛ ਕਹਾਣੀਆਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਵੀ ਲਿਆਂਦੀਆਂ ਹਨ ਜੋ ਮੁਖ ਤੌਰ ਤੇ, ਗੁਲਾਮੀ ਦੀ ਗੂੜ੍ਹੀ ਨੀਂਦੇ ਸੁਤੇ ਹਿੰਦੀ ਭਰਾਵਾਂ ਨੂੰ ਜਗਾਉਣ ਦੇ ਮਨੋਰਥ ਨਾਲ ਉਲਥਾਈਆਂ ਗਈਆਂ ਹਨ। ਇਨ੍ਹਾਂ ਵਿਚੋਂ 'ਬਹਾਦਰ ਗੱਰਾਰਡ', ਸਪੇਨ ਵਿਚ ਫਰਾਂਸੀਸੀ ਹਮਲੇ ਨੂੰ ਸਫਲ ਕਰਨ ਲਈ ਕੁਰਬਾਨ ਹੋਣ ਵਾਲੇ ਫਰਾਂਸੀਸੀ ਦੀ ਸੂਰਮਗਤੀ ਤੇ ਦੇਸ ਭਗਤੀ ਨੂੰ ਪ੍ਰਗਟਾਉਂਦੀ ਹੈ। 'ਲੋਹੇ ਦੇ ਪਰਦੇ ਪਿਛਲੀ ਕਹਾਣੀ', ਓਪਰੀ ਨਜ਼ਰੇ ਤਕਿਆਂ ਪੱਤਰਕਾਰਾਂ ਤੇ ਲੇਖਕਾਂ ਨਾਲ ਸਬੰਧਤ ਜਾਪਦੀ ਹੈ ਕਿਉਂ ਜੁ ਇਸ ਦਾ ਨਾਇਕ ਵਿਲੀਅਮ ਓਟਸ, ਅਮਰੀਕਾ ਦੀ ਐਸੋਸੀਏਟਡ ਪ੍ਰੈਸ ਏਜੰਸੀ ਦਾ ਚੈਕੋਸਲੋਵਾਕੀਆ ਵਿਚ (ਸਥਿਤ) ਪ੍ਰਤੀਨਿਧ ਪੱਤਰਕਾਰ ਹੈ ਪਰ ਅੰਤ੍ਰੀਵੀ ਤੌਰ ਤੇ ਇਹ ਕਹਾਣੀ ਅਜੇਹੇ ਬੰਦੇ ਦੀ ਹਡਬੀਤੀ ਵੀ ਹੈ ਜੋ ਆਪਣੇ ਵਤਨ ਦੀ ਖਾਤਰ ਭਿਆਨਕ ਖਤਰੇ ਖਰੀਦਣ ਤੋਂ ਵੀ ਨਹੀਂ ਡਰਦਾ।

ਤੀਜੀ ਅਨੁਵਾਦਤ ਕਹਾਣੀ ਹੈ 'ਨਿਰਦੋਸ਼ ਖੂਨੀ' ਜਿਸਦਾ ਸਿਧੇ ਤੌਰ ਤੇ ਭਾਵੇਂ ਦੇਸ ਭਗਤੀ ਨਾਲ ਕੋਈ ਵਾਸਤਾ ਨਹੀਂ ਵੀ ਹੈ ਕਿਉਂਕਿ ਇਸ ਵਿਚ ਸ਼ਰਲਕ ਹੋਮਜ਼ ਆਪਣੀ ਤੀਖਰ ਬੁਧੀ ਸਦਕਾ ਅਸਲੀ ਦੋਸ਼ੀ ਨੂੰ ਲਭ ਕੇ ਨਿਰਦੋਸ਼ ਬੰਦੇ ਨੂੰ ਬਰੀ ਕਰਵਾ ਦਿੰਦਾ ਹੈ। ਇਸੇ ਲਈ ਇਹ ਜਾਸੂਸੀ ਸਿਖਿਆ ਦੇ ਘੇਰੇ ਵਿਚ ਆਉਂਦੀ ਹੈ। ਇਸ

1. ਸਾਧੂ ਸਿੰਘ ਬੀ. ਏ., ਮੁਨਸ਼ਾ ਸਿੰਘ 'ਦੁਖੀ' ਦੀਆਂ ਜੀਵਨ ਸਧਰਾਂ, ਪੰਜਾਬੀ ਸਮਾਚਾਰ, ਬੰਬਈ, 23 ਸਤੰਬਰ 1960, ਪੰਨਾ 6.
2. ਮਾਸਕ ਰੂਪ ਰੰਗ, ਪ੍ਰਕਾਸ਼ਨ ਸਥਾਨ ਤੇ ਮਿਤੀ ਨਹੀਂ ਹੈ।

Sri Satguru Jagjit Singh Ji Elibrary NamdhariElibrary@gmail.com

ਦਾ ਅਨੁਵਾਦਕ ਆਪ ਵੀ ਤਾਂ ਦੇਸ਼ ਭਗਤਾਂ ਨੂੰ ਜਾਸੂਸੀ ਸਿਖਿਆ ਦੇਣ ਲਈ ਇਕ ਪੁਸਤਕ ਛਪਵਾ ਚੁਕਾ ਸੀ ਜਿਸ ਕਰ ਕੇ ਇਹ ਕਹਾਣੀ ਵੀ 'ਦੁਖੀ' ਜੀ ਦੇ ਮਨਪਸੰਦ ਵਿਸ਼ੇ ਨਾਲ ਜੁੜਦੀ ਹੋਣ ਕਰ ਕੇ ਹੀ ਅਨੁਵਾਦੀ ਗਈ ਜਾਪਦੀ ਹੈ। ਇਸੇ ਸ਼੍ਰੇਣੀ ਵਿਚ ਇਕ ਦੋ ਹੋਰ ਕਹਾਣੀਆਂ ਵੀ ਹਨ ਜਿਵੇਂ 'ਹਿਟਲਰ'।

ਉਪਨਿਆਸ :

ਆਪਣੇ ਜੀਵਨ ਮਨੋਰਥ ਨਾਲ ਮੇਲ ਖਾਂਦੀਆਂ ਕਹਾਣੀਆਂ ਵਾਂਗ ਹੀ 'ਦੁਖੀ' ਜੀ ਨੇ ਕੁਛ ਉਪਨਿਆਸ ਵੀ ਪੰਜਾਬੀ ਵਿਚ ਅਨੁਵਾਦੇ ਹਨ। ਇਨ੍ਹਾਂ ਵਿਚੋਂ ਪਹਿਲਾ ਹੈ 'ਦੇਸ਼ ਭਗਤੀ', ਜਿਸ ਵਿਚ, ਬੰਗਾਲ ਵਿਚ ਅੰਗਰੇਜ਼ਾਂ ਦੇ ਕਾਬਜ਼ ਹੋ ਜਾਣ ਪਿਛੋਂ, ਅੰਗਰੇਜ਼ੀ ਰਾਜ ਨੂੰ ਖਤਮ ਕਰਨ ਦੇ ਉਦੇਸ਼ ਨਾਲ ਚੱਲੀ ਸੰਨਿਆਸੀ ਲਹਿਰ ਦੀਆਂ ਅਲੌਕਿਕ ਕੁਰਬਾਨੀਆਂ ਦਾ ਚਿਤਰ ਹੈ।[1] "ਇਤਿਹਾਸਕ ਨਾਵਲ ਇਤਿਹਾਸ ਵੀ ਹੁੰਦਾ ਹੈ ਅਤੇ ਨਾਵਲ ਵੀ। ਇਤਿਹਾਸ ਉਤੇ ਜਦੋਂ ਕਲਪਨਾ ਦੀ ਰੰਗਤ ਕਲਾਮਈ ਢੰਗ ਨਾਲ ਚਾੜ੍ਹੀ ਜਾਂਦੀ ਹੈ ਤਾਂ ਇਹ ਇਤਿਹਾਸਕ ਨਾਵਲ ਬਣ ਜਾਂਦਾ ਹੈ।"[2] 'ਦੇਸ਼ ਭਗਤੀ' ਵੀ ਇਤਿਹਾਸਕ ਨਾਵਲ ਹੈ। ਇਸ ਨੇ "ਵਿਸ਼ੇਸ਼ ਇਤਿਹਾਸਕ ਰੋਲ ਅਦਾ ਕੀਤਾ ਹੈ ਜਿਸ ਵਿਚਲਾ ਬੰਦੇ-ਮਾਤਰਮ ਗੀਤ ਕੁਝ ਸਾਲਾਂ ਵਿਚ ਹੀ ਸਾਰੇ ਦੇਸ਼ ਅੰਦਰ ਗੂੰਜਣ ਲਗ ਪਿਆ।" 'ਇਹ ਨਾਵਲ, ਪ੍ਰਸਿੱਧ ਬੰਗਾਲੀ ਦੇਸ਼ ਭਗਤ ਲੇਖਕ, ਬੰਕਮ ਚੰਦਰ ਚਟੋਪਾਧਿਆਇ ਦੇ ਭਾਰਤੀ ਭਾਸ਼ਾਵਾਂ ਦੇ ਪਹਿਲੇ ਬੰਗਾਲੀ ਨਾਵਲ 'ਆਨੰਦ ਮਠ' ਦਾ ਪੰਜਾਬੀ ਉਲਥਾ ਸੀ।' 'ਦੁਖੀ' ਜੀ ਨੇ ਇਹ ਉਪਨਿਆਸ ਮਫਰੂਰੀ ਵਿਚ ਹੀ ਅਨੁਵਾਦ ਕੇ 1927 ਵਿਚ ਛਪਵਾਇਆ ਸੀ।[3]

ਦੂਜਾ, ਅਨੁਵਾਦਤ ਨਾਵਲ ਹੈ 'ਤੁਰਕੀ ਹੂਰ', ਜਿਸ ਦੀ ਨਾਇਕਾ, "ਇਕ ਤੁਰਕ ਲੜਕੀ ਜ਼ੰਨਾਨ ਨੇ (ਜਿਸ ਦਾ ਸਾਰਾ ਪਰਵਾਰ ਦੇਸ਼ ਦੇ ਲੇਖੇ ਲਗ ਚੁਕਾ ਸੀ) ਕਮਾਲਪਾਸ਼ਾ ਨੂੰ ਕਤਲ ਕਰਨ ਲਈ ਅੰਗਰੇਜ਼ਾਂ ਵਲੋਂ ਭੇਜੇ ਗਏ ਜਾਸੂਸ ਮੁਸਤਫਾਸਗੀਰ ਨੂੰ ਅਯਾਸ਼ੀ ਵਿਚ ਅਤੇ ਅਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਭੇਦ ਲਏ ਤੇ...ਆਪਣੇ ਦੇਸ਼ ਤੇ ਕੌਮ ਨੂੰ ਬਰਬਾਦੀ ਤੋਂ ਬਚਾ ਲਿਆ। ਇਹ ਬਹਾਦਰੀ ਦੀ ਸਚਮੁਚ ਹੀ ਇਕ ਰੋਮਾਂਚਕਾਰੀ ਕਹਾਣੀ ਹੈ।"[4] ਇਸ ਨਾਵਲ ਦਾ ਪਾਤਰ ਮੁਸਤਫਾ ਸਗੀਰ ਅਸਲ ਵਿਚ ਇਕ ਹਿੰਦੋਸਤਾਨੀ ਮੁਸਲਮਾਨ ਸੀ ਜੋ 1909 ਈਸਵੀ ਤੋਂ ਪਹਿਲਾਂ ਹਿੰਦੁਸਤਾਨ ਦੀ ਮਸ਼ਹੂਰ ਕੌਮੀ ਪਾਠਸ਼ਾਲਾ 'ਮੁਹੰਮਡਨ ਕਾਲਜ' ਅਲੀਗੜ੍ਹ ਵਿਚ ਪੜ੍ਹਦਾ ਸੀ।"[5] ਇਉਂ

1. ਹਿੰਮਤ ਸਿੰਘ ਸੋਢੀ, 'ਨਾਵਲ ਦਾ ਕਥਾਨਕ ਤੇ ਯੁਗ ਬੋਧ', ਖੋਜ ਪਤ੍ਰਿਕਾ ਗਲਪ ਵਿਸ਼ੇਸ਼ਾਂਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1982, ਪੰਨਾ 72.
2. ਸੁ[illegible] ਸਿੰਘ ਵਿਲਖੂ, 'ਨਾਵਲ ਦੇ ਉਦੇਸ਼ ਤੇ ਪੰਜਾਬੀ ਨਾਵਲ', ਉਹੀ ਪੰਨਾ 91.
3. ਕਾਮਰੇਡ ਰਾਮਕਿਸ਼ਨ, ਤਦਵਕਤੀ ਮੁਖ ਮੰਤਰੀ ਪੰਜਾਬ ਵਲ, 'ਦੁਖੀ' ਜੀ ਵਲੋਂ ਲਿਖੀ ਗਈ ਚਿਠੀ ਦੀ ਨਕਲ ਦੇ ਆਧਾਰ ਤੇ।
4. ਪ੍ਰੇਮ ਸਿੰਘ ਖਜਾਨ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965, ਪੰਨਾ 82 ਤੇ 81.
5. ਮੁਨਸ਼ਾ ਸਿੰਘ 'ਦੁਖੀ', 'ਤੁਰਕੀ ਹੂਰ', ਜੀਵਨ ਪ੍ਰਕਾਸ਼ਨ, ਬੰਬਈ 1951, ਪੰਨਾ 22.

Sri Satguru Jagjit Singh Ji Elibrary NamdhariElibrary@gmail.com

ਇਸ ਨਾਵਲ ਦਾ ਸਬੰਧ ਹਿੰਦ ਦੀ ਧਰਤੀ ਨਾਲ ਵੀ ਜੁੜਦਾ ਹੈ।

ਇਸ ਸ਼੍ਰੇਣੀ ਦੀ ਤੀਜੀ ਰਚਨਾ ਹੈ 'ਪਰਾਧੀਨ ਜੀਵਨ'। "ਇਹ ਅਸਲ (ਮੂਲ) ਨਾਵਲ ਅਮਰੀਕੀ ਨੀਗਰੋ ਲੋਕਾਂ ਉਪਰ ਦਖਣੀ ਗੋਰਿਆਂ ਦੇ ਅਕਹਿ ਜ਼ੁਲਮਾਂ ਦੀ ਦਰਦ ਭਰੀ ਕਹਾਣੀ ਹੈ। ਇਸ ਨੇ ਉਨ੍ਹਾਂ ਦੀ ਕੌਮੀ ਆਤਮਾ ਨੂੰ ਝੰਜੋੜ ਕੇ ਰਖ ਦਿਤਾ ਸੀ।"[1] ਇਸ ਵਿਚ ਗੁਲਾਮ ਜੀਵਨ ਦੇ ਕੌੜੂ ਨੂੰ ਬੜੇ ਦਰਦਨਾਕ ਢੰਗ ਨਾਲ ਬਿਆਨਿਆ ਗਿਆ ਹੈ। ਨਾਵਲ ਦਾ ਨਾਇਕ ਚਾਚਾ ਤਿਲੋਕਾ, ਗੁਲਾਮ ਹੋਣ ਦੇ ਕਾਰਨ ਗੁਲਾਮੀ ਵਿਚ ਹੀ ਬੜੀ ਦੁਖਦਾਈ ਮੌਤੇ ਮਰ ਜਾਂਦਾ ਹੈ।

ਆਪ ਨੇ ਇਕ ਮੌਲਿਕ ਨਾਵਲ ਦੀ ਰਚਨਾ ਵੀ ਰਚਣੀ ਆਰੰਭੀ ਹੋਈ ਸੀ ਜਿਸ ਦਾ ਨਾਂ 'ਦੁਖੀ ਰਾਜਕੁਮਾਰੀ' ਚਿਤਵਿਆ ਗਿਆ ਸੀ। ਇਸ ਦਾ ਸਬੰਧ, ਕਰਤਾ ਦੀ ਪਤਨੀ ਰਾਜ ਕੌਰ ਨਾਲ ਹੋਣਾ ਸੀ ਜੋ ਆਪ ਦੇ ਨਾਲ ਸੁਤੰਤਰਤਾ ਸੰਗਰਾਮ ਦੇ ਬਿਖੜੇ ਪੰਧ ਵਿਚ ਵੀ ਮੋਢੇ ਨਾਲ ਮੋਢਾ ਜੋੜ ਕੇ ਸਫਰ ਕਰਦੇ ਰਹੇ। ਅੰਤਮ ਦਿਨਾਂ ਵਿਚ ਆਰੰਭੇ ਇਸ ਨਾਵਲ ਦੀ ਲਿਖਤ ਅਧੂਰੀ ਪਈ ਹੈ।

'ਦੁਖੀ' ਜੀ ਆਪ ਚਾਹ ਨਾਵਲਕਾਰ ਤਾਂ ਨਹੀਂ ਸਨ ਤਦ ਵੀ ਆਪ ਵਲੋਂ ਕੀਤੇ ਗਏ ਉਕਤ ਅਨੁਵਾਦਾਂ ਨੇ ਪੰਜਾਬੀ ਗਲਪ ਸਾਹਿਤ ਨੂੰ ਅਮੀਰੀ ਬਖਸ਼ਣ ਵਿਚ ਨਿਰਸੰਦੇਹ ਪ੍ਰਸੰਸਾਯੋਗ ਹਿੱਸਾ ਪਾਇਆ ਹੈ।

ਰੂਪਕ ਪਖ:

"ਪਹਿਲਾ ਪਹਿਲ ਤਾਂ ਕਹਾਣੀ ਪਛਮ ਦੇ ਅਨੁਕਰਣ ਵਜੋਂ ਹੀ ਪੈਦਾ ਹੋਈ।" ਪੰਜਾਬੀ ਕਹਾਣੀ ਦੇ ਇਤਿਹਾਸਕਾਰਾਂ ਅਨੁਸਾਰ, "ਸਭ ਤੋਂ ਪਹਿਲੀ ਕਹਾਣੀ 'ਕਮਲਾ ਅਕਾਲੀ' ਨੇ 'ਸਨਬ ਲੋਹ ਦੀ ਵਹੁਟੀ' ਲਿਖੀ। ਫੇਰ 'ਸ਼ਹੀਦ', ਬਿਹਾਰੀ ਲਾਲ, ਬਲਵੰਤ ਸਿੰਘ ਚਤਰਥ, ਕੇਸਰ ਸਿੰਘ, ਅਜੈ ਸਿੰਘ, ਜੋਸ਼ੂਆ ਫਜ਼ਲਦੀਨ, ਡਾ: ਮੋਹਨ ਸਿੰਘ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫਰ ਤੇ ਗਿਆਨੀ ਹੀਰਾ ਸਿੰਘ 'ਦਰਦ' ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਇਹ ਕਹਾਣੀ ਰਚਨਾ ਦਾ ਪਹਿਲਾ ਦੌਰ ਸੀ ਜੋ 1925 ਤੋਂ 1935 ਤਕ ਦਾ ਕਿਹਾ ਜਾ ਸਕਦਾ ਹੈ।"[2]

ਸਾਡੀ ਅਜ ਦੀ ਵਿਚਾਰ ਕੇਵਲ ਸ: ਮੁਨਸ਼ਾ ਸਿੰਘ 'ਦੁਖੀ' ਜੀ ਤਕ ਹੀ ਸੀਮਿਤ ਹੈ। ਆਪ ਇਨ੍ਹਾਂ ਉਕਤ ਕਹਾਣੀਕਾਰਾਂ ਦੇ ਸਮਕਾਲੀ ਵੀ ਸਨ ਤੇ ਹਾਣੀ ਵੀ। ਜਿਸ ਦੌਰ ਦਾ ਉਪਰ ਜ਼ਿਕਰ ਕੀਤਾ ਗਿਆ ਹੈ, 'ਦੁਖੀ' ਜੀ ਇਸ ਪਹਿਲੇ ਦੌਰ ਦੇ ਅੰਤਮ ਤੇ ਦੂਜੇ ਦੌਰ ਦੇ ਪਹਿਲੇ ਵਰ੍ਹਿਆਂ ਦੇ ਕਹਾਣੀਕਾਰ ਆਖੇ ਜਾ ਸਕਦੇ ਹਨ। ਕਹਾਣੀ ਵਲ ਨੂੰ ਆਪਦਾ ਝੁਕਾਉ ਕਾਫੀ ਪਛੜ ਕੇ ਹੋਇਆ।

ਇਹ ਗਲ ਬੇਝਿਜਕ ਆਖੀ ਜਾ ਸਕਦੀ ਹੈ ਕਿ ਰੂਪਕ ਪਖੋਂ ਆਪਦੀਆਂ ਕਹਾਣੀਆਂ ਵਿਚ ਕਾਫੀ ਕਚਿਆਈ ਹੈ। ਆਪ ਦੀਆਂ ਕਹਾਣੀਆਂ ਦੇ ਪਲਾਟਾਂ ਦੀ ਗੋਂਦ ਕੱਸਵੀਂ

---

1. ਪ੍ਰੇਮ ਸਿੰਘ ਧਜਾਜ, ਮੁਨਸ਼ਾ ਸਿੰਘ 'ਦੁਖੀ', ਕ੍ਰੋਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤਬਰ 1965, ਪੰਨਾ 81-82.
2. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, 'ਸਾਹਿਤ ਦੇ ਰੂਪ', ਲਾਹੌਰ ਬੁਕ ਸ਼ਾਪ, ਲੁਧਿਆਣਾ. 1954, ਪੰਨਾ 214, 215।

Sri Satguru Jagjit Singh Ji Elibrary NamdhariElibrary@gmail.com

ਨਹੀਂ । ਬੇਲੋੜਾ ਵਿਸਥਾਰ ਬਹੁਤੀਆਂ ਕਹਾਣੀਆਂ ਵਿਚ ਮਿਲਦਾ ਹੈ । ਆਪ ਨੇ ਭਾਵੇਂ ਵਾਰਤਾਲਾਪ ਦੀ ਵਰਤੋਂ ਵੀ ਬਹੁਤੀਆਂ ਕਹਾਣੀਆਂ ਵਿਚ ਕੀਤੀ ਹੈ ਪਰ ਉਸ ਵਿਚ ਨਾਟਕੀ ਰੰਗ ਦਾ ਅਭਾਵ ਖਟਕਦਾ ਹੈ । ਕਹਾਣੀ ਦੀ ਤੋਰ, ਦਸੌਰੀ ਘਿਓ ਖਾ ਕੇ ਬੁਢੇ ਹੋਏ ਬੰਦੇ ਦੀ ਚਾਲ ਵਾਂਗ ਮੱਠੀ ਹੈ । ਸੰਜਮ ਤੇ ਦਿਲਚਸਪ ਬਹੁਤ ਘਟ ਮਿਲਦਾ ਹੈ ਅਤੇ ਵਿਸ਼ੇ, ਕਾਰਜ ਤੇ ਕਾਲ ਦੀ ਏਕਤਾ ਵੀ, ਪਰ ਇਸ ਸਭ ਕਾਸੇ ਲਈ ਅਸੀਂ ਲੇਖਕ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ ।

ਇਥੇ ਸਾਨੂੰ ਇਹ ਗਲ ਧਿਆਨ ਵਿਚ ਜ਼ਰੂਰ ਰੱਖਣੀ ਪਏਗੀ ਕਿ ਲੇਖਕ ਦਾ ਲਿਖਣਕਾਲ, ਤਦਵਕਤੀ ਸਮਾਜ ਤੇ ਉਸ ਸਮੇਂ ਦੇ ਸਾਹਿਤਕ ਵਿਕਾਸ ਨੂੰ ਅਖ ਪਰੋਖੇ ਰਖ ਕੇ ਇਨ੍ਹਾਂ ਕਹਾਣੀਆਂ ਬਾਰੇ ਕੀਤੀ ਵਿਚਾਰ, ਕਹਾਣੀਕਾਰ ਨਾਲ ਨਿਆਂ ਦੀ ਥਾਂ ਸਗੋਂ ਧੱਕੇਸ਼ਾਹੀ ਹੋ ਨਿਬੜੇਗੀ ; ਕਿਉਂ ਜੁ ਜਦੋਂ 'ਦੁਖੀ' ਜੀ ਨੇ ਕਹਾਣੀ ਰਚਨਾ ਖੇਤਰ ਵਿਚ ਪੈਰ ਧਰਿਆ ਉਦੋਂ ਉਹ ਨਿਕੀ ਤੇ ਫਿਰ ਹੁਨਰੀ ਕਹਾਣੀ ਅਜੇ ਆਪ ਵੀ ਨਹੀਂ ਸੀ ਜਨਮੀ ਜਿਸ ਦੇ ਮਾਪ ਨਾਲ ਅਸੀਂ ਆਪ ਦੀਆਂ ਕਹਾਣੀਆਂ ਨੂੰ ਮਾਪਣ ਦਾ ਜਤਨ ਕਰਦੇ ਹਾਂ । 'ਨਵੀਨ ਰੂਪ ਦੀ ਅਸਲੀ ਕਹਾਣੀ ਤਾਂ 1935 ਤੋਂ ਪਿਛੋਂ ਹੀ ਉਪਜੀ ਮੰਨੀ ਜਾਂਦੀ ਹੈ ।'[1]

'ਦੁਖੀ' ਜੀ ਨੇ ਪੁਰਾਣੀ ਤਰਜ਼ ਤੇ ਹੀ ਕਹਾਣੀ ਰਚਨਾ ਕੀਤੀ ਹੈ । ਸਗੋਂ ਕਈ ਕਹਾਣੀਆਂ ਤਾਂ ਅਜਿਹੀਆਂ ਵੀ ਮਿਲ ਜਾਣਗੀਆਂ ਜਿਨ੍ਹਾਂ ਦੇ ਆਦਿ ਵਿਚ ਪੁਰਾਣੇ ਸਮੇਂ ਦੇ ਨਿਬੰਧਾਂ ਵਾਂਗ ਕਾਵਿ ਟੁਕੜੀਆਂ ਵੀ ਲਿਖੀਆਂ ਹੋਈਆਂ ਹੋਣ । ਹਾਂ, ਪੰਚਤੰਤਰ ਵਿਚਲੀਆਂ ਕਹਾਣੀਆਂ ਵਿਚ ਇਹ ਢੰਗ ਕਾਫੀ ਪ੍ਰਧਾਨ ਹੈ । ਹੋ ਸਕਦਾ ਹੈ, ਪਰਵੇਸ਼ ਕਾਲ ਸਮੇਂ ਆਪਦਾ ਪ੍ਰੇਰਨਾ ਸਰੋਤ ਪੰਚ ਤੰਤਰ ਹੀ ਰਿਹਾ ਹੋਵੇ । ਆਪ ਦੀਆਂ ਕਹਾਣੀਆਂ ਵਿਚ ਬਹੁਤੀਆਂ ਰਚਨਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਨਾਲ ਕਰਤਾ ਜਾਂ ਉਸ ਦੇ ਪਰਵਾਰ ਦੇ ਹੋਰਨਾਂ ਜੀਆਂ ਦਾ ਕਿਸੇ ਨਾ ਕਿਸੇ ਤਰ੍ਹਾਂ ਸਬੰਧ ਜੁੜਿਆ ਹੋਇਆ ਹੋਵੇ । ਅਜਿਹੀਆਂ ਕਹਾਣੀਆਂ ਵਿਚ ਵੀ ਆਪ ਨੇ ਅਜੋਕੇ ਕਹਾਣੀਕਾਰਾਂ ਵਾਂਗ ਕਲਪਣਾ ਸ਼ਕਤੀ ਦੀ ਵਰਤੋਂ ਘਟ ਹੀ ਕੀਤੀ ਹੈ । ਉਦਾਹਰਣ ਵਜੋਂ, ਜੇ ਆਪ ਕਿਸੇ ਪਾਤਰ ਦੇ ਚਾਚਾ ਜੀ ਸਨ ਤਾਂ ਕਹਾਣੀ ਵਿਚ ਵੀ ਆਪ ਚਾਚਾ ਜੀ ਹੀ ਹਨ । ਇਸੇ ਤਰ੍ਹਾਂ ਆਪਣੇ ਪਿਤਾ ਜੀ ਦੀ ਹਡਬੀਤੀ ਲਿਖਣ ਸਮੇਂ ਕਰਤਾ ਨੇ ਉਨ੍ਹਾਂ ਨੂੰ ਸਰਦਾਰ ਨਿਹਾਲ ਸਿੰਘ ਦੇ ਨਾਂ ਨਾਲ ਹੀ ਪੇਸ਼ ਕੀਤਾ ਹੈ । ਇਕ ਤਰ੍ਹਾਂ ਨਾਲ ਇਸ ਨੂੰ ਉਸ ਸਮੇਂ ਦੀ ਸਾਹਿਤਕ ਸਥਿਤੀ ਦਾ ਸੂਚਕ ਵੀ ਸਮਝਿਆ ਜਾ ਸਕਦਾ ਹੈ ਕਿਉਂਕਿ ਜਿਉਂ ਜਿਉਂ ਪੰਜਾਬੀ ਕਹਾਣੀ ਵਿਚ ਨਵੀਨਤਾ ਆਉਂਦੀ ਗਈ ਤਿਉਂ ਤਿਉਂ ਆਪ ਵੀ ਨਵੇਂ ਨੇਮਾਂ ਵਲ ਕੁਛ ਕੁਛ ਧਿਆਨ ਦਿੰਦੇ ਰਹੇ ਪ੍ਰਤੀਤ ਹੁੰਦੇ ਹਨ । ਕੁਛ ਕਹਾਣੀਆਂ ਸਿਧੀਆਂ ਵਾਰਤਾਲਾਪ ਤੋਂ ਹੀ ਸ਼ੁਰੂ ਹੁੰਦੀਆਂ ਹਨ ਤੇ ਕਈਆਂ ਵਿਚ ਪੱਛਮੀ ਢੰਗ ਦੇ ਨਾਟਕੀ ਅੰਸ਼ ਦਾ ਭਾਉਲਾ ਵੀ ਪੈਂਦਾ ਹੈ । ਅਜਿਹੀਆਂ ਕਹਾਣੀਆਂ ਵਿਚ ਸੰਖੇਪਤਾ ਤੇ ਰੋਚਕਤਾ, ਕੁਦਰਤੀ ਤੌਰ ਤੇ, ਦੂਜੀਆਂ ਕਹਾਣੀਆਂ ਨਾਲੋਂ ਵਧੇਰੇ ਹੈ ।

---

1. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, 'ਸਾਹਿਤ ਦੇ ਰੂਪ', ਲਾਹੌਰ ਬੁਕ ਸ਼ਾਪ, ਲੁਧਿਆਣਾ, 1954, ਪੰਨਾ 215.

Sri Satguru Jagjit Singh Ji Elibrary NamdhariElibrary@gmail.com

ਆਪ ਨੇ ਕੁਝ ਕਹਾਣੀਆਂ ਅੰਗਰੇਜ਼ੀ ਤੋਂ ਲਿਆ ਕੇ ਵੀ ਸਾਨੂੰ ਦਿਤੀਆਂ ਹਨ। ਅੰਗਰੇਜ਼ੀ ਕਹਾਣੀ ਉਦੋਂ ਵਿਕਸਤ ਹੋ ਚੁਕੀ ਸੀ। ਜਿਸ ਕਰਕੇ ਇਨ੍ਹਾਂ ਅਨੁਵਾਦਤ ਕਹਾਣੀਆਂ ਵਿਚ ਸਾਨੂੰ ਨਿਕੀ ਕਹਾਣੀ ਵਾਲੇ ਸਾਰੇ ਗੁਣ ਸਿਰ ਚੁਕਦੇ ਦਿਸਦੇ ਹਨ ਭਾਵੇਂ ਆਪ ਵਲੋਂ ਚੁਣੀਆਂ ਕਹਾਣੀਆਂ ਦੀ ਲੰਬਾਈ ਕਾਫ਼ੀ ਹੈ।

ਕਹਾਣੀ ਵਾਲੀ ਗਲ ਹੀ ਆਪ ਦੇ ਉਪਨਿਆਸਾਂ ਤੇ ਲਾਗੂ ਹੁੰਦੀ ਹੈ। ਆਪ ਨੇ ਸੰਪੂਰਨ ਰੂਪ ਵਿਚ ਮੌਲਿਕ ਨਾਵਲ ਪੰਜਾਬੀ ਸਾਹਿਤ ਨੂੰ ਕੋਈ ਨਹੀਂ ਦਿਤਾ। 'ਦੁਖੀ ਰਾਜਕੁਮਾਰੀ' ਦੇ ਅਧੂਰੇ ਖਰੜੇ ਤੇ ਵਿਸਤੀਰਤ ਵਿਚਾਰ ਦਾ ਸਮਾਂ ਅਜੇ ਨਹੀਂ ਆਇਆ।

ਆਪ ਵਲੋਂ ਅਨੁਵਾਦਤ ਨਾਵਲ ਪੂਰੀ ਤਰ੍ਹਾਂ ਉਵੇਂ ਹੀ ਸਫਲ ਸਮਝੇ ਜਾ ਸਕਦੇ ਹਨ ਜਿਵੇਂ ਅਨੁਵਾਦਤ ਕਹਾਣੀਆਂ; ਕਿਉਂਕਿ ਉਹ ਸਾਹਿਤ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕਲਮਾਂ ਦੁਆਰਾ ਰਚੇ ਗਏ ਹਨ। ਪਹਿਲਾ ਅਨੁਵਾਦਤ ਨਾਵਲ 'ਦੇਸ਼ ਭਗਤੀ' ਦੇ ਨਾਂ ਹੇਠ 1927 ਵਿਚ ਛਪਿਆ ਸੀ। ਇਸ ਅਨੁਵਾਦ ਵਿਚ, ਉਲਥਾਕਾਰ ਕਿਤੇ ਕਿਤੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਵੀ ਗਿਆ ਹੈ। ਉਦਾਹਰਣ ਵਜੋਂ ਨਾਵਲ ਵਿਚ ਪਦ ਚਿੰਨ੍ਹਾਂ ਦੀ ਵਰਤੋਂ ਆਮ-ਕਰਕੇ ਨਹੀਂ ਦੇਖੀ ਜਾਂਦੀ ਪਰ ਵਿਚਾਰਾਧੀਨ ਅਨੁਵਾਦ ਵਿਚ ਉਲਥਾਕਾਰ ਵਲੋਂ ਦਿਤੀਆਂ ਕਈ ਪਦ-ਟਿਪਣੀਆਂ ਕਾਫ਼ੀ ਲੰਬੀਆਂ ਹਨ।

ਦੂਜਾ ਅਨੁਵਾਦਤ ਨਾਵਲ 'ਤੁਰਕੀ ਹੂਰ' ਮੂਲ ਉਰਦੂ ਤੋਂ ਪੰਜਾਬੀ ਵਿਚ ਲਿਆਂਦਾ ਗਿਆ ਹੈ ਜਿਸ ਦੇ ਮੂਲ ਨਾਂ ਅਤੇ ਲੇਖਕ ਦੇ ਨਾਂ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਤੀਜਾ ਨਾਵਲ ਹੈ 'ਪਰਾਧੀਨ ਜੀਵਨ' ਜੋ ਸ੍ਰੀਮਤੀ ਸਟੋਵ ਦੇ ਪ੍ਰਸਿੱਧ ਅਮਰੀਕੀ ਨਾਵਲ 'ਅੰਕਲ ਟਾਮਜ਼ ਕੈਬਿਨ' ਦਾ 1928 ਵਿਚ ਕੀਤਾ ਗਿਆ ਬਹੁਤ ਹੀ ਸੁਤੰਤਰ ਅਨੁਵਾਦ ਹੈ; ਇੰਨਾ ਸੁਤੰਤਰ ਕਿ ਇਹ ਪੂਰੀ ਤਰ੍ਹਾਂ ਪੰਜਾਬੀ ਜੀਵਨ ਤੇ ਪੰਜਾਬੀ ਸਮਾਜ ਵਿਚੋਂ ਉਪਜਿਆ ਮਲੂਮ ਹੁੰਦਾ ਹੈ। ਇਸ ਅਨੁਵਾਦ ਵਿਚ ਬਾਕੀਆਂ ਨਾਲੋਂ ਇਹ ਵਾਧੂ ਕਰਾਮਾਤ ਹੈ। ਇਨ੍ਹਾਂ ਦੋਹਾਂ ਅਨੁਵਾਦਾਂ ਵਿਚ ਸਾਨੂੰ ਪ੍ਰਗਟ ਤੌਰ ਤੇ ਅਜਿਹੇ ਕਲਾਤਮਕ ਦੋਸ਼ ਨਹੀਂ ਦਿਸਦੇ ਜਿਨ੍ਹਾਂ ਤੇ ਝਟਪਟ ਉਂਗਲ ਰਖੀ ਜਾ ਸਕੇ ਤਾਂ ਵੀ ਉਲਥਾਕਾਰ ਨੇ ਇਨ੍ਹਾਂ ਦੇ ਮਿਆਰਾਂ ਬਾਰੇ ਕੋਈ ਦਾਅਵੇ ਨਹੀਂ ਕੀਤੇ:

> "ਮੈਂ ਇਨ੍ਹਾਂ ਵਿਚਲੇ ਸੰਦੇਸ਼ਾਂ ਨੂੰ ਆਮ ਲੋਕਾਂ ਤਕ ਪੁਚਾਉਣਾ ਸੀ—ਇਸ ਲਈ ਪੰਜਾਬੀ ਰੰਗ ਚਾੜ੍ਹਨਾ ਪਿਆ ਤੇ ਅਸਲ ਨਾਲੋਂ ਕੁਝ ਖੁਲ੍ਹ ਵੀ ਲਈ ਹੈ। ਇਹ ਅਨੁਵਾਦ ਚਾਹੇ ਕਲਾ ਦੇ ਬਹੁਤੇ ਉਚੇ ਮਿਆਰਾਂ ਉਤੇ ਪੂਰੇ ਨਾ ਵੀ ਉਤਰ ਸਕੇ ਹੋਣ, ਪਰ ਪੰਜਾਬੀ ਵਿਚ ਆਪਣੀ ਕਿਸਮ ਦੇ ਇਹ ਵਖਰੇ ਯਤਨ ਜ਼ਰੂਰ ਹਨ।"[1]

---

1 ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ-ਸਤੰਬਰ 1965।

Sri Satguru Jagjit Singh Ji Elibrary NamdhariElibrary@gmail.com

## ਅਧਿਆਇ ਪੰਜਵਾਂ

# ਪੱਤ੍ਰਕਾਰੀ

ਪੰਜਾਬੀ ਪੱਤਰਕਾਰੀ ਨੂੰ ਸਥਾਪਤ ਹੋਇਆਂ ਭਾਵੇਂ ਛੇ ਦਹਾਕਿਆਂ ਤੋਂ ਉਪਰ ਸਮਾਂ ਬੀਤ ਚੁਕਾ ਸੀ ਪਰ ਇਸ ਨੇ ਅਜ ਤਕ ਸਾਹਿਤਕ ਖੇਤਰ ਵਿਚ ਚੰਗੀ ਤਰ੍ਹਾਂ ਪੈਰ ਨਹੀਂ ਸੀ ਪਾਇਆ ਸਗੋਂ ਇਹ ਮੁਖ ਤੌਰ ਤੇ ਧਾਰਮਕ ਜਾਂ ਰਾਜਸੀ ਲਹਿਰਾਂ ਦੇ ਪ੍ਰਚਾਰ ਤਕ ਹੀ ਸੀਮਿਤ ਸੀ। 'ਦੁਖੀ' ਜੀ ਦੇ ਅੰਦਰ ਕੁਦਰਤ ਨੇ ਪਤਾ ਨਹੀਂ ਕਿਹੜੀ ਕਿਸਮ ਦਾ ਸਾਹਿਤ ਬੀਜ ਬੀਜਿਆ ਹੋਇਆ ਸੀ ਜਿਸਨੇ ਸਮੇਂ ਸਮੇਂ ਹਰ ਪਾਸੇ ਨੂੰ ਲਗਰਾਂ ਛੱਡਣੀਆਂ ਜਾਰੀ ਰਖੀਆਂ ਜੋ ਛੇਤੀ ਹੀ ਟਾਹਣੀਆਂ ਦਾ ਰੂਪ ਧਾਰ ਕੇ ਸੰਘਣੀ ਛਾਂ ਦੇਣ ਯੋਗ ਹੋ ਜਾਂਦੀਆਂ। ਜਦੋਂ ਅਸੀਂ ਪੰਜਾਬੀ ਦੇ ਸੇਵਕ ਸਾਹਿਤਕਾਰਾਂ ਵਲ ਨਿਗ੍ਹਾ ਮਾਰਦੇ ਹਾਂ ਤਾਂ ਉਨ੍ਹਾਂ ਦੀ ਬਹੁਸੰਮਤੀ ਅਜਿਹੀ ਦਿਸਦੀ ਹੈ ਜੋ ਸਾਹਿਤ ਦੀ ਇਕ ਵੰਨਗੀ ਤੋਂ ਅਗੇ ਘਟ ਹੀ ਪੈਰ ਪੁਟਦੀ ਹੈ ਪਰ ਇਸ ਸੰਦਰਭ ਵਿਚ 'ਦੁਖੀ' ਜੀ ਦੇ ਜੀਵਨ ਤੇ ਸਾਹਿਤ ਰਚਨਾ ਵਲ ਝਾਤੀ ਮਾਰਿਆਂ ਅਕਲ ਦੰਗ ਹੋਣੋਂ ਨਹੀਂ ਰਹਿੰਦੀ ਕਿ ਇਕ ਪੰਜਵੀਂ ਪਾਸ, ਪੇਂਡੂ ਪੰਜਾਬੀ ਨੇ ਕਿਵੇਂ ਹਰ ਸਾਹਿਤ ਵੰਨਗੀ ਵਿਚ ਮੁਹਾਰਤ ਹਾਸਲ ਕੀਤੀ ਜਦ ਕਿ ਉਸ ਨੂੰ ਕਿਸੇ ਇਕ ਥਾਂ ਬਹੁਤ ਟਿਕ ਕੇ ਬੈਠਣ ਦਾ ਸਮਾਂ ਵੀ ਨਸੀਬ ਨਹੀਂ ਸੀ ਹੋਇਆ। ਆਪਣੇ ਅੰਦਰਲੇ ਦੀ ਪ੍ਰੇਰਨਾ ਤੇ ਆਪ ਨੇ ਪੱਤਰਕਾਰੀ ਨੂੰ ਸਾਹਿਤਕ ਤੌਰ ਤੇ ਉਚਿਆਉਣ ਲਈ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਇਸ ਖੇਤਰ ਵਿਚ ਵੀ ਪ੍ਰਵੇਸ਼ ਕੀਤਾ।

ਹਜ਼ਾਰੀ ਬਾਗ ਦੀ ਕੇਂਦਰੀ ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਜੀਵਨਾਂਤ ਤਕ ਆਪ ਨੇ ਪੰਜਾਬੀ ਪੱਤਰਕਾਰੀ ਦਾ ਮੈਦਾਨ ਕਾਫੀ ਗਰਮਾਈ ਰੱਖਿਆ। ਆਪ ਨੇ ਕਲਕੱਤੇ ਰਹਿੰਦਿਆਂ ਕਵਿਤਾ ਨੂੰ, ਵਿਸ਼ੇਸ਼ ਕਰਕੇ ਪੰਜਾਬੀ ਕਵਿਤਾ ਨੂੰ, ਉਚਿਆਉਣ ਦੇ ਮਨੋਰਥ ਨਾਲ ਇਕ ਨਿਰੋਲ ਸਾਹਿਤਕ ਪੱਤਰ ਕੱਢਣ ਦੀ ਵਿਉਂਤ ਬਣਾਈ ਪਰ ਉਸ ਵਾਸਤੇ ਢੁਕਵਾਂ ਮਾਹੌਲ ਪੈਦਾ ਕਰਨ ਦੀ ਲੋੜ ਸੀ। ਕਲਕੱਤੇ ਵਿਚਪੰਜਾਬੀ ਸਾਹਿਤ ਨਾਲ ਮੱਸ ਰਖਣ ਵਾਲੇ ਵਿਅਕਤੀ ਉਨ੍ਹਾਂ ਦਿਨਾਂ ਵਿਚ ਪਾਰਕਾਂ ਜਾਂ ਘਰਾਂ ਵਿਚ ਜੁੜ ਬੈਠ ਕੇ ਆਪਣਾ ਸ਼ੌਂਕ ਪੂਰਾ ਕਰਦੇ ਹੁੰਦੇ ਸਨ।

> "ਪਾਰਕਾਂ ਤੇ ਘਰਾਂ ਵਿਚ ਰਲ ਬਹਿੰਦੇ ਸਾਥੀ ਕਵੀਆਂ ਰਲ ਕੇ 'ਕਵੀ ਕੁਟੀਆ' ਨਾਂ ਦੀ ਸੰਸਥਾ 1922 ਵਿਚ ਬਣਾਈ। ਇਸ ਦੇ ਪ੍ਰਧਾਨ 'ਦੁਖੀ' ਜੀ ਤੇ ਸਕੱਤਰ ਭਿਖਾਰੀ ਜੀ ਬਣੇ।"[1]

ਇਸ 'ਕੁਟੀਆ' ਵਿਚ ਹੌਲੀ ਹੌਲੀ ਨਵੇਂ ਤੇ ਅਧਖੜ ਕਵੀ ਰਲਦੇ ਗਏ ਜਿਸ ਕਰਕੇ ਛੇਤੀ ਹੀ ਠੱਠ ਬਝਣਾ ਸ਼ੁਰੂ ਹੋ ਗਿਆ। ਫੇਰ ਫੁਟਪਾਥ ਉਤੇ ਇਕ ਕਮਰਾ ਕਿਰਾਏ ਤੇ ਲੈਕੇ ਉਥੇ 'ਕਵੀ ਪ੍ਰੈਸ' ਚਾਲੂ ਕੀਤਾ ਗਿਆ। ਜਿਸ ਦੀ ਪਹਿਲਾਂ ਪਹਿਲ ਕਿਤਾਬਚੇ ਪ੍ਰਕਾਸ਼ਤ

1. ਸ. ਸ. ਅਮੋਲ, 'ਕਵੀ ਕੁਟੀਆ ਦੀ ਦੇਣ', ਅੰਮ੍ਰਿਤਸਰ, ਜਨਵਰੀ 1981, ਪਨਾਂ 6।

Sri Satguru Jagjit Singh Ji Elibrary NamdhariElibrary@gmail.com

ਕਰਨ ਲਈ ਹੀ ਵਰਤੋਂ ਕੀਤੀ ਜਾਂਦੀ ਰਹੀ : "ਉਨ੍ਹਾਂ ਟ੍ਰੈਕਟਾਂ ਤੋਂ ਹੁਣ ਇਕ ਹੋਰ ਸਾਂਝਾ ਤੇ ਮਹਾਨ ਉਦਮ ਹੋਇਆ, ਉਹ ਸੀ ਮਾਸਕ ਪੱਤਰ 'ਕਵੀ' ਦਾ 1927 ਵਿਚ ਜਨਮ।"[1]

## ਮਾਸਕ ਕਵੀ

'ਕਵੀ' ਆਪਣੀ ਕਿਸਮ ਦਾ ਪਹਿਲਾ ਤੇ ਨਿਰੋਲ ਸਾਹਿਤਕ ਪੱਤਰ ਸੀ। ਸਾਹਿਤ ਵਿਚ ਵੀ ਹੋਰ ਅਗੇ ਤੁਰੀਏ ਤਾਂ ਨਿਰੋਲ ਕਾਵਿਕ ਸੀ। ਇਸ ਦੇ ਆਦਰਸ਼ਾਂ ਸਬੰਧੀ, ਇਸ ਦੇ ਪਹਿਲੇ ਅੰਕ ਵਿਚ ਕੀਤੇ ਗਏ ਐਲਾਨ ਅਨੁਸਾਰ :

> "ਇਸ ਵਿਚ ਕਵਿਤਾ ਸਬੰਧੀ ਲੇਖ, ਕਵਿਤਾਵਾਂ, ਕਹਾਣੀਆਂ ਤੇ ਸਮਸਯਾਪੂਰਤੀ ਭੀ ਹੋਇਆ ਕਰੇਗੀ। ਸਮਸਯਾਪੂਰਤੀ ਦੇ ਨਾਲ ਹੀ ਅਜਿਹੇ ਵਿਸ਼ੇ ਭੀ ਦਿਤੇ ਜਾਇਆ ਕਰਨਗੇ ਜਿਨ੍ਹਾਂ ਉਤੇ ਕਵੀਜਨ ਖਯਾਲਾਂ ਦੇ ਘੋੜੇ ਦੁੜਾਇਆ ਕਰਨਗੇ ਤੇ ਅਸਚਰਜ ਉਕਤੀਆਂ ਯੁਕਤੀਆਂ ਤੇ ਵਿਚਾਰਾਂ ਦੀਆਂ ਬਿਜਲੀਆਂ ਚਮਕਾਇਆ ਕਰਨਗੇ। ਇਸ ਤਰ੍ਹਾਂ ਇਸ ਪੱਤਰ ਰਾਹੀਂ ਉਤਮ ਸਾਹਿਤਯ ਦਾ ਵਾਧਾ, ਰਸਕਾਂ ਦਾ ਮਨ ਪਰਚਾਉ ਅਤੇ ਆਉਣ ਵਾਲੇ ਨਵੇਂ ਕਵੀਆਂ ਲਈ ਚਾਨਣ ਘਰ ਬਣਾਉਣ ਦਾ ਖਿਆਲ ਹੈ।"[2]

ਛਪਾਈ ਪਖੋਂ ਵੀ 'ਕਵੀ' ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿਤੇ ਸਨ। ਇਹ ਹਰ ਦੇਸੀ ਮਹੀਨੇ ਦੇ ਪਹਿਲੇ ਸਪਤਾਹ ਨਿਕਲਦਾ ਸੀ। 'ਕਵੀ ਕੁਟੀਆ' ਵਿਚਲੇ ਕਵੀਆਂ ਦੀ 'ਮਲੰਗ ਟੋਲੀ' ਦਿਨੇ ਆਪਣਾ ਪੇਟ ਭਰਨ ਲਈ ਕਿਰਤ ਕਰਦੀ ਤੇ ਰਾਤ ਨੂੰ 'ਕਵੀ' ਦੀ ਛਪਾਈ ਆਦਿ ਦਾ ਕੰਮ। ਤਨਖਾਹ ਕਿਸੇ ਨੂੰ ਵੀ ਨਹੀਂ ਸੀ ਦਿਤੀ ਜਾਂਦੀ।[3] ਆਮ ਅੰਕਾਂ ਦੀ ਛਪਣ ਗਿਣਤੀ 500 ਤੋਂ ਕਦੇ ਵਧੀ ਨਹੀਂ ਸੀ।[4] ਫਿਰ ਵੀ ਪ੍ਰਬੰਧਕਾਂ ਨੇ ਇਸਨੂੰ ਸਚਿਤਰ ਕਰਨ ਦਾ ਫੈਸਲਾ ਕਰਕੇ ਇਸ ਤੇ ਅਮਲ ਕਰਨ ਵਿਚ ਵੀ ਢਿਲ ਨਾ ਕੀਤੀ।[5] ਇਕਤਰ ਹੁੰਦੇ ਚੰਦਿਆਂ ਨਾਲ ਤਾਂ ਕਈ ਵਾਰ ਪਰਚਾ ਆਪਣਾ ਭਾਰ ਚੁਕਣ ਤੋਂ ਵੀ ਅਸਮਰਥ ਹੋ ਜਾਂਦਾ ਸੀ। ਇਸ ਹਾਲਤ ਵਿਚ ਵੀ ਗੁਰਪੁਰਬ ਆਦਿ ਮੌਕਿਆਂ ਤੇ ਟ੍ਰੈਕਟ ਛਾਪ ਕੇ ਮੁਫਤ ਵੰਡੇ ਜਾਂਦੇ ਸਨ ਤਾਂ ਕਿ ਪੰਜਾਬੀ ਦਾ ਪ੍ਰਚਾਰ ਹੋ ਸਕੇ। ਇਨ੍ਹਾਂ ਕਾਰਨਾਂ ਕਰਕੇ ਹੀ, 'ਕਵੀ' ਦਾ ਲੱਕ ਜੁਆਨ ਉਮਰ ਵਿਚ ਵੀ 80 ਸਾਲ ਦੇ ਬੁਢੇ ਵਾਂਗ ਕੁਬਾ ਹੀ ਰਿਹਾ। ਕਈ ਵਾਰ ਤਾਂ ਇਹ ਧੜੰਮ ਕਰਕੇ ਡਿਗ ਪੈਣ ਦੀ ਅਵਸਥਾ ਵੀ ਧਾਰਨ ਕਰ ਜਾਂਦਾ। ਸੇਵਕਾਂ ਵਲੋਂ ਪਾਈ ਜਾਂਦੀ ਹਾਲ ਦੁਹਾਈ ਦੇ ਫਲਸਰੂਪ ਪੰਜਾਬੀ ਪਿਆਰੇ ਹੀ ਇਸ ਨੂੰ ਉਠਾ ਕੇ ਸਿੱਧਾ ਖੜ੍ਹਾ ਕਰਨ ਦੀ ਦਲੇਰੀ ਤੇ ਹਿੰਮਤ ਕਰਦੇ, ਜਿਸ ਤੋਂ ਉਤਸ਼ਾਹਤ ਹੋ ਕੇ ਇਹ ਪੁਲਾਘਾਂ ਭਰਦਾ ਫਿਰ ਆਪਣੀ ਮੰਜ਼ਲ ਤੇ ਤੁਰ ਪੈਂਦਾ।

'ਕਵੀ' ਦਾ ਜੋ ਸੁਆਗਤ ਸਾਹਿਤਕਾਰੀਆਂ ਨੇ ਕੀਤਾ ਉਹ ਨਿਰਸੰਦੇਹ ਉਤਸ਼ਾਹ

1. ਸ. ਸ. ਅਮੋਲ, 'ਕਵੀ ਕੁਟੀਆ ਦੀ ਦੇਣ', ਅੰਮ੍ਰਿਤਸਰ, 1981, ਪੰਨਾ 6.
2. ਮਾਸਕ 'ਕਵੀ' ਕਲਕੱਤਾ, ਅਪ੍ਰੈਲ 1927, ਪੰਨਾ 5।
3. ਉਹੀ, ਜਨਵਰੀ 1931, ਪੰਨਾ 236।
4. ਸ. ਸ. ਅਮੋਲ, 'ਕਵੀ ਕੁਟੀਆ ਦੀ ਦੇਣ', ਅੰਮ੍ਰਿਤਸਰ, ਜਨਵਰੀ 1981, ਪੰਨਾ 7।
5. ਮਾਸਕ 'ਕਵੀ' ਕਲਕੱਤਾ, ਜਨਵਰੀ 1929, ਪੰਨਾ 258।

Sri Satguru Jagjit Singh Ji Elibrary NamdhariElibrary@gmail com

ਵਰਧਕ ਸੀ। ਇਸ ਨੂੰ ਮੁਢ ਤੋਂ ਲੈ ਕੇ ਅੰਤ ਤਕ, ਭਾਈ ਕਾਨ੍ਹ ਸਿੰਘ ਨਾਭਾ, ਚਰਨ ਸਿੰਘ 'ਸ਼ਹੀਦ', ਧਨੀ ਰਾਮ 'ਚਾਤ੍ਰਿਕ', ਬਾਵਾ ਬੁਧ ਸਿੰਘ, ਵਿਧਾਤਾ ਸਿੰਘ 'ਤੀਰ', ਗੁਰਾਂਦਿਤਾ 'ਖੰਨਾ', ਪ੍ਰਿੰਸੀਪਲ ਤੇਜਾ ਸਿੰਘ, ਵਿਦਿਆ ਸਾਗਰ, ਹਰਨਾਮ ਸਿੰਘ ਵਲਭ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਪੰਡਤ ਰਾਮ ਨਰੇਸ਼, ਕਿਰਪਾ ਸਾਗਰ, ਮੌਲਾ ਬਖਸ਼ 'ਕੁਸ਼ਤਾ', ਪੰਡਤ ਬ੍ਰਿਜਲਾਲ ਸ਼ਾਸਤ੍ਰੀ, ਉਤਮ ਸਿੰਘ 'ਸਾਥੀ' ਸੁੰਦਰ ਦਾਸ 'ਆਸੀ', ਦੀਵਾਨ ਸਿੰਘ ਕਾਲੇਪਾਣੀ, ਹੀਰਾ ਸਿੰਘ 'ਦਰਦ' ਪ੍ਰਿਥੀ ਸਿੰਘ ਤੇ ਹਰੀਬੁਧ ਆਦਿ ਸਾਹਿਤ ਪ੍ਰੇਮੀਆਂ ਦਾ ਸਾਥ ਪ੍ਰਾਪਤ ਰਿਹਾ।

'ਕਵੀ' ਦੀ ਸਾਰੀ ਉਮਰ ਹੀ ਕਾਵਿ ਦੀ ਪ੍ਰਕਰਮਾ ਕਰਦਿਆਂ ਹੀ ਲੰਘ ਗਈ। ਹਰ ਅੰਕ ਵਿਚ ਕਵੀਆਂ ਦੀਆਂ ਰਚਨਾਵਾਂ ਨੂੰ ਦੋ ਮੌਕੇ ਪ੍ਰਦਾਨ ਕੀਤੇ ਜਾਂਦੇ ਸਨ, ਇਕ 'ਕਵੀ ਦਰਬਾਰ' ਅਧੀਨ ਤੇ ਦੂਜਾ 'ਸਮਸਯਾਪੂਰਤੀ' ਅਧੀਨ। ਕਦੇ ਕਦੇ ਤਾਂ ਖੁਲ੍ਹੀਆਂ ਉਡਾਰੀਆਂ ਲਾਉਣ ਦੀ ਖੁਲ੍ਹ ਵੀ ਦੇ ਦਿਤੀ ਜਾਂਦੀ ਸੀ ਪਰ 'ਕਵੀ' ਵਿਚ ਕਿਸੇ ਕਵੀ ਦੀ ਰਚਨਾ ਦਾ ਛਪਣਾ ਇੰਨਾ ਸਹਿਲ ਨਹੀਂ ਸੀ ਹੁੰਦਾ ਕਿਉਂ ਜੁ ਇਸ ਦਾ ਮਿਆਰ ਬਹੁਤ ਉਚਾ ਹੁੰਦਾ ਸੀ ਜਿਸ ਨੇ ਸਚਿਤਰ ਰੂਪ ਵਿਚ ਵੀ, ਉਨ੍ਹੀਂ ਦਿਨੀਂ, ਜਦੋਂ ਅਜੇ ਪੰਜਾਬੀ ਪਾਠਕ ਪੈਦਾ ਹੀ ਕੀਤੇ ਜਾ ਰਹੇ ਸਨ, 300 ਪੰਨੇ ਦਾ ਵਿਸ਼ੇਸ਼ਾਂਕ ਕੱਢ ਕੇ ਸਾਹਿਤ ਜਗਤ ਵਿਚ ਧੁੰਮਾਂ ਪਾ ਦਿਤੀਆਂ ਸਨ। ਇਸ ਨੇ ਕਿੰਨੇ ਹੀ ਨਵੇਂ ਕਵੀ ਪੈਦਾ ਕੀਤੇ। ਸਾਹਿਤ ਖੇਤਰ ਵਿਚ ਪੈਰ ਜਮਾ ਚੁਕੇ ਕਵੀਆਂ ਦੀਆਂ ਰਚਨਾਵਾਂ ਦੀ ਆਲੋਚਨਾ ਵੀ ਕੀਤੀ ਜਾਂਦੀ ਸੀ ਪਰ ਲਗਦੇ ਹੱਥ ਨਵੇਂ, ਸਿਖਾਂਦਰੂਆਂ ਨੂੰ ਵੀ ਉਤਸ਼ਾਹਤ ਕੀਤਾ ਜਾਂਦਾ ਸੀ। ਅਫਸੋਸ ਦੀ ਗੱਲ ਇਹ ਹੋਈ ਕਿ ਇਸ ਕੀਮਤੀ ਮਾਸਕ ਪੱਤਰ ਨੂੰ ਪੰਜਵੇਂ ਸਾਲ ਵਿਚ ਇਕ ਸਾਹ ਲੈਣਾ ਵੀ ਨਸੀਬ ਨਾ ਹੋ ਸਕਿਆ।

'ਕਵੀ' ਨੇ ਪੰਜਾਬੀ ਵਿਦਵਾਨਾਂ ਵਿਚ ਕਿਸ ਤਰ੍ਹਾਂ ਦਾ ਆਦਰ ਪ੍ਰਾਪਤ ਕਰ ਲਿਆ ਸੀ ਉਸ ਦਾ ਅਨੁਮਾਨ ਇਸ ਸਬੰਧੀ ਪ੍ਰਗਟਾਏ ਕੁਛ ਵਿਦਵਾਨਾਂ ਦੇ ਵਿਚਾਰਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ:

> "ਹੁਣ 'ਕਵੀ ਕੁਟੀਆ' ਕਲਕੱਤਾ ਦੇ ਨਿਵਾਸੀ ਸਿਖ ਕਵੀਆਂ ਦੇ ਮਨ ਵਿਚ ਜੋ ਵਿਤੋਂ ਵਧ ਕੇ ਸਿਖ ਸਾਹਿਤਯ ਦੀ ਉਨਤੀ ਲਈ ਤਤਪਰ ਰਹਿੰਦੇ ਹਨ 'ਕਵੀ' ਨਾਮਕ ਮਾਸਕ ਪੱਤਰ ਉਤਮ ਲੇਖਾਂ ਨਾਲ ਭੂਸ਼ਤ ਕਰਨ ਦਾ ਸੰਕਲਪ ਫੁਰਿਆ ਹੈ।"

"ਭਾਈ ਕਾਨ੍ਹ ਸਿੰਘ ਨਾਭਾ ਨੇ 'ਕਵੀ' ਨੂੰ ਆਸ਼ੀਰਵਾਦ ਦੇਣ ਸਮੇਂ ਲਿਖਿਆ ਸੀ।[1] ਲਾਲਾ ਧਨੀ ਰਾਮ 'ਚਾਤ੍ਰਿਕ' ਨੇ "ਇਸ ਦੀ ਪਾਲਿਸੀ ਅਤੇ ਮਜ਼ਮੂਨਾਂ ਆਦਿਕ ਨੂੰ ਬਹੁਤ ਸ਼ਲਾਘਾਯੋਗ ਪਾਇਆ ਸੀ।[2] 'ਕਵੀ ਕੁਟੀਆ' ਦੇ ਸਾਹਿਤਯ ਨਾਲ ਪ੍ਰੇਮ ਨੂੰ, ਪ੍ਰੋਫੈਸਰ ਤੇਜਾ ਸਿੰਘ ਹੋਰਾਂ ਨੇ ਦਿਲ ਨੂੰ ਆਸ ਬੰਨ੍ਹਾਉਣ ਵਾਲਾ ਸਮਝਿਆ ਸੀ। "ਪੰਜਾਬੀ ਭਾਸ਼ਾ ਨੂੰ ਇਸ 'ਕਵੀ' ਦੀ ਲੋੜ ਚਿਰਾਂ ਤੋਂ ਸੀ ਅਰ ਤਮਾਮ ਪੰਜਾਬੀ ਪ੍ਰੇਮੀਆਂ ਦੀਆਂ ਅਖਾਂ 'ਕਵੀ ਕੁਟੀਆ' ਵਲ ਲਗੀਆਂ ਹੋਈਆਂ ਸਨ। ਮੈਨੂੰ ਨਿਸਚਾ ਹੈ ਕਿ 'ਕਵੀ' ਪੰਜਾਬੀ ਦੀ ਸ਼ਾਨ ਨੂੰ ਉਚਾ ਕਰਨ, ਪੰਜਾਬੀ ਸਾਹਿਤਯ ਦਾ ਵਾਧਾ ਕਰਨ,

---

1. ਮਾਸਕ 'ਕਵੀ', ਕਲਕੱਤਾ, ਅਪ੍ਰੈਲ 1927, ਪੰਨਾ 19.
2. ਉਹੀ, ਜੂਨ 1927, ਪੰਨਾ 143, 144.

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਕਾਵਯ ਨੂੰ ਮਾਂਜ ਧੋ ਕੇ ਤੇ ਚਿਲਕਾ ਕੇ ਚਮਕਾਉਣ, ਕਾਵਯ ਰੂਪੀ ਅਮੋਲਕ ਜ਼ੇਵਰ ਨਾਲ ਪੰਜਾਬੀ ਭਾਸ਼ਾ ਨੂੰ ਸ਼ਿੰਗਾਰਨ, ਪੁਰਾਣੇ ਕਵੀਆਂ ਤੇ ਓਹਨਾਂ ਦੀਆਂ ਰਚਨਾਵਾਂ ਦੀ ਖੋਜ ਕਰਨ, ਨਵੇਂ ਕਵੀਆਂ ਨੂੰ ਕਾਵਯ ਦਾ ਅਸਲੀ ਰੂਪ ਦਰਸਾਉਣ ਤੇ ਕਵਿਤਾ ਦੇ ਸ਼ੌਕੀਨਾਂ ਨੂੰ ਯਥਾ ਸ਼ਕਤੀ ਕਾਵਯ ਦੀ ਪਟੜੀ ਤੇ ਚੜ੍ਹਾਉਣ ਦੇ ਅਨੇਕਾਂ ਮਹਾਨ ਕਾਰਜਾਂ ਵਿਚ ਤਕੜੀ ਸਫਲਤਾ ਪ੍ਰਾਪਤ ਕਰਕੇ ਆਪਣੇ ਨਾਮ ਨੂੰ ਸੁਫਲਾ ਕਰੇਗਾ।" ਇਹ ਆਸ ਚਰਨ ਸਿੰਘ ਸ਼ਹੀਦ ਨੇ ਪ੍ਰਗਟਾਈ ਸੀ[1]।

## ਸਪਤਾਹਿਕ ਸਿੰਡੀਕੇਟ

ਕਲਕੱਤੇ ਵਿਚ ਵਸਦੇ ਪੰਜਾਬੀ ਜਾਂ ਤਾਂ ਵਪਾਰਕ ਕੰਮਾਂ ਕਾਰਾਂ ਵਿਚ ਲਗੇ ਹੋਏ ਸਨ ਤੇ ਜਾਂ ਮੋਟਰਾਂ ਦੇ ਕੰਮਾਂ ਵਿਚ। ਨਿੱਤ ਨਵੇਂ ਸੂਰਜ ਉਨ੍ਹਾਂ ਨੂੰ ਸਰਕਾਰੀ ਤੇ ਕਾਰੋਬਾਰੀ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪੁਲਸ ਵਾਲਿਆਂ ਨੇ ਵੀ ਚੰਗੀ ਲੁਟ ਮਚਾਈ ਹੋਈ ਸੀ। ਪੰਜਾਬੀ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਦਾ ਗਿਆਨ ਕਰਾਉਣ, ਤਕਨੀਕੀ ਜਾਣਕਾਰੀ ਦੇਣ ਤੇ ਲੁਟਖਸੁਟ ਤੋਂ ਉਨ੍ਹਾਂ ਦੇ ਬਚਾਉ ਲਈ ਉਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲਾ ਕੋਈ ਪੰਜਾਬੀ ਪਰਚਾ ਨਹੀਂ ਸੀ।

ਮਾਸਕ 'ਕਵੀ' ਛੇੜ੍ਹ ਕੁ ਵਰ੍ਹੇ ਦਾ ਹੋ ਚੁੱਕਾ ਸੀ ਜਦੋਂ ਉਸ ਦੀ ਸਫਲਤਾ ਤੋਂ ਪ੍ਰਭਾਵਤ ਹੋ ਕੇ, 'ਦੁਖੀ' ਜੀ ਨੇ ਨਿਰੋਲ ਵਪਾਰਕ ਦ੍ਰਿਸ਼ਟੀਕੋਣ ਤੋਂ, ਸਪਤਾਹਿਕ 'ਸਿੰਡੀਕੇਟ' ਨਾਂ ਦਾ ਰਸਾਲਾ। ਨਵੰਬਰ 1928 ਤੋਂ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਪਰਚੇ ਦੇ ਆਦਰਸ਼ ਦਾ ਵਰਨਣ ਕਰਦਿਆਂ ਆਪ ਨੇ ਲਿਖਿਆ ਸੀ :

> "ਇਸ ਵਿਚ ਮੋਟਰਾਂ ਸਬੰਧੀ ਵਿਚਾਰਾਂ, ਇੰਜਣਾਂ ਦੀਆਂ ਖਰਾਬੀਆਂ, ਟਾਇਰ ਠੀਕ ਰਖਣ ਦੇ ਢੰਗ, ਚਲਾਉਣ ਦੇ ਤਰੀਕੇ ਆਦਿ ਤੇ ਵਿਚਾਰਾਂ ਹੋਇਆ ਕਰਨਗੀਆਂ। ਇਸ ਵਿਚ ਮੋਟਰ ਡਰਾਈਵਰਾਂ ਦੀਆਂ ਤਕਲੀਫਾਂ, ਪੁਲਸ ਦਾ ਧੱਕਾ, ਮੱਲੋਮੱਲੀ ਦੇ ਕੇਸ, ਬੇਜਾ ਤੰਗ ਕਰਨਾ, ਵਢੀ ਲੈਣਾ, ਬਦਜ਼ਬਾਨੀ ਕਰਨੀ ਆਦਿ ਉੱਤੇ ਜ਼ਬਰਦਸਤ ਲੇਖ ਹੋਇਆ ਕਰਨਗੇ। ....... ਇਸ ਦਾ ਮਜ਼ਬੀ ਝਗੜਿਆਂ ਤੇ ਬਖੇੜਿਆਂ ਨਾਲ ਕੋਈ ਸਬੰਧ ਨਹੀਂ ਹੋਵੇਗਾ। ...ਇਸ ਦੀ ਪਾਲਿਸੀ ਨਿਰਪੱਖ, ਨਿਧੜਕ ਤੇ ਬੇਖੌਫੀ ਹੋਵੇਗੀ।"[2]

ਇਸ ਪੱਤਰ ਦੀ ਇਕ ਸਵਾਦਲੀ ਗੱਲ ਇਹ ਵੀ ਸੀ ਕਿ ਇਕ ਪਾਸੇ ਇਹ ਸਰਕਾਰੀ ਕਰੋਪੀ ਵਿਰੁਧ ਆਵਾਜ਼ ਉਠਾਉਣ ਲਈ ਬਚਨਬਧ ਸੀ ਤੇ ਦੂਜੇ ਬੰਨੇ ਸਰਕਾਰ ਤੇ ਪਰਜਾ ਵਿਚਕਾਰ ਸੁਹਣੇ ਸਬੰਧ ਪੈਦਾ ਕਰਨੇ ਵੀ ਇਸ ਦੇ ਮਨੋਰਥ ਪੱਤਰ ਵਿਚ ਦਰਜ ਸੀ। ਇਸ ਵਿਚ ਛਪਣ ਵਾਲੇ ਲੇਖ ਆਮ ਕਰਕੇ ਇਸ ਦੇ ਆਦਰਸ਼ ਘੇਰੇ ਵਿਚ ਰਹਿੰਦੇ ਸਨ ਪਰ ਕਈ ਵਾਰੀ ਗਰਮੋ ਗਰਮ ਰਚਨਾਵਾਂ ਵੀ ਛਪ ਜਾਂਦੀਆਂ ਸਨ।

## ਸਪਤਾਹਿਕ ਸਾਂਝੀਵਾਲ

ਕਲਕੱਤੇ ਰਹਿੰਦਿਆਂ ਹੀ, ਆਪ ਦਾ ਝੁਕਾਉ ਕੁਛ ਕੁਛ ਸਮਾਜਵਾਦ ਵਲ ਨੂੰ ਹੋਣਾ

---

1. ਮਾਸਕ 'ਕਵੀ', ਕਲਕੱਤਾ, ਜੂਨ 1927, ਪੰਨਾ 143, 44.
2. ਸਪਤਾਹਿਕ ਸਿੰਡੀਕੇਟ, ਕਲਕੱਤਾ, 11 ਨਵੰਬਰ 1928, ਪੰਨਾ 4, 5,

Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਹੋ ਗਿਆ ਮਲੂਮ ਹੁੰਦਾ ਹੈ। ਹੋ ਸਕਦਾ ਹੈ, ਇਹ ਅੰਮ੍ਰਿਤਸਰੋਂ ਸਾਮਰਾਜ ਦੇ ਵਿਰੁਧ ਅਤੇ ਸਮਾਜਵਾਦ ਤੇ ਦੇਸ਼ ਭਗਤੀ ਦੇ ਪਰਚਾਰ ਲਈ ਨਿਕਲਦੇ ਮਾਸਕ 'ਕਿਰਤੀ' ਦੇ ਪ੍ਰਭਾਵ ਦਾ ਹੀ ਸਿਟਾ ਹੋਵੇ। ਇਧਰ 'ਦੁਖੀ' ਜੀ ਨੇ ਸਮਾਜਵਾਦ ਤੇ ਸਰਬ ਸਾਂਝੀਵਾਲਤਾ ਦੇ ਪਰਚਾਰ ਲਈ 1 ਜੂਨ 1929 ਨੂੰ ਸਪਤਾਹਿਕ 'ਸਾਂਝੀਵਾਲ' ਦਾ ਪ੍ਰਕਾਸ਼ਨ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਕਵੀ ਪ੍ਰੈਸ ਵਿਚੋਂ ਹੁਣ ਤਿੰਨ ਪਰਚੇ ਛਪਣੇ ਸ਼ੁਰੂ ਹੋ ਗਏ ਸਨ। ਇਸ ਪਰਚੇ ਦੀ ਨੀਤੀ ਤੇ ਚਾਨਣ ਪਾਉਂਦਿਆਂ ਸੰਪਾਦਕ ਨੇ ਸੰਕੇਤ ਕੀਤਾ ਸੀ :

> "ਮਾਇਆ ਧਾਰੀਆਂ ਦੀ ਮਗਰੂਰੀ ਨੂੰ ਦੂਰ ਕਰਨਾ 'ਜ਼ੁਲਮਾਂ ਨੂੰ ਦੂਰ ਕਰਨਾ ਤੇ ਉਨ੍ਹਾਂ ਦੀਆਂ ਗੁਝੀਆਂ ਕਾਰਸਤਾਨੀਆਂ ਨੂੰ ਮਸ਼ਹੂਰ ਕਰਨਾ ਕਿਰਤੀਆਂ ਨੂੰ ਜਗਾਉਣਾ, ਹੁਸ਼ਿਆਰ ਕਰਨਾ ਅਤੇ ਜਥੇਬੰਦ ਕਰਨਾ ।"[1]

ਸਪਤਾਹਿਕ ਸਿੰਡੀਕੇਟ ਵਾਂਗ ਪ੍ਰਸਪਰ ਵਿਰੋਧੀ ਆਸ਼ੇ ਇਥੇ ਵੀ ਦਿਤੇ ਹੋਏ ਮਿਲਦੇ ਹਨ :

> "ਮੈਂ ਬਾਗੀ ਹਾਂ ਪਰ ਸ਼ਾਂਤੀ ਤੇ ਨੇਮ ਦਾ ਪਰਚਾਰ ਕਰਦਾ ਹਾਂ, ਮੈਂ ਭੜਥੂ ਪਾਉਂਦਾ ਹਾਂ ਪਰ ਸ਼ਾਂਤੀ ਤੇ ਅਮਨ ਦਾ ਚਾਹਵਾਨ ਹਾਂ, ਮੈਂ ਅਗ ਦੀ ਨਾਲ ਹਾਂ ਪਰ ਪਾਣੀ ਦਾ ਫੁਹਾਰਾ ਹੋ ਕੇ ਵਰ੍ਹ ਰਿਹਾ ਹਾਂ, ਮੈਂ ਬਾਰੂਦ ਹਾਂ ਪਰ ਪਾਟੇ ਪਹਾੜਾਂ ਨੂੰ ਮੇਲਦਾ ਹਾਂ, ਮੈਂ ਭੂਤਨਾ ਹਾਂ ਪਰ ਫਰਿਸ਼ਤੇਪਨ ਦਾ ਢੰਡੋਰਾ ਫੇਰਦਾ ਹਾਂ। ਇਹ ਹੈ ਮੇਰਾ ਆਦਰਸ਼।"[2]

ਇਹ ਪੱਤਰ ਮਜ਼੍ਹਬੀ ਝਗੜਿਆਂ ਝੇੜਿਆਂ ਤੋਂ ਬੇਲਾਗ ਸੀ। ਸਭ ਨੂੰ ਇਕ ਥਾਂ ਇਕੱਠੇ ਕਰਨਾ ਇਸ ਦਾ ਪ੍ਰਯੋਜਨ ਸੀ। ਹਰ ਪਰਚੇ ਦੇ ਸਰਵਰਕ ਉੱਤੇ ਛਪਿਆ "ਸਭੇ ਸਾਂਝੀਵਾਲ ਸਦਾਇਨ" ਦਾ ਮਹਾਂਵਾਕ ਇਸ ਦੇ ਆਦਰਸ਼ਾਂ ਦੀ ਯਾਦ ਦੁਆਉਣ ਦਾ ਕੰਮ ਕਰਦਾ ਸੀ।

ਇਸ ਪਰਚੇ ਵਿਚ ਇਨਕਲਾਬੀ ਕਿਸਮ ਦੇ ਖੂਨ ਗਰਮਾਊ ਲੇਖ ਤੇ ਕਵਿਤਾਵਾਂ ਆਮ ਕਰਕੇ 'ਦੁਖੀ' ਜੀ ਰਚਿਤ ਹੀ ਹੁੰਦੇ ਸਨ। ਇਨ੍ਹਾਂ ਲੇਖਾਂ ਦੇ ਸਿਰਲੇਖਾਂ ਤੋਂ ਹੀ, ਇਨ੍ਹਾਂ ਦੇ ਹੇਠਾਂ ਛਪੀ ਸਮਗਰੀ ਦੇ ਰਉਂ ਦਾ ਅਨੁਮਾਨ ਲਗ ਜਾਂਦਾ ਹੈ। ਉਦਾਹਰਣ ਵਜੋਂ ਪੇਸ਼ ਹਨ ਕੁਝ ਚੋਣਵੇਂ ਸਿਰਲੇਖ :

1) ਤਖਤਾ ਉਲਟ ਜਾਵੇਗਾ।[2] 2) ਗਦਰ ਜ਼ਰੂਰ ਹੋਵੇਗਾ।[3] 3) ਆਜ਼ਾਦੀ ਕਿਵੇਂ ਪ੍ਰਾਪਤ ਹੋ ਸਕਦੀ ਹੈ।[4] 4) ਬੰਬ ਵਾਇਸਰਾਇ ਤੇ ਪਏ ਪਿਸ਼ੂ ਲੀਡਰਾਂ ਨੂੰ ਪਏ।[5] 5) ਪੂਰਨ ਆਜ਼ਾਦੀ ਦਾ ਮਤਾ,[6] ਆਦਿ।

ਆਪਣੀ ਆਦਤ ਅਨੁਸਾਰ, ਇਸ ਪਰਚੇ ਵਿਚ ਲਿਖਣ ਲੱਗਿਆਂ ਵੀ 'ਦੁਖੀ' ਜੀ

---

1. ਸਪਤਾਹਿਕ ਸਾਂਝੀਵਾਲ, ਕਲਕੱਤਾ, 12 ਜੂਨ 1929, ਪੰਨਾ 2.
2. ਉਹੀ, 21 ਅਗਸਤ 1929.
3. ਉਹੀ, 28 ਅਗਸਤ 1929.
4. ਉਹੀ, 8 ਦਸੰਬਰ 1929.
5. ਉਹੀ, 5 ਜਨਵਰੀ 1930.
6. ਉਹੀ, 22 ਜਨਵਰੀ 1930,

Sri Satguru Jagjit Singh Ji Elibrary NamdhariElibrary@gmail com

ਕਿਸੇ ਦਾ ਲਿਹਾਜ਼ ਨਹੀਂ ਸਨ ਕਰਦੇ । ਕਈ ਖ਼ਬਰਾਂ ਵੀ ਅਜਿਹੀਆਂ ਹੁੰਦੀਆਂ ਸਨ ਜਿਨ੍ਹਾਂ ਦੀ ਸ਼ਬਦਾਵਲੀ ਆਪ ਦੇ ਅੰਦਰਲੇ ਜਜ਼ਬੇ ਨੂੰ ਪ੍ਰਗਟਾਉਂਦੀ ਸੀ । ਉਦਾਹਰਣ ਵਜੋਂ, "ਪੂਰਨ ਆਜ਼ਾਦੀ ਦਾ ਮਤਾ" ਸਿਰਲੇਖ ਹੇਠ ਲਿਖੀਆਂ ਸਤਰਾਂ ਵਿਚੋਂ ਕੇਵਲ ਦੋ ਸਤਰਾਂ ਹਾਜ਼ਰ ਹਨ :

> "ਆਮ ਦੁਨੀਆਂ ਦਾ ਖਿਆਲ ਸੀ ਕਿ ਪਹਿਲੀ ਜਨਵਰੀ ਤੋਂ ਹਿੰਦੁਸਤਾਨ ਆਜ਼ਾਦ ਹੋ ਜਾਵੇਗਾ । ਇਸ ਵਿਚ ਆਮ ਜਨਤਾ ਦੀ ਭੁਲ ਨਹੀਂ ਸਗੋਂ ਪੜ੍ਹੇ ਲਿਖੇ ਚਾਲਾਕ ਆਗੂਆਂ ਦੀ ਚਰਿਤਰਬਾਜ਼ੀ ਸੀ ਤੇ ਹੈ ।"[1]

'ਸਾਂਝੀਵਾਲ' ਦਾ ਆਦਰਸ਼ ਭਾਵੇਂ ਬੜਾ ਕੀਮਤੀ ਤੇ ਸਮੇਂ ਦੀ ਲੋੜ ਅਨੁਸਾਰ ਢੁਕਵਾਂ ਸੀ ਪਰ ਇਹੋ ਪਰਚਾ ਹੀ ਸਭ ਤੋਂ ਮੰਦਭਾਗਾ ਸਿਧ ਹੋਇਆ । ਇਸ ਵਿਚਲੇ ਲੇਖ ਤੇ ਕਵਿਤਾਵਾਂ ਵਿਚੋਂ ਕੌਮੀ ਜਜ਼ਬਾ ਫੁਟ ਫੁਟ ਪੈਂਦਾ ਹੋਣ ਕਾਰਨ ਉਨ੍ਹਾਂ ਦਾ ਸਿੱਧਾ ਅਸਰ ਬਰਤਾਨਵੀ ਸਰਕਾਰੀ ਮਸ਼ੀਨਰੀ ਤੇ ਪੈਂਦਾ ਸੀ ਜਿਸ ਕਰ ਕੇ ਇਸ ਪਰਚੇ ਦਾ ਸਰਕਾਰੀ ਕਰੋਪੀ ਦਾ ਸ਼ਿਕਾਰ ਹੋਣਾ ਕੋਈ ਅਲੋਕਾਰ ਗਲ ਨਹੀਂ ਸੀ । ਆਏ ਦਿਨ ਕੋਈ ਨਾ ਕੋਈ ਆਫ਼ਤ ਪਈ ਹੀ ਰਹਿੰਦੀ । ਝਟਪਟ ਹੀ ਗ੍ਰਿਫ਼ਤਾਰੀਆਂ ਹੋ ਜਾਂਦੀਆਂ ਸਨ । "ਇਸੇ ਕਰਕੇ ਐਡੀਟਰਾਂ ਦੇ ਨਾਂ ਵੀ ਫਰਜ਼ੀ ਹੁੰਦੇ ਸਨ । ਜੂਨ 1929 ਤੋਂ ਅਪਰੈਲ 1931 ਤਕ ਬਲਵੰਤ ਸਿੰਘ ਪ੍ਰਦੇਸੀ, ਬਚਨ ਦਾਸ ਸ਼ਰਮਾ, ਗੁਰਬਖਸ਼ ਸਿੰਘ ਰੰਗੀਲਾ ਤੇ ਬੀਰ ਸਿੰਘ ਚਾਰ ਐਡੀਟਰਾਂ ਦੇ ਨਾਂ ਦਿਤੇ ਗਏ ।"[2]

ਇਹ ਠੀਕ ਹੈ ਕਿ ਇਸ ਪਰਚੇ ਦੇ ਸੰਪਾਦਕਾਂ ਦੇ ਨਾਂ ਫਰਜ਼ੀ ਹੁੰਦੇ ਸਨ ਪਰ ਪ੍ਰੈਸ ਤਾਂ ਫਰਜ਼ੀ ਨਹੀਂ ਸੀ । ਸਰਕਾਰ ਨੇ ਆਪਣੀ ਤੰਗੀ ਦੂਰ ਕਰਨ ਲਈ 1931 ਵਿਚ ਪ੍ਰੈਸ ਜ਼ਬਤ ਕਰ ਲਿਆ ਜਿਸ ਦੇ ਫਲਸਰੂਪ 'ਕਵੀ', 'ਸਿੰਡੀਕੇਟ' ਅਤੇ 'ਸਾਂਝੀਵਾਲ'— ਮੂੰਹਾਂ ਨੂੰ ਤਾਅ ਦੇ ਕੇ ਇਕਠੇ ਹੀ ਸਦਾ ਦੀ ਨੀਂਦੇ ਸੌਂ ਗਏ ।* 'ਕਵੀ' ਦੀ ਮੌਤ ਦਾ ਦੁਖ ਸਾਹਿਤਕ ਹਲਕਿਆਂ ਵਿਚ ਬਹੁਤ ਅਨੁਭਵ ਕੀਤਾ ਗਿਆ ।

## ਮਾਸਿਕ ਵਿਹਾਰ ਸੁਧਾਰ

"ਮੀਆਂ ਚੰਨੂੰ (ਜ਼ਿਲਾ ਮੁਲਤਾਨ) ਵਿਚ, ਸਰਦਾਰ ਪ੍ਰੇਮ ਸਿੰਘ ਮਿਤਰ ਨੇ ਰਸਾਲਾ 'ਵਿਹਾਰ ਸੁਧਾਰ' ਜਾਰੀ ਕਰਨ ਦਾ ਸੰਕਲਪ ਕੀਤਾ । ਡਾਕਟਰ ਉਤਮ ਸਿੰਘ ਸਾਥੀ ਤੇ ਦੂਜੇ ਸਜਨਾਂ ਨੇ ਪ੍ਰੋਗਰਾਮ ਬਣਾਇਆ ਕਿ ਇਸ ਰਸਾਲੇ ਲਈ ਸ: ਮੁਨਸ਼ਾ ਸਿੰਘ 'ਦੁਖੀ' ਨੂੰ ਕਲਕੱਤੇ ਤੋਂ ਬੁਲਾਇਆ ਜਾਏ ।"[3] ਸਰਕਾਰ ਨੇ 'ਦੁਖੀ' ਜੀ ਨੂੰ ਕਲਕੱਤੇ ਵਿਚਲੇ ਪਰਚਿਆਂ ਦੇ ਕੰਮਾਂ ਤੋਂ ਵਿਹਲ ਬਖਸ਼ ਹੀ ਦਿਤੀ ਸੀ । ਕੁਛ ਚਿਰ ਮਹਾਰਾਜਾ ਕਪੂਰਥਲਾ ਕੋਲ ਟਿਕਣ ਪਿਛੋਂ ਆਪ ਮੀਆਂ ਚੰਨੂੰ ਚਲੇ ਗਏ ਤੇ ਅਗਸਤ 1934 ਵਿਚ 'ਵਿਹਾਰ

---

1. ਸਪਤਾਹਿਕ ਸਾਂਝੀਵਾਲ ਕਲਕੱਤਾ, 22 ਜਨਵਰੀ 1930.
2. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965.
3. ਸਾਧੂ ਸਿੰਘ ਹਮਦਰਦ, 'ਯਾਦ ਬਣੀ ਇਤਿਹਾਸ', ਰੋਜ਼ਾਨਾ ਅਜੀਤ, ਜਲੰਧਰ, 7 ਸਤੰਬਰ 1980.

* ਊਸ਼ਾ ਖੰਨਾ ਦਾ ਇਹ ਕਹਿਣਾ ਠੀਕ ਨਹੀਂ ਕਿ ਇਹ ਪਰਚੇ ਆਰਥਕ ਤੰਗੀਆਂ ਕਾਰਨ ਬੰਦ ਹੋ ਗਏ । (ਵੇਖੋ, ਮਾਸਕ ਜਾਗ੍ਰਤੀ, ਚੰਡੀਗੜ੍ਹ, ਮਈ 1981, ਪੰਨਾ 33)

Sri Satguru Jagjit Singh Ji Elibrary NamdhariElibrary@gmail.com

ਸੁਧਾਰ' ਦਾ ਪਹਿਲਾ ਪਰਚਾ ਪਾਠਕਾਂ ਦੇ ਹਥਾਂ ਵਿਚ ਪਹੁੰਚਾ ਦਿਤਾ। 'ਦੁਖੀ' ਜੀ ਮੁਖ ਸੰਪਾਦਕ ਤੇ ਡਾਕਟਰ ਉਤਮ ਸਿੰਘ ਸਹਿ–ਸੰਪਾਦਕ ਥਾਪੇ ਗਏ । ਇਹ ਪਰਚਾ ਪਹਿਲਾਂ ਕਾਫੀ ਚਿਰ ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਤੋਂ ਛਪਦਾ ਰਿਹਾ ਪਰ ਛਪਾਈ ਵਿਚ ਅਕਾਰਣ ਦੇਰੀ ਹੋ ਜਾਣ ਕਾਰਨ ਪ੍ਰਬੰਧਕਾਂ ਨੂੰ ਕਈ ਵਾਰ ਪਾਠਕਾਂ ਤੋਂ ਸ਼ਰਮਸਾਰ ਹੋਣਾ ਪੈਂਦਾ ਸੀ। ਨਿੱਤ ਦਾ ਰੋਣਾ ਨਬੇੜਨ ਦੇ ਖਿਆਲ ਨਾਲ, ਪ੍ਰੇਮ ਸਿੰਘ ਮਿਤਰ ਨੇ ਮਿੰਟਗੁਮਰੀ ਵਿਚ ਆਪਣੀ ਹੀ 'ਵਿਹਾਰ ਸੁਧਾਰ' ਪ੍ਰੈਸ ਲਾ ਲਈ ਜਿਸ ਕਰ ਕੇ ਅਕਤੂਬਰ–ਨਵੰਬਰ 1935 ਦਾ ਸਾਂਝਾ ਪਰਚਾ ਮਿੰਟਗੁਮਰੀ ਤੋਂ ਹੀ ਕਢਿਆ ਗਿਆ।[1] ਇਥੇ ਐਡੀਟਰ 'ਦੁਖੀ' ਜੀ ਤੇ ਭਗਤ ਸਿੰਘ ਹੀਰਾ ਹੀ ਰਹਿ ਗਏ।

> "ਦੁਖੀ ਜੀ ਨੇ ਤਾਂ ਮਿੰਟਗੁਮਰੀ ਜਾਣਾ ਹੀ ਸੀ, ਮੈਨੂੰ ਵੀ ਪ੍ਰੈਸ ਦਾ ਮੈਨੇਜਰ ਬਣਾ ਕੇ ਉਥੇ ਲਿਜਾਣ ਦੀ ਆਫਰ (ਪੇਸ਼ਕਸ਼) ਕੀਤੀ।......ਮੇਰੇ ਅੰਦਰ ਜੋ ਐਡੀਟਰ ਬੈਠਾ ਸੀ ਉਸ ਨੂੰ 'ਦੁਖੀ' ਜੀ ਦੀ ਇਹ ਤਜਵੀਜ਼ ਪਸੰਦ ਆਈ।.. ਮੈਂ ਮਿੰਟਗੁਮਰੀ ਆ ਗਿਆ ਤੇ ਆਪਣਾ ਲਿਖਣ ਦਾ ਝੱਸ ਪੂਰਾ ਕਰਨ ਲੱਗ ਪਿਆ।"[2]

'ਦੁਖੀ' ਜੀ ਅਨੁਸਾਰ, ਮਿੰਟਗੁਮਰੀ ਤੋਂ ਪਰਚਾ ਪ੍ਰੇਮ ਸਿੰਘ ਮਿਤਰ ਸੰਸਾਰਪੁਰੀ ਦੀ ਮਾਲਕੀ ਹੇਠ ਨਿਕਲਦਾ ਸੀ "ਪਰ ਪ੍ਰਬੰਧਕਾਂ ਨਾਲ ਕੁਝ ਗਲਤ ਫਹਿਮੀ ਦੇ ਕਾਰਨ ਫਰਵਰੀ 1936 ਵਿਚ ਮੈਂ ਅਡ ਹੋ ਗਿਆ ।" ਦਿਨ੍ਹਾਂ ਤੋਂ ਪਿਛੋਂ ਬੇਨਾਮ ਸੰਪਾਦਕੀ ਸਾਧੂ ਸਿੰਘ ਹਮਦਰਦ ਨੂੰ ਸੌਂਪੀ ਗਈ।[3]

'ਵਿਹਾਰ ਸੁਧਾਰ' ਦੇ ਮੁਖ ਮਨੋਰਥ ਅਤੇ ਨੀਤੀ ਦਾ ਸੰਕੇਤ ਤਾਂ ਇਸ ਦੇ ਨਾਂ ਤੋਂ ਹੀ ਮਿਲ ਜਾਂਦਾ ਹੈ ਪਰ ਇਸ ਵਿਚ ਕਈ ਸਤੰਭ 'ਕਵੀ' ਵਾਲੇ ਵੀ ਚਾਲੂ ਰਖੇ ਗਏ। ਬਾਕੀ ਦੇ ਲੇਖ, ਕਵਿਤਾਵਾਂ, ਕਹਾਣੀਆਂ ਆਦਿ ਸਭ ਸਮਗਰੀ ਵਿਹਾਰ ਸੁਧਾਰ ਦੇ ਵਿਸ਼ੇ ਨਾਲ ਹੀ ਸਬੰਧਤ ਹੁੰਦੀ ਸੀ।

> "ਸਾਡਾ ਨਿਸ਼ਾਨਾ ਹੈ ਭੈੜੀਆਂ ਕੁਰੀਤਾਂ ਦਾ ਸੁਧਾਰ ਕਰਨਾ, ਹਾਨੀਕਾਰਕ ਰਿਵਾਜਾਂ ਨੂੰ ਤਿਆਗਣ ਦਾ ਪ੍ਰਚਾਰ ਕਰਨਾ, ਗੰਦੀਆਂ ਰਸਮਾਂ ਛਡਣਾ ਛੁਡਾਉਣਾ, ਨਿਕੰਮੇ ਚਾਲਿਆਂ ਨੂੰ ਰੋਕਣਾ, ਵਿਗੜੇ ਹੋਏ ਸਮਾਜ ਚਮਕੇ ਨੂੰ ਸੁਧਾਰਨਾ ਤੇ ਅਧੋਗਤੀ ਨੂੰ ਜਾ ਰਹੇ ਭਾਰਤ-ਵਾਸੀਆਂ ਨੂੰ ਸਿਧੇ ਰਾਹ ਪਾਉਣਾ, ਕਵਿਤਾਵਾਂ, ਕਹਾਣੀਆਂ, ਲੇਖਾਂ, ਕਾਰਟੂਨਾਂ ਤੇ ਹਸੌਣੇ ਚੁਟਕਲਿਆਂ ਨਾਲ ਦਾਜ ਦਹੇਜ, ਮਰਨਾ ਪਰਨਾ, ਟੂਣੇ ਟਾਮਣ, ਵਿਆਹਾਂ ਮੁਕਾਣਾਂ ਦੇ ਫਾਲਤੂ ਖਰਚਾਂ ਨੂੰ ਬੰਦ ਕਰਨਾ। . ਇਸ ਦੇ ਨਾਲ ਹੀ ਇਸ ਵਿਚ ਕੁਝ ਹਿਸਾ ਕਵੀਆਂ ਲਈ ਵੀ ਹੋਵੇਗਾ... 'ਕਵੀ' ਕਲਕੱਤਾ ਵਾਂਗ ਕਵੀ ਦਰਬਾਰ ਤੇ ਹਰ ਪ੍ਰਕਾਰ ਦੀ ਕਾਵਯ ਸਬੰਧੀ ਵਾਕਫੀ ਹੋਵੇਗੀ।..."[4]

---

1. ਮੁਨਸ਼ਾ ਸਿੰਘ 'ਦੁਖੀ', 'ਅਦਲਾ ਬਦਲੀ', ਵਿਹਾਰ ਸੁਧਾਰ, ਅਕਤੂਬਰ–ਨਵੰਬਰ, 1935. ਪੰਨਾ 611.
2. ਸਾਧੂ ਸਿੰਘ ਹਮਦਰਦ, 'ਯਾਦ ਬਣੀ ਇਤਿਹਾਸ', ਰੋਜ਼ਾਨਾ ਅਜੀਤ, ਜਲੰਧਰ, 9 ਨਵੰਬਰ, 1980.
3. ਉਹੀ, 16 ਨਵੰਬਰ 1980.
4. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਅਗਸਤ 1934, ਪੰਨਾ 9, 10.

Sri Satguru Jagjit Singh Ji Elibrary NamdhariElibrary@gmail.com

ਸਮੇਂ ਦੀ ਲੋੜ ਅਨੁਸਾਰ ਹੋਣ ਕਾਰਨ ਇਹ ਪਰਚਾ ਛੇਤੀ ਹੀ ਹਰਮਨ ਪਿਆਰਾ ਹੋ ਗਿਆ।[1] ਕਵੀ ਦਰਬਾਰ, ਕਾਵਿ ਸਿਖਿਆ ਤੇ ਸਾਹਿਤਕ ਆਲੋਚਨਾ ਨੇ ਇਸ ਦੀ ਪਾਠਕ ਗਿਣਤੀ ਵਧਾਉਣ ਵਿਚ ਨਿਸਚੇ ਹੀ ਮਦਦ ਕੀਤੀ। 'ਦੁਖੀ' ਜੀ ਵਲੋਂ ਇਸ ਦਾ ਸਾਥ ਛਡ ਦਿਤੇ ਜਾਣ ਪਿਛੋਂ ਇਹ ਬਹੁਤੀ ਚਿਰ ਨਾ ਤੋਰ ਸਕਿਆ।

## ਮਾਸਕ 'ਜੀਵਨ'

'ਦੁਖੀ' ਜੀ ਜਿਉਂ ਜਿਉਂ ਉਮਰ ਕਰ ਕੇ ਸਿਆਣੇ ਹੁੰਦੇ ਗਏ ਤਿਉਂ ਤਿਉਂ ਉਨ੍ਹਾਂ ਦੇ ਜੀਵਨ ਰਉਂ ਵਿਚ ਤਬਦੀਲੀ ਆਉਂਦੀ ਗਈ ਜਾਪਦੀ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਨ੍ਹਾਂ ਦੀ ਕਲਮ ਅਗ ਉਗਲਦੀ ਸੀ, ਚੋਥੇ ਦਹਾਕੇ ਵਿਚ ਇਹ ਸਮਾਜ ਤੇ ਕੁਰੀਤੀ ਸੁਧਾਰ ਦੇ ਖੇਤਰ ਵਿਚ ਸਰਗਰਮ ਸੀ ਤਾਂ ਪੰਜਵੇਂ ਦਹਾਕੇ ਵਿਚ ਇਸ ਦਾ ਝੁਕਾਉ, ਚੰਗਾ ਜੀਵਨ ਜਿਉਣ ਦੀ ਸਿਖਿਆ ਦੇਣ ਵਲ ਨੂੰ ਹੋ ਗਿਆ। ਇਸ ਦਾ ਭਾਵ ਇਹ ਨਹੀਂ ਸੀ ਕਿ ਪਹਿਲੇ ਸਾਰੇ ਝੁਕਾਵਾਂ ਨੂੰ ਤਿਲਾਂਜਲੀ ਦੇ ਦਿਤੀ ਗਈ ਸੀ।

ਮਾਸਕ ਜੀਵਨ, ਆਪ ਨੇ ਬੰਬਈ ਤੋਂ ਦਸੰਬਰ 1950 ਵਿਚ ਕਢਿਆ। 'ਵਿਹਾਰ ਸੁਧਾਰ' ਵਾਗ ਇਸ ਪਰਚੇ ਦਾ ਆਦਰਸ਼ ਵੀ ਪਰਚੇ ਦੇ ਨਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਪਰ ਇਹ ਕਿਸੇ ਇਕ ਉਦੇਸ਼ ਨਾਲ ਕਟੜਤਾ ਦੇ ਰਸਿਆਂ ਨਾਲ ਬੱਝਾ ਹੋਇਆ ਨਹੀਂ ਸੀ ਸਗੋਂ ਇਕ ਸਾਧਾਰਨ ਪਰਵਾਰਕ ਪੱਤਰ ਵਾਂਗ ਇਸ ਵਿਚ ਸਦਾਚਾਰ, ਸਮਾਜ ਉਸਾਰੀ, ਜੀਵਨ, ਦੇਸ਼ ਭਗਤੀ, ਚਰਿੱਤਰ ਨਿਰਮਾਣ ਆਦਿ ਕਿੰਨੇ ਵਿਸ਼ਿਆਂ ਨਾਲ ਸਬੰਧਤ ਸਮਗਰੀ ਭਰੀ ਹੋਈ ਹੁੰਦੀ ਸੀ। ਇਹ 'ਜੀਵੋ ਤੇ ਜੀਵਨ ਦੇਵੋ' ਦੇ ਆਦਰਸ਼ ਦਾ ਪ੍ਰਚਾਰਕ ਸੀ।

ਆਪ ਦੇ ਪੱਤਰਕਾਰੀ ਜੀਵਨ ਵਿਚ ਇਕ 'ਜੀਵਨ' ਹੀ ਅਜਿਹਾ ਪੱਤਰ ਸੀ ਜਿਸ ਨੇ ਆਪ ਵਲੋਂ ਚਾਲੂ ਕੀਤੇ ਪਹਿਲੇ ਸਾਰੇ ਪੱਤਰਾਂ ਨਾਲੋਂ ਲੰਬੇਰਾ ਜੀਵਨ ਭੋਗਿਆ। ਇਸ ਦੀ ਸੰਪਾਦਕੀ ਦੇ ਸਮੇਂ ਵਿਚ ਆਪ ਨੇ ਮੌਲਿਕ ਸਾਹਿਤ ਵੀ ਚੋਖੀ ਮਾਤਰਾ ਵਿਚ ਰਚਿਆ। ਮੌਲਿਕ ਤੇ ਅਨੁਵਾਦਤ ਕਹਾਣੀਆਂ, ਲੰਬੇ ਲੇਖ ਤੇ ਲੇਖ ਲੜੀਆਂ ਆਮ ਕਰ ਕੇ ਇਸੇ ਕਾਲ ਨਾਲ ਸਬੰਧਤ ਹਨ। ਆਪ ਦੇ ਦੋ ਕਹਾਣੀ ਸੰਗ੍ਰਹਿ ਵੀ 'ਜੀਵਨ ਪ੍ਰਕਾਸ਼ਨ' ਵਲੋਂ ਹੀ ਛਾਪੇ ਗਏ ਸਨ। 1960 ਵਿਚ ਆਪ ਇਸ 'ਜੀਵਨ' ਤੋਂ ਵੀ ਛੁਟੀ ਕਰਕੇ ਪਿੰਡ ਰੰਧਾਵਾ ਵਿਚ ਆ ਟਿਕੇ। 'ਜੀਵਨ' ਚਲਦਾ ਰਿਹਾ।

## ਸਪਤਾਹਿਕ 'ਕੌਮੀ ਸੰਦੇਸ਼'

ਮਾਸਕ ਜੀਵਨ ਤੋਂ 'ਦੁਖੀ' ਜੀ ਨੇ ਛੁੱਟੀ ਸ਼ਾਇਦ ਇਸ ਕਰ ਕੇ ਹੀ ਕੀਤੀ ਹੋਵੇ ਕਿ ਜੀਵਨ ਦਾ ਬੁਢਾਪਾ ਸੁਖ ਨਾਲ ਘਰ ਵਿਚ ਬੈਠ ਕੇ ਪਰਵਾਰ ਵਿਚ ਬਿਤਾਇਆ ਜਾ ਸਕੇ। ਪਰ ਆਪ ਦੇ ਅੰਦਰ ਬੈਠਾ 'ਸੰਪਾਦਕ' ਅਜੇ ਇੰਜ ਕਰਨ ਦੇਣ ਦੇ ਰੌਂਅ ਵਿਚ ਨਹੀਂ ਸੀ। ਘਰ ਆਉਣ ਤੋਂ ਛੇਤੀ ਹੀ ਪਿਛੋਂ ਆਪ ਨੂੰ, ਰਾਮਗੜ੍ਹੀਆ ਵਿਦਿਅਕ ਆਸ਼ਰਮ ਫਗਵਾੜਾ ਵਲੋਂ ਛਪਦੇ ਸਪਤਾਹਿਕ 'ਕੌਮੀ ਸੰਦੇਸ਼' ਦੀ ਸੰਪਾਦਨ—ਸੇਵਾ ਲਈ ਨਿਮੰਤ੍ਰਣ ਆ ਪੁਜਾ। 'ਨਾਲੇ ਮੁੰਜ ਬਗੜ ਦਾ ਸੌਦਾ ਨਾਲੇ ਦੇਵੀ ਦੇ ਦਰਸ਼ਨ' ਦੀ

1. ਸਾਧੂ ਸਿੰਘ ਹਮਦਰਦ, ਯਾਦ ਬਣੀ ਇਤਿਹਾਸ', ਰੋਜ਼ਾਨਾ ਅਜੀਤ, ਜਲੰਧਰ, 16 ਨਵੰਬਰ 1980.

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਕਹਾਵਤ ਅਨੁਸਾਰ, ਆਪ ਨੇ ਰੋਜ਼ੀ ਕਮਾਉਣ ਅਤੇ ਸੰਪਾਦਨ ਸ਼ੌਕ ਨੂੰ ਪੂਰਾ ਕਰਨ ਦੇ ਖਿਆਲ ਨਾਲ 1960 ਵਿਚ ਇਹ ਪੇਸ਼ਕਸ਼ ਪਰਵਾਨ ਕਰ ਲਈ ਤੇ ਇਸ ਪਰਚੇ ਨੂੰ ਨਿਰੋਲ ਬਰਾਦਰੀਵਾਦ ਵਿਚੋਂ ਕੱਢ ਕੇ 'ਅਫਿਰਕੂ ਲੀਹਾਂ ਤੇ ਤੋਰਿਆ।'[1] ਇਸ ਵਿਚ ਦੇਸ਼ ਭਗਤੀ, ਕੌਮ ਉਸਾਰੀ ਆਦਿ ਵਿਸ਼ਿਆਂ ਤੇ ਸਮਗਰੀ ਪ੍ਰਕਾਸ਼ਤ ਕੀਤੀ ਜਾਣ ਲਗ ਪਈ ਜਿਸ ਨਾਲ ਪਰਚੇ ਦੀ ਰੂਪ ਰੇਖਾ ਹੀ ਬਦਲ ਗਈ।

ਅਜਿਹੇ ਭਾਈਚਾਰਕ ਪੱਤਰਾਂ ਦਾ ਸਾਹਿਤਕ ਮੁੱਲ ਬਹੁਤ ਨਿਗੂਣਾ ਜਿਹਾ ਹੁੰਦਾ ਹੈ। ਕਿਸੇ ਚੰਗੇ ਲੇਖਕ ਤੇ ਦਿਲਚਸਪ ਲਿਖਤਾਂ ਨਾਲ ਸਬੰਧ ਜੁੜਨ ਕਾਰਨ ਹੀ ਅਜਿਹੇ ਪਰਚਿਆਂ ਦੀ ਮੰਗ ਹੁੰਦੀ ਹੈ। ਆਮ ਕਰ ਕੇ ਅਜਿਹੇ ਪਰਚਿਆਂ ਨੂੰ ਆਪਣੇ ਭਾਈਚਾਰੇ ਨੂੰ ਨਾਲ ਲੈ ਕੇ ਤੁਰਨਾ ਪੈਂਦਾ ਹੈ ਜਿਸ ਵਿਚੋਂ ਹਰ ਬੰਦੇ ਦਾ ਸਾਹਿਤ ਰਸੀਆ ਹੋਣਾ ਜ਼ਰੂਰੀ ਨਹੀਂ ਹੁੰਦਾ। ਦੂਜੇ ਬੰਨੇ, ਸੰਪਾਦਕ ਨੂੰ ਵੀ ਅਜਿਹੇ ਥਾਵਾਂ ਤੇ ਕੱਸ ਹੋ ਕੇ ਕੰਮ ਕਰਨਾ ਪੈਂਦਾ ਹੈ। ਕੁਝ ਕਾਰਨਾਂ ਅਧੀਨ 'ਦੁਖੀ' ਜੀ ਨੇ 1963 ਵਿਚ ਇਸ ਸੇਵਾ ਤੋਂ ਵੀ ਛੁਟੀ ਕਰ ਲਈ।

## 'ਦੇਸ਼ ਭਗਤ ਯਾਦਾਂ'

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਉਕਤ ਨਾਂ ਦਾ ਪਰਚਾ ਮਾਸਕ ਪੱਤਰ ਦੇ ਰੂਪ ਵਿਚ ਸ਼ੁਰੂ ਕੀਤਾ ਗਿਆ ਸੀ।[2] ਇਸ ਨੂੰ 18 ਦਸੰਬਰ 1965 ਤੋਂ ਸਪਤਾਹਿਕ ਪੱਤਰ ਵਿਚ ਤਬਦੀਲ ਕਰ ਦਿਤਾ ਗਿਆ। ਇਸ ਪਰਚੇ ਦਾ ਮੁਖ ਉਦੇਸ਼ ਸੀ ਗਦਰੀ ਦੇਸ਼ ਭਗਤਾਂ ਦੇ ਕਾਰਨਾਮਿਆਂ ਨੂੰ ਪੰਜਾਬੀ ਲੋਕਾਂ ਵਿਚ ਪਰਚਾਰਨਾ, ਮਜ਼ਦੂਰ ਤੇ ਕਿਰਤੀ ਕਿਸਾਨ ਜਮਾਤ ਦੀ ਪ੍ਰਤੀਨਿਧਤਾ ਕਰਨੀ ਤੇ ਇਨ੍ਹਾਂ ਦੇ ਹੱਕਾਂ ਲਈ ਘੋਲ ਵਿਚ ਸਹਾਇਤਾ ਕਰਨੀ, ਆਰਥਕ ਤੇ ਭਾਈਚਾਰਕ ਬਰਾਬਰੀ ਦਾ ਪਰਚਾਰ ਕਰਨਾ, ਦੇਸ਼ ਨੂੰ ਸਾਮਰਾਜੀ ਤੇ ਬੁਰਜੂਆ ਲੁੱਟ ਤੋਂ ਆਜ਼ਾਦ ਕਰਨਾ ਤੇ ਕਿਰਤੀ ਰਾਜ ਸਥਾਪਨ ਕਰਨਾ ਆਦਿ।

ਇਸ ਪਰਚੇ ਵਿਚ ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਰਚਨਾਵਾਂ ਨੂੰ ਵਿਸ਼ੇਸ਼ ਥਾਂ ਦਿਤੀ ਜਾਂਦੀ ਸੀ। ਕਦੇ-ਕਦੇ ਗਰਮ ਗਰਮ ਰਾਜਸੀ ਸਮੱਸਿਆਵਾਂ ਤੇ ਵੀ ਲੇਖ ਆਦਿ ਛਪਦੇ ਸਨ। 'ਦੁਖੀ' ਜੀ ਨੂੰ 1966 ਵਿਚ ਇਸ ਦੀ ਸੰਪਾਦਨ ਸੇਵਾ ਇਸ ਕਰ ਕੇ ਸੌਂਪੀ ਗਈ ਜਾਪਦੀ ਹੈ ਕਿ ਇਸ ਬਹਾਨੇ ਉਹ ਦੇਸ਼ ਭਗਤ ਯਾਦਗਾਰ ਵਿਚ ਬੈਠ ਕੇ ਗਦਰ ਪਾਰਟੀ ਦੇ ਇਤਿਹਾਸ ਦਾ ਦੂਜਾ ਭਾਗ ਵੀ ਲਿਖ ਸਕਣਗੇ; ਕਿਉਂਕਿ ਇਸ ਸਬੰਧ ਵਿਚ ਆਪ ਕੋਲ ਕਾਫੀ ਜਾਣਕਾਰੀ ਭੰਡਾਰ ਸੀ।[3] ਇਸ ਪਰਚੇ ਦੇ ਪ੍ਰਾਪਤ ਅੰਕਾਂ ਤੇ ਸਰਸਰੀ ਨਿਗ੍ਹਾ ਮਾਰਨ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਪ ਨੇ ਇਸ ਪਰਚੇ ਵਿਚ ਬਹੁਤੇ ਗਰਮ ਤੇ ਰਾਜਨੀਤਕ ਲੇਖ ਨਹੀਂ ਲਿਖੇ ਸਗੋਂ ਆਪ ਅਕਸਰ ਦੇਸ਼ ਭਗਤਕ ਕਵਿਤਾਵਾਂ ਤੇ ਸ਼ਹੀਦਾਂ ਦੇ ਜੀਵਨ ਲਿਖਣ ਵਿਚ ਰੁਝੇ ਰਹੇ। ਕੁਝ ਕਿਸ਼ਤਾਂ ਗਦਰ ਪਾਰਟੀ ਦੇ ਇਤਿਹਾਸ ਦੀਆਂ

1. ਪ੍ਰੇਮ ਸਿੰਘ ਬਜਾਜ, ਮਸਤਾ ਸਿੰਘ, 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ 1965.
2. ਪੂਰਾ ਰਿਕਾਰਡ ਅਜੇ ਪ੍ਰਾਪਤ ਨਾ ਹੋ ਸਕਣ ਕਾਰਨ ਇਸ ਦੀ ਸਹੀ ਮਿਤੀ ਨਹੀਂ ਮਿਲ ਸਕੀ।
3. ਪਹਿਲਾ ਭਾਗ ਗੁਰਚਰਨ ਸਿੰਘ ਸਹਿਸਰਾ ਦੀ ਰਚਨਾ ਹੈ।

Sri Satguru Jagjit Singh Ji Elibrary NamdhariElibrary@gmail.com

ਵੀ ਲਿਖੀਆਂ ਮਿਲਦੀਆਂ ਹਨ। ਬੁਢਾਪੇ ਕਾਰਨ, ਪਿੰਡ ਤੋਂ ਹਰ ਰੋਜ਼ ਜਲੰਧਰ ਜਾਣ ਆਉਣ ਦੇ ਸਫਰ ਕਰਨ ਤੋਂ ਅਸਮਰਥ ਹੋਣ ਕਰ ਕੇ ਆਪ ਨੇ ਇਸੇ ਸਾਲ ਹੀ ਇਥੋਂ ਵੀ ਛੁੱਟੀ ਕਰ ਲਈ।

ਇਨ੍ਹਾਂ ਪੱਤਰਾਂ ਦੀ ਸੰਪਾਦਨ ਸੇਵਾ ਕਰਨ ਤੋਂ ਬਿਨਾਂ, ਆਪ ਪਹਿਲੀ ਉਮਰ ਵਿਚ ਤਿੰਨ ਚਾਰ ਕੁ ਮਹੀਨੇ, 'ਅਕਾਲੀ' ਲਾਹੌਰ ਦੇ ਪ੍ਰਬੰਧਕ ਵੀ ਰਹੇ ਸਨ ਤੇ ਡਾਕਟਰ ਉਤਮ ਸਿੰਘ 'ਸਾਥੀ' ਨਾਲ ਮਿਲ ਕੇ ਕੰਮ ਕੀਤਾ ਸੀ।[1]

ਆਪ ਨੇ ਕੇਵਲ ਇਨ੍ਹਾਂ ਉਕਤ ਪੱਤਰਾਂ ਵਿਚ ਹੀ ਸੇਵਾ ਨਹੀਂ ਕੀਤੀ ਸਗੋਂ ਪੰਜਾਬੀ ਦੇ ਪ੍ਰਸਿੱਧ ਤੇ ਅਪ੍ਰਸਿੱਧ ਪੱਤਰਾਂ ਵਿਚ ਅਣਗਿਣਤ ਲੇਖ, ਕਵਿਤਾਵਾਂ ਤੇ ਕਹਾਣੀਆਂ ਛਪਵਾਈਆਂ। ਨਕਲਾਂ ਕਰਨ ਦੇ ਸਾਧਨਾਂ ਤੇ ਸਮਰਥਾ ਦੀ ਘਾਟ ਹੋਣ ਕਾਰਨ ਆਪ ਸਾਰੀਆਂ ਲਿਖਤਾਂ ਦਾ ਰਿਕਾਰਡ ਨਹੀਂ ਰੱਖ ਸਕੇ, ਜੋ ਥੋੜ੍ਹਾ ਬਹੁਤ ਰੱਖਿਆ ਵੀ ਸੀ, ਉਸ ਦਾ ਕਾਫੀ ਹਿੱਸਾ ਪੁਲਸ ਦੀ ਕਰੋਪੀ ਦਾ ਸ਼ਿਕਾਰ ਹੁੰਦਾ ਰਿਹਾ ਹੋਣ ਕਾਰਨ ਸਾਨੂੰ ਅਜ ਬਹੁਤੀਆਂ ਰਚਨਾਵਾਂ ਪ੍ਰਾਪਤ ਕਰ ਸਕਣ ਵਿਚ ਦਿਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪ ਦੀਆਂ ਰਚਨਾਵਾਂ ਪ੍ਰਕਾਸ਼ਤ ਕਰਨ ਵਾਲੇ ਕੁਝ ਪੱਤਰਾਂ ਵਿਚ ਮਾਸਕ ਪੰਜਾਬੀ ਦੁਨੀਆ ਤੇ ਜਨ ਸਾਹਿਤ, ਪਟਿਆਲਾ, ਮਾਸਕ ਜਾਗ੍ਰਤੀ ਚੰਡੀਗੜ੍ਹ ਮਾਸਕ ਕਵਿਤਾ ਅੰਮ੍ਰਿਤਸਰ, ਮਾਸਕ ਪ੍ਰਦੇਸੀ ਵੁਲਵਰ ਹੈਂਪਟਨ (ਇੰਗਲੈਂਡ), ਮਾਸਕ ਕਿਰਤੀ ਅੰਮ੍ਰਿਤਸਰ, ਸਾਹਿਤ ਤੇ ਕਲਾ ਦਿਲੀ, ਸਪਤਾਹਿਕ ਸਤਿਜੁਗ, ਸ੍ਰੀ ਜੀਵਨ ਨਗਰ, ਸਪਤਾਹਿਕ ਦਸਤਕਾਰ ਲੁਧਿਆਣਾ, ਸਪਤਾਹਿਕ ਰਾਮਗੜ੍ਹੀਆ ਗਜ਼ਟ ਸ਼ਿਮਲਾ, ਕੁੰਦਨ ਲਾਹੌਰ, ਦੇਸ਼ ਦਰਪਣ ਕਲਕੱਤਾ, ਗੈਰ ਕਾਸ਼ਤਕਾਰ ਕਲਕੱਤਾ, ਬਬਰਸ਼ੇਰ, ਖਾਲਸਾ ਸੇਵਕ, ਪ੍ਰਦੇਸੀ ਖਾਲਸਾ ਤੇ ਕੌਮੀ ਆਦਿ ਦੇ ਨਾਂ ਗਿਣੇ ਜਾ ਸਕਦੇ ਹਨ।

ਪੱਤਰਕਾਰੀ ਦੇ ਖੇਤਰ ਵਿਚ ਆਪ ਵਲੋਂ ਕੀਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਗੱਲ ਮੱਲੋ ਮੱਲੀ ਕਹਿ ਹੋ ਜਾਂਦੀ ਹੈ ਕਿ ਪੰਜਾਬੀ ਪੱਤਰਕਾਰੀ ਦੇ ਭਵਿਖ ਨੂੰ ਉਜਲਾ ਕਰਨ ਵਿਚ ਆਪ ਵਲੋਂ ਪਾਇਆ ਗਿਆ ਹਿੱਸਾ ਨਿਰਸੰਦੇਹ ਇਕ ਨਿਵੇਕਲਾ ਸਥਾਨ ਰਖਦਾ ਹੈ ਤੇ ਪੰਜਾਬੀ ਪੱਤਰਕਾਰੀ ਦੇ ਵਿਕਾਸ ਦਾ ਇਤਿਹਾਸ ਇਸਦਾ ਜ਼ਿਕਰ ਕਰਨ ਤੋਂ ਬਿਨਾਂ ਅੱਗੇ ਨਹੀਂ ਤੁਰ ਸਕੇਗਾ।

---

1. ਪ੍ਰੇਮ ਸਿੰਘ ਬਜਾਜ, ਮੁਨਸ਼ਾ ਸਿੰਘ 'ਦੁਖੀ', ਤ੍ਰੈਮਾਸਕ ਆਲੋਚਨਾ, ਲੁਧਿਆਣਾ, ਜੁਲਾਈ—ਸਤੰਬਰ 1965.

Sri Satguru Jagjit Singh Ji Elibrary NamdhariElibrary@gmail com

ਅਧਿਆਇ ਛੇਵਾਂ

## ਪੰਜਾਬੀ ਸਾਹਿਤ ਨੂੰ ਸਮੁਚੀ ਦੇਣ

ਸਵਰਗਵਾਸੀ ਮੁਨਸ਼ਾ ਸਿੰਘ 'ਦੁਖੀ' ਪੰਜਾਬੀ ਦੇ ਬਹੁਪਖੀ ਸਾਹਿਤਕਾਰ ਸਨ । ਪੰਜਾਬੀ ਦੇ ਗਦਰੀ ਸਾਹਿਤਕਾਰਾਂ ਵਿਚੋਂ ਆਪ ਨੂੰ ਜੇ ਅਲੌਕਿਕ ਪ੍ਰਤਿਭਾ ਦੇ ਮਾਲਕ ਤੇ ਸਰਵ-ਉਚ ਕਵੀ ਮੰਨ ਲਿਆ ਜਾਵੇ ਤਾਂ ਕੋਈ ਅਤੁਕਵੀਂ ਜਾਂ ਅਨਿਆਇ ਸੰਗਤ ਗਲ ਨਹੀਂ ਹੋਵੇਗੀ; ਕਿਉਂਕਿ ਸਪਤਾਹਿਕ ਗਦਰ, ਆਜ਼ਾਦੀ ਦੀ ਗੂੰਜ ਅਤੇ 'ਗਦਰ ਗੂੰਜਾਂ' ਦੇ ਕਵੀਆਂ ਦੀ ਬਹੁਗਿਣਤੀ ਵਲੋਂ ਨਾ ਤਾਂ ਗਦਰ ਪਿਛੋਂ ਸਾਹਿਤ ਰਚਨਾ ਵਿਚ ਇੰਨੀ ਦਿਲਚਸਪੀ ਲਈ ਗਈ ਪ੍ਰਤੀਤ ਹੁੰਦੀ ਹੈ ਤੇ ਨਾ ਹੀ ਉਨ੍ਹਾਂ ਵਿਚੋਂ ਕੋਈ ਸਾਹਿਤ ਖੇਤਰ ਵਿਚ ਇੰਨਾ ਖੁਭਿਆ ਨਜ਼ਰ ਆਉਂਦਾ ਹੈ ਕਿ ਉਹ ਆਪਣਾ ਪੇਟ ਭਰਨ ਲਈ ਦਿਨੇ ਜਿਹੜੀ ਕਮਾਈ ਕਰਦਾ ਰਿਹਾ ਹੋਵੇ ਉਸੇ ਨੂੰ ਰਾਤ ਸਮੇਂ ਸਾਹਿਤ ਸੇਵਾ ਦੇ ਲੇਖੇ ਲਾਉਂਦਾ ਰਿਹਾ ਹੋਵੇ । ਗਦਰ ਪਾਰਟੀ ਦੇ ਖਿਲਰ ਪੱਤਰ ਜਾਣ 'ਤੇ, ਕਿਸੇ ਟਾਵੇਂ ਵਿਰਲੇ ਨਾਂ ਨੂੰ ਛੱਡ ਕੇ ਬਾਕੀ ਸਾਰੇ ਗਦਰੀ ਕਵੀ ਜਿਵੇਂ ਸਾਹਿਤ ਖੇਤਰ ਤੋਂ ਸੰਨਿਆਸ ਹੀ ਲੈ ਗਏ ਹੋਣ । ਇਸ ਜਥੇ ਵਿਚੋਂ ਕੇਵਲ 'ਦੁਖੀ' ਜੀ ਦਾ ਹੀ ਅਜਿਹਾ ਨਾਂ ਸਾਡੇ ਸਾਹਮਣੇ ਆਉਂਦਾ ਹੈ ਜਿਨ੍ਹਾਂ ਨੇ ਰੂਪਕ ਤੇ ਭਾਵਕ ਪਖੋਂ ਅਜਿਹੇ ਉਚ ਪੱਧਰ ਦੀਆਂ ਰਚਨਾਵਾਂ ਮਾਂ ਬੋਲੀ ਦੀ ਝੋਲੀ ਪਾਈਆਂ ਕਿ ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਅਮੀਰੀ ਤਾਂ ਬਖਸ਼ੀ ਹੀ ਹੈ, ਨਾਲ ਦੀ ਨਾਲ ਆਪ ਨੂੰ ਵੀ ਪੰਜਾਬੀ ਸਾਹਿਤਾਕਾਸ਼ ਵਿਚ ਸਿਤਾਰੇ ਵਾਂਗ ਚਮਕਾਇਆ ਹੈ । ਇਹ ਗਲ ਵਖਰੀ ਹੈ ਕਿ ਬਦੇਸ਼ੀ ਰਾਜ ਰੂਪੀ ਤੂਫਾਨਾਂ ਅਤੇ ਸਵਾਰਥੀ ਹਿਤਾਂ ਦੇ ਹਨੇਰੀ-ਝੱਖੜ ਕਾਰਨ ਇਹ ਸਿਤਾਰਾ ਥੋੜ੍ਹੀ ਨਿਗ੍ਹਾ ਵਾਲੇ ਵਤਨੀ ਭਰਾਵਾਂ ਤਕ ਆਪਣਾ ਪ੍ਰਕਾਸ਼ ਪਹੁੰਚਾ ਸਕਣ ਵਿਚ ਬਹੁਤਾ ਸਫਲ ਨਹੀਂ ਸੀ ਹੋ ਸਕਿਆ । ਇਸ ਦੇ ਬਾਵਜੂਦ, ਪੰਜਾਬੀ ਸਾਹਿਤ ਨੂੰ ਆਪ ਵਲੋਂ ਦਿਤੀ ਗਈ ਬਹੁਪਖੀ ਦੇਣ ਦੇ ਮਹੱਤਵ ਨੂੰ ਕਿਸੇ ਵੀ ਤਰ੍ਹਾਂ ਛੁਟਿਆਇਆ ਨਹੀਂ ਜਾ ਸਕਦਾ ।

'ਦੁਖੀ' ਜੀ ਨੇ ਉਨ੍ਹੀਂ ਦਿਨੀਂ ਪੰਜਾਬੀ ਲੋਕਾਂ ਵਿਚ 'ਗੁਰਮੁਖੀ' ਪੜ੍ਹਨ ਦੀ ਰੁਚੀ ਪੈਦਾ ਕੀਤੀ ਜਦੋਂ ਇਸ ਨੂੰ ਬੋਲ ਚਾਲ ਲਈ ਤਾਂ ਵਰਤਿਆਂ ਜਾਂਦਾ ਸੀ ਪਰ ਇਕ ਭਾਸ਼ਾ ਦੇ ਨਾਤੇ ਇਸ ਨੂੰ ਪੜ੍ਹਨ ਲਿਖਣ ਦਾ ਮਾਧਿਅਮ ਬਣਾਉਣ ਦੀ ਗੱਲ ਕਿਸੇ ਦਾ ਧਿਆਨ ਆਕਰਸ਼ਤ ਕਰਨ ਯੋਗ ਨਹੀਂ ਸੀ ਸਮਝੀ ਜਾਂਦੀ । 'ਕਵੀ ਕੁਟੀਆ' ਕਲਕੱਤਾ ਦੀ 'ਮਲੰਗ ਟੋਲੀ' ਦੀ ਆਪਣੀ ਆਰਥਕ ਹਾਲਤ ਪਤਲੀ ਹੋਣ ਦੇ ਬਾਵਜੂਦ ਵੀ, ਪੰਜਾਬੀ ਵਿਚ ਕਿਤਾਬਚੇ ਲਿਖਣ, ਪ੍ਰਕਾਸ਼ਤ ਕਰਨ ਤੇ ਫਿਰ ਪੰਜਾਬੀ ਪਾਠਕਾਂ ਵਿਚ ਮੁਫਤ ਵੰਡਣ ਦੀ ਕਿਰਿਆ ਨੂੰ, ਜਨ ਸਧਾਰਨ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੇ ਉਦਮ ਦੀ ਪਹਿਲੀ ਕੜੀ ਆਖਿਆ ਜਾ ਸਕਦਾ ਹੈ । ਜਦੋਂ ਅਸੀਂ ਇਨ੍ਹਾਂ ਕਿਤਾਬਚਿਆਂ ਦੀ ਉਤਸੁਕਤਾ ਨਾਲ ਕੀਤੀ ਜਾਂਦੀ ਉਡੀਕ ਦੀ ਗੱਲ ਸੁਣਦੇ ਹਾਂ ਤਦ 'ਦੁਖੀ' ਜੀ ਦੇ ਇਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਜਤਨਾਂ ਦੀ ਸਾਰਥਕਤਾ ਨੂੰ ਮੰਨਣਾ ਹੀ ਪੈਂਦਾ ਹੈ । ਪੰਜਾਬੀ ਬੋਲੀ ਨੂੰ ਸੜਕ ਦੇ ਕੰਢਿਉਂ ਉਠਾ ਕੇ ਰਾਜ ਘਰਾਣਿਆਂ ਤਕ ਲਿਜਾਣ ਦੇ ਪਹਿਲੇ ਜਤਨ ਦਾ ਸਿਹਰਾ ਨਿਰਸੰਸੇ 'ਦੁਖੀ' ਜੀ ਦੇ ਸਿਰ ਹੀ ਬੱਝਦਾ ਹੈ। ਆਪ ਵਲੋਂ, ਪੰਜਾਬ ਤੋਂ ਹਜ਼ਾਰਾਂ ਮੀਲ ਦੂਰੋਂ ਸ਼ੁਰੂ ਕੀਤੇ ਗਏ ਪੰਜਾਬੀ ਪੱਤਰਾਂ ਦੇ ਛੇਤੀ ਹੀ ਹਰਮਨ ਪਿਆਰੇ ਪ੍ਰਕਾਸ਼ਨ ਬਣ ਜਾਣਾ ਵੀ ਇਸੇ ਗਲ ਦਾ ਹੀ ਪ੍ਰਤੱਖ ਪ੍ਰਮਾਣ ਹੈ ਕਿ ਆਪ ਨੇ ਮਾਤ ਬੋਲੀ ਨੂੰ ਹਰਮਨ ਪਿਆਰੀ ਬਣਾਉਣ ਵਿਚ ਕਿੰਨਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਪੰਜਾਬੀ ਸਾਹਿਤਵਾੜੀ ਵਿੱਚ 'ਦੁਖੀ' ਜੀ ਨੇ ਬੜੇ ਸੁੰਦਰ ਤੇ ਸੁਗੰਧੀਦਾਰ ਫੁਲਾਂ ਦੇ ਬੀਜ ਬੀਜ ਕੇ, ਸੁਯੋਗ ਮਾਲੀ ਵਾਂਗ ਉਨ੍ਹਾਂ ਦੀ ਦੇਖ ਭਾਲ ਕਰਦਿਆਂ ਹਨੇਰੀਆਂ ਝਖੜਾਂ ਤੋਂ ਬਚਾ ਕੇ ਉਨ੍ਹਾਂ ਨੂੰ ਫੁਲਣ ਤਕ ਪਹੁੰਚਾਇਆ । ਇਨ੍ਹਾਂ ਫੁਲ ਬੂਟਿਆਂ ਦੀ ਗਿਣਤੀ ਇੰਨੀ ਸੀ ਕਿ ਇਨ੍ਹਾਂ ਦੇ ਨਾਂ ਗਿਣ ਸਕਣੇ ਵੀ ਹੁਣ ਇਕ ਸਮੱਸਿਆ ਬਣ ਗਈ ਹੈ। ਇਸ ਸੂਚੀ ਵਿਚ, ਸਾਧੂ ਸਿੰਘ, ਫੋਰਮੈਨ ਜਮਸ਼ੇਦਪੁਰ ਦਾ ਨਾਂ ਪਹਿਲੇ ਅਤੇ ਇਨ੍ਹਾਂ ਸਤਰਾਂ ਦੇ ਲੇਖਕ, ਸਵਰਨ ਸਿੰਘ ਸਨੇਹੀ, ਦਾ ਨਾ ਅੰਤਮ ਸਥਾਨ ਤੇ ਆਉਂਦਾ ਹੈ। ਇਨ੍ਹਾਂ ਦੇ ਵਿਚਕਾਰ ਸੁਦਾਗਰ ਸਿੰਘ 'ਭਿਖਾਰੀ', ਡਾਕਟਰ ਉਤਮ ਸਿੰਘ 'ਸਾਥੀ', ਸਰਵਣ ਸਿੰਘ 'ਫੁਲੇਰਾ', ਈਸ਼ਰ ਸਿੰਘ 'ਕੇਹਰ', ਲਖਾ ਸਿੰਘ 'ਜੌਹਰ', ਸਾਧੂ ਸਿੰਘ 'ਹਮਦਰਦ', ਨਾਨਕ ਸਿੰਘ 'ਭੁਲਤ', ਰਣਧੀਰ ਸਿੰਘ 'ਪ੍ਰਦੇਸੀ', ਧੰਨਾ ਸਿੰਘ 'ਜਿਗਰੀ', ਹਰੀ ਸਿੰਘ 'ਮਸਕੀਨ', ਚੰਨਣ ਸਿੰਘ 'ਹਿੰਮਤ', ਮੇਹਰ ਸਿੰਘ ਅਤੇ ਦਲੀਪ ਸਿੰਘ 'ਦਿਲ' ਮਾੜੀ ਕੰਬੋ ਕੀ, ਜਗਜੀਤ ਸਿੰਘ 'ਮਜ਼ਲੂਮ', ਕਰਤਾਰ ਸਿੰਘ 'ਸ਼ਮਸ਼ੇਰ', ਡਾਕਟਰ ਹਰਕੀਰਤ ਸਿੰਘ, ਅਵਤਾਰ ਸਿੰਘ 'ਆਜ਼ਾਦ', ਨਾਜਰ ਸਿੰਘ 'ਤਰਸ', ਡੀ.ਐਸ. ਭੱਚੂ, ਜਗਤ ਸਿੰਘ 'ਜਗਤ', ਹਰੀ ਸਿੰਘ 'ਸਾਰੰਗ', ਗੁਰਦਿਆਲ ਸਿੰਘ ਰੋਹਲ ਆਦਿ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਵਿਚੋਂ ਕਈ ਫੁਲਾਂ ਨੇ ਤਾਂ ਪੰਜਾਬੀ ਸਾਹਿਤ ਵਿਸ਼ਵ ਵਿਚ ਅਜਿਹੀ ਖੁਸ਼ਬੂ ਖਿਲਾਰੀ ਜਿਸ ਤੇ ਸਮੁਚੀ ਕੌਮ ਮਾਣ ਮਹਿਸੂਸ ਕਰ ਸਕਦੀ ਹੈ । ਇੰਨੇ ਫੁਲ ਹੋਰ ਕਿਸੇ ਪੰਜਾਬੀ ਸਾਹਿਤਕਾਰ ਨੇ ਸ਼ਾਇਦ ਹੀ ਲਾਏ ਹੋਣ।

ਇਹ ਕੇਵਲ ਆਪ ਦੇ ਜਤਨਾਂ ਦਾ ਸਿਟਾ ਹੀ ਸੀ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸ਼ੈਦਾਈ ਸਾਹਿਤਕਾਰ ਅਜ ਪੰਜਾਬੀ ਸਾਹਿਤਕਾਰ ਪਰਵਾਰ ਵਿਚ ਸ਼ਾਮਲ ਹਨ। ਜੇ ਆਪ ਜਤਨ ਨਾ ਕਰਦੇ ਤਦ ਇਹ ਪ੍ਰਾਪਤੀ ਸੰਸੇਯੁਕਤ ਹੋ ਸਕਦੀ ਸੀ। ਉਦਾਹਰਣ ਵਜੋਂ ਰੋਜ਼ਾਨਾ ਅਜੀਤ ਦੇ ਬਾਨੀ ਸੰਪਾਦਕ ਸਵਰਗੀ ਸਾਧੂ ਸਿੰਘ 'ਹਮਦਰਦ' ਦੀ ਗਲ ਹੀ ਕੀਤੀ ਜਾ ਸਕਦੀ ਹੈ; ਕਿਉਂਕਿ ਇਸ ਦੀ ਤਸਦੀਕ 'ਹਮਦਰਦ' ਸਾਹਿਬ ਆਪ ਵੀ ਕਈ ਵਾਰ ਕਰ ਚੁਕੇ ਹਨ।

ਮੀਆਂ ਚੰਨੂੰ ਜ਼ਿਲਾ ਮੁਲਤਾਨ (ਹੁਣ ਪੱਛਮੀ ਪਾਕਿਸਤਾਨ) ਤੋਂ ਪ੍ਰਕਾਸ਼ਤ ਹੋਣ ਵਾਲੇ 'ਮਾਸਕ ਵਿਹਾਰ ਸੁਧਾਰ' ਦੀ ਸੰਪਾਦਕੀ ਵਾਸਤੇ 'ਦੁਖੀ' ਜੀ ਵੀ ਇਥੇ ਟਿਕੇ ਹੋਏ ਸਨ ਤੇ 'ਹਮਦਰਦ' ਹੋਰੀਂ ਆਪ ਦੇ ਸ਼ਗਿਰਦ ਸਨ ! ਇਹ ਕਵਿਤਾ ਤਾਂ ਲਿਖਦੇ ਹੀ ਸਨ ਪਰ ਕਦੇ ਕਦੇ ਗੀਤਾਂ ਨੂੰ ਵੀ ਹਥ ਮਾਰ ਲੈਂਦੇ ਸਨ । ਇਨ੍ਹੀਂ ਦਿਨੀਂ, ਇਥੇ

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਸਤੰਬਰ 1934, ਪੰਨਾ 33.

Sri Satguru Jagjit Singh Ji Elibrary NamdhariElibrary@gmail com

ਇਕ ਨਾਟਕ ਮੰਡਲੀ ਜਾਂ ਰਾਸਧਾਰੀ ਟੋਲੀ ਆ ਗਈ ਜਿਸ ਦੀ ਮੁਖੀ ਇਕ ਨੌਜੁਆਨ ਲੜਕੀ ਜ਼ੁਹਰਾ ਸੀ। 'ਹਮਦਰਦ' ਹੋਰਾਂ ਨੇ ਆਪਣੇ ਦੋ ਗਾਣੇ ਜ਼ੁਹਰਾ ਨੂੰ ਪਹੁੰਚਾਏ ਜਿਨ੍ਹਾਂ ਵਿਚੋਂ ਇਕ ਦੋ ਟੱਪੇ ਸਨ :

ਪਿਛੇ ਸੋਹਣਿਆਂ ਦੇ ਲਗ ਕੇ ਖੁਆਰੀ ਹੁੰਦੀ ਹੈ।
ਡਾਢੀ ਚੰਦਰੀ ਇਹ ਇਸ਼ਕ ਬਿਮਾਰੀ ਹੁੰਦੀ ਹੈ।

ਇਹ ਦੋਵੇਂ ਗਾਣੇ ਜਦੋਂ ਜ਼ੁਹਰਾ ਨੇ 'ਹਮਦਰਦ' ਜੀ ਨੂੰ ਆਪ ਨੱਚ ਕੇ ਗਾ ਕੇ ਸੁਣਾਏ ਤਾਂ ਉਹ ਇਸ ਤੋਂ ਪ੍ਰਭਾਵਤ ਹੋਣੋਂ ਨਾ ਰਹਿ ਸਕੇ। ਇਹ ਸਾਰਾ ਨਾਟਕ 'ਦੁਖੀ' ਜੀ ਤੋਂ ਚੋਰੀ ਹੀ ਖੇਡਿਆ ਗਿਆ ਸੀ ਕਿਉਂਕਿ 'ਹਮਦਰਦ' ਜੀ ਉਪਰ 'ਦੁਖੀ' ਜੀ ਦੀ ਬਜ਼ੁਰਗੀ ਦਾ ਵੀ ਬਹੁਤ ਪ੍ਰਭਾਵ ਸੀ।

'ਵਿਹਾਰ ਸੁਧਾਰ' ਵਿਚ ਹਰ ਮਹੀਨੇ ਇਕ ਖਿਆਲੀ ਕਵੀ ਦਰਬਾਰ ਕੀਤਾ ਜਾਂਦਾ ਸੀ। ਜਦੋਂ 'ਦੁਖੀ' ਜੀ ਨੂੰ 'ਹਮਦਰਦ' ਹੋਰਾਂ ਦਾ, ਜ਼ੁਹਰਾ ਦੀਆ 'ਮਿਹਰਬਾਨੀਆਂ' ਦਾ ਸ਼ਿਕਾਰ ਹੋਣ ਦਾ ਪਤਾ ਲਗਾ ਤਦ ਆਪ ਨੇ ਕਵੀ ਦਰਬਾਰ ਦੀ ਸਮੱਸਿਆ ਹੀ ਰੱਖ ਦਿਤੀ :

/"ਘੇਰ ਲਿਆ ਹਮਦਰਦ ਬਿਮਾਰੀਆਂ ਨੇ"

ਜਿਸ ਨੂੰ ਸੁਣ ਕੇ 'ਹਮਦਰਦ' ਹੋਰੀਂ ਪਾਣੀਉਂ ਪਤਲੇ ਪੈ ਗਏ। 'ਦੁਖੀ' ਜੀ ਦੀਆਂ ਟਕੋਰਾਂ ਨੇ "ਮੇਰੇ ਅੰਦਰ ਦਾ ਇਨਕਲਾਬੀ ਫੇਰ ਜਗਾ ਦਿਤਾ। ਉਨ੍ਹਾਂ ਮੈਨੂੰ ਸਾਹਿਤਕ ਖੇਤਰ ਵਿਚ ਨਾਮ ਪੈਦਾ ਕਰਨ ਦੀ ਪ੍ਰੇਰਨਾ ਦਿਤੀ", 'ਹਮਦਰਦ' ਹੋਰੀਂ ਆਪ ਮੰਨਦੇ ਸਨ।[1] "ਪਿਛੋਂ ਮੈਂ ਸੋਚਦਾ ਰਿਹਾ ਕਿ ਜੇ 'ਦੁਖੀ' ਜੀ ਦਾ ਪ੍ਰਭਾਵ ਨਾ ਹੁੰਦਾ ਜਾਂ 'ਦੁਖੀ' ਜੀ ਮੀਆਂ ਚੰਨੂੰ ਨਾ ਆਉਂਦੇ ਤਾਂ ਮੇਰੀ ਜ਼ਿੰਦਗੀ ਦੀ ਸ਼ਾਇਦ ਧਾਰਾ ਹੀ ਬਦਲ ਜਾਂਦੀ।"[1]

'ਦੁਖੀ' ਜੀ ਦੇ ਮੀਆਂ ਚੰਨੂੰ ਆਉਣ ਨਾਲ ਮੈਨੂੰ ਇਕ ਤਾਂ ਪੁਰਾਣੇ ਇਨਕਲਾਬੀ ਬਜ਼ੁਰਗ ਦੀ ਅਗਵਾਈ ਮਿਲ ਗਈ ਅਤੇ ਦੂਜੇ ਮੇਰੀ ਤਬੀਅਤ ਕਵਿਤਾ ਅਤੇ ਸਾਹਿਤ ਵਲ ਲਗ ਗਈ। ਜਦੋਂ ਮੈਂ ਕਹਿੰਦਾ ਹਾਂ ਕਿ 'ਦੁਖੀ' ਸਾਹਿਬ ਨੇ ਮੇਰੀ ਜ਼ਿੰਦਗੀ ਦੀ ਧਾਰਾ ਹੀ ਬਦਲ ਦਿਤੀ ਤਾਂ ਮੈਂ ਇਕ ਸਚਾਈ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹਾਂ।... ਇਹ ਗਲ ਮੈਂ ਕਦੇ ਵੀ ਨਹੀਂ ਭੁੱਲ ਸਕਦਾ ਕਿ 'ਦੁਖੀ' ਜੀ ਦੀ ਅਗਵਾਈ ਵਿਚ ਮੈਨੂੰ ਕਈ ਪਖਾਂ ਤੋਂ ਹੁਲਾਰਾ ਮਿਲਿਆ। ਜੇ 'ਦੁਖੀ' ਜੀ ਦਾ ਨੇੜ ਪ੍ਰਾਪਤ ਨਾ ਹੁੰਦਾ ਤਾਂ ਸ਼ਾਇਦ ਮੇਰੀ ਜ਼ਿੰਦਗੀ ਦੀ ਧਾਰਾ ਕਿਸੇ ਹੋਰ ਵਹਿਣ ਵਿਚ ਹੀ ਵਹਿ ਗਈ ਹੁੰਦੀ ਤੇ ਅੱਜ ਮੈਂ ਕੁਝ ਹੋਰ ਹੀ ਹੁੰਦਾ।"[2]

'ਦੁਖੀ' ਜੀ ਦੇ ਦਿਲ ਵਿਚ ਰੀਝ ਸੀ ਪੰਜਾਬੀ ਕਾਵਿ ਨੂੰ ਉਨਤ ਕਰਨ ਦੀ। ਇਸ ਖਾਤਰ ਆਪ ਨੇ ਬਹੁਤ ਸਖਤ ਮਿਹਨਤ ਕੀਤੀ। ਆਪਣੀ ਚਾਦਰ ਨਾਲੋਂ ਵਧ ਪੈਰ ਪਸਾਰ ਕੇ ਕਲਕੱਤੇ ਤੋਂ ਮਾਸਕ 'ਕਵੀ' ਸ਼ੁਰੂ ਕੀਤਾ ਜੋ ਆਪਣੀ ਕਿਸਮ ਦਾ ਪਹਿਲਾ,

1. ਸਾਧੂ ਸਿੰਘ 'ਹਮਦਰਦ', ਯਾਦ ਬਣੀ ਇਤਿਹਾਸ, ਰੋਜ਼ਾਨਾ ਅਜੀਤ, ਜਲੰਧਰ, 14 9-80,
2. ਉਹੀ, ਮਿਤੀ 7.9.80,.

Sri Satguru Jagjit Singh Ji Elibrary NamdhariElibrary@gmail com

ਤੇ ਸ਼ਾਇਦ, ਆਖਰੀ ਕਾਵਿ ਪੱਤਰ ਸੀ । ਇਸ ਵਿਚ ਕਾਵਿ ਦੇ ਅਨੇਕਾਂ ਅੰਗਾਂ ਨਾਲ ਸਬੰਧਤ ਛਪੇ ਆਪ ਦੇ ਲੇਖ ਆਪਣੇ ਆਪ ਵਿਚ ਇਕ ਅਦੁਤੀ ਸਾਹਿਤ ਸੇਵਾ ਸੀ ਜਿਸ ਦੇ ਮਹੱਤਵ ਵਿਚ ਅਜ ਵੀ ਕੋਈ ਫਰਕ ਨਹੀਂ ਪਿਆ । ਪੁੰਗਰਦੇ ਕਵੀਆਂ ਲਈ 'ਕਾਵਿ ਸਿਖਿਆ' ਦੇ ਸਿਰਲੇਖ ਅਧੀਨ ਲਿਖੇ ਗਏ ਲੇਖ ਵਰਤਮਾਨ ਪੱਤਰਾਚਾਰ ਸਿਖਿਆ ਅਧੀਨ ਲਿਖੇ ਜਾਂਦੇ ਸਬਕਾਂ ਨਾਲੋਂ ਘਟ ਨਹੀਂ । ਇਨ੍ਹਾਂ ਨੂੰ ਸੰਗ੍ਰਹਿ ਕਰ ਕੇ ਪੁਸਤਕ ਰੂਪ ਦਿਤਾ ਜਾ ਸਕਦਾ ਹੈ । ਫਿਰ ਪੰਜਾਬੀ ਕਾਵਿ ਨੂੰ ਉਨਤ ਕਰਨ ਲਈ ਆਪ ਨੇ ਦੂਜੀਆਂ ਭਾਸ਼ਾਵਾਂ ਦੇ ਕਵੀਆਂ ਨੂੰ ਵੀ ਨੇੜੇ ਲਿਆਂਦਾ ਤਾਂ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਕਵਿਤਾਵਾਂ ਨਾਲ ਨਵੇਂ ਕਵੀਆਂ ਦਾ ਪਥ-ਪ੍ਰਦਰਸ਼ਨ ਹੋ ਸਕੇ । ਇਨ੍ਹਾਂ ਵਿਚ ਪੰਡਤ ਚੰਦ੍ਰਨਾਥ ਮਾਲਵੀਯ, ਪੰਡਤ ਜਗਪਤ ਚਤੁਰਵੇਦੀ ਅਤੇ ਪੰਡਤ ਗੋਪਾਲਸਰਨ ਸਿੰਘ ਆਦਿ ਦੇ ਨਾਂ ਗਿਣੇ ਜਾ ਸਕਦੇ ਹਨ । ਇਸ ਤੋਂ ਬਿਨਾਂ ਕਵੀ ਦਾ 300 ਪੰਨੇ ਦਾ ਸਚਿਤਰ ਵਿਸ਼ੇਸ਼ਾਂਕ ਕਢ ਕੇ ਤਾਂ ਆਪ ਨੇ ਅਜਿਹੀ ਉਦਾਹਰਣ ਕਾਇਮ ਕੀਤੀ ਜਿਸ ਦੀ ਅਜ ਤਕ ਉਸ ਪੱਧਰ ਦੀ ਬਰਾਬਰੀ ਦੇਖਣ ਵਿਚ ਨਹੀਂ ਆਈ । ਸਾਹਿਤ ਜਗਤ ਵਿਚ ਇਸ ਦੀਆਂ ਧੁੰਮਾਂ ਪੈ ਗਈਆਂ ਸਨ ।

ਕੇਵਲ ਪੰਜਾਬੀ ਕਾਵਿ ਹੀ ਨਹੀਂ, ਸਗੋਂ ਪੰਜਾਬੀ ਭਾਸ਼ਾ ਨੂੰ ਉਨਤ ਕਰਨ ਲਈ ਵੀ ਆਪ ਸਦਾ ਜਤਨਸ਼ੀਲ ਰਹੇ । ਪੰਜਾਬੀ ਬੋਲੀ ਨਾਲ ਸਬੰਧਤ ਵਿਸ਼ਿਆਂ ਤੇ, ਪੰਜਾਬੀ ਵਿਦਵਾਨਾਂ ਦੇ ਲਿਖੇ ਹੋਏ ਲੇਖ ਮਾਸਕ 'ਕਵੀ' ਵਿਚ ਪ੍ਰਕਾਸ਼ਤ ਕੀਤੇ ਜਾਂਦੇ ਸਨ ਜੋ ਨਵੇਂ ਲੇਖਕਾਂ ਤੇ ਕਵੀਆਂ, ਦੋਹਾਂ ਲਈ ਹੀ ਲਾਭਦਾਇਕ ਸਿਧ ਹੁੰਦੇ ਸਨ । ਇਨ੍ਹਾਂ ਵਿਚ ਪ੍ਰੋਫੈਸਰ ਤੇਜਾ ਸਿੰਘ ਦਾ ਲਿਖਿਆ ਹੋਇਆ 'ਵਿਸ਼ਰਾਮ ਚਿੰਨ੍ਹ ਦੀ ਵਰਤੋਂ', ਲਾਲਾ ਗੁਰਾਂ ਦਿਤਾ ਖੰਨਾ ਰਚਿਤ 'ਮਾਤਬੋਲੀ ਪੰਜਾਬੀ ਦੀ ਸਚੀ ਸੁਚੀ ਉਨਤੀ ਕਿਵੇਂ ਹੋ ਸਕਦੀ ਹੈ ?' ਅਤੇ ਚਾਤ੍ਰਿਕ ਹੋਰਾਂ ਦੇ 'ਪੰਜਾਬੀ ਬੋਲੀ ਵਿਚ ਓਪਰੇ ਲਫਜ਼', 'ਤੇ 'ਪੰਜਾਬੀ ਵਿਚ ਸ਼ਬਦਜੋੜ' ਆਦਿ ਰਚਨਾਵਾਂ ਗਿਣੀਆਂ ਜਾ ਸਕਦੀਆਂ ਹਨ ।

ਪੰਜਾਬੀ ਸਾਹਿਤ ਨੂੰ 'ਦੁਖੀ' ਜੀ ਦੀ ਇਕ ਹੋਰ ਮਹਾਨ ਦੇਣ ਸੀ ਪੰਜਾਬੀ ਵਿਚ ਆਲੋਚਨਾ ਪ੍ਰੰਪਰਾ ਨੂੰ ਸੁਰਜੀਤ ਕਰਨਾ । ਮਾਸਕ 'ਕਵੀ' ਰਾਹੀਂ ਆਪ ਨੇ ਉਸਾਰੂ ਆਲੋਚਨਾ ਨੂੰ ਉਤਸ਼ਾਹਿਤ ਕੀਤਾ ਜਿਸ ਲਈ ਕਈ ਵਾਰ ਆਪ ਨੂੰ ਆਪਣੀ ਇਜ਼ਤ ਵੀ ਖਤਰੇ ਵਿਚ ਪੈਂਦੀ ਦਿਸਦੀ ਹੁੰਦੀ ਫਿਰ ਵੀ ਆਪ ਇਸ 'ਨੇਕੀ' ਤੋਂ ਪਿਛੇ ਨਹੀਂ ਹਟੇ । 'ਕਵੀ' ਦੇ ਬੰਦ ਹੋ ਜਾਣ ਪਿਛੋਂ ਇਸ ਪ੍ਰੰਪਰਾ ਨੂੰ ਮਾਸਕ 'ਵਿਹਾਰ ਸੁਧਾਰ' ਵਿਚ ਵੀ ਜਾਰੀ ਰਖਿਆ ਗਿਆ । ਭਾਵੇਂ ਇਕੜ ਦੁਕੜ ਕਵੀ ਇਸ ਤੋਂ ਨਾਰਾਜ਼ ਵੀ ਹੋਏ ਪਰ ਸਮੁਚੇ ਤੌਰ ਤੇ ਇਸ ਨੇ ਆਮ ਸਾਹਿਤ ਰਸੀਆਂ ਦੀ ਬੜੀ ਪ੍ਰਸ਼ੰਸਾ ਪ੍ਰਾਪਤ ਕੀਤੀ ।[1] ਸਾਹਿਤ ਦੇ ਇਸ ਪੱਖ ਨਾਲ ਸਬੰਧਤ, ਪੰਜਾਬੀ ਦੇ ਪ੍ਰਸਿਧ ਆਲੋਚਕਾਂ ਪ੍ਰੋਫੈਸਰ ਤੇਜਾ ਸਿੰਘ, ਬਾਵਾ ਬੁਧ ਸਿੰਘ, ਡਾਕਟਰ ਦੀਵਾਨ ਸਿੰਘ ਕਾਲੇਪਾਣੀ, ਲਾਲਾ ਗੁਰਾਂਦਿਤਾ ਖੰਨਾ ਆਦਿ ਤੋਂ ਲਿਖਵਾਏ ਲੇਖ ਵੀ 'ਕਵੀ' ਦਾ ਸ਼ਿੰਗਾਰ ਬਣਾਏ ਜਾਂਦੇ ਸਨ । ਇਹ ਗਲ 'ਦੁਖੀ' ਜੀ ਵਲੋਂ ਸੰਚਾਲਤ ਤੇ ਸੰਪਾਦਤ 'ਕਵੀ' ਦੇ ਹਿਸੇ ਹੀ

1. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ, ਅਪ੍ਰੈਲ 1935, ਪੰਨਾ 224.

Sri Satguru Jagjit Singh Ji Elibrary NamdhariElibrary@gmail.com

ਆਈ ਸੀ ਕਿ ਉਹ ਕਿਸੇ ਕਵੀ ਦੀਆਂ ਦੋਂਹ ਤੁਕਾਂ ਦੀ ਆਲੋਚਨਾ ਲਈ ਹੀ ਕਈ ਕਈ ਮਹੀਨੇ ਮੈਦਾਨ ਗਰਮਾਈ ਰਖਦਾ ਸੀ।

ਅੱਜ ਜ਼ਮਾਨਾ ਬਹੁਤ ਬਦਲ ਗਿਆ ਹੈ। ਵਰਤਮਾਨ ਪੀੜ੍ਹੀ ਦੇ ਬਹੁਤੇ ਲੇਖਕ ਸ਼ਾਇਦ ਅਜ ਤੋਂ ਪੰਜ ਛੇ ਦਹਾਕੇ ਪਹਿਲਾਂ ਦੀ. ਸਮਾਜਿਕ ਤੇ ਸਾਹਿਤਕ ਸਥਿਤੀ ਦਾ ਅਨੁਮਾਨ ਵੀ ਨਾ ਲਾ ਸਕਣ। ਇਸਤਰੀ ਜਾਤੀ ਵਾਸਤੇ ਉਦੋਂ ਘਰੋਂ ਨਿਕਲ ਕੇ ਸਕੂਲ ਜਾਣਾ ਹੀ ਮੁਹਾਲ ਹੁੰਦਾ ਸੀ, ਸਾਹਿਤ ਰਚਨਾ ਦੀ ਤਾਂ ਗਲ ਹੀ ਕਿਧਰੇ ਰਹੀ। 'ਦੁਖੀ' ਜੀ ਦੀ ਕਾਵਿ ਸਿਖਿਆ ਤੋਂ ਪ੍ਰਭਾਵਤ ਹੋ ਕੇ ਕਈ ਬੀਬੀਆਂ ਵੀ ਕਾਵਿ ਖੇਤਰ ਵਿਚ ਆ ਦਾਖਲ ਹੋਈਆਂ ਸਨ। 'ਦੁਖੀ' ਜੀ ਦੀ ਇਕ ਤਰ੍ਹਾਂ ਨਾਲ ਇਹ ਸਮਾਜ ਨੂੰ ਦੋਹਰੀ ਦੇਣ ਸੀ; ਇਕ ਤਾਂ ਇਸਤਰੀ ਜਾਤੀ ਦੀ ਉੱਨਤੀ ਵਿਚ ਇਕ ਹੋਰ ਪੁਲਾਂਘ ਅਤੇ ਦੂਜੇ, ਉਸ ਵਿਚ ਸਾਹਿਤ ਰਚਨਾ ਦਾ ਸ਼ੌਕ ਪੈਦਾ ਕਰਨਾ।

'ਦੁਖੀ' ਜੀ ਵਲੋਂ ਪੰਜਾਬੀ ਸਮਾਜ ਅਤੇ ਸਾਹਿਤ ਨੂੰ ਦਿਤੀ ਹੋਈ ਇਸ ਦੇਣ ਦਾ ਭਵਿਖ ਵਿਚ ਜਦੋਂ ਮੁਲਾਂਕਣ ਹੋਵੇਗਾ ਤਾਂ ਆਪ ਦਾ ਨਾਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੋਰ ਵੀ ਚਮਕ ਮਾਰੇਗਾ ਤੇ ਇਸ ਚਮਕ ਦੇ ਆਸਰੇ ਕਈ ਹੋਰਨਾਂ ਪੰਜਾਬੀ ਪਿਆਰਿਆਂ ਨੂੰ ਸਹੀ ਰਸਤਾ ਲਭਣ ਵਿਚ ਸੌਖ ਤੇ ਸਹੂਲਤ ਮਿਲ ਸਕੇਗੀ।

Sri Satguru Jagjit Singh Ji Elibrary NamdhariElibrary@gmail.com

## ਅਧਿਆਇ ਸੱਤਵਾਂ

# ਚੋਣਵੀਂ ਪੰਜਾਬੀ ਰਚਨਾ

## ਕਵਿਤਾਵਾਂ

### 'ਬਾਗ਼ੀ ਦਾ ਚਸਕਾ'

ਬਾਗ਼ੀ ਨਹੀਂ, ਬਾਗੀਪਨ ਤੋਂ ਖੌਫ ਵੀ ਨਾ, ਮੁਢੋਂ ਬਾਗ਼ੀਆਂ ਨਾਲ ਪਿਆਰ ਮੇਰਾ।
ਕਿਉਂਕਿ ਕੌਮ ਪੂਜਾਂ ਨੂੰ ਤੂੰ ਕਹੇਂ ਬਾਗੀ, ਹਾਜ਼ਰ ਜਿਨ੍ਹਾਂ ਲਈ ਸੀਸ ਸੌ ਵਾਰ ਮੇਰਾ।
ਜਿਨ੍ਹਾਂ ਸੇਵਕਾਂ ਨੂੰ ਸਾੜੇਂ ਜੇਲ੍ਹਖਾਨੀਂ, ਸਦਕੇ ਉਨ੍ਹਾਂ ਤੋਂ ਸਭ ਪਰਵਾਰ ਮੇਰਾ।
ਜ਼ਿਨ੍ਹਾਂ ਦੇਸ਼ ਭਗਤਾਂ ਨੂੰ ਤੂੰ ਦਏਂ ਫਾਹੇ, ਰਾਜ ਦਿਆਂ ਜੇ ਹੋਇ ਅਖ਼ਤਿਆਰ ਮੇਰਾ।
ਮੁਲਕ ਲਈ, ਮੁਲਕੀ ਸੇਵਕਾਂ ਲਈ, ਖੂਨ ਰਿਹਾ ਹਰਦਮ ਜੋਸ਼ ਮਾਰ ਮੇਰਾ।
ਜਿਚਰ ਜਾਨ ਵਿਚ ਜਾਨ ਈਮਾਨ ਦੀ ਸਹੁੰ, ਚਸਕਾ ਛੁਟਦਾ ਨਹੀਂ ਸਰਕਾਰ ਮੇਰਾ।

ਮੈਂ ਇਹ ਜਾਣਦਾ ਹਾਂ, ਜ਼ੁਲਮ ਕਰਨ ਲਗਿਆਂ, ਕਦੇ ਜ਼ਾਲਮਾਂ ਨੂੰ ਤਰਸ ਆਂਵਦਾ ਨਹੀਂ।
ਮੈਨੂੰ ਪਤੈ ਬੇਦਰਦ, ਹਤਿਆਰਿਆਂ ਦਾ, ਸਿਤਮ ਢਾਉਂਦਿਆਂ ਦਿਲ ਦਹਿਲਾਂਵਦਾ ਨਹੀਂ।
ਮੈਨੂੰ ਪਤੈ ਚੋਰ, ਡਾਕੂ, ਕਾਤਿਲਾਂ ਦਾ, ਖੂਨ ਕਰਦਿਆਂ ਜੀ ਘਬਰਾਂਵਦਾ ਨਹੀਂ।
ਇਹ ਭੀ ਪਤੈ ਗੱਦਾਰ, ਗੁਮਰਾਹੀਆਂ ਨੂੰ, ਦੇਸ਼ਘਾਤੀਆਂ ਨੂੰ 'ਦੁਖੀ' ਭਾਂਵਦਾ ਨਹੀਂ।
ਸੋਚ ਸੋਚ ਕੇ ਸਮਝ ਕੇ ਸਚ ਆਖਾਂ, ਹਿਰਦਾ ਕਹੇ ਕਿਉਂ ਏ ਬਾਰੰਬਾਰ ਮੇਰਾ।
'ਦੁਖੀ' ਦੇਸ਼ ਭਗਤਾਂ ਦਾ ਹਾਂ ਸਦਾ ਸੇਵਕ, ਚਸਕਾ ਛੁਟਦਾ ਨਹੀਂ ਸਰਕਾਰ ਮੇਰਾ।

ਮੈਨੂੰ ਪਤੈ ਮੈਂ ਅਬਲਾ, ਬੇਆਸਰਾ ਹਾਂ, ਨੌਕਰਸ਼ਾਹੀ ਦੀਆਂ ਬਾਹਾਂ ਲੰਮੀਆਂ ਨੇ।
ਮੈਨੂੰ ਪਤੈ ਕਿਹੜੇ ਕੁੱਲੀ ਢਾਉਣ ਮੇਰੀ, ਵੈਰੀ ਮਹਿਲ ਦੀਆਂ ਉਹੋ ਥੰਮੀਆਂ ਨੇ।
ਮੈਨੂੰ ਪਤੈ ਹਰ ਇਕ ਝਾੜ ਮੁਢ ਕੱਖਾਂ, ਖਾਰਦਾਰ ਇਹ ਬੂਟੀਆਂ ਜੰਮੀਆਂ ਨੇ।
ਮੈਨੂੰ ਪਤੈ ਕਿੰਕੂ ਮੇਰੇ ਖੂਨ ਨ੍ਹਾਉਣਾ, ਪੇਟ ਪਾਲੂਆਂ ਕਾਇਰਾਂ ਕੰਮੀਆਂ ਨੇ।
ਸਭੋ ਸੋਚਦਾ ਸਮਝਦਾ ਵੇਖਦਾ ਹਾਂ, ਤਾਂ ਭੀ ਕੀ ਕਰਾਂ, ਬੇਅਖਤਿਆਰ ਮੇਰਾ।
'ਦੁਖੀ' ਦੇਸ਼ ਸੇਵਾ, ਪੂਜਾ ਕੌਮ ਦੀ ਦਾ, ਚਸਕਾ ਛੁਟਦਾ ਨਹੀਂ ਸਰਕਾਰ ਮੇਰਾ।

### ਮੇਰਾ ਪੰਜਾਬ

ਮੇਰੇ ਦੇਸ਼ ਬਦਬਖਤ ਦੇ ਵਡੇ ਫਿਰਕੇ, ਬਣਦੇ ਗਏ ਵੈਰੀ ਸਾਲੋ ਸਾਲ ਦੋਵੇਂ।
ਕੌਮੀ ਲਹਿਰ ਅਤੇ ਫਿਰਕੂ ਜ਼ਹਿਰ ਵੱਖ-ਵੱਖ, ਵਧਦੇ ਫੁਲਦੇ ਰਹੇ ਨਾਲੋਂ ਨਾਲ ਦੋਵੇਂ।

Sri Satguru Jagjit Singh Ji Elibrary NamdhariElibrary@gmail com

ਹੋ ਆਜ਼ਾਦ ਹਕੂਮਤਾਂ ਵੰਡ ਰਹੇ ਸਨ, ਜਦੋਂ ਜਨਾਹ ਅਤੇ ਜਵਾਹਰ ਲਾਲ ਦੋਵੇਂ।
ਘਰ ਦੀ ਅੱਗ ਭੜਕੀ ਦੁਸ਼ਮਨ ਹਵਾ ਦਿਤੀ, ਫਿਰਕੂ ਦਲ ਖਾ ਉਠੇ ਉਬਾਲ ਦੋਵੇਂ।
ਖੁਸ਼ੀਆਂ ਵਿਚ ਬੇਫਿਕਰ ਅਨਭੋਲ ਹੈਸੀ, ਲੈਂਦਾ ਦੇਸ਼ ਆਜ਼ਾਦੀ ਦੇ ਖਵਾਬ ਮੇਰਾ।
ਬਰਛੇ ਛੁਹੇ ਕਿਰਪਾਨਾਂ ਦੀ ਕਾਂਗ ਚੜ੍ਹ ਪਈ, ਸੁਤਾ ਮਾਰਿਆ ਗਿਆ ਪੰਜਾਬ ਮੇਰਾ।

—

ਦੂਤੀ ਦੁਸ਼ਮਨਾਂ ਵੰਡ ਕੇ ਬੰਬ ਰਫਲਾਂ, ਖੁਲ੍ਹੇ ਡਾਕੂਆਂ ਦੇ ਕਟਕ ਚਾੜ੍ਹ ਦਿਤੇ।
ਸੈਆਂ ਸਾਲਾਂ ਦੇ ਵਸਦੇ ਪਿੰਡ ਸੁਹਣੇ, ਲੁਟ ਪੁਟ ਕੇ ਸਾੜ ਉਜਾੜ ਦਿਤੇ।
ਬੇਗੁਨਾਹਾਂ ਦੀਆਂ ਛਾਤੀਆਂ ਚੀਰ ਦਿਤੀਆਂ, ਅਤੇ ਢਿਡ ਮਾਸੂਮਾਂ ਦੇ ਪਾੜ ਦਿਤੇ।
ਪੈਰਾਂ ਹੇਠ ਗੁਰੂ ਗ੍ਰੰਥ ਕੁਰਾਨ ਰੋਲੇ, ਕਬਰਸਥਾਨ ਮੰਦਰ ਮਸਜਿਦ ਮਾੜ ਦਿਤੇ।
ਅਣਖ ਆਣ ਵਾਲਾ ਉਚੀ ਸ਼ਾਨ ਵਾਲਾ, ਕੀਤਾ ਦੇਸ਼ ਬਰਬਾਦ ਬੇਆਬ ਮੇਰਾ।
ਫਿਰਕੂ ਡਾਕੂਆਂ ਦੇ ਹੱਥੋਂ ਦਿਨ ਦੀਵੀਂ, ਲੁਟਿਆ ਮਾਰਿਆ ਗਿਆ ਪੰਜਾਬ ਮੇਰਾ।

—

ਮੇਰੇ ਦੇਸ਼ 'ਚੋਂ ਲਾਜ ਇਨਸਾਨੀਅਤ ਦੀ, ਪਤਾ ਨਹੀਂ ਗਈਆਂ ਕਿਧਰ ਚਲੀਆਂ ਨੇ।
ਇਹਦੀਆਂ ਕੁਆਰੀਆਂ ਦੀਆਂ ਡਕੈਤਾਂ ਹੱਥੋਂ, ਪਾਕ ਅਸਮਤਾਂ ਖਾਕ ਵਿਚ ਰਲੀਆਂ ਨੇ।
ਛੁਰਿਆਂ ਨਾਲ ਇਹਦੇ ਮੁਸਲਮ ਗਾਜ਼ੀਆਂ ਨੇ, ਸ਼ਰਨ ਆਇਆਂ ਦੀਆਂ ਛਾਤੀਆਂ ਸੱਲੀਆਂ ਨੇ।
ਰੰਗਲੇ ਕੱਢਣ ਮਾਸੂਮਾਂ ਦੀਆਂ ਗਰਦਨਾਂ ਤੇ, ਹਾਂ, ਕਿਰਪਾਨਾਂ ਜੁਆਨਾਂ ਦੀਆਂ ਚੱਲੀਆਂ ਨੇ।
ਵੇਖ ਵੇਖ ਕੇ ਤੜਫਦਾ ਦੇਸ਼ ਘਾਇਲ ਹੋਇਆ ਭੁੱਜ ਕੇ ਸੀਨਾ ਕਬਾਬ ਮੇਰਾ।
ਸਣੇ ਪਤ ਦੌਲਤ ਮਾਲ ਅਸਮਤ, ਹਾਇ ਲੁਟਿਆ ਗਿਆ ਪੰਜਾਬ ਮੇਰਾ।

—

ਚੜ੍ਹ ਕੇ ਦੁਸ਼ਮਨਾਂ ਹੱਥ ਨਿਰਦੋਸ਼ ਗੁਆਂਢੀ, ਜਿਲਾਵਤਨ ਕੀਤੇ ਖਜਲ ਖੁਆਰ ਕੀਤੇ।
ਜਿਉਂਦੇ ਲੋਕ ਸਾੜੇ ਘਰੀਂ ਅਗ ਲਾ ਲਾ, ਲੁਕਦੇ ਨੱਸਦੇ ਫੜਿ ਫੜਿ ਸ਼ਿਕਾਰ ਕੀਤੇ।
ਸ਼ਾਨਦਾਰ ਰਵਾਇਤਾਂ ਦਿਆਂ ਵਾਰਸਾਂ ਨੇ, ਅਜ ਮਾਤ ਨਾਜ਼ੀ ਅਤਿਆਚਾਰ ਕੀਤੇ।
ਸੋਨੇ ਰੰਗੇ ਇਤਿਹਾਸ ਤੇ ਫੇਰ ਕਾਲਖ, ਹਤਿਆਕਾਂਡ ਤਾਰੀਖ ਦੇ ਤਿਆਰ ਕੀਤੇ।
ਨਾਲੇ ਜਗ ਦੇ ਵਿਚ ਬਦਨਾਮ ਕੀਤਾ, ਨਾਲੇ ਕੀਤਾ ਸੁ ਖਾਨਾ ਖਰਾਬ ਮੇਰਾ।
ਕਾਲੇ ਦਿਲਾਂ ਵਾਲੇ ਚਿਟੇ ਵੈਰੀਆਂ ਦੇ, ਹੱਥੋਂ ਲੁਟਿਆ ਗਿਆ ਪੰਜਾਬ ਮੇਰਾ।

—

ਇਹਦੇ ਖੇਤ ਸਾਂਝੇ ਪਿੰਡ ਸ਼ਹਿਰ ਸਾਂਝੇ, ਸਾਂਝੀ ਰਹੀ ਦੀਵਾਲੀ ਤੇ ਈਦ ਜਿਥੇ।
ਉਘਾ ਜਲ੍ਹਿਆਂ ਵਾਲਾ ਉਹੋ ਬਾਗ ਸਾਂਝਾ, ਸਾਂਝੇ ਲਾਲ ਸਨ ਹੋਏ ਸ਼ਹੀਦ ਜਿਥੇ!
ਕੌਮਾਂ ਵਖ ਪਰ ਇਕੋ ਆਦਰਸ਼ ਵਾਲੇ, ਖੇਡੇ ਪਲੇ ਸਨ ਨਾਨਕ ਫਰੀਦ ਜਿਥੇ।
ਇਕੋ ਗ੍ਰੰਥ ਦੀ ਬੀੜ ਵਿਚ ਹੈਨ ਬੀੜੇ, ਗੁਰ ਸਿਧਾਂਤ, ਵੇਦਾਂਤ ਤੌਹੀਦ ਜਿਥੇ।
ਸੋਹਣਾ ਦੇਸ਼ ਸੋਹਣੀ ਹੀਰ ਸਾਹਿਬਾਂ ਦਾ, ਹੋਇਆ ਓਪਰਾ ਝੰਗ ਚਨਾਬ ਮੇਰਾ।
ਸਹਿਗਲ, ਵਾਰਸ, ਸਰਾਭਾ ਤੇ ਭਗਤ ਸਿੰਘ ਦਾ, ਲੀਰਾਂ ਲੀਰ ਹੋ ਗਿਆ ਪੰਜਾਬ ਮੇਰਾ।

—

Sri Satguru Jagjit Singh Ji Elibrary NamdhariElibrary@gmail com

ਦਰਦਮੰਦ ਪੰਜਾਬੀਆ ਉਠ ਵੇਹਾ, ਮੁੜ ਕੇ ਵਿਛੜੀਆਂ ਧਿਰਾਂ ਮਿਲੌਣੀਆਂ ਨੇ।
ਨਵੇਂ ਸਿਰੇ ਤੋਂ ਉਜੜੇ ਦੇਸ਼ ਦੀਆਂ, ਉਲਝੀਆਂ ਤਾਣੀਆਂ ਫੇਰ ਸੁਲਝਣੀਆਂ ਨੇ।
ਜਿਨ੍ਹਾ ਹੱਥਾ ਨੇ ਮਾਰੇ ਨੇ ਫਟ ਡੂੰਘੇ, ਉਨ੍ਹੀਂ ਹਥੀਂ ਮੁੜ ਮਲ੍ਹਮਾਂ ਲੌਣੀਆਂ ਨੇ।
ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ; ਹਥੀਂ ਵਿਗੜੀਆਂ ਮੁੜ ਕੇ ਬਣੌਣੀਆਂ ਨੇ।

ਬਾਹਵਾਂ ਭਜੀਆਂ ਲਗਣੀਆਂ ਗਲੀਂ ਆਖਰ, ਪੂਰਾ ਹੋਊਗਾ ਅਜ ਦਾ ਖਵਾਬ ਮੇਰਾ।
ਵਾਹੀ ਜੇਕਰ ਸਾਂਝੇ ਪਾਣੀਆ ਦਾ, ਓੜਕ ਵਿਛੜਿਆ ਮਿਲੂ ਪੰਜਾਬ ਮੇਰਾ।

—

## ਗ਼ਜ਼ਲ

ਜਿਨ੍ਹਾਂ ਨੂੰ ਖਾਰ ਕਹਿੰਦਾ ਸਾਂ, ਉਹੀ ਗ਼ਮਖਾਰ ਨਿਕਲੇ ਨੇ।
ਜਿਨ੍ਹਾਂ ਵੈਰੀ ਸਮਝਦਾ ਸਾਂ, ਉਹ ਸੱਚੇ ਯਾਰ ਨਿਕਲੇ ਨੇ।
ਮੇਰੀ ਬੇਅਕਲੀਆਂ ਨੂੰ ਹਸ ਕੇ, ਉਹ ਭੁਲ ਜਾਂਦੇ ਨੇ,
ਜਿਨ੍ਹਾਂ 'ਬੇਕਾਰ' ਕਹਿੰਦਾ ਸਾਂ, ਉਹ 'ਬਾਕਾਰ' ਨਿਕਲੇ ਨੇ।
ਜਿਨ੍ਹਾਂ ਨੂੰ ਬੇਵਫ਼ਾ, ਮੂਰਖ, ਬੁਰੇ ਮਕਾਰ ਕਹਿੰਦਾ ਸਾਂ,
ਉਹ ਮੇਰੇ ਵਫ਼ਾ ਵਾਲੇ ਭਲੇ ਸਚਿਆਰ ਨਿਕਲੇ ਨੇ।
ਮੇਰੀ ਬਦਕਾਰੀਆਂ ਮਕਾਰੀਆਂ ਦਾ ਆਖਣਾ ਹੀ ਕੀ?
ਜਿਨ੍ਹਾਂ ਦਾ ਦਿਲ ਦੁਖਾਇਆ ਮੈਂ, ਉਹੀ ਦਿਲਦਾਰ ਨਿਕਲੇ ਨੇ।
ਜਿਨ੍ਹਾਂ ਨੂੰ ਮੈਂ ਬੇਅਣਖੇ, ਬੇਹਯਾ, ਹੇਠੇ ਸਮਝਦਾ ਸਾਂ,
ਅਣਖ ਵਾਲੇ, ਹਯਾ ਵਾਲੇ, ਉਹੀ ਸਰਦਾਰ ਨਿਕਲੇ ਨੇ।
ਜਿਨ੍ਹਾਂ ਨੂੰ ਮੈਂ ਸਦਾ ਕਹਿੰਦਾ, ਕਮੀਨੇ ਕੰਗਲੇ ਕਾਇਰ,
ਮੇਰੀ ਖਾਤਰ ਮਰਨ ਲਈ, ਉਹ ਸਦਾ ਤਿਆਰ ਨਿਕਲੇ ਨੇ।
ਜਿਨ੍ਹਾਂ ਕੰਜੂਸ ਮਖੀ ਚੂਸ ਕਹਿ ਕਹਿ ਕੇ ਦੁਖਾਇਆ ਮੈਂ,
ਉਹੀ ਮੇਰੇ ਦਿਆਲੂ, ਹਮਦਰਦ, ਦਾਤਾਰ ਨਿਕਲੇ ਨੇ।
ਜਿਨ੍ਹਾਂ ਨੂੰ ਮੈਂ ਕਿਹਾ ਕਰਦਾ ਸਾਂ ਬੇਦਿਲ, ਬੇਅਕਲ ਬੰਦੇ,
ਮਰਦਿ ਮੈਦਾਨ ਪੂਰੇ ਉਹ ਹੀ ਸ਼ਾਹ ਅਸਵਾਰ ਨਿਕਲੇ ਨੇ।
ਜਿਨ੍ਹਾਂ ਖਾਤਰ ਉਮਰ ਸਾਰੀ ਕਦੇ ਨਾ ਤੋੜਿਆ ਡਕਾ,
ਉਹੀ ਮੇਰੇ ਨਿਫਲ ਗ਼ਮਖਾਰ ਮਦਦਗਾਰ ਨਿਕਲੇ ਨੇ।
ਜਿਨ੍ਹਾਂ ਨੂੰ ਮੈਂ ਸਤਾਇਆ ਰੋਲਿਆ ਬੇਫ਼ਿਕਰ ਹੋ ਹੋ ਕੇ,
ਉਨ੍ਹਾਂ ਦੇ ਹੀ 'ਦੁਖੀ' ਅਰਥੀ ਤੇ ਹੰਝੂ ਚਾਰ ਨਿਕਲੇ ਨੇ।

## ਸੁਣਾਇ ਦੇਖੁ

'ਦੁਖੀ' ਕਵਿਤਾਈ ਮੇਂ ਹੀ ਉਮਰ ਗਵਾਈ ਸਾਰੀ,
ਪਾਈ ਨਹੀਂ ਪਾਈ, ਕਦੀ ਮੋਲ ਨਾਂ ਬਿਕਾਇ ਦੇਖੁ।

Sri Satguru Jagjit Singh Ji Elibrary NamdhariElibrary@gmail com

ਸੋਭਾ ਪ੍ਰਭਤਾਈ ਕੀ ਜ਼ਬਾਨੀ ਖੀਰ ਖਾਈ ਕਾਹੂੰ,
ਕਦਰ ਭੀ ਪਾਈ ? ਨੇਕ ਮਨ ਚਿਤ ਲਾਇ ਦੇਖੁ।
ਭਾਂਤ ਭਾਂਤ ਰਚੀ ਰੰਗ ਵਧੰਗ ਪੰਡਤਾਈ ਭਰੀ,
ਆਜ ਸਾਦੀ ਸਰਲ ਸਾਧਾਰਨ ਬਨਾਇ ਦੇਖੁ।
ਸੈਂਕੜੇ ਬਨਾਈ ਮੈਂ ਸੁਣਾਈ ਕੌਮ ਦੇਸ਼ ਹਿਤ,
ਭੂਖੇ ਪੇਟ ਹੇਤ ਭੀ ਤੋ ਕਛੂ ਕ ਸੁਨਾਇ ਦੇਖੁ।

## ਲੇਖ
## 'ਨੌਜੁਆਨ'

ਹਵਾ ਬਦਲੀ ਤੂੰ ਭੀ ਤਰਾਨਾ ਬਦਲ ਦੇ।
ਸਮਾਂ ਬਦਲਿਆ ਤੂੰ ਭੀ ਗਾਨਾ ਬਦਲ ਦੇ।
ਓ ਭਾਰਤ ਦਿਆ ਭੋਲਿਆ ਨੌਜੁਆਨਾ।
'ਦੁਖੀ' ਜ਼ਿੰਦਗੀ ਦਾ ਨਿਸ਼ਾਨਾ ਬਦਲ ਦੇ।

ਮੁਲਕਾਂ ਦੀ ਆਨ, ਦੇਸ਼ਾਂ ਦੀ ਸ਼ਾਨ ਤੇ ਕੌਮਾਂ ਦੀ ਜਿੰਦ ਜਾਨ ਪ੍ਰਾਨ ਮੁਲਕ ਦੇ ਗਭਰੂ ਹੀ ਹੋਇਆ ਕਰਦੇ ਹਨ।

ਭਾਵੇਂ ਰਾਹ ਵਿਖਾਊ, ਸਮਝਾਊ ਤੇ ਅਕਲ ਦੁੜਾਊ ਸੁਜਾਨ ਵਿਦਵਾਨ ਬਜ਼ੁਰਗ ਨੀਤੀਵਾਨ ਹੀ ਹੁੰਦੇ ਹਨ, ਪਰ ਕਿਸੇ ਖਿਆਲ ਨੂੰ ਅਮਲੀ ਜਾਮਾ ਪਹਿਨਾਉਣ ਵਾਲੇ ਤੇ ਕਸ਼ਟ ਸਮੁੰਦਰ ਵਿਚ ਫਸੇ ਡਿਕੇ ਡੋਲੇ ਖਾ ਰਹੇ ਕੌਮੀ ਜਹਾਜ਼ ਨੂੰ ਹਿੰਮਤ ਦਾ ਮੋਢਾ ਲਾ ਕੇ ਪਾਰ ਲੌਣ ਵਾਲੇ ਅਕਸਰ ਗਭਰੂ ਨੌਜੁਆਨ ਹੀ ਹੋਇਆ ਕਰਦੇ ਹਨ।

ਸਰੀਰਕ ਵਿਗਿਆਨ ਗਿਆਤਾਂ ਦੀ ਵਿਚਾਰ ਹੈ ਕਿ ਸਰੀਰ ਦੇ ਬਿਰਧ ਹੋਣ ਨਾਲ ਤਜਰਬਾ ਅਕਲ ਤਾਂ ਬੇਸ਼ਕ ਤੇਜ਼ ਹੋ ਜਾਂਦੀ ਹੈ, ਸਮੇਂ ਦੀਆਂ ਠੋਕਰਾਂ ਖਾ ਖਾ ਵਿਚਾਰ ਭੀ ਜ਼ਰੂਰ ਪਕੇ ਤੇ ਪੀਡੇ ਹੋ ਜਾਂਦੇ ਹਨ, ਸਿਆਣਪ ਸ਼ਕਤੀ ਤਾਂ ਜ਼ਰੂਰ ਪਰਪੱਕ ਤੇ ਦੂਰ ਦੀ ਸੋਝੀ ਵਾਲੀ ਹੋ ਜਾਂਦੀ ਹੈ ਪਰ ਕੰਮ ਕਾਰਕ ਸ਼ਕਤੀ, ਅਗੇ ਵਧੂ ਤਾਕਤ, ਸਖਤੀਆਂ ਸਹਿਨ ਦੀ ਹਿੰਮਤ ਅਤੇ ਮੌਤ ਦੇ ਮੂੰਹ ਵਿਚ ਕੁਦ ਕੇ ਭੀ, ਕਿਸੇ ਸਕੀਮ ਨੂੰ ਅਮਲੀ ਜਾਮਾ ਪਹਿਨੌਣ ਦੀ ਤਾਕਤ ਜ਼ਰੂਰ ਘਟ ਜਾਂਦੀ ਹੈ।

ਬੇਫਿਕਰੀ, ਬੇਹਯਾਵਾਂ ਦੀਆਂ ਡਾਂਗਾਂ ਦੀ ਮਾਰ ਖਾ ਖਾ ਬੇਖੌਫ ਡਟੇ ਰਹਿਣਾ, ਬੇਹੋਸ਼ ਹੋ ਹੋ, ਪਾਣੀ ਵਿਚ ਗੋਤੇ ਖਾ ਖਾ ਜੀ ਉਠਣਾ, ਜੀਊਂਦੇ ਜੀ ਸਿਰਾਂ ਦੀਆਂ ਖੋਪਰੀਆਂ ਲੁਹਾ ਲੈਣੀਆਂ ਛੱਤਾਂ ਨਾਲ ਪਹਿਰਾਂ ਤੀਕ ਪੁਠੇ ਲਟਕ ਲਟਕ ਡਟੇ ਰਹਿਣਾ, ਚਰਖੀਆਂ ਤੇ ਚੜ੍ਹ ਚੜ੍ਹ ਜਾਨ ਦੇਣੀ, ਜਿਉਂਦੇ ਜੀ ਭਠੀਆ ਵਿਚ ਸਾੜੇ ਜਾਣਾ, ਅੰਗ ਅੰਗ ਕਟਵਾ ਲੈਣੇ ਪਰ ਮੂੰਹੋਂ 'ਸੀ' ਤਕ ਨਾ ਕਰਨੀ ਅਤੇ ਆਪਣੇ ਨਿਸ਼ਾਨੇ ਤੋਂ ਰੱਤੀ ਭਰ ਨਾ ਖਿਸਕਣਾ, ਜਿਉਂਦਿਆਂ ਕੰਧਾਂ ਵਿਚ ਚਿਣਵਾਏ ਜਾਣ ਤੇ ਭੀ, ਬੇਪ੍ਰਵਾਹ, ਬੇਖੌਫ, ਨਿਧੜਕ ਆਪਣੇ ਜੀਵਨ ਆਸ਼ੇ ਦੀ ਪੂਰਤੀ ਲਈ ਅਡੋਲ, ਅਹਿਲ ਡਟੇ ਰਹਿਣਾ, ਨੌਜੁਆਨੀ, ਸੂਰਮੇ ਗਭਰੂਆਂ ਤੇ ਜਾਂ ਨਿਸਾਰ ਬਹਾਦਰਾਂ ਦਾ ਹੀ

ਕੌਮ ਹੈ।

ਇਹ ਨੌਜੁਆਨ ਹੀ ਸਨ ਜਿਨ੍ਹਾਂ ਨੇ ਫਾਂਸੀ ਦੇ ਰੱਸੇ ਨੂੰ ਹਸ ਹਸ ਗਲ ਵਿਚ ਪੌਂਦਿਆਂ :

ਸ਼ਹੀਦੀ ਦੇ ਪਿਆਲੇ ਦਾ ਹੈ ਚਸਕਾ ਮੁਦ ਤੋਂ ਮੈਨੂੰ,
ਮੈਂ ਮਰਨੇ ਨੂੰ ਖੁਸ਼ੀ ਬੈਠਾ ਹਾਂ, ਆ ਜਾਵੇ ਕਜ਼ਾ ਮੇਰੀ।

ਕੂਕਾਂ ਮਾਰੀਆਂ। ਇਹ ਗਭਰੂ ਜਾਂ ਨਿਸਾਰ ਹੀ ਸਨ ਜਿਨ੍ਹਾਂ ਨੇ ਕੌਮ ਦੀ ਹਯਾਤੀ ਲਈ, ਹੋਂਦ ਲਈ ਅਤੇ ਕੌਮ ਦੀ ਬਕਾ (ਸਦਾ ਕਾਇਮੀ) ਲਈ :

ਮੈਂ ਗੁਲਸ਼ਨ ਕੌਮ ਦਾ ਸਿੰਜੂ, 'ਦੁਖੀ' ਦਿਲਿ ਖੂਨ ਥੀਂ ਖੁਸ਼ ਹੋ।
ਨਸ਼ਾਨੀ ਕੌਮ ਦੀ ਬਾਕੀ ਰਹੂ, ਹਊ ਫਨਾ ਮੇਰੀ

ਜੈਕਾਰੇ ਲਾਉਂਦਿਆਂ, ਆਨੰਦ ਮਗਨਤਾ ਵਿਚ ਜਾਨਾਂ ਦਿਤੀਆਂ।

ਕਿਸੇ ਕੌਮ ਤੇ ਕਿਸੇ ਦੇਸ਼ ਦੇ ਇਤਿਹਾਸ ਨੂੰ ਫੋਲ ਕੇ ਦੇਖ ਲਵੋ। ਮੁਰਦਿਆਂ ਨੂੰ ਜਿਵੌਣ, ਸੁਤਿਆਂ ਨੂੰ ਜਗੌਣ, ਡਿਗੀਆਂ ਨੂੰ ਉਠੌਣ ਅਤੇ ਦਠੀਆਂ, ਸਾਹ ਹੀਣ ਪੈਰਾਂ ਹੇਠ ਲਿਤਾੜੀਆਂ ਜਾ ਰਹੀਆਂ ਗੁਲਾਮ ਕੌਮਾਂ ਨੂੰ ਆਜ਼ਾਦ ਕਰਾ, ਸੰਸਾਰ ਦੇ ਸਾਹਮਣੇ ਲੈ ਔਣ ਵਾਲੇ ਹਮੇਸ਼ਾ ਨੌਜੁਆਨ ਗਭਰੂ ਜਾਨਬਾਜ਼ ਹੀ ਹੋਏ ਹਨ ਤੇ ਸਦਾ ਗਭਰੂ ਹੀ ਹੋਣਗੇ।

ਅਮਰੀਕਾ ਵਿਚ ਹੈਨਰੀ ਪੈਟ੍ਰਿਕ, ਐਡਮਿਧ ਤੇ ਵਾਸ਼ਿੰਗਟਨ ਜੇਹੇ ਗਭਰੂ ਹੀ ਸਨ ਨਾ ਜਿਨ੍ਹਾਂ ਕੌਮ ਲਈ ਕੁਰਬਾਨ ਹੋ ਮੁਲਕ ਨੂੰ ਚਾਰ ਚੰਦ ਲਾ ਦਿਤੇ ਤੇ ਫਰਾਂਸ ਵਿਚ ਡਾਕਟਰ ਗਿਲਬਰਟ ਲਾਫੇਟੇ ਜੇਹੇ ਗਭਰੂਆਂ ਦੀਆਂ ਕੁਰਬਾਨੀਆਂ ਰੰਗ ਲੈ ਆਈਆਂ।

ਇਟਲੀ ਵਿਚ ਮੇਜ਼ਿਨੀ ਅਤੇ ਗਾਰੀਬਾਲਡੀ ਵਰਗੇ ਸੂਰਮੇ ਗਭਰੂਆਂ ਨੇ ਜਾਨਾਂ ਦੇ ਕੇ ਮੁਲਕ ਵਿਚ ਜਾਨ ਪਾਈ ਅਤੇ ਇਸੇ ਤਰ੍ਹਾਂ ਤੁਰਕੀ ਜਾਪਾਨ ਜਰਮਨੀ ਆਦਿ ਹਰ ਮੁਲਕ ਅਤੇ ਹਰ ਕੌਮ ਦੇ ਜੀਵਨ ਦਾ ਹਾਲ ਜਦ ਭੀ ਪੜ੍ਹੋਗੇ ਤਦ ਗਭਰੂ ਨੌਜੁਆਨ ਹੀ ਧਰਮ, ਕੌਮ ਅਤੇ ਦੇਸ਼ ਦੀ ਯਗਯ ਬੇਦੀ ਤੇ ਜਾਨ ਦੀ ਆਹੂਤੀ ਦਿੰਦੇ ਦਿਖਾਈ ਦੇਣਗੇ। ਹਰ ਕਿਸੇ ਦਾ ਕੀ ਕਹਿਣਾ ਹੈ ਭਾਰਤਵਰਸ਼ ਦੇ ਮੁਦਤਾਂ ਦੇ ਧੁੰਧਲੇ ਅਕਾਸ਼ ਨੂੰ ਜੇ ਨਿਰਮਲ ਕੀਤਾ ਹੈ ਤਦ ਨੌਜੁਆਨਾਂ ਨੇ ਹੀ ਕੀਤਾ। ਮਹਾਤਮਾ ਗਾਂਧੀ ਭਲੇ ਹੀ ਕੌਮ ਦੇ ਮਹਾਨ ਆਗੂ ਤੇ ਸਫਲਤਾ ਦੇ ਸਾਧਕ ਮੰਨੇ ਜਾਣ, ਪੂਜੇ ਜਾਣ ਪਰ ਆਜ਼ਾਦੀ ਦੇਵੀ ਨੂੰ ਵਰਨ ਵਾਲੇ, ਸ਼ਹੀਦੀ ਦੇ ਲਾੜੇ, ਦੇਸ਼ ਕੌਮ ਵਿਚ ਜਾਨ ਪਾਉਣ ਵਾਲੇ ਹਨ ਤਾਂ ਨੌਜੁਆਨ ਹੀ ਹਨ।

1907 ਈਸਵੀ ਵਿਚ ਬੰਗਾਲ ਦੀ ਤੇ ਪੰਜਾਬ ਦੀ ਹਲਚਲ ਵਿਚ ਨੌਜੁਆਨਾਂ ਦੀਆਂ ਬੇਲਾਗ ਕੁਰਬਾਨੀਆਂ, 1914-15 ਵਿਚ ਅਮਰੀਕਾ ਕੈਨੇਡਾ ਅਤੇ ਬਦੇਸ਼ਾਂ ਵਿਚੋਂ ਆਰੰਭ ਹੋਈ ਕੌਮੀ ਲਹਿਰ ਨੂੰ ਸੁਰਜੀਤ ਕਰਕੇ ਧਰਮ-ਯੱਗ ਕੌਮ ਬੇਦੀ ਤੇ ਹਸਿ ਹਸਿ ਕੁਰਬਾਨ ਹੋਣ, ਉਮਰ ਕੈਦਾਂ ਤੇ ਫਾਂਸੀਆਂ ਨੂੰ ਖਿੜੇ ਮੱਥੇ ਝੱਲਣ ਵਾਲੇ ਨੌਜੁਆਨ ਹੀ ਤਾਂ ਸਨ।

ਜਲ੍ਹਿਆਂ ਵਾਲੇ ਬਾਗ ਵਿਚ, ਮਾਰਸ਼ਲ ਲਾ, ਨਨਕਾਣਾ ਸਾਹਿਬ, ਗੁਰੂ ਕਾ ਬਾਗ਼,

ਜੈਤੋ, ਗੰਗਸਰ, ਫੇਰੂ ਆਦਿ ਅਸਥਾਨਾਂ ਵਿਚ ਅਸਹਿ ਤੇ ਅਕਹਿ ਕਸ਼ਟ ਝੱਲ ਕੇ ਸ਼ਹੀਦ ਹੋਣ ਵਾਲੇ ਨੌਜੁਆਨਾਂ ਦਾ ਹੀ ਸਿਰ ਸਦਕਾ ਹੈ ਜੋ ਅਜ ਭਾਰਤਵਰਸ਼ ਆਜ਼ਾਦ ਦਿਸ ਰਿਹਾ ਹੈ। ਇੰਡੀਅਨ ਨੈਸ਼ਨਲ ਆਰਮੀ ਦੇ ਗਭਰੂਆਂ ਨੇ ਬਿਦੇਸ਼ਾਂ ਵਿਚ ਕਸ਼ਟ ਝੱਲ ਕੇ ਭੀ ਜੋ ਦੇਸ਼ ਆਜ਼ਾਦੀ ਦੀ ਜੰਗ ਨੂੰ ਰੰਗ ਦੇ ਕੇ ਚਾਰ ਚੰਦ ਲਾਏ ਹਨ ਉਹ ਨੌਜਵਾਨ ਹੀ ਤਾਂ ਸਨ। ਗਲ ਕੀ, ਲੰਮੀ ਪੰਜਾਹ ਸਾਲ ਦੀ ਜਦੋ ਜਹਿਦ, ਕਸ਼ਮਕਸ਼ ਵਿਚ ਜੋ ਬੇਲਾਗ ਕੁਰਬਾਨੀਆਂ ਨੌਜਵਾਨਾਂ ਨੇ ਕੀਤੀਆਂ, ਉਨ੍ਹਾਂ ਦਾ ਹੀ ਸਿਰ ਸਦਕਾ ਹੈ ਜੋ ਮਹਾਤਮਾ ਗਾਂਧੀ ਜੀ ਦੀ ਸਫਲਤਾ ਕਹੀ ਜਾਂਦੀ ਹੈ। ਨਹੀਂ ਤਾਂ ਭਲਾ ਦੁੱਧ ਪੀਣੇ ਬੁਢੇ ਮਜਨੂਆਂ ਨੇ ਕੀ ਲੇਲਾ ਆਜ਼ਾਦੀ ਨੂੰ ਵਰ ਲੈਣਾ ਸੀ ? ਕਦਾਚਿਤ ਨਹੀਂ।

ਭਾਵੇਂ ਹਿੰਦੁਸਤਾਨ ਆਜ਼ਾਦ ਹੋ ਗਿਆ ਹੈ, ਭਾਰਤ ਸੁਤੰਤ੍ਰ ਹੋ ਗਿਆ ਹੈ ਪਰ ਅਜੇ ਭੀ ਜਦ ਤਕ ਗੁਲਾਮੀ ਦੇ ਆਸ਼ਕ, ਸੁਤੰਤ੍ਰਤਾ ਦੇ ਜ਼ੈਦਾਈ, ਸਵਾਰਥਤਾ ਦੇ ਲੋਲਪ ਈਰਖੀ, ਮਜ਼ਹਬੀ ਦੀਵਾਨੇ ਧਰਮ ਦੀ ਆਨ ਵਿਚ ਆਪਣਾ ਉਲੂ ਸਿੱਧਾ ਕਰਨ ਵਾਲੇ, ਚਾਲਾਕ ਨਿਖਟੂ ਤੇ ਝੂਠੇ ਦੁਧ ਪੀਣੇ ਮਜਨੂੰ ਕਾਇਮ ਹਨ ਤਦ ਤਕ ਭਾਰਤਵਰਸ਼ ਨੂੰ ਆਜ਼ਾਦ ਨਹੀਂ ਸਮਝਣਾ ਚਾਹੀਦਾ। ਸਵਤੰਤ੍ਰਤਾ ਦੇਵੀ ਦੀ ਬੇਲਾਗ, ਨਿਰਮਲ ਛਾਤੀ ਤੇ ਜਦ ਤਕ ਇਹ ਸਵਾਰਥਬੰਧ ਮਜ਼ਹਬੀ ਦੀਵਾਨੇ, ਇਨਸਾਨੀਅਤ ਦੇ ਵੈਰੀ, ਸਚਾਈ ਦੇ ਦੁਸ਼ਮਨ ਨਿਧੜਕ ਦਨ ਦਨਾ ਰਹੇ ਹਨ, ਤਦ ਤਕ, ਭਾਰਤ ਨੂੰ ਆਜ਼ਾਦ ਸਮਝ ਕੇ ਬੇਫਿਕਰ ਸੌਂ ਰਹਿਣਾ, ਸਿਆਣਪ ਨਹੀਂ। ਸੁਵਿਚਾਰ ਨਹੀਂ ਤੇ ਸੁਜਾਨਤਾ ਨਹੀਂ। ਇਸ ਲਈ ਭਾਰਤ ਦਿਆ ਨੌਜੁਆਨਾਂ, ਹਿੰਦੁਸਤਾਨ ਦਿਆ ਗਭਰੂਆ, ਅਗੇ ਆ ਤੇ ਨਿਧੜਕ ਹੋ ਅਗੇ ਆ ਤੇ ਡਟ ਜਾ। ਇਸ ਮਜ਼ਹਬੀ ਈਰਖਾ ਦੇ ਬੱਦਲ ਨੂੰ ਤੇਜ਼ ਹਵਾ ਬਣ ਕੇ ਉਡਾ ਅਤੇ ਸਚੇ ਧਰਮ ਦਾ ਸਵੱਛ ਅਕਾਸ਼ ਪ੍ਰਗਟਾ, ਪਸ਼ੂਪਨ ਦਾ ਈਰਖੀ ਜਜ਼ਬਾ ਮਿਟਾ ਕੇ ਇਨਸਾਨੀਅਤ ਦੀ ਸਾਫ ਸਚੀ ਲਹਿਰ ਪੈਦਾ ਕਰ। ਇਹ ਕਿਸੇ ਸਿਰ ਅਹਿਸਾਨ ਨਹੀਂ, ਕੋਈ ਉਪਕਾਰ ਨਹੀਂ, ਸਗੋਂ ਨੌਜਵਾਨਾਂ ਤੇਰਾ ਫਰਜ਼ ਹੀ ਇਹੀ ਹੈ, ਸੋਚ ਤੇ ਵਿਚਾਰ।

ਸਮਝ ਦਾਰੂ ਕੀ ਹੈ, ਸਮਝ ਮਰਜ਼ ਕੀ ਹੈ ?
ਸਮਝ ਤੇਰੇ ਸਿਰ ਕੌਮ ਦਾ ਕਰਜ਼ ਕੀ ਹੈ ?
'ਦੁਖੀ' ਦੇਸ਼ ਦਿਆ ਦੂਲਿਆ ਨੌਜਵਾਨਾਂ।
ਸਮਝ ਤੇਰੇ ਤੇ ਦੇਸ਼ ਦਾ ਫਰਜ਼ ਕੀ ਹੈ ?[1]

## ਕਹਾਣੀ

### ਚੌਧਰੀ

'ਸਜਣ ਜੀ, ਜਦ ਸਾਡੇ ਆਗੂ ਹੀ ਵਿਸ਼ੇ ਵਿਕਾਰਾਂ ਬਦਕਾਰੀਆਂ ਤੇ ਸਵਾਰਥ ਵਿਚ ਲੀਨ ਹੋਣ ਤਾਂ ਵਿਚਾਰੀ ਆਮ ਪਬਲਿਕ ਕੀ ਕਰੇ ? ਕਿਧਰ ਨੂੰ ਜਾਵੇ ?'

'ਇਹੀ ਤਾਂ ਭਾਰਾ ਰੋਗ ਹੈ ਜੋ ਪੰਥ ਨੂੰ ਖਾਈ ਜਾ ਰਿਹਾ ਹੈ। ਸ਼ਰਾਬ ਭੀ ਪੀਣੀ ਹੈ

1 ਮੁਨਸ਼ਾ ਸਿੰਘ 'ਦੁਖੀ', 'ਨੌਜੁਆਨ', ਮਾਸਕ ਜੀਵਨ, ਬੰਬਈ, ਅਗਸਤ 1951.

Sri Satguru Jagjit Singh Ji Elibrary NamdhariElibrary@gmail com

ਤਾਂ ਘਰ ਬਹਿ ਕੇ ਕਿਸੇ ਢੰਗ ਨਾਲ ਪੀਣ, ਮਰਨ। ਕੁਕੜਾਂ ਵਾਂਗ ਖੇਹ ਤਾਂ ਨਾ ਨਾ ਉਡਾ ਉਡਾ ਸਿਰੀਂ ਪਾਉਣ।'

'ਤੁਸੀਂ ਠੀਕ ਆਖਦੇ ਹੋ, ਇਕ ਗਲ ਹੈ, ਕਿ ਜਦ ਤਕ ਆਗੂ ਸਿਧੇ ਰਾਹ ਨਹੀਂ ਆਉਂਦੇ, ਇਨ੍ਹਾਂ ਦਾ ਆਚਰਨ ਨਹੀਂ ਸੁਧਰਦਾ ਤੇ ਜਦ ਤਕ ਇਹ ਸਵਾਰਥ ਹੀਨ ਹੋ ਸੇਵਾ ਨਹੀਂ ਕਰਦੇ ਤਦ ਤੱਕ ਸਿਖਾਂ ਦੀ ਬਿਹਤਰੀ ਦਾ ਖਿਆਲ ਸੁਫਨਾ ਹੀ ਸਮਝੋ।'

'ਸਾਰੇ ਝਗੜਿਆਂ ਦਾ ਮੂਲ ਕਾਰਨ ਹੈ ਹੈਂਕੜ, ਚੌਧਰ ਤੇ ਫੋਕੀ ਵਡਿਆਈ ਤੇ ਸਭ ਬੁਰਿਆਈ ਦਾ ਮੂਲ ਹੈ ਸ਼ਰਾਬ। ਨਾਲੇ ਆਗੂ ਤਾਂ ਜੰਮ ਜੰਮ ਹੋਣ ਪਰ ਆਗੂਪਨ ਦੀ ਲਾਜ ਤਾਂ ਰਖਣ ਨਾ? ਜੇ ਪ੍ਰਧਾਨ ਸਕੱਤ੍ਰ ਜਾਂ ਕਮੇਟੀ ਦੇ ਮੈਂਬਰ ਜਾਂ ਮੁਖੀ ਆਗੂ ਹੀ ਸ਼ਰਾਬਾਂ ਪੀਣ, ਬਦਕਾਰੀਆਂ ਤੇ ਖਰਾਬੀਆਂ ਕਰਨ, ਤਦ ਉਸ ਦਾ ਅਸਰ ਸੁਭਾਵਕ ਤੌਰ ਤੇ ਲੋਕਾਂ ਉੱਤੇ ਉਲਟਾ ਪੈਣਾ ਹੋਇਆ। ਵੇਖੋ ਚੋਧਰੀ ਪ੍ਰਗਟ ਸਿੰਘ ਦੇ ਸਪੁਤਰ ਦੇ ਵਿਆਹ ਉੱਤੇ ਕਿਸ ਤਰ੍ਹਾਂ ਸਾਡੇ ਸਕੱਤ੍ਰ ਸਾਹਿਬ ਕੇਸ ਖਿਲਾਰੀ ਗੰਦੀ ਨਾਲੀ ਵਿਚ ਪਏ ਰੰਗ ਮਾਣ ਰਹੇ ਸਨ।'

'ਸਾਨੂੰ ਪਟਿਆ ਹੀ ਸ਼ਰਾਬ ਨੇ ਹੈ। ਕੋਈ ਕਾਰ ਵਿਹਾਰ ਨਹੀਂ, ਕੋਈ ਖੁਸ਼ੀ ਗਮੀ ਨਹੀਂ, ਕੋਈ ਦਿਨ ਸੁਦ ਤੇ ਕੋਈ ਮੇਲਾ ਮੁਸਾਹਬਾ ਨਹੀਂ ਜਦ ਅਸੀਂ ਸ਼ਰਾਬ ਖਾਨਾ ਖਰਾਬ ਨੂੰ ਅੱਗੇ ਰਖ ਕੇ ਆਪਣੀ ਤਬਾਹੀ ਦਾ ਮੁਢ ਨਹੀਂ ਬੰਨ੍ਹਦੇ। ਸ਼ਰਾਬ ਤਾਂ ਸਾਡੇ ਧਰਮ ਦਾ ਇਕ ਜ਼ਰੂਰੀ ਅੰਗ ਬਣ ਗਈ ਹੈ।'

'ਤੁਸੀਂ ਠੀਕ ਕਹਿੰਦੇ ਹੋ। ਅਜੇ ਕਲ੍ਹ ਮੇਰੇ ਨਾਲ ਸਿਖ ਰਹਿਤਾਂ ਉਤੇ ਗਲਾਂ ਕਰਦੇ ਹੋਏ ਭਾਈ ਸੁਜਾਨ ਸਿੰਘ ਜੀ, ਸਾਡੇ ਮੁਖੀ, ਇਸ ਗਲ ਉੱਤੇ ਜ਼ੋਰ ਦੇ ਰਹੇ ਸਨ ਕਿ ਸ਼ਰਾਬ ਪੀਣੀ ਕੁਰਹਿਤਾਂ ਵਿਚ ਦਰਜ ਨਹੀਂ। ਮਾੜੀ ਭਾਵੇਂ ਹੋ ਸਕਦੀ ਹੈ ਪਰ ਸਿਖ ਸ਼ਰਾਬ ਪੀਤੇ 'ਪਤਿਤ' ਨਹੀਂ ਹੋ ਸਕਦਾ।' ਅਗੋਂ ਦੂਸਰਾ ਕਹੇ ਠੀਕ ਹੈ ਭਾਈ ਜੀ। ਕੁਰਹਿਤਾਂ ਵਿਚ ਮਨ੍ਹਾਂ ਤਾਂ ਤਮਾਕੂ ਹੀ ਹੈ। ਸਿਗਰਟ ਸੋਗਾਰ ਤਾਂ ਨਹੀਂ। ਨਾਲੇ ਤਮਾਕੂ ਭੀ ਦੇਸੀ, ਏਧਰ ਕੈਨੇਡਾ ਦਾ ਤਮਾਕੂ ਤਾਂ ਹੈ ਹੀ ਹੋਰ ਤਰ੍ਹਾਂ ਦਾ, ਇਹ ਤਾਂ ਪੀ ਕੇ ਸਿਖ ਪਤਿਤ ਨਹੀਂ ਹੁੰਦਾ ਆਦਿਕ।

'ਕੀ ਪੁਛਦੇ ਹੋ—'ਦੁਖੀ' ਜੀ! ਏਥੇ ਤਾਂ ਆਵਾ ਹੀ ਊਤਿਆ ਹੋਇਆ ਹੈ। ਇਕ ਹੋਵੇ ਤਾਂ ਝੂਰੀਏ, ਰੋਈਏ, ਅਫਸੋਸ ਕਰੀਏ, ਏਥੇ ਹਠ, ਜ਼ਿਦ, ਸਵਾਰਥ ਤੋਂ ਬਿਨਾਂ, ਹੋਰ ਹੈ ਹੀ ਕੁਛ ਨਹੀਂ, ਸ਼ਰਾਬ ਤਾਂ ਅਜ ਕਲ੍ਹ ਖਾਲਸੇ ਦੀ ਗੁੜ੍ਹਤੀ ਹੀ ਮਾਨੋ ਹੋ ਗਈ ਹੈ ਨਾ?'

'ਖੈਰ, ਮਰਨਾ ਹੀ ਹੈ ਤਾਂ ਘਰ ਬੈਠ ਕੇ ਦਰਾਮ ਦੇ ਦਰਾਮ ਪੀਣ, ਪਰ ਇਹ ਭਲੇ ਲੋਕ ਤਾਂ ਸੜਕਾਂ ਵਿਚ ਕੇਸ ਖਿਲਾਰੀ ਫਿਰਦੇ ਤੇ ਪੀ ਕੇ ਪਸ਼ੂਆਂ ਵਾਂਗ ਭਿੜਦੇ ਲੜਦੇ ਹਨ।'

'ਤੁਸੀਂ ਭੀ ਤਾਂ ਭੋਲੇ ਹੀ ਹੋ, 'ਦੁਖੀ' ਜੀ! 'ਵਾਰਸਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ' ਗਲ ਠੀਕ ਕਹੀ ਹੈ। ਭਾਵੇਂ ਅਸੀਂ ਅਮਰੀਕਾ ਕੈਨੇਡਾ ਵਿਚ ਆ ਗਏ, ਰੁਪਏ ਕਮਾ ਲਏ, ਪਰ ਪੁਰਾਣੀ ਆਦਤ ਤਾਂ ਨਹੀਂ ਛਡ ਦੇਣੀ, ਤੇ ਨਾ ਹੀ ਛੁਟ ਸਕਦੀ ਹੈ।'

'ਖੈਰ, ਭਾਈ ਸਾਹਿਬ ਜੀ, ਮੈਨੂੰ ਤਾਂ ਇਸ ਵਿਚ ਬੜਾ ਦੁਖ ਲਗਦਾ ਹੈ।'

Sri Satguru Jagjit Singh Ji Elibrary NamdhariElibrary@gmail.com

'ਤੁਹਾਨੂੰ ਦੁਖ ਲਗੇ ਜਾਂ ਸੁਖ, ਪਰ ਇਨ੍ਹੀ ਘਰਾਣੀਂ ਤਾਂ ਇਸੇ ਤਰ੍ਹਾਂ ਪੀਹ ਹੁੰਦਾ ਰਿਹਾ ਹੈ ਤੇ ਇਵੇਂ ਹੀ ਪੀਹ ਹੋਣਾ ਹੈ।'

ਸੁਹਣੇ ਸਜੇ ਘਰ ਵਿਚ ਬੈਠਿਆਂ ਦੋਪਹਿਰ ਨੂੰ ਇਉਂ ਉਪਰੋਕਤ ਗਲਾਂ ਹੋ ਰਹੀਆਂ ਸਨ ਕਿ ਭਾਈਗੁਰਸੇਵਕ ਸਿੰਘ ਨੇ ਇਸ ਸਿਲਸਿਲੇ ਵਿਚ ਇਕ ਪੁਰਾਣੀ ਕਹਾਣੀ ਇਸ ਤਰ੍ਹਾਂ ਸੁਣਾਈ ਜੋ ਘੁਮੰਡਾ ਸਿੰਘ ਦੀ ਜ਼ਬਾਨੀ ਸੀ।

## ਉਗ੍ਰਾਹੀ

ਗੁਰਦਵਾਰਿਆਂ ਵਿਚ ਮਾਯਾ ਦੀ ਲੋੜ ਤਾਂ ਸਦਾ ਰਹਿੰਦੀ ਹੀ ਹੈ। ਅਸੀਂ ਭੀ ਆਪਣੀ ਕਮੇਟੀ ਦੀ ਕੁਛ ਕੁ ਕਾਰਗੁਜ਼ਾਰੀ ਦਿਖਾਲਣ ਲਈ ਜ਼ਰੂਰੀ ਸਮਝਿਆ ਕਿ ਸੰਗਤਾਂ ਤੋਂ ਉਗ੍ਰਾਹੀ ਕੀਤੀ ਜਾਵੇ। ਕਮੇਟੀ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਅਸੀਂ ਉਗ੍ਰਾਹੀ ਦੀ ਤਿਆਰੀ ਕੀਤੀ।

ਇਹ ਗਲ 1930-31 ਦੀ ਹੈ। ਮੈਨੂੰ ਸਾਧ ਸੰਗਤ ਨੇ ਉਨ੍ਹੀਂ ਦਿਨੀਂ ਖਜ਼ਾਨਚੀ ਦੀ ਸੇਵਾ ਬਖਸ਼ੀ ਸੀ। ਸ: ਬੇਫਿਕਰ ਸਿੰਘ ਸੂਰਜ ਸਿੰਘ ਦੋਵੇਂ ਪ੍ਰਧਾਨ ਤੇ ਸਕੱਤਰ ਸਨ।

ਅਸੀਂ ਤਿੰਨੇ ਹੀ ਇਕ ਦਿਨ ਸੁਹਣਾ ਸਮਾਂ ਜਾਚ ਕੇ ਵਾਹਿਗੁਰੂ ਦਾ ਨਾਮ ਲੈ ਕੇ ਚੜ੍ਹ ਪਏ। ਪਹਿਲਾਂ ਬੂਹਾ ਚੌਧਰੀ ਦਾ ਹੀ ਜਾ ਖੜਕਾਇਆ।

ਸਵਰਗਵਾਸੀ ਚੌਧਰੀ ਦਾ ਨਾਮ ਤਾਂ ਗਣਪਤ ਸਿੰਘ ਸੀ ਪਰ ਉਨ੍ਹਾਂ ਦੀ ਮਿਲਨਸਾਰੀ, ਵਿਹਾਰ, ਪਿਆਰ, ਸਤਿਕਾਰ ਤੇ ਹਰ ਇਕ ਨੂੰ ਆਦਰ ਨਾਲ 'ਚੌਧਰੀ' ਸਦਣ ਕਰਕੇ ਉਨ੍ਹਾਂ ਦਾ ਨਾਮ ਕੈਨੇਡਾ ਵਿਚ ਚੌਧਰੀ ਹੀ ਪੱਕ ਗਿਆ ਸੀ। ਤੇ ਉਹ ਸਨ ਭੀ ਸਚਮੁਚ ਚੌਧਰੀ ਹੀ।

ਕੋਈ ਜਾਵੇ ਉਹ ਬੜੇ ਮਾਣ ਆਦਰ ਨਾਲ ਪੇਸ਼ ਆਉਂਦੇ। ਜਲ ਪਾਣੀ ਤੇ ਪ੍ਰਸ਼ਾਦਾ ਛਕਾਏ ਬਿਨਾਂ ਤਾਂ ਕਦੇ ਉਠਣ ਹੀ ਨਾ ਦਿੰਦੇ। ਜੇਹੋ ਜਿਹਾ ਬੰਦਾ ਹੋਵੇ ਉਹੋ ਜੇਹੀ ਸੇਵਾ ਜ਼ਰੂਰ ਪੁਜ ਕੇ ਕਰਦੇ। ਵਾਹਿਗੁਰੂ ਸਚਾ ਪਾਤਸ਼ਾਹ ਭਾਗ ਲਾਵੇ ਅਜ ਉਨ੍ਹਾਂ ਦੇ ਪੁਤ੍ਰ ਤੇ ਪੋਤਰੇ ਵੀ—ਸੁਖ ਨਾਲ-ਠੀਕ ਉਨ੍ਹਾਂ ਵਰਗੇ ਹੀ ਗੰਭੀਰ ਦਾਨੀ ਸਿਆਣੇ ਖੰਬ ਦਰਦੀ ਤੇ ਮਿਲਨਸਾਰ ਸੁਆਗਤ ਵਾਲੇ ਹਨ।

ਵਾਹਿਗੁਰੂ ਨੇ ਭਾਗ ਭੀ ਇਸ ਘਰਾਣੇ ਨੂੰ ਬਹੁਤ ਲਾਇਆ ਹੈ। ਸਦਾ ਨੀਅਤ ਨੂੰ ਮੁਰਾਦ ਮਿਲਦੀ ਹੈ।

ਖੈਰ, ਅਸੀਂ ਚੌਧਰੀ ਜੀ ਦੇ ਘਰਿ ਜਦ ਠੋਲਾ ਮਾਰਿਆ ਤਾਂ ਉਨ੍ਹਾਂ ਦੇ ਸਪੁਤਰ ਇਸੇ ਪ੍ਰਗਟ ਸਿੰਘ ਨੇ ਆ ਬੂਹਾ ਖੋਲ੍ਹਿਆ।

ਚੌਧਰੀ ਤਾਂ ਸਾਨੂੰ ਸੁਭਾਵ ਅਨੁਸਾਰ ਦੇਖ ਕੇ ਖਿੜ ਗਿਆ।

## ਸੁਆਗਤ

ਧੰਨ ਭਾਗ। ਜੀਉ ਆਇਆਂ ਜੀਉ ਆਇਆਂ। ਘਰ ਪਵਿਤਰ ਹੋ ਗਿਆ ਅਜ ਤਾਂ ਗੁਰਮੁਖਾਂ ਦੇ ਦਰਸ਼ਨ ਹੋਏ। 'ਵਾਹਿਗੁਰੂ ਵਾਹਿਗੁਰੂ ਧੰਨ ਗੁਰੂ' ਆਖ ਆਖ ਚੌਧਰੀ ਨੇ ਸਾਨੂੰ ਸਿਰ ਉਪਰ ਚੁਕ ਲਿਆ।

Sri Satguru Jagjit Singh Ji Elibrary NamdhariElibrary@gmail.com

'ਅਸੀਂ ਤਾਂ ਚੌਧਰੀ ਜੀ, ਗੁਰਦਵਾਰੇ ਲਈ ਉਗ੍ਰਾਹੀ ਕਰਨ ਲਈ ਆਏ ਹਾਂ ਤੇ ਆਏ ਭੀ ਪਹਿਲਾਂ ਤੁਹਾਡੇ ਕੋਲੋਂ ਹੀ ਬੂਹਣੀ ਕਰਨ ਹਾਂ।'

'ਜੀਉ ਆਇਆਂ। ਜੰਮ ਜੰਮ ਆਵੋ ਗੁਰੂ ਬਾਬੇ ਦਾ ਹੀ ਤਾਂ ਇਹ ਸਭ ਪ੍ਰਤਾਪ ਹੈ। ਹੈ ਹੀ ਸਭ ਕੁਛ ਬਾਬੇ ਦਾ, ਅਸੀਂ ਤਾਂ ਬੈਠੇ ਹੀ ਗੁਰੂ ਬਾਬੇ ਦੇ ਆਸਰੇ ਹਾਂ। ਅਸੀਂ ਤਾਂ ਭੰਡਾਰੀ ਹਾਂ, ਭੰਡਾਰੀ। ਚੌਧਰਾਓ, ਸੇਵਾ ਸਾਡੀ ਹੈ ਤੇ ਦੇਣ ਦਿਲੋਣ ਵਾਲਾ ਆਪ ਬਾਬਾ ਨਾਨਕ। ਬੈਠੋ। ਬੈਠੋ।'

ਫੇਰ ਆਪਣੇ ਸਪੁੱਤਰ ਵਲ ਤਕ ਕੇ, "ਓ ਭਾਈ ਪ੍ਰਗਟ ਸਿੰਘਾ, ਕਾਕਾ, ਘਰ ਚੌਧਰੀ ਆਉਣ ਤੇ ਤੂੰ ਖੜ੍ਹਾ ਰਹੇਂ ? ਲਿਆ ਕੁਛ, ਸੇਵਾ ਕਰ। ਜਲ ਪਾਣੀ ਲਿਆ, ਠੰਢ ਵਿਚ ਆਏ ਹਨ। ਗਰਮ ਕਰ, ਖੁਸ਼ੀਆਂ ਲੈ, ਘਰ ਆਏ ਚੌਧਰੀਆਂ ਗੁਰਮੁਖਾਂ ਦੀ ਸੇਵਾ ਕਰ।'

## ਲਾਲ ਪਰੀ

'ਦੁਖੀ ਜੀ', ਘੁਮੰਡਾ ਸਿੰਘ ਨੇ ਕਿਹਾ, "ਮੈਂ ਤਾਂ ਇਸ ਨੂੰ ਕੁਛ ਘਟ ਵਧ ਹੀ ਵਰਤਦਾ ਸੀ ਇਸ ਲਈ ਮੈਂ ਤਾਂ ਚੌਧਰੀ ਦੇ ਨਾਲ ਹੋ ਕੇ ਕੋਚ ਉਤੇ ਬੈਠ ਗਿਆ। ਪ੍ਰਧਾਨ ਬੇਫਿਕਰ ਸਿੰਘ ਨੇ ਭੀ ਪੰਜ ਸਤ ਦਰਾਮ ਲਾ ਕੇ ਹੀ ਧੀਰਜ ਕੀਤੀ ਪਰ ਸਾਡੇ ਸਕੱਤ੍ਰ ਸਾਹਿਬ ਸੂਰਜ ਸਿੰਘ ਜੀ ਨੂੰ ਤਾਂ – ਰਬ ਜਾਣੇ – ਲਾਲ ਪਰੀ ਨੂੰ ਦੇਖ ਕੇ ਰੰਗ ਚੜ੍ਹ ਜਾਂਦਾ ਹੈ। ਇਨ੍ਹੀਂ ਲਾਹਾ ਖਟ ਲਿਆ। ਬੱਸ ਚਲ ਸੋ ਚਲ, ਝਟ ਕੁ ਵਿਚ ਹੀ ਬੋਤਲ ਨੂੰ ਢੂਕ ਮਾਰ ਦਿਤੀ।

ਘਰੋਂ ਤੁਰਨ ਲਗੇ ਅਸੀਂ ਸਲਾਹਾਂ ਕਰਦੇ ਸਾਂ ਕਿ ਚੌਧਰੀ ਹੁਰਾਂ ਤੋਂ ਪੰਜੀ ਡਾਲਰ ਉਗ੍ਰਾਹੀ ਲੈਣੀ ਹੈ, ਪਰ ਹੁਣ ਉਗਰਾਹੀ ਤੋਂ ਪਹਿਲਾਂ ਹੀ ਉਗਰਾਹੇ ਗਏ।

ਪਹਿਲਾ ਤਾਂ ਸਕੱਤਰ ਸਾਹਿਬ ਹੁਰੀਂ ਕੁਛ ਚਿਰ ਅਟਲ ਪਟਲ ਬੋਲਦੇ ਰਹੇ ਪਰ ਹੁਣ ਲਾਲ ਪਰੀ ਦਾ ਜ਼ੋਰ ਪੈ ਗਿਆ ਤ ਲਗੇ 'ਹਾਕੂ ਹਾਕੂ' ਕਰਨ। ਸਿਰ ਦੇ ਨਾਲ ਹੀ ਲਤਾਂ ਭੀ ਜਵਾਬ ਦੇਣ ਲਗ ਪਈਆਂ। ਪਹਿਲਾਂ ਤਾਂ ਜ਼ਬਾਨ ਰਾਣੀ ਨੇ ਖੂਬ ਗੀਤ ਗਾਏ ਪਰ ਹੁਣ ਇਹ ਭੀ ਪਿਛਾਹ ਨੂੰ ਖਿਚੀ ਗਈ। ਦੋ ਕੁ ਵਾਰ ਕੁਰਸੀ ਉਤੋਂ ਡੁੱਜੇ ਡਿਗੇ। ਉਛਲਕੇ ਦਾਹੜੇ ਮੂੰਹਹਿਰੇ ਤੇ ਕਪੜੇ ਭੀ ਠੋਕ ਠਾਕ ਹੋ ਗਏ। ਪਗ ਗਲ ਵਿਚ ਪੈ ਗਈ। ਕਦੇ ਕਦੇ ਵਿਸ ਬੂਟੀ ਖਾਧੀ ਹੋਈ ਢੱਠੀ ਵਾਂਗ ਲਤਾਂ ਪਏ ਮਾਰਨ ਤੇ ਕਦੇ ਅਬਾ ਤਬਾ ਬੋਲਣ।

## ਸੰਭਲ ਕੇ

ਭਾਵੇਂ ਪ੍ਰਧਾਨ ਬੇਫਿਕਰ ਸਿੰਘ ਦੀਆਂ ਅਖਾਂ ਭੀ ਸਪ ਵਾਂਗੂ ਲਾਲ ਤੇ ਸਿਰ ਝੂਟੇ ਖਾਂਦਾ ਸੀ ਪਰ ਸਕੱਤਰ ਸਾਹਿਬ ਦੀ ਚੜ੍ਹਦੀ ਕਲਾ ਦੇਖ ਕੇ ਉਨ੍ਹਾਂ ਦਾ ਅਧਾ ਕੁ ਨਸ਼ਾ ਉਤਰ ਗਿਆ।

"ਲੈ ਭਾਈ, ਚੌਧਰੀ ਸੂਰਜ ਸਿੰਘ ਨੂੰ ਸੰਭਾਲ ਕੇ ਲੈ ਜਾਣਾ।" ਚੌਧਰੀ ਨੇ ਕਿਹਾ।

"ਤੁਸੀਂ ਫਿਕਰ ਨਾ ਕਰੋ ਚੌਧਰੀ ਜੀ।" ਅਸੀਂ ਉਤਰ ਦਿਤਾ।

Sri Satguru Jagjit Singh Ji Elibrary NamdhariElibrary@gmail.com

"ਜੇ ਨਹੀਂ ਤਾਂ ਮੈਂ ਆਪ ਫੜ ਆਉਂਦਾ ਹਾਂ, ਬਹੁਤ ਖਿਆਲ ਨਾਲ ਲੈ ਕੇ ਜਾਣਾ।"

"ਤੁਸੀਂ ਕਤਈ ਫਿਕਰ ਨਾ ਕਰੋ, ਚੌਧਰੀ ਜੀ।"

"ਨਾ ਭਾਈ ਫਿਕਰ ਦੀ ਕੀ ਗਲ ਕੀਤੀ? ਇਹ ਬਹੁਤ ਜ਼ਰੂਰੀ ਹੈ। ਇਹਨੂੰ ਜ਼ਰੂਰ ਅੱਛੀ ਤਰ੍ਹਾਂ ਘਰਿ ਸੰਭਾਲ ਕੇ ਆਉਣਾ, ਜ਼ਰੂਰ ਚੇਤੇ ਨਾਲ।"

ਚੌਧਰੀ ਦਾ 'ਜ਼ਰੂਰ ਸੰਭਾਲ ਕੇ ਆਉਣਾ' ਕਹਿਣ ਵਿਚ ਵਿਅੰਗ ਸੀ। ਚੌਧਰੀ ਅੱਛੀ ਤਰ੍ਹਾਂ ਜਾਣਦਾ ਸੀ ਕਿ ਸਕੱਤਰ ਸਾਹਿਬ ਦੇ ਘਰੋਂ ਚੌਧਰਾਣੀ ਜ਼ਾਦੀ ਖਾੜਕੂ ਤੇ ਸਿਆਣੀ ਹੈ। ਉਹ ਸਕੱਤਰ ਸਾਹਿਬ ਨਾਲ ਸਮੇਂ ਸਮੇਂ ਪਿਆਰ ਵੀ ਜ਼ਾਦਾ ਕਰਦੀ ਹੈ। ਅਗੋਂ ਸਕੱਤਰ ਸਾਹਿਬ ਲਾਲ ਪਰੀ ਦੇ ਪਕੇ ਆਸ਼ਿਕ ਹਨ ਤੇ ਅਜੇਹੀ ਮਸਤੀ ਵਿਚ ਚੌਧਰਾਣੀ ਜ਼ਰੂਰ ਸੇਵਾ ਕਰਦੀ ਹੁੰਦੀ ਹੈ। ਇਸ ਗਲ ਨੂੰ ਅਸੀਂ ਭੀ ਜਾਣਦੇ ਸਾਂ। ਇਸ ਲਈ ਚੌਧਰੀ ਨੂੰ ਤਸੱਲੀ ਦਿੰਦੇ ਹੋਏ ਅਸੀਂ ਭੀ 'ਫਿਕਰ ਨਾ ਕਰੋ ਚੌਧਰੀ ਜੀ ਅਸੀਂ ਜ਼ਰੂਰ ਅਛੀ ਤਰ੍ਹਾਂ ਸੰਭਾਲ ਕੇ ਆਵਾਂਗੇ' ਆਖ ਕੇ ਵਿਦਾ ਹੋਏ।

## ਚੌਧਰਾਣੀ ਦਾ ਪ੍ਰੇਮ

ਘਰ ਆਉਂਦਿਆਂ ਸਾਨੂੰ ਕਾਫੀ ਅਨ੍ਹੇਰਾ ਹੋ ਗਿਆ ਸੀ। ਅਨ੍ਹੇਰੇ ਦਾ ਮਤਲਬ ਅਨ੍ਹੇਰਾ ਨਹੀਂ ਸਗੋਂ ਦੇਰਿ ਹੋ ਗਈ ਸਮਝੋ। ਕਿਉਂਕਿ ਬਿਜਲੀ ਦੇ ਚਾਨਣੇ ਨੇ ਅਨ੍ਹੇਰੇ ਦਾ ਤਾਂ ਨਾਉਂ ਹੀ ਗੁਆ ਦਿਤਾ ਹੈ।

'ਸਦਾ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ' ਦੇ ਅਖਾਣ ਅਨੁਸਾਰ ਸਕਤ੍ਰਨੀ ਸਾਹਿਬਾ ਨੂੰ ਭੀ ਚਿਰ ਹੋ ਜਾਣ ਕਰਕੇ ਖੁੜਕ ਗਈ ਸੀ ਕਿ 'ਅਜ ਜ਼ਰੂਰ ਦਾਲ ਵਿਚ ਕੁਛ ਕਾਲਾ ਕਾਲਾ ਹੈ।' ਉਹ ਬੇਸਬਰਤਾ ਨਾਲ ਉਡੀਕ ਰਹੀ ਸੀ ਤੇ ਹਰ ਮਿੰਟ ਦੀ ਦੇਰੀ ਉਸ ਦੇ ਪਿਆਰਪਾਰੇ ਨੂੰ ਉਤਾਂਹ ਚੁਕੀ ਜਾ ਰਹੀ ਸੀ।

ਗਡੀ ਵਿਚੋਂ ਉਤਰਨ ਦੀ ਘੁਸਰ ਘੁਸਰ ਵਿਚ ਹੀ ਸ੍ਰੀਮਤੀ ਜੀ ਨੇ ਬੂਹਾ ਖੋਲਿਆ ਤੇ ਬਾਚੇ ਪਿਆਰ ਤੇ ਰੋਹ ਭਰੇ ਲਹਿਜੇ ਵਿਚ—

"ਆ, ਦਾਦੇ...ਤੇਰੇ ਮੂੰਹ ਹਗਿਆ ਲੁੱਚੇ ਸ਼ਰਾਬੀ ਦੇ ਆ, ਆ ਤੇਰੀ ਭੁਗਤਿ ਸੁਆਰਦੀ ਹਾਂ, ਆ ਆ ਅਗੇ॥"

ਕਹਿ ਕੇ ਸਾਡਾ ਸੁਆਗਤ ਕੀਤਾ। ਸਾਡੇ ਪੈਰਾਂ ਹੇਠੋਂ ਮਿਟੀ ਖਿਸਕੀ ਸਾਨੂੰ ਸੋਚ ਸੀ ਕਿ ਸਾਡੇ ਨਾਲ ਭੀ ਮੇਲੇ ਵਿਚ 'ਚਕੀ ਰਾਹੋਂ' ਵਾਲੀ ਹੀ ਨਾ ਹੋਵੇ। ਹਾਂ, ਕਿਤੇ ਕਣਕ ਨਾਲ ਸੁਸਰੀ ਭੀ ਨਾ ਪੀਹ ਹੋ ਜਾਵੇ। ਖੈਰ। ਮੈਂ ਤਾਂ ਭਲਾ ਸਾਂ ਸੋਫੀ। ਸ੍ਰੀਮਤੀ ਜੀ ਦੇ ਪ੍ਰੇਮ ਭਰੇ ਸੁਬਚਨ ਸੁਣਕੇ ਪ੍ਰਧਾਨ ਸਾਹਿਬ ਦੇ ਭੀ ਹੋਸ਼ ਟਿਕਾਣੇ ਆ ਗਏ।

ਸਕੱਤਰਨੀ ਜੀ ਦੇ ਠੰਢੇ ਮਿਠੇ ਪਿਆਰ ਭਰੇ ਸੁਆਗਤੀ ਬਚਨ ਸੁਣ ਕੇ ਪ੍ਰਧਾਨ ਜੀ ਸੰਤ ਬਣ ਗਏ ਤੇ ਆਪ ਜੀ ਦੇ ਮੂਹੋਂ ਅਵਸੋਂ ਹੀ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਦਾ ਹੀ ਜਾਪ ਹੋ ਰਿਹਾ ਸੀ। ਸਕੱਤਰ ਸਾਹਿਬ ਉਪਰਲਿਆਂ ਜੋੜਾਂ ਵਿਚ ਸਨ। ਠੰਢੀ ਹਵਾ ਲਗਣ ਨਾਲ ਲਾਲ ਪਰੀ ਹੋਰ ਨਿਖਾਰ ਵਿਚ ਆ ਗਈ।

ਮੁਰਦੇ ਵਾਂਗ ਬੜੀ ਮੁਸ਼ਕਲ ਨਾਲ ਗਡੀ ਵਿਚੋਂ ਧਰੂਹ ਕੇ ਬਾਹਰ ਕਢਿਆ। ਬਾਂਸੀ

Sri Satguru Jagjit Singh Ji Elibrary NamdhariElibrary@gmail.com

ਲਗੀ ਹੋਈ ਲਾਸ਼ ਵਾਂਗ ਧੌਣ ਇਕ ਪਾਸੇ ਨੂੰ ਢਿਗੀ ਹੋਈ, ਕੇਸ ਖਿਲਰ ਕੇ ਮਖੇਰਨੇ ਦਾ ਕੰਮ ਕਰ ਰਹੇ ਸਨ ਤੇ ਮਿਟੀ ਦੀ ਬੋਰੀ ਵਾਂਗ ਲੋਥ ਨੂੰ ਚੁਕਣਾ ਤੇ ਸੰਭਾਲਣਾ ਭੀ ਕੋਈ ਖੇਲ ਤਾਂ ਹੈ ਨਹੀਂ, ਅਸੀਂ ਦੋਹਾਂ ਨੇ ਬਗਲਾਂ ਵਿਚ ਹਥ ਦਿਤੇ ਪਰ ਸਕੱਤਰ ਸਾਹਿਬ ਵਿਚ ਜਾਨ ਹੋਵੇ ਤਾਂ ਬਲ ਕਰਨ : ਉਹ ਤਾਂ ਸੁਰਗਪੁਰੀ ਦੇ ਨੇੜੇ ਪੁਜੇ ਹੋਏ ਸਨ । ਖਿਚ ਖਿਚਾ ਕੇ ਬਰਾਂਡੇ ਵਿਚ ਲੈ ਆਂਦਾ ਤਾਂ ਚੌਧਰਾਨੀ ਨੇ ਗਾਲਾਂ ਤੋਂ ਦਿਲਾਵਾ ਦੋ ਚਾਰ ਦੋਹਥੜਾਂ ਨਾਲ ਆਪ ਜੀ ਦਾ ਸੁਆਗਤ ਕੀਤਾ । ਕਾਂਬਾ ਤਾਂ ਡਰਦਿਆਂ ਸਾਨੂੰ ਭੀ ਛਿੜਦਾ ਸੀ ਤੇ ਸਹਿਮ ਸੀ ਕਿ ਕੁਛ ਹਿਸਾ ਵੰਡਾਉਣਾ ਹੀ ਨਾ ਪੈ ਜਾਵੇ, ਪਰ ਗੁਰੂ ਨੇ ਮਿਹਰ ਹੀ ਰਖੀ । ਅੰਦਰ ਸਿਟ ਕੇ ਮੈਂ ਗਲੀ ਵਿਚੋਂ ਲੈ ਕੇ ਸਕੱਤਰ ਸਾਹਿਬ ਦਾ ਦਸਤਾਰਾ ਅੰਦਰ ਦੇਣ ਗਿਆ ਤਾਂ ਅਗੋਂ ਰਬ ਜਾਣਦਾ ਹੈ—ਮਾਲਕ ਦੇਵੇ ਤਾਂ ਬੰਦਾ ਸਹੇ—ਆਪ ਦੀ ਸੇਵਾ ਜ਼ੋਰਾਂ ਵਿਚ ਹੋ ਰਹੀ ਸੀ । ਦੂਹਰੀਆਂ ਤੇ ਤਿਹਰੀਆਂ ਗਾਲ੍ਹਾਂ ਅਤੇ ਦੁਹਥੜਾਂ ਨਾਲ ਹਰ ਤਰ੍ਹਾਂ ਸੇਵਾ ਹੋ ਰਹੀ ਸੀ । ਅਗੋਂ ਲੋਥ ਨੂੰ ਕੀ ਕੀਤਾ ? ਬੋਲੋ 'ਸਤਿ ਸ੍ਰੀ ਅਕਾਲ ।'

ਜ਼ਿੰਦਗੀ ਦਾ ਸਵਾਲ ਬਿਖੜਾ ਹੈ । ਮਰਨ ਜੰਮਣ ਖਿਆਲ ਬਿਖੜਾ ਹੈ ।
ਹੱਲ ਭੀ ਇਸ ਦਾ ਅਤਿ ਜ਼ਰੂਰੀ ਹੈ । ਮੰਨਿਆ ਇਹ ਕਮਾਲ ਬਿਖੜਾ ਹੈ ।

—

Sri Satguru Jagjit Singh Ji Elibrary NamdhariElibrary@gmail com

## ਪੁਸਤਕ ਸੂਚੀ

1. ਮੁਨਸ਼ਾ ਸਿੰਘ 'ਦੁਖੀ'* ਦੁਖ ਹਰਨ ਪ੍ਰਕਾਸ਼, ਦੇਸ਼ ਸੇਵਕ ਬੁਕ ਏਜੰਸੀ, ਜਲੰਧਰ ।
2. 'ਦੁਖੀ' ਦੀਆਂ ਪ੍ਰੇਮ ਤਾਂਘਾਂ, ਕਵੀ ਕੁਟੀਆ ਕਲਕਤਾ ।
3. 'ਦੁਖੀ' ਦੀਆਂ ਪ੍ਰੇਮ ਸਾਂਗਾਂ, ਖਰੜਾ ।
4. 'ਦੁਖੀ' ਦੀਆਂ ਪ੍ਰੇਮ ਕਾਂਗਾਂ ?
5. 'ਦੁਖੀ' ਦੀਆਂ ਪ੍ਰੇਮ ਬਾਂਗਾਂ ?
6. ਸੁਭਾਗ ਵੈਸਾਖੀ, ਅੰਮ੍ਰਿਤਸਰ, 1936 ।
7. ਕਲਗੀਧਰ ਨੂਰ, 1951 ।
8. ਸਾਕਾ ਆਨੰਦਪੁਰ, ਮੀਆਂ ਚੰਨੂੰ ।
9. ਦਸਮੇਸ਼ ਤਲਵਾਰ, ਕਵੀ ਕੁਟੀਆ ਕਲਕੱਤਾ ।
10. ਬੀਰ ਬਚਨ, ਕੌਮੀ ਸਭਾ, ਫਗਵਾੜਾ ।
11. ਸੁਭਾਗ ਵੈਸਾਖੀ—2, 1951, ਬੰਬਈ ।
12. ਵੈਸਾਖੀ, 1952 ?
13. ਰਬੀ ਨੂਰ, ਬੰਬਈ, 1951 ।
14. ਕਲਗੀਵਾਲਾ, ਕਵੀ ਕੁਟੀਆ ਕਲਕੱਤਾ ?
15. ਬੀਰ ਪ੍ਰਕਾਸ਼, ਕਵੀ ਕੁਟੀਆ ਕਲਕੱਤਾ ।
16. ਖਾਲਸਈ ਸ਼ਾਨ, ਅੰਮ੍ਰਿਤਸਰ ।
17. ਜੀਵਨ ਲਹਿਰਾਂ, (ਖਰੜਾ) ।
18. ਸ਼ਹੀਦ (ਖਰੜਾ) ।
19. ਜੀਵਨ ਸੱਧਰਾਂ, ਰੰਧਾਵਾ (ਜਲੰਧਰ) ।
20. ਤ੍ਰੈਗੁਣ, ਜੀਵਨ ਪ੍ਰਿੰਟਰਜ਼, ਬੰਬਈ, 1951 ।
21. ਨੌ ਰਸ, ਜੀਵਨ ਪਬਲੀਕੇਸ਼ਨਜ਼, ਬੰਬਈ, 1951 ।
22. ਜੀਵਨ ਰਾਹ (ਖਰੜਾ)
23. ਜੀਵਣ ਜਾਚ (ਖਰੜਾ)
24. ਗਦਰ ਗੂੰਜਾਂ, ਗਦਰ ਆਸ਼ਰਮ, ਸਨਫਰਾਂਸਿਸਕੋ, ਅਮਰੀਕਾ ।
25. ਗੋਰੇਸ਼ਾਹੀ ਜ਼ੁਲਮ, ਉਹੀ, 1913 ।
26. ਦੁਸ਼ਮਣ ਦੀ ਖੋਜ ਭਾਲ, ਅਮਰੀਕਾ ।
27. ਜੀਵਨ ਭਾਈ ਅਮਰ ਸਿੰਘ, ਕਵੀ ਕੁਟੀਆ, ਕਲਕੱਤਾ ।

* ਦੁਖੀ ਜੀ ਦੀਆਂ ਕਈ ਕ੍ਰਿਤੀਆਂ ਪ੍ਰਕਾਸ਼ਤ ਰਚਨਾਵਾਂ ਤੇ ਪ੍ਰਕਾਸ਼ਨ ਸਥਾਨ ਤੇ ਸਮਾਂ ਅੰਕਤ ਨਹੀਂ ਹੈ।

Sri Satguru Jagjit Singh Ji Elibrary NamdhariElibrary@gmail.com

28. ਜੀਵਨ ਭਾਈ ਮੋਹਨ ਸਿੰਘ ਵੈਦ, ਅੰਮ੍ਰਿਤਸਰ।
29. ਸ਼ਹੀਦੀ ਜੀਵਨ (ਖਰੜਾ)
30. ਸਚੇ ਸਿਖ ਬਣੋ, ਕਲਕੱਤਾ।
31. ਜੀਵਨ ਭਾਈ ਸੋਭਾ ਸਿੰਘ (ਖਰੜਾ)
32. ਅਨੁਵਾਦਤ ਕਹਾਣੀਆਂ (ਖਰੜਾ)
33. ਦੇਸ਼ ਭਗਤੀ, ਕਵੀ ਕੁਟੀਆ, ਕਲਕੱਤਾ।
34. ਪਰਾਧੀਨ ਜੀਵਨ, ਕਲਕੱਤਾ।
35. ਤੁਰਕੀ ਹੂਰ, ਜੀਵਨ ਪ੍ਰਿੰਟਰਜ਼, ਬੰਬਈ, 1951।
36. ਜੁਬਲੀ ਦੀ ਗੱਪ ਸ਼ੱਪ (ਖਰੜਾ)
37. ਕਾਮਾਗਾਟਾ ਮਾਰੂ ਦੇ ਪੈਸੰਜਰ, ਗਦਰ ਆਸ਼ਰਮ, ਅਮਰੀਕਾ।
38. ਪ੍ਰੋ: ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਾਹੌਰ ਬੁਕ ਸ਼ਾਪ, ਲੁਧਿਆਣਾ, 1954।
39. ਉਹੀ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਉਹੀ।
40. ਜਸਵੰਤ ਸਿੰਘ ਜੱਸ, ਬਾਬਾ ਗੁਰਦਿਤ ਸਿੰਘ, ਨਿਊ ਬੁਕ ਕੰਪਨੀ, ਜਲੰਧਰ, 1970
41. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
42. ਜਗਜੀਤ ਸਿੰਘ, ਗਦਰ ਲਹਿਰ, ਅੰਮ੍ਰਿਤਸਰ, 1955।
43. ਬਖਸ਼ੀ ਸਿੰਘ 'ਆਦਿਲ', ਸਾਡੇ ਲਾਲ, ਬਟਾਲਾ, 1975।
44. ਬਾਬਾ ਗੁਰਦਿਤ ਸਿੰਘ, ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਦਰਦ ਭਰੀ ਵਿਥਿਆ ?
45. ਸੋਹਣ ਸਿੰਘ ਭਕਨਾ, ਜੀਵਨ ਸੰਗਰਾਮ, ਯੁਵਕ ਕੇਂਦਰ, ਜਲੰਧਰ, 1968।
46. ਭਾਸ਼ਾ ਵਿਭਾਗ, ਪੰਜਾਬੀ ਪੱਤ੍ਰਕਲਾ, ਪਟਿਆਲਾ।
47. ਕੁਲਦੀਪ ਸਿੰਘ, ਪੰਜਾਬੀ ਪੱਤ੍ਰਕਾਰੀ, ਪੰਜਾਬੀ ਸਾਹਿਤ ਸਭਾ, ਦਿਲੀ, 1962।
48. ਅਮਰਜੀਤ ਸਿੰਘ ਗਰੇਵਾਲ, ਮੁਨਸ਼ਾ ਸਿੰਘ 'ਦੁਖੀ' ਦੀ ਪੰਜਾਬੀ ਸਾਹਿਤ ਨੂੰ ਦੇਣ, ਖੋਜ ਨਿਬੰਧ।
49. ਪ੍ਰੋ: ਪ੍ਰੀਤਮ ਸਿੰਘ, ਕਵੀ ਕੁਟੀਆ ਦੀ ਦੇਣ, ਅੰਮ੍ਰਿਤਸਰ।
50. ਪੰਜਾਬੀ ਯੂਨੀਵਰਸਿਟੀ, ਪਟਿਆਲਾ, ਆਲੋਚਨਾ ਦੀਆਂ ਪ੍ਰਣਾਲੀਆਂ।
51. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼।
52. ਜੋਗਿੰਦਰ ਸਿੰਘ, ਪਿੰਗਲ ਤੇ ਆਰੂਜ਼, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1960।
53. ਮੰਮਟ, ਕਾਵਿ ਪ੍ਰਕਾਸ਼, (ਅਨੁਵਾਦਕ ਰਾਜਿੰਦਰ ਸਿੰਘ ਸ਼ਾਸਤਰੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981।

Sri Satguru Jagjit Singh Ji Elibrary NamdhariElibrary@gmail.com

54. ਸ਼ਿਆਮ ਸੁੰਦਰ ਦਾਸ, ਹਿੰਦੀ ਸ਼ਬਦ ਸਾਗਰ, ਕਾਸ਼ੀ ਨਾਗਰੀ ਪ੍ਰਚਾਰਣੀ ਸਭਾ, 1920 ।
55. ਪੰਡਤ ਹਰਦਿਆਲ, ਸਾਰੁਕਤਾਵਲੀ, ਲਾਹੌਰ ।
56. ਡਾ: ਰਤਨ ਸਿੰਘ ਜੱਗੀ, ਜੰਗਨਾਮਾ ਸਿੰਘਾਂ ਤੇ ਫਰੰਗੀਆਂ ।


## ਪੱਤਰ ਅਤੇ ਸਮਾਚਾਰ ਪੱਤਰ ਆਦਿ


1. ਮਾਸਕ ਕਵੀ, ਕਲਕੱਤਾ ।
2. ਸਪਤਾਹਿਕ ਸਾਂਝੀਵਾਲ, ਕਲਕੱਤਾ ।
3. ਸਪਤਾਹਿਕ ਸਿੰਡੀਕੇਟ, ਕਲਕੱਤਾ ।
4. ਮਾਸਕ ਵਿਹਾਰ ਸੁਧਾਰ, ਮੀਆਂ ਚੰਨੂੰ (ਮੁਲਤਾਨ) ਅਤੇ ਮਿੰਟਗੁਮਰੀ ।
5. ਮਾਸਕ ਜੀਵਨ, ਬੰਬਈ ।
6. ਸਪਤਾਹਿਕ ਕੌਮੀ ਸੰਦੇਸ਼, ਫਗਵਾੜਾ ।
7. ਸਪਤਾਹਿਕ/ਮਾਸਕ ਦੇਸ਼ ਭਗਤ ਯਾਦਾਂ, ਜਲੰਧਰ ।
8. ਮਾਸਕ/ਤ੍ਰੈਮਾਸਕ ਆਲੋਚਨਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ।
9. ਮਾਸਕ ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪਟਿਆਲਾ ।
10. ਮਾਸਕ ਜਨ ਸਾਹਿਤ, ਭਾਸ਼ਾ ਵਿਭਾਗ ਪਟਿਆਲਾ ।
11. ਖੋਜ ਪੱਤ੍ਰਕਾ ਗਲਪ ਵਿਸ਼ੇਸ਼ਾਂਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।
12. ਮਾਸਕ ਸਾਹਿਤ ਤੇ ਕਲਾ, ਦਿਲੀ ।
13. ਮਾਸਕ ਪਰਦੇਸੀ, ਵੁਲਵਰਹੈਂਪਟਨ, ਇੰਗਲੈਂਡ ।
14. ਗੈਰਕਾਸ਼ਤਕਾਰ ਸਿਖ, ਕਲਕੱਤਾ ।
15. ਸਪਤਾਹਿਕ ਦੇਸ਼ ਦਰਪਣ, ਕਲਕੱਤਾ ।
16. ਸਪਤਾਹਿਕ ਰਾਮਗੜ੍ਹੀਆ ਗਜ਼ਟ, ਸ਼ਿਮਲਾ ।
17. ਸਪਤਾਹਿਕ ਚਮਤਕਾਰ, ਲੁਧਿਆਣਾ ।
18. ਮਾਸਕ ਕਿਰਤੀ, ਅੰਮ੍ਰਿਤਸਰ ।
19. ਮਾਸਕ ਪੰਜ ਦਰਿਆ, ਲਾਹੌਰ ।
20. ਸਪਤਾਹਿਕ ਪੰਜਾਬੀ ਰਤਨ, ਲੁਧਿਆਣਾ ।
21. ਕੁੰਦਨ ਲਾਹੌਰ ।
22. ਸਿਖ ਸੇਵਕ, ਅੰਮ੍ਰਿਤਸਰ ।
23. ਖਾਲਸਾ ਤੇ ਖਾਲਸਾ ਐਡਵੋਕੇਟ ਅੰਮ੍ਰਿਤਸਰ ।
24. ਮਾਸਕ ਕਵਿਤਾ, ਅੰਮ੍ਰਿਤਸਰ ।
25. ਮਾਸਕ ਜਾਗ੍ਰਤੀ, ਚੰਡੀਗੜ੍ਹ ।
26. ਮਾਸਕ ਦੁਖ ਨਿਵਾਰਨ, ਤਰਨਤਾਰਨ ।
27. ਪੰਜਾਬੀ ਸਮਾਚਾਰ, ਬੰਬਈ ।
28. ਰੋਜ਼ਾਨਾ ਅਜੀਤ, ਜਲੰਧਰ ।
29. ਸਪਤਾਹਿਕ ਸਤਿਜੁਗ, ਸ੍ਰੀ ਜੀਵਨ ਨਗਰ (ਸਰਸਾ)
30. ਰੂਪਰੰਗ ?


Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com